Punjabi

ਪ੍ਰਾਰਥਨਾ ਸਵਰਗ ਨੂੰ ਧਰਤੀ ਉੱਤੇ ਲੈ ਕੇ ਆਉਂਦੀ ਹੈ

ਏ.ਐੱਲ. ਗਿੱਲ ਦੁਆਰਾ

www,gillministries.com

ਪ੍ਰਾਰਥਨਾ ਸਵਰਗ
ਨੂੰ ਧਰਤੀ ਉੱਤੇ ਲੈ ਕੇ ਆਉਂਦੀ ਹੈ

ਏ.ਐੱਲ. ਗਿੱਲ ਦੁਆਰਾ

ਏ.ਐੱਲ. ਅਤੇ ਜੋਏਸ ਗਿੱਲ ਦੁਆਰਾ ਪੁਸਤਕਾਂ

ਗੋਡਜ਼ ਪਰੋਮਿਸਿਜ਼ ਫਾਰ ਯੂਅਰ ਐਵਰੀ ਨੀਡ
ਡੈਸਟਾਇਨਡ ਫਾਰ ਡੋਮੀਨੀਅਨ
ਆਊਟ! ਇਨ ਦੀ ਨੇਮ ਆਫ਼ ਜੀਜਸ
ਵਿਕਟਰੀ ਓਵਰ ਡਿਸੈਪਸ਼ਨ

ਇਨ੍ਹਾਂ ਲੜੀਆਂ ਵਿੱਚ ਪੁਸਤਕਾਂ

ਆਥੋਰੀਟੀ ਆਫ਼ ਦੀ ਬਿਲੀਵਰ
ਹਾਊ ਟੂ ਕੁਆਇਟ
ਐਂਡ ਸਟਾਰਟ ਵਿਨਿੰਗ
ਚਰਚ ਟਰਾਇਮਫੈਂਟ
ਥਰੂ ਦੀ ਬੁੱਕ ਆਫ਼ ਐਕਟਸ
ਗੋਡਜ਼ ਪਰੋਵਿਜ਼ਨ ਫਾਰ ਹੀਲਿੰਗ
ਰਸੀਵਿੰਗ ਐਂਡ ਮਨਿਸਟਰਿੰਗ
ਗੋਡਜ਼ ਹੀਲਿੰਗ ਪਾਵਰ
ਦੀ ਮਨਿਸਟਰੀ ਗਿਫ਼ਟਜ਼
ਅਪੋਸਟਲ, ਪ੍ਰੋਫੈਟ, ਇਵੈਨਜ਼ਲਿਸਟ
ਪਾਸਟਰ, ਟੀਚਰ
ਮੀਰਾਕਲ ਇਵੈਨਜਲਿਜ਼ਮ
ਗੋਡਜ਼ ਪਲਾਨ ਟੂ ਰੀਚ ਦੀ ਵਲਡ
ਨਿਊਕ੍ਰਿਏਸ਼ਨ ਇਮੇਜ਼
ਨੋਇੰਗ ਹੂ ਜੂ ਆਰ ਇਨ ਕ੍ਰਾਇਸਟ
ਪੈਟਰਨਜ਼ ਫਾਰ ਲਿਵਿੰਗ
ਫਰੋਮ ਦੀ ਓਲਡ ਟੈਸਟਾਮੈਂਟ
ਪਰੇਜ਼ ਐਂਡ ਵਰਸ਼ਿੱਪ
ਬਿਕੱਮਿੰਗ ਵਰਸ਼ਿੱਪਰਜ਼ ਆਫ਼ ਗੋਡ
ਸੁਪਰਨੈਚੂਰਲ ਲਿਵਿੰਗ
ਥਰੂ ਦੀ ਗਿਫ਼ਟਜ਼ ਆਫ਼ ਦੀ ਹੋਲੀ ਸਪਿਰਟ

ਸਟੱਡੀ ਗਾਈਡਜ਼

ਬਰੇਕਥਰੂ ਟੂ ਗਲੋਰੀ
ਸੈਟ ਫਰੀ ਫਰੋਮ ਇਨਇਊਕੁਇਟੀ

ਭੂਮਿਕਾ

ਸਫਲਤਾਪੂਰਵਕ ਮਸੀਹੀ ਯਾਤਰਾ ਲਈ ਪ੍ਰਾਰਥਨਾ ਇੱਕ ਆਦਰਯੋਗ ਅਧਿਕਾਰ ਅਤੇ ਬਿਲਕੁਲ ਜ਼ਰੂਰੀ ਲੋੜ ਹੈ! ਅਤੇ ਹੁਣ ਤੱਕ, ਜਦੋਂ ਅਸੀਂ ਵੱਖ-ਵੱਖ ਲੋਕਾਂ ਨਾਲ ਗੱਲਬਾਤ ਕਰਦੇ, ਸਿੱਖਿਆ ਵਾਲੀਆਂ ਟੇਪਾਂ ਸੁਣਦੇ, ਜਾਂ ਇੱਕ ਤੋਂ ਬਾਅਦ ਦੂਜੀ ਕਿਤਾਬ ਪੜ੍ਹਦੇ ਹਾਂ, ਤਾਂ ਇਸ ਤਰ੍ਹਾਂ ਲੱਗਦਾ ਹੈ ਕਿ ਹਰ ਇੱਕ ਦੀ ਵੱਖਰੀ-ਵੱਖਰੀ ਸਮਝ ਅਤੇ ਇੱਥੋਂ ਤੱਕ ਕਿ ਵੱਖ-ਵੱਖ ਪਰਿਭਾਸ਼ਾ ਹੁੰਦੀਆਂ ਹਨ। ਕਿਸੇ ਲਈ, ਪ੍ਰਾਰਥਨਾ ਦੂਜੇ ਦਾ ਪੱਖ ਲੈਣਾ ਹੈ। ਦੂਜੇ ਲਈ, ਇਹ ਲੜਾਈ ਦੀਆਂ ਗਤੀਵਿਧੀਆਂ ਹਨ। ਤੀਸਰੇ ਲਈ ਇਹ ਪਰਮੇਸ਼ੁਰ ਨਾਲ ਗੱਲਬਾਤ ਕਰਨਾ ਅਤੇ ਉਸਦੀ ਗੱਲ ਨੂੰ ਸੁਣਨਾ ਹੈ। ਪ੍ਰਾਰਥਨਾ ਇਹ ਸਭ ਕੁਝ ਹੈ, ਅਤੇ ਹੁਣ ਤੱਕ ਇਹ ਇਸ ਤੋਂ ਵੀ ਬਹੁਤ ਵੱਧ ਕੇ ਹੈ।

ਪਵਿੱਤਰ ਬਾਈਬਲ ਦੀ ਹਰੇਕ ਸੱਚਾਈ ਦੂਸਰੀ ਸੱਚਾਈ ਤੇ ਅਧਾਰਿਤ ਹੈ - ਸੰਪੂਰਨ ਹੋਣ ਲਈ ਸਭ ਕੁਝ ਨੂੰ ਸ਼ਾਮਲ ਕਰਨਾ ਪੈਂਦਾ ਹੈ। ਦਾਊਦ ਲਿਖਦਾ ਹੈ ਤੇਰਾ ਸਾਰਾ ਵਚਨ ਸੱਚ ਹੈ (ਜ਼ਬੂਰ 119:160)। ਪੌਲੁਸ ਰਸੂਲ ਲਿਖਦਾ ਹੈ, ਮੈਂ ਪਰਮੇਸ਼ੁਰ ਦੀ ਸਾਰੀ ਮਰਜ਼ੀ ਨੂੰ ਤੁਹਾਨੂੰ ਪੂਰੀ ਰੀਤੀ ਨਾਲ ਦੱਸਣ ਤੋਂ ਨਾ ਝਿਜਕਿਆ (ਰਸੂਲਾਂ ਦੇ ਕਰਤੱਬ 20:27)। ਜਦਕਿ, ਸਿੱਖਣ ਦਾ ਸਾਡਾ ਤਰੀਕਾ ਹੁਣ ਵੀ ਜ਼ਰਾ-ਜ਼ਰਾ ਅਤੇ ਟੁਕੜੇ ਹਨ।

ਅਸੀਂ ਇਸ ਸੱਚਾਈ ਨਾਲ ਇਸ ਅਧਿਐਨ ਤੋਂ ਵੱਧ ਕੇ ਕਦੀ ਵੀ ਸੰਘਰਸ਼ ਨਹੀਂ ਕੀਤਾ ਹੈ। ਹਰੇਕ ਅਧਿਆਇ ਇਸ ਪੂਰਨ ਦਾ ਇੱਕ ਹਿੱਸਾ ਹੈ। ਅਸੀਂ ਕੇਵਲ ਇੱਕ ਹਿੱਸੇ ਦਾ ਅਧਿਐਨ ਕਰਕੇ, ਉਸੇ ਨੂੰ ਸੱਚੀ ਪ੍ਰਾਰਥਨਾ ਨਹੀਂ ਸਮਝ ਸਕਦੇ ਹਾਂ। ਪ੍ਰਾਰਥਨਾ ਕੇਵਲ ਦੂਜੇ ਦਾ ਪੱਖ ਲੈਣਾ ਹੀ ਨਹੀਂ ਹੈ। ਪ੍ਰਾਰਥਨਾ ਕੇਵਲ ਪਰਮੇਸ਼ੁਰ ਦੀ ਗੱਲ ਧਿਆਨ ਨਾਲ ਸੁਣਨਾ ਹੀ ਨਹੀਂ ਹੈ। ਪ੍ਰਾਰਥਨਾ ਕੇਵਲ ਪਰਮੇਸ਼ੁਰ ਦੀ ਇੱਛਾ ਨੂੰ ਪਹਿਲਾਂ ਦੱਸਣਾ ਹੀ ਨਹੀਂ ਹੈ। ਪ੍ਰਾਰਥਨਾ ਕੇਵਲ ਮੰਗਣਾ ਹੀ ਨਹੀਂ ਹੈ। ਇਹ ਸਭ ਕੁਝ ਹੈ।

ਅਸੀਂ ਆਪਣੇ ਜੀਵਨਾਂ ਜਾਂ ਸਿਧਾਂਤਾਂ ਨੂੰ ਉਨ੍ਹਾਂ ਸੱਚਾਈਆਂ ਉੱਤੇ ਅਧਾਰਿਤ ਕਰਕੇ ਬਾਕੀ ਸੱਚਾਈਆਂ ਨੂੰ ਨਜ਼ਰ ਅੰਦਾਜ਼ ਨਹੀਂ ਕਰ ਸਕਦੇ ਹਾਂ। ਉਦਾਹਰਨ ਲਈ, ਅਸੀਂ ਪਰਮੇਸ਼ੁਰ ਦੇ ਬੱਚੇ ਹਾਂ ਅਤੇ ਯਿਸੂ ਨੇ ਕਿਹਾ ਕਿ ਜੇਕਰ ਅਸੀਂ ਮੰਗਾਂਗੇ, ਤਾਂ ਸਾਨੂੰ ਮਿਲੇਗਾ। ਜਦ ਕਿ, ਯਿਸੂ ਨੇ ਇਹ ਵੀ ਕਿਹਾ ਕਿ ਜੇਕਰ ਅਸੀਂ ਪਾਪ ਵਿੱਚ ਹਾਂ, ਤਾਂ ਪਰਮੇਸ਼ੁਰ ਸਾਡੀਆਂ ਪ੍ਰਾਰਥਨਾਵਾਂ ਨੂੰ ਨਹੀਂ ਸੁਣਦਾ ਹੈ। ਇੱਕ ਸੱਚਾਈ ਦੂਜੀ ਸੱਚਾਈ ਨਾਲ ਸਿੱਧੀ ਜੁੜੀ ਹੋਈ ਹੈ। ਪ੍ਰਾਰਥਨਾ ਦੇ ਇੱਕ ਅਧਿਐਨ ਵਿੱਚ, ਅਸੀਂ ਕੇਵਲ ਆਸ਼ਿਸ਼ਾਂ ਵੱਲ ਹੀ ਧਿਆਨ ਨਹੀਂ ਦੇ ਸਕਦੇ ਹਾਂ। ਸਾਡੇ ਲਈ ਉਨ੍ਹਾਂ ਸ਼ਰਤਾਂ ਅਤੇ ਜ਼ਿੰਮੇਵਾਰੀਆਂ ਉੱਤੇ ਧਿਆਨ ਦੇਣਾ ਵੀ ਜ਼ਰੂਰੀ ਹੈ ਜੋ ਸਾਡੇ ਵੱਲੋਂ ਕੀਤੀਆਂ ਜਾਣੀਆਂ ਜ਼ਰੂਰੀ ਹਨ। ਸਾਨੂੰ ਪਰਮੇਸ਼ੁਰ ਦੇ ਸਾਰੇ ਸੁਝਾਵਾਂ ਵਿੱਚ ਆਪਣੀਆਂ ਯੋਗਤਾਵਾਂ ਦੀ ਉੱਤਮਤਾ ਦਾ ਅਧਿਐਨ ਕਰਨਾ ਜ਼ਰੂਰੀ ਹੈ।

ਸਾਲ ਦਰ ਸਾਲ, ਅਸੀਂ ਇਸ ਅਧਿਐਨ ਨੂੰ ਇਕੱਠਾ ਨਾਲ ਮਿਲਾਉਣ ਤੋਂ ਝਿਜਕਦੇ ਰਹੇ ਹਾਂ, ਕਿਉਂਕਿ ਇਸ ਵਿੱਚ ਸਿੱਖਣ ਲਈ ਹੋਰ ਵੀ ਬਹੁਤ ਕੁਝ ਸੀ ਅਤੇ ਹੈ। ਕਈਆਂ ਸਾਲਾਂ ਦੇ ਇੱਕ ਸਮੇਂ ਕਾਲ ਤੋਂ ਅਸੀਂ ਸਫ਼ਿਆਂ ਉੱਤੇ ਲਿਖੇ ਨੋਟਾਂ ਦੇ ਦੁਆਰਾ ਕੰਮ ਕਰ ਰਹੇ ਹਾਂ, ਅਤੇ ਫਿਰ ਵੀ ਅਸੀਂ ਜਾਣਦੇ ਹਾਂ ਕਿ ਇਹ ਕੇਵਲ ਪ੍ਰਾਰਥਨਾ ਦੀ ਭੂਮਿਕਾ ਹੀ ਹੋ ਸਕਦੀ ਹੈ-ਸਾਰਾ ਨਿਚੋੜ ਕੱਢ ਕੇ। ਸਾਰੀਆਂ ਕਿਤਾਬਾਂ ਘੱਟ ਥਾਂ ਹੋਣ ਦੇ ਕਾਰਨ ਪ੍ਰਾਰਥਨਾ ਦੀਆਂ ਮਹਾਨ ਸੱਚਾਈਆਂ ਉੱਤੇ ਲਿਖੀਆਂ ਗਈਆਂ ਹਨ; ਅਸੀਂ ਇੱਕ ਜਾਂ ਦੋ ਪੈਰ੍ਹੇ ਪੂਰੇ ਕੀਤੇ ਹਨ। ਸਾਡੀ ਪ੍ਰਾਰਥਨਾ ਇਹ ਹੈ ਕਿ ਪਰਮੇਸ਼ੁਰ ਇਸ ਅਧਿਐਨ ਦੇ ਦੁਆਰਾ ਅਤੇ ਫਿਰ ਜੀਵਨ ਭਰ ਦੇ ਅਧਿਐਨ ਅਤੇ ਪ੍ਰਾਰਥਨਾ ਦੇ ਅਨੁਭਵਾਂ ਵਿੱਚ ਤੁਹਾਡੀ ਅਗਵਾਈ ਕਰੇ।

ਸਾਨੂੰ ਪੁੱਛਿਆ ਗਿਆ ਹੈ ਕਿ ਅਸੀਂ ਕਿਉਂ ਪਵਿੱਤਰ ਸ਼ਾਸਤਰ ਦੇ ਵਚਨਾਂ ਨੂੰ ਆਪਣੇ ਮੂਲ ਪਾਠ ਵਿੱਚ ਸ਼ਾਮਲ ਕੀਤਾ ਹੈ - ਜੇਕਰ ਅਸੀਂ ਕੇਵਲ ਹਵਾਲਿਆਂ ਨੂੰ ਵਰਤਿਆ ਹੁੰਦਾ ਤਾਂ ਸਾਡੇ ਕੋਲ ਬੋਲਣ ਲਈ ਹੋਰ ਵੀ ਬਹੁਤ ਕੁਝ ਹੁੰਦਾ। ਬਾਈਬਲ ਸਕੂਲ ਦੇ ਸੈਂਕੜੇ ਵਿਦਿਆਰਥੀਆਂ ਨੂੰ ਸਵਾਲ ਕਰਨ ਤੋਂ ਬਾਅਦ, ਸਾਨੂੰ ਬਹੁਤ ਹੀ ਥੋੜੇ ਲੋਕ ਮਿਲੇ ਜੋ ਕਹਿ ਸਕਦੇ ਸਨ ਕਿ ਉਨ੍ਹਾਂ ਨੇ ਅਧਿਐਨ ਕਰਨ ਦੇ ਦੌਰਾਨ ਕਿਤਾਬਾਂ ਵਿੱਚ ਦਿੱਤੇ ਗਏ ਹਵਾਲਿਆਂ ਨੂੰ ਵੇਖਿਆ ਸੀ। ਸਾਨੂੰ ਇਸ ਗੱਲ ਦਾ ਪਤਾ ਲੱਗਾ ਹੈ ਕਿ ਇਹ ਸਾਡੇ ਵਚਨ ਨਹੀਂ ਹਨ ਨਾ ਹੀ ਕਿਸੇ ਲੇਖਕ ਦੇ ਵਚਨ ਹਨ, ਜੋ ਜ਼ਿੰਦਾ ਹਨ। ਸਾਡੇ ਸ਼ਬਦ ਕੇਵਲ ਇੱਕ ਜਾਣਕਾਰੀ ਹੀ ਹੋ ਸਕਦੇ ਹਨ ਜੋ ਉਸਨੇ ਕਿਹਾ ਹੈ, ਪਵਿੱਤਰ ਬਾਈਬਲ ਦੀ ਸੰਪੂਰਨਤਾ ਵਿੱਚੋਂ ਕੇਵਲ "ਇਕੱਠੇ ਹੋ ਕੇ ਖਿੱਚਣਾ" ਹੈ। ਪਰਮੇਸ਼ੁਰ ਨੇ ਵਾਇਦਾ ਕੀਤਾ ਹੈ ਕਿ ਉਸਦਾ ਵਚਨ ਖਾਲੀ ਵਾਪਸ ਨਹੀਂ ਆਵੇਗਾ, ਕਿ ਉਹ ਹੁਸ਼ਿਆਰ ਹੋ ਕੇ, ਬੜੀ ਸਾਵਧਾਨੀ ਨਾਲ ਆਪਣੇ ਵਚਨ ਨੂੰ ਕੰਮ ਕਰਦੇ ਵੇਖਦਾ ਹੈ। ਇਹ ਉਸਦੇ ਵਚਨ ਹਨ ਜੋ ਸਾਡੇ ਦਿਲਾਂ ਦਾ ਅਨੰਦ ਅਤੇ ਖੁਸ਼ੀ ਹਨ। ਇਸ ਲਈ, ਸਾਨੂੰ ਹਰ ਸਮੇਂ ਉਸਦੇ ਵਚਨ ਤੇ ਜ਼ੋਰ ਦੇਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ।

ਤਿਵੇਂ ਮੇਰਾ ਬਚਨ ਹੋਵੇਗਾ ਜੋ ਮੇਰੇ ਮੂੰਹੋਂ ਨਿਕਲਦਾ ਹੈ, ਉਹ ਮੇਰੀ ਵੱਲ ਅਵਿਰਥਾ ਨਹੀਂ ਮੁੜੇਗਾ,
ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ,
ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਵੇਗਾ।
(ਯਸਾਯਾਹ 55:11)
ਪਰਮੇਸ਼ੁਰ ਆਪਣੇ ਵਚਨ ਦੇ ਪੂਰਾ ਕਰਨ ਲਈ ਸੁਚੇਤ ਅਤੇ ਜਾਗ੍ਰਿਤ ਰਹਿੰਦਾ ਹੈ।
(ਯਿਰਮਿਯਾਹ 1:12)
ਤੇਰੀਆਂ ਗੱਲਾਂ ਮੈਨੂੰ ਲੱਭੀਆਂ, ਅਤੇ ਮੈਂ ਉਨ੍ਹਾਂ ਨੂੰ ਖਾ ਲਿਆ,
ਤੇਰੀਆਂ ਗੱਲਾਂ ਮੇਰੇ ਲਈ ਖੁਸ਼ੀ, ਅਤੇ ਮੇਰੇ ਦਿਲ ਦਾ ਅਨੰਦ ਸਨ,
(ਯਿਰਮਿਯਾਹ 15:16)

ਲੇਖਕ ਦੇ ਵਿਸ਼ੇ ਵਿੱਚ

ਏ.ਐੱਲ.ਅਤੇ ਯੋਏਸ ਗਿੱਲ ਨੂੰ ਅੰਤਰਰਾਸ਼ਟਰੀ ਬੁਲਾਰੇ, ਲੇਖਕ ਅਤੇ ਪਵਿੱਤਰ ਬਾਈਬਲ ਦੇ ਗੁਰੂ ਕਰਕੇ ਜਾਣਿਆ ਜਾਂਦਾ ਹੈ। ਏ.ਐੱਲ. ਦੀ ਰਸੂਲ ਦੀ ਸੇਵਕਾਈ ਦੀਆਂ ਯਾਤਰਾਵਾਂ ਨੇ ਉਸ ਨੂੰ ਸੰਸਾਰ ਦੇ ਪੰਜਾਹ ਰਾਸ਼ਟਰਾਂ ਵਿੱਚ ਦੋ ਲੱਖ ਤੋਂ ਵੱਧ ਲੋਕਾਂ ਦੀਆਂ ਭੀੜਾਂ ਅਤੇ ਕਈ ਲੱਖ ਲੋਕਾਂ ਤੱਕ ਰੇਡੀਓ ਅਤੇ ਟੈਲੀਵਿਯਨ ਦੇ ਦੁਆਰਾ ਪਹੁੰਚਾਇਆ ਹੈ।

ਉਨ੍ਹਾਂ ਦੀਆਂ ਸਭ ਤੋਂ ਉੱਚੇ ਦਰਜੇ ਤੇ ਵਿਕਣ ਵਾਲੀਆਂ ਕਿਤਾਬਾਂ ਅਤੇ ਹੱਥਾਂ ਨਾਲ ਲਿਖੇ ਹੋਏ ਲੇਖਾਂ ਦੀਆਂ 20 ਲੱਖ ਪ੍ਰਤੀਆਂ ਯੂਨਾਇਟਡ ਸਟੇਟਸ ਵਿੱਚ ਵਿਕ ਚੁੱਕੀਆਂ ਹਨ। ਉਨ੍ਹਾਂ ਦੁਆਰਾ ਲਿਖੇ ਗਏ ਲੇਖ, ਜਿਨ੍ਹਾਂ ਦਾ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾ ਚੁੱਕਾ ਹੈ, ਹੁਣ ਵੀ ਘਰੇਲੂ ਝੁੰਡਾਂ, ਚਰਚਾਂ, ਬਾਈਬਲ ਸਕੂਲਾਂ ਅਤੇ ਸਾਰੇ ਸੰਸਾਰ ਵਿੱਚ ਹੋ ਰਹੇ ਸੈਮੀਨਾਰਾਂ ਵਿੱਚ ਵਰਤੇ ਜਾ ਰਹੇ ਹਨ।

ਪਰਮੇਸ਼ੁਰ ਦੇ ਵਚਨ ਸ਼ਕਤੀਸ਼ਾਲੀ ਜੀਵਨ ਬਦਲ ਦੇਣ ਵਾਲੇ ਸੱਚ ਉਨ੍ਹਾਂ ਦੀਆਂ ਪ੍ਰਗਤੀਸ਼ੀਲ ਸਿੱਖਿਆਵਾਂ, ਪ੍ਰਚਾਰਾਂ, ਲੇਖਾਂ ਅਤੇ ਟੇਪ ਸੇਵਕਾਈਆਂ ਦੁਆਰਾ ਲੋਕਾਂ ਦੇ ਜੀਵਨਾਂ ਵਿੱਚ ਵਿਸਫੋਟ ਹੋ ਰਹੇ ਹਨ।

ਪਰਮੇਸ਼ੁਰ ਦੀ ਹਜ਼ੂਰੀ ਦੀ ਸ਼ਕਤੀਸ਼ਾਲੀ ਮਹਿਮਾ ਦਾ ਉਨ੍ਹਾਂ ਦੀ ਅਰਾਧਨਾ ਅਤੇ ਸਤੂਤੀ ਵਿੱਚ ਅਨੁਭਵ ਕੀਤਾ ਗਿਆ ਹੈ ਜਿਸ ਵੇਲੇ ਲੋਕਾਂ ਨੂੰ ਇਹ ਪਤਾ ਲੱਗਦਾ ਹੈ ਕਿ ਕਿਵੇਂ ਪਰਮੇਸ਼ੁਰ ਦੇ ਪੱਕੇ ਤੇ ਗਹਿਰੇ ਅਰਾਧਨਾ ਕਰਨ ਵਾਲੇ ਬਣਿਆ ਜਾ ਸਕਦਾ ਹੈ। ਉਨ੍ਹਾਂ ਦੀਆਂ ਸਿੱਖਿਆਵਾਂ ਦੇ ਦੁਆਰਾ ਬਹੁਤ ਸਾਰੇ ਲੋਕਾਂ ਨੇ ਇੱਕ ਨਵੀਂ ਅਤੇ ਉਤਸ਼ਾਹਜਨਕ ਅਜ਼ਾਦੀ ਅਤੇ ਦਲੇਰੀ ਨੂੰ ਪ੍ਰਾਪਤ ਕੀਤਾ ਹੈ ਜੋ ਵਿਸ਼ਵਾਸੀਆਂ ਦਾ ਅਧਿਕਾਰ ਹੈ।

ਗਿੱਲ ਨੇ ਬਹੁਤ ਸਾਰੇ ਵਿਸ਼ਵਾਸੀਆਂ ਨੂੰ ਤਿਆਰ ਕੀਤਾ ਹੈ ਕਿ ਉਹ ਪਰਮੇਸ਼ੁਰ ਵੱਲੋਂ ਮਿਲੀਆਂ ਹੋਈਆਂ ਈਸ਼ਵਰੀ ਸੇਵਕਾਈਆਂ ਵਿੱਚ, ਆਪਣੇ ਹੱਥਾਂ ਵਿੱਚ ਵਹਿੰਦੀ ਚੰਗਾਈ ਦੀ ਸ਼ਕਤੀ ਅੱਗੇ ਵੱਧਣ। ਕਈਆਂ ਨੇ ਈਸ਼ਵਰੀ ਤੌਰ ਨਾਲ ਕੁਦਰਤੀ ਹੋਣਾ ਸਿੱਖਿਆ ਹੈ ਜਦੋਂ ਉਨ੍ਹਾਂ ਨੂੰ ਆਪਣੇ ਰੋਜ਼ਾਨਾ ਦੇ ਜੀਵਨ ਵਿੱਚ ਪਵਿੱਤਰ ਆਤਮਾ ਦੇ ਨੌਵਾਂ ਵਰਦਾਨਾਂ ਨੂੰ ਘੱਲਿਆ ਜਾਂਦਾ ਹੈ।

ਏ.ਐੱਲ. ਅਤੇ ਜੋਏਸ ਦੋਵੇਂ ਅਧਿਆਤਮਕ ਅਧਿਐਨਾਂ ਦੀਆਂ ਡਿਗਰੀਆਂ ਦੇ ਮਾਸਟਰ ਹਨ। ਏ.ਐੱਲ. ਨੇ ਵਿਜ਼ਨ ਕ੍ਰਿਸਚਨ ਯੂਨੀਵਰਸਿਟੀ ਤੋਂ ਫਿਲਾਸਫੀ ਵਿੱਚ ਥਿਓਲੋਜੀ ਦੀ ਡਿਗਰੀ ਪ੍ਰਾਪਤ ਕੀਤੀ ਹੈ। ਉਨ੍ਹਾਂ ਦੀ ਸੇਵਕਾਈ ਪੱਕੇ ਤੌਰ ਨਾਲ ਪਰਮੇਸ਼ੁਰ ਦੇ ਵਚਨ ਤੇ ਅਧਾਰਿਤ ਹੈ, ਜੋ ਯਿਸੂ ਮਸੀਹ ਉੱਤੇ ਕੇਂਦਰਿਤ ਹੈ ਵਿਸ਼ਵਾਸ ਵਿੱਚ ਮਜ਼ਬੂਤ ਅਤੇ ਪਵਿੱਤਰ ਆਤਮਾ ਦੁਆਰਾ ਸਿਖਾਈ ਹੋਈ ਹੈ।

ਉਨ੍ਹਾਂ ਦੀ ਸੇਵਕਾਈ ਪਿਤਾ ਦੇ ਪ੍ਰੇਮ ਭਰੇ ਦਿਲ ਦਾ ਇੱਕ ਪ੍ਰਦਰਸ਼ਨ ਹੈ। ਉਨ੍ਹਾਂ ਦਾ ਪ੍ਰਚਾਰ ਅਤੇ ਸਿੱਖਿਆ ਸ਼ਕਤੀਸ਼ਾਲੀ ਮਸਹ, ਚਿੰਨ੍ਹਾਂ, ਚਮਤਕਾਰਾਂ, ਅਤੇ ਚੰਗਾਈ ਦੇ ਚਮਤਕਾਰਾਂ ਨਾਲ ਭਰੀ ਹੋਈ ਹੈ ਜਿਸ ਦੁਆਰਾ ਪਰਮੇਸ਼ੁਰ ਦੀ ਤਾਕਤ ਦੀਆਂ ਲਹਿਰਾਂ ਨਾਲ ਬਹੁਤ ਸਾਰੇ ਲੋਕ ਭਰਪੂਰੀ ਵਿੱਚ ਮਿਲਾਏ ਜਾ ਰਹੇ ਹਨ।

ਬੇਕਾਰੀ ਦੇ ਚਿੰਨ੍ਹ ਜਿਨ੍ਹਾਂ ਵਿੱਚ ਆਤਮਿਕ ਖੁਸ਼ੀ ਦੀਆਂ ਲਹਿਰਾਂ ਪਰਮੇਸ਼ੁਰ ਦੇ ਸਾਹਮਣੇ ਰੋਣਾ ਅਤੇ ਪਰਮੇਸ਼ੁਰ ਦੀ ਭੈਅਦਾਇਕ ਮਹਿਮਾ ਅਤੇ ਸ਼ਕਤੀ ਦਾ ਪ੍ਰਦਰਸ਼ਨ ਬਹੁਤ ਸਾਰੇ ਲੋਕਾਂ ਨੇ ਅਨੁਭਵ ਉਨ੍ਹਾਂ ਲੋਕਾਂ ਦੁਆਰਾ ਕੀਤਾ ਗਿਆ ਹੈ ਜੋ ਉਨ੍ਹਾਂ ਦੀਆਂ ਮੀਟਿੰਗਾਂ ਵਿੱਚ ਸ਼ਾਮਲ ਹੁੰਦੇ ਹਨ।

ਸੁਝਾਉ ਲਈ ਪੜ੍ਹਨਾ

ਆਲ ਦੀ ਪ੍ਰੇਅਰਜ ਆਫ਼ ਦੀ ਬਾਈਬਲ
ਬਾਏ ਹਰਬਰਟ ਲੋਕਏਅਰ
ਜੋਨਡਰਵਨ ਪਬਲੀਸ਼ਿੰਗ ਹਾਊਸ

ਆਰਟ ਆਫ਼ ਇੰਟਰਸੈਸ਼ਨ
ਕੈਨੀਥ ਹੇਗਿਨ
ਹੈਰੀਸਨ ਹਾਊਸ

ਇਫੈਕਟਿਵ ਫਰਵੈਂਟ ਪ੍ਰੇਅਰ
ਮੇਰੀ ਐਲਿਸ ਇਸਲੀਬ
ਮੇਰੀ ਐਲਿਸ ਇਸਲੀਸ ਮਨਿਸਟਰੀਜ਼

ਇੰਟਰਸੈਸਰੀ ਪ੍ਰੇਅਰ
ਡਚ ਸੀਟਸ
ਰੀਗਲ, ਏ ਡਵਿਜ਼ਨ ਆਫ਼ ਗੋਸਪਲ ਲਾਈਟ

ਲਾਈਫ਼ ਆਫ਼ ਫੇਥ
ਮਿਸਜ. ਸੀ. ਨੁਜੂਮ
ਰੈਡੀਅੰਟ ਬੁੱਕਸ

ਲਿਸਨਿੰਗ ਪ੍ਰੇਅਰ
ਮੇਰੀ ਰੂਥ ਸਵੋਪ
ਵਾਇਟੇਕਟ ਹਾਊਸ

ਪੋਸੈਸਿੰਗ ਦੀ ਗੇਟਜ਼ ਆਫ਼ ਦੀ ਐਨੀਮੀ
ਚਿੰਡੀ ਜ਼ੇਕਬਜ਼
ਚੂਜ਼ਨ ਬੁੱਕਸ

ਪ੍ਰੇਇੰਗ ਦੀ ਸਕਰੀਪਚਰਜ਼
ਜੂਡਸਨ ਕੋਰਨਵਾਲ
ਕ੍ਰੀਏਸ਼ਨ ਹਾਊਸ

ਸ਼ੈਮਿੰਗ ਹਿਸਟਰੀ
ਥਰੂ ਪ੍ਰੇਅਰ ਐਂਡ ਫਾਸਟਿੰਗ
ਡੈਰਿਕ ਪ੍ਰਿੰਸ – ਫਲੇਮਿੰਗ ਐੱਚ. ਰੈਵੈਲ

ਵਿਸ਼ਾ ਸੂਚੀ

ਅਧਿਆਇ ਪਹਿਲਾ

ਪ੍ਰਾਰਥਨਾ ਕੀ ਹੈ? 7

ਅਧਿਆਇ ਦੋ

ਬੁਨਿਆਦਾਂ ਦੀ ਸਮਝ 17

ਅਧਿਆਇ ਤਿੰਨ

ਯਿਸੂ ਨੇ ਪ੍ਰਾਰਥਨਾ ਕੀਤੀ 29

ਅਧਿਆਇ ਚਾਰ

''ਪ੍ਰਭੂ, ਸਾਨੂੰ ਪ੍ਰਾਰਥਨਾ ਕਰਨਾ ਸਿਖਾਉਂਦਾ ਹੈ'' 39

ਅਧਿਆਇ ਪੰਜ

ਪ੍ਰਾਰਥਨਾ ਪਰਿਣਾਮ ਲਿਆਉਂਦੀ ਹੈ 52

ਅਧਿਆਇ ਛੇ

ਇੱਕ ਕਾਮਯਾਬ ਪ੍ਰਾਰਥਨਾ ਦੇ ਜੀਵਨ ਵਿੱਚ ਪ੍ਰਵੇਸ਼ 67

ਅਧਿਆਇ ਸੱਤਵਾਂ

ਵਿਸ਼ਵਾਸ ਦੀ ਅਵਾਜ਼ 82

ਅਧਿਆਇ ਅੱਠਵਾਂ

ਅਧਿਕਾਰ ਨਾਲ ਪ੍ਰਾਰਥਨਾ ਕਰਨੀ 98

ਅਧਿਆਇ ਨੌਵਾਂ

ਪਰਮੇਸ਼ੁਰ ਦੇ ਦਿਲ ਦੀ ਅਵਾਜ਼ 111

ਅਧਿਆਇ ਦਸ

''ਜੇ ਤੁਸੀਂ ਮੇਰੇ ਵਿੱਚ ਬਣੋ ਰਹੋ'' 123

ਅਧਿਆਇ ਪਹਿਲਾ

ਪ੍ਰਾਰਥਨਾ ਕੀ ਹੈ?

ਜਾਣ-ਪਛਾਣ

ਸਭ ਤੋਂ ਵੱਡੀ ਸ਼ਕਤੀ

ਅੱਜ ਸੰਸਾਰ ਵਿੱਚ ਸੱਚੀ ਪ੍ਰਾਰਥਨਾ ਸਭ ਤੋਂ ਵੱਡੀ ਸ਼ਕਤੀ ਹੈ। ਸੱਚੀ ਪ੍ਰਾਰਥਨਾ ਸਰਵਸ਼ਕਤੀਮਾਨ ਪਰਮੇਸ਼ੁਰ ਦੇ ਕੰਮ ਕਰਨ ਦੀ ਸ਼ਕਤੀ ਨੂੰ ਲਿਆਉਂਦੀ ਹੈ। ਕਿੰਨੀ, ਅਫ਼ਸੋਸ ਦੀ ਗੱਲ ਹੈ ਸਾਡੀ ਪੀੜ੍ਹੀ ਵਿੱਚ ਸੱਚੀ ਪ੍ਰਾਰਥਨਾ ਦੀ ਘਾਟ ਪਾਈ ਜਾਂਦੀ ਹੈ।

ਜ਼ਿਆਦਾਤਰ ਮਸੀਹੀ ਲੋਕਾਂ ਨੂੰ ਇਹ ਸਿਖਾਇਆ ਨਹੀਂ ਗਿਆ ਕਿ ਕਿਵੇਂ ਉਹ ਪਰਮੇਸ਼ੁਰ ਦੇ ਵਚਨ ਦੇ ਵਾਇਦਿਆਂ ਨੂੰ ਲੈ ਕੇ ਪ੍ਰਾਰਥਨਾ ਕਰ ਸਕਦੇ ਹਨ, ਪਰ ਉਨ੍ਹਾਂ ਦੂਜਿਆਂ ਦੇ ਤਜ਼ਰਬਿਆਂ ਨੂੰ ਸੁਣਨ ਦੁਆਰਾ ਸਿੱਖਿਆ ਹੈ, ਜੋ ਆਮ ਤੌਰ ਤੇ ਗਲਤ ਹੀ ਹੁੰਦੇ ਹਨ।

ਕਲੀਸਿਆ ਵਿੱਚ ਆਪਣੀ ਰੀਤ ਦੇ ਅਨੁਸਾਰ ਬੁੱਧਵਾਰ ਰਾਤ ਨੂੰ ਸਾਡੀ ਪ੍ਰਾਰਥਨਾ ਸਭਾ ਹੁੰਦੀ ਹੈ। ਅਸੀਂ ਗੋਲ ਚੱਕਰ ਵਿੱਚ ਬੈਠ ਜਾਂਦੇ ਹਾਂ ਅਤੇ ਹਰੇਕ ਆਪਣੀਆਂ ਅਤੇ ਆਪਣੇ ਪਰਿਵਾਰ ਦੀਆਂ ਅਤੇ ਮਿੱਤਰਾਂ ਦੀਆਂ ਮੁਸ਼ਕਿਲਾਂ ਦੱਸਦਾ ਹੈ। ਤਦ ਉਹ ਸਾਨੂੰ ਦੱਸਦੇ ਹਨ ਕਿ ਉਨ੍ਹਾਂ ਦੇ ਹਿਸਾਬ ਨਾਲ ਜਵਾਬ ਕੀ ਹੋ ਸਕਦਾ ਹੈ। ਜਦ ਅਸੀਂ ਪ੍ਰਾਰਥਨਾ ਵਿੱਚ ਆਪਣੇ ਸਿਰਾਂ ਨੂੰ ਝੁਕਾਉਂਦੇ ਹਾਂ, ਤਦ ਅਸੀਂ ਆਪਣੀਆਂ ਕਈ ਵੱਡੀਆਂ ਮੁਸ਼ਕਿਲਾਂ ਨੂੰ ਭੁੱਲ ਜਾਂਦੇ ਹਾਂ ਜੋ ਸਾਨੂੰ ਪ੍ਰਾਰਥਨਾ ਵਿੱਚ ਪਰਮੇਸ਼ੁਰ ਸਾਹਮਣੇ ਰੱਖਣੀਆਂ ਚਾਹੀਦੀਆਂ ਹਨ। ਅਗਲੇ ਹਫ਼ਤੇ ਅਸੀਂ ਉਹੀ ਮੁਸ਼ਕਿਲਾਂ ਸੁਣਦੇ ਹਾਂ ਅਤੇ ਓਸੇ ਤਰ੍ਹਾਂ ਦੇ ਜਵਾਬ ਦੀ ਇੱਛਾ ਕਰਦੇ ਹਾਂ। ਅਸੀਂ ਤਦ ਆਪਣੇ ਵੱਡੇ ਦੁੱਖਾਂ ਦਾ ਵਰਨਣ ਕੀਤਾ ਜਦ ਉਹ ਬਹੁਤ ਵੱਧ ਗਏ। ਅਸੀਂ ਤਦ ਆਂਟੀ ਹਿਲਦਾ ਦੇ ਕੈਂਸਰ ਦੀ ਗੱਲ ਕੀਤੀ ਜਦ ਉਹਦੀ ਮੌਤ ਹੋ ਗਈ।

ਕਲੀਸਿਆ ਵਿੱਚ ਪ੍ਰਾਰਥਨਾ ਨਿਵੇਦਨ ਦਾ ਭਾਗ ਆਮ ਤੌਰ ਤੇ ਹਰ ਹਫ਼ਤੇ ਇੱਕੋ ਜਿਹਾ ਹੀ ਰੱਖਿਆ ਜਾਂਦਾ ਹੈ। ਆਪਣੇ ਕਾਫ਼ੀ ਸਾਲ ਪ੍ਰਾਰਥਨਾ ਸਭਾਵਾਂ ਵਿੱਚ ਗੁਜ਼ਾਰਨ ਦੇ ਬਾਵਜੂਦ ਅਸੀਂ ਆਮ ਤੌਰ ਤੇ ਕਦੇ ਆਪਣੀਆਂ ਪ੍ਰਾਰਥਨਾਵਾਂ ਦੇ ਜਵਾਬ ਨਹੀਂ ਪਾਏ। ਉਹ ਉਕਤਾ ਦੇਣ ਵਾਲੀਆਂ ਸਨ, ਹਰੇਕ ਦੇ ਜੀਵਨ ਦੀਆਂ ਮੁਸ਼ਕਿਲਾਂ ਵਿੱਚ ਗੁਜ਼ਾਰਿਆ ਗਿਆ ਇੱਕ ਨਾਕਾਰਾਤਮਕ ਸਮਾਂ ਸੀ ਅਤੇ ਕਦੇ ਨਹੀਂ ਸੋਚਿਆ ਕਿ ਕੁਝ ਚੰਗਾ ਵੀ ਵਾਪਰ ਸਕਦਾ ਹੈ।

ਇਸ ਅਧਿਐਨ ਦੁਆਰਾ ਸਾਡਾ ਮਕਸੱਦ ਪ੍ਰਾਰਥਨਾ ਨੂੰ ਨਵੇਂ ਅਤੇ ਚੰਗੇ ਨਜ਼ਰੀਏ ਨਾਲ ਵੇਖਣਾ ਹੈ। ਬਾਈਬਲ ਦੀਆਂ ਅਣਗਿਣਤ ਉਦਾਹਰਨਾਂ ਦੁਆਰਾ ਅਸੀਂ ਸਿੱਖਾਂਗੇ ਪ੍ਰਾਰਥਨਾ ਕੀ ਹੈ ਅਤੇ ਪ੍ਰਾਰਥਨਾ ਕਿਵੇਂ ਕਰਨੀ ਚਾਹੀਦੀ ਹੈ।

ਜੰਗਾਲੇ ਕਿੱਲ

ਕੁਝ ਸਾਲ ਪਹਿਲਾਂ, ਅਸੀਂ ਆਪਣੀ ਰਸੋਈ ਦੁਬਾਰਾ ਬਣਾ ਰਹੇ ਸੀ। ਸਭ ਤੋਂ ਪਹਿਲਾਂ ਸਾਨੂੰ ਪੁਰਾਣੀਆਂ ਅਲਮਾਰੀਆਂ ਅਤੇ ਪੁਰਾਣੇ ਕਾਊਂਟਰ ਡਾਹੁਣੇ ਪਏ, ਅਤੇ ਕੁਝ ਪੁਰਾਣੀਆਂ ਕੰਧਾਂ, ਛੱਤ ਅਤੇ ਫਰਸ਼ ਵੀ। ਲੱਕੜਾਂ ਪੁਰਾਣੀਆਂ ਹੋਣ ਦੇ ਕਾਰਨ, ਬਹੁਤ ਮਜ਼ਬੂਤ ਸਨ ਅਤੇ ਇਨ੍ਹਾਂ ਵਿੱਚ ਤਿੰਨ ਚਾਰ ਇੰਚ ਦੇ ਕਿੱਲ ਲੱਗੇ ਹੋਏ ਸਨ ਜੋ ਸਾਨੂੰ ਪੁੱਟਣੇ ਪਏ। ਉਨ੍ਹਾਂ ਨੂੰ ਹਟਾਉਣ ਦੇ ਲਈ ਇੱਕ ਵੱਡੇ ਡੰਡੇ ਦਾ ਇਸਤੇਮਾਲ ਕੀਤਾ ਗਿਆ ਅਤੇ ਜਦ ਉਹਨਾਂ ਨੂੰ ਖਿੱਚਿਆ ਗਿਆ, ਤਾਂ ਉਹਨਾਂ ਵਿੱਚੋਂ ਚੀਕਣ ਦੀ ਅਜੀਬ ਜਿਹੀ ਅਵਾਜ਼ ਆ ਰਹੀ ਸੀ ਅਤੇ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਹ ਵਿਰੋਧ ਕਰ ਰਹੇ ਹੋਣ।

ਸਾਡੇ ਇਸ ਪ੍ਰੋਜੈਕਟ ਦੇ ਖ਼ਤਮ ਹੋਣ ਤੋਂ ਕੁਝ ਹਫ਼ਤੇ ਬਾਅਦ ਸਭਾ ਦੇ ਅਰੰਭ ਵਿੱਚ ਸਤੂਤੀ ਅਰਾਧਨਾ ਦੌਰਾਨ ਮੈਂ ਅਚਾਨਕ ਆਤਮਾ ਵਿੱਚ ਵੇਖਿਆ ਕਿ ਇਨ੍ਹਾਂ ਲੰਮੇ ਜੰਗਾਲੇ ਹੋਏ ਕਿੱਲਾਂ ਵਿੱਚੋਂ ਇੱਕ ਪੁੱਟਿਆ ਜਾ ਰਿਹਾ ਹੈ ਅਤੇ ਉਨ੍ਹਾਂ ਵਿੱਚੋਂ ਚੀਕਣ ਦੀ ਅਵਾਜ਼ ਜਿਹੀ ਆ ਰਹੀ ਸੀ। "ਮੈਂ ਪੁੱਛਿਆ, "ਪ੍ਰਭੂ" "ਇਹ ਕੀ ਹੈ"?

ਉਸ ਨੇ ਕਿਹਾ "ਇਹ ਉਹ ਗਲਤ ਗੱਲਾਂ ਹਨ ਜਿਹੜੀਆਂ ਤੂੰ ਪੂਰੇ ਸਾਲ ਵਿੱਚ ਸਿੱਖੀਆਂ ਹਨ। ਇਨ੍ਹਾਂ ਨੂੰ ਹਟਾਉਣਾ ਮੁਸ਼ਕਿਲ ਹੈ, ਪਰ ਇਹ ਜ਼ਰੂਰ ਦੂਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ।"

ਆਓ ਅਸੀਂ ਪ੍ਰਾਰਥਨਾ ਬਾਰੇ ਆਪਣੀ ਧਾਰਨਾ ਵਿੱਚ ਕੁਝ "ਜੰਗਾਲੇ ਹੋਏ ਕਿੱਲਾਂ" ਦੀ ਜਾਂਚ ਕਰੀਏ।

ਪ੍ਰਾਰਥਨਾ ਇਹ ਨਹੀਂ ਹੈ

ਝਿਜਕਦੇ ਹੋਏ ਮੰਗਣਾ ਤਾਂ ਜੋ ਪਰਮੇਸ਼ੁਰ ਸਾਡੇ ਲਈ ਕੰਮ ਕਰੇ

ਜ਼ਿਆਦਾਤਰ ਪ੍ਰਾਰਥਨਾ ਦੀ ਅਵਾਜ਼ ਝਿਜਕ ਵਾਲੀ ਹੁੰਦੀ ਹੈ ਜਦ ਉਹ ਪਰਮੇਸ਼ੁਰ ਨੂੰ ਕੰਮ ਕਰਨ ਲਈ ਆਖਦੇ ਹਨ। ਉਹ ਜਾਣਦੇ ਹਨ ਕਿ ਪਰਮੇਸ਼ੁਰ ਕਿਰਿਆ ਕਰ ਸਕਦਾ ਹੈ, ਪਰ ਮਨ ਵਿੱਚ ਸ਼ੱਕ ਰੱਖਦੇ ਹਨ ਕਿ ਪਰਮੇਸ਼ੁਰ ਅਜਿਹਾ ਕਰੇਗਾ ਕਿਉਂਕਿ ਉਹ ਆਪਣੇ ਆਪ ਨੂੰ ਇਸ ਯੋਗ ਨਹੀਂ ਸਮਝਦੇ।

ਆਪਣੀਆਂ ਮੁਸ਼ਕਿਲਾਂ ਪਰਮੇਸ਼ੁਰ ਨੂੰ ਦੱਸਣਾ

ਅਸੀਂ ਅਕਸਰ ਵੇਖਦੇ ਹਾਂ ਕਿ ਲੋਕ ਪਰਮੇਸ਼ੁਰ ਨੂੰ ਆਪਣੀਆਂ ਮੁਸ਼ਕਿਲਾਂ ਇਸ ਤਰ੍ਹਾਂ ਦੱਸਦੇ ਹਨ-ਜਿਵੇਂ ਪਹਿਲਾਂ ਤੋਂ ਉਸ ਨੂੰ ਕੁਝ ਪਤਾ ਹੀ ਨਾ ਹੋਵੇ-ਅਤੇ ਇਹ ਵੀ ਵੇਖਿਆ ਜਾਂਦਾ ਹੈ ਕਿ ਉਹ ਪਰਮੇਸ਼ੁਰ ਨੂੰ ਸਿਖਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ। ਇਹ ਇਸ ਤਰ੍ਹਾਂ ਲੱਗਦਾ ਹੈ ਜਿਵੇਂ ਉਹ ਪਰਮੇਸ਼ੁਰ ਨੂੰ ਬਲੂ-ਪ੍ਰਿੰਟ ਦੇ ਰਹੇ ਹਨ ਕਿ ਉਸਨੂੰ ਕੀ ਕਰਨਾ ਚਾਹੀਦਾ ਹੈ ਅਤੇ ਉਮੀਦ ਕਰਦੇ ਹਨ ਕਿ ਪਰਮੇਸ਼ੁਰ ਇਹ ਕਰੇ।

ਜੇਕਰ ਅਸੀਂ ਲਗਾਤਾਰ ਆਪਣੀਆਂ ਮੁਸ਼ਕਿਲਾਂ ਲਈ ਪ੍ਰਾਰਥਨਾ ਕਰਦੇ ਹਾਂ, ਉਹ ਸਾਡੇ ਮਨ ਵਿੱਚ ਹੋਰ ਵੱਡੀਆਂ ਹੁੰਦੀਆਂ ਜਾਂਦੀਆਂ ਹਨ।

ਆਪਣੀ ਯੋਗਤਾ ਦੁਆਰਾ ਪਰਮੇਸ਼ੁਰ ਨੂੰ ਕਾਇਲ ਕਰਨਾ

ਬਹੁਤ ਲੋਕ ਵਿਅਕਤੀ ਦੀ ਯੋਗਤਾ ਦੁਆਰਾ ਪਰਮੇਸ਼ੁਰ ਨੂੰ ਕਾਇਮ ਕਰਨ ਦੀ ਕੋਸ਼ਿਸ਼ ਕਰਦੇ। "ਪਰਮੇਸ਼ੁਰ ਮਰਿਯਮ ਹਮੇਸ਼ਾ ਤੈਨੂੰ ਪਿਆਰ ਕਰਦੀ ਹੈ। ਉਹਨੇ ਵੀਹ ਸਾਲ ਤੱਕ ਸੰਡੇ ਸਕੂਲ ਵਿੱਚ ਪੜ੍ਹਾਇਆ। ਉਹ ਇੱਕ ਚੰਗੀ ਪਤਨੀ ਅਤੇ ਚੰਗੀ ਮਾਂ ਹੈ। ਸਾਨੂੰ ਉਸਦੀ ਲੋੜ ਹੈ, ਅਤੇ ਅਸੀਂ ਇਹ ਤੈਥੋਂ ਮੰਗਦੇ ਹਾਂ..." ਇਹ ਪ੍ਰਾਰਥਨਾ ਅਤੇ ਵਿਸ਼ਵਾਸ ਵਿਅਕਤੀ ਦੀ ਭਲਿਆਈ ਤੇ ਅਧਾਰਿਤ ਹੈ।

ਪਰਮੇਸ਼ੁਰ ਨਾਲ ਆਪਣੇ ਸੰਬੰਧ ਦੁਆਰਾ ਦੂਜਿਆਂ ਨੂੰ ਕਾਇਲ ਕਰਨਾ

ਕੁਝ ਪ੍ਰਾਰਥਨਾ ਇਸ ਤਰ੍ਹਾਂ ਦੀਆਂ ਜਾਪਦੀਆਂ ਹਨ ਜਿਵੇਂ ਉਹ ਪਰਮੇਸ਼ੁਰ ਨਾਲ ਆਪਣੇ ਮਹਾਨ ਸੰਬੰਧ ਨੂੰ ਦੱਸ ਕੇ ਲੋਕਾਂ ਨੂੰ ਕਾਇਲ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹੋਣ।

ਸ਼ੱਕ ਅਤੇ ਅਵਿਸ਼ਵਾਸ ਦਾ ਪ੍ਰਗਟਾਉ

ਕਲੀਸਿਆ ਵਿੱਚ ਸਾਡੇ ਵਿੱਚੋਂ ਕਈਆਂ ਦੀਆਂ ਪ੍ਰਾਰਥਨਾ ਆਪਣੀ ਰੀਤ ਅਨੁਸਾਰ ਸ਼ੱਕ ਅਤੇ ਅਵਿਸ਼ਵਾਸ ਨੂੰ ਪ੍ਰਗਟ ਕਰਦੀਆਂ ਹਨ। ਜਦ ਅਸੀਂ ਦੂਜਿਆਂ ਨੂੰ ਦੱਸਿਆ ਕਿ ਉਹ ਕਿੰਨੀਆਂ ਬੁਰੀਆਂ ਗੱਲਾਂ ਸਨ, ਹਕੀਕਤ ਵਿੱਚ ਅਸੀਂ ਲੋਕਾਂ ਨੂੰ ਸਰਾਪ ਦੇ ਰਹੇ ਸੀ ਜਦ ਅਸੀਂ ਉਨ੍ਹਾਂ ਨਾਲ ਪਿਆਰ ਦੀਆਂ ਗੱਲਾਂ ਕਰ ਰਹੇ ਸੀ। ਜਦ ਅਸੀਂ ਲੋਕਾਂ ਨੂੰ ਇਸ ਜਾਂ ਉਸ ਲਈ ਪ੍ਰਾਰਥਨਾ ਕਰਨ ਲਈ ਆਖਿਆ, ਤਦ ਅਸੀਂ ਗੱਪਾਂ ਮਾਰ ਰਹੇ ਸੀ। "ਮੈਂ ਸਿਰਫ਼ ਤੁਹਾਨੂੰ ਦੱਸ ਰਿਹਾ ਹਾਂ ਤਾਂ ਜੋ ਤੁਸੀਂ ਜਾਣੋ ਕਿ ਪ੍ਰਾਰਥਨਾ ਕਿਵੇਂ ਕੀਤੀ ਜਾਣੀ ਚਾਹੀਦੀ ਹੈ," ਬਹੁਤਿਆਂ ਦੀ ਮਨਬਦਲੀ ਲਈ ਭੂਮਿਕਾ ਨਿਭਾਓ।

ਜੋ ਅਸੀਂ ਜ਼ਬਾਨੀ ਪ੍ਰਾਰਥਨਾ ਕੀਤੀ ਉਸਦਾ ਹਰ ਇੱਕ ਸ਼ਬਦ ਸ਼ੈਤਾਨ ਨੇ ਸੁਣਿਆ ਜੋ ਸਾਡੇ ਆਲੇ-ਦੁਆਲੇ ਹੈ। ਪ੍ਰਾਰਥਨਾ ਦੀ ਬਜਾਏ, ਅਸੀਂ ਆਪਣਾ ਸਮਾਂ ਗੰਭੀਰ ਚਿੰਤਾ ਵਿੱਚ ਗੁਜ਼ਾਰਿਆ!

ਪ੍ਰਾਰਥਨਾ ਇਹ ਹੈ

ਪ੍ਰਾਰਥਨਾ ਕਈ ਪ੍ਰਕਾਰ ਦੀਆਂ ਹਨ ਲੱਗਭੱਗ ਜਿੰਨੀ ਪ੍ਰਕਾਰ ਦੀਆਂ ਸਥਿਤੀਆਂ ਅਤੇ ਮਸੀਹੀ ਹਨ। ਪਹਿਲੀ ਸਥਿਤੀ "ਠੀਕ" ਅਤੇ ਦੂਜੀ "ਗਲਤ" ਨਹੀਂ ਹੈ। ਪਹਿਲੀ ਸਥਿਤੀ ਦੂਜੀ ਨਾਲੋਂ ਚੰਗੀ ਨਹੀਂ ਹੈ। ਪਰਮੇਸ਼ੁਰ ਦੀ ਇੱਛਾ ਹੈ ਕਿ ਅਸੀਂ ਅਲੱਗ-ਅਲੱਗ ਸਮੇਂ ਤੇ ਇਨ੍ਹਾਂ ਦੇ ਅਨੁਸਾਰ ਚੱਲੀਏ, ਜਿਵੇਂ ਉਹ ਸਾਡੀ ਅਗਵਾਈ ਕਰਦਾ ਹੈ।

ਬਾਈਬਲ ਵਿੱਚ ਪ੍ਰਾਰਥਨਾ ਲਈ ਬਹੁਤ ਵੱਖ-ਵੱਖ ਤਰ੍ਹਾਂ ਦੇ ਸ਼ਬਦ ਇਸਤੇਮਾਲ ਕੀਤੇ ਗਏ ਹਨ।

ਪਰਮੇਸ਼ੁਰ ਨਾਲ ਗੱਲਾਂ ਕਰਨੀਆਂ

ਪ੍ਰਾਰਥਨਾ ਮਸੀਹੀ ਜੀਵਨ ਵਿੱਚ ਸਭ ਤੋਂ ਸਧਾਰਨ ਕਿਸਮ ਦਾ ਪ੍ਰਗਟਾਵਾ ਹੈ। ਇਹ ਪਰਮੇਸ਼ੁਰ ਨਾਲ ਗੱਲਾਂ ਕਰਨੀਆਂ ਹਨ। ਇਹ ਬੱਚਿਆਂ ਵਾਂਗੂੰ ਵਿਸ਼ਵਾਸ ਕਰਨ ਅਤੇ ਆਪਣੀ ਅੰਦਰਲੀ ਇਨਸਾਨੀਅਤ ਦੁਆਰਾ ਪਿਤਾ ਆਖ ਕੇ ਪੁਕਾਰਨਾ ਹੈ।

ਗਲਾਤੀਆਂ 4:6 ਅਤੇ ਤੁਸੀਂ ਜੋ ਪੁੱਤਰ ਹੋ ਇਸੇ ਕਾਰਨ ਪਰਮੇਸ਼ੁਰ ਨੇ ਆਪਣੇ ਪੁੱਤਰ ਦੇ ਆਤਮਾ ਨੂੰ ਸਾਡੇ ਦਿਲਾਂ ਵਿੱਚ ਘੱਲ ਦਿੱਤਾ ਜਿਹੜਾ "ਅੱਬਾ", ਅਰਥਾਤ "ਹੇ ਪਿਤਾ" ਪੁਕਾਰਦਾ ਹੈ।

ਮੰਗਣਾ ਜਾਂ ਬੇਨਤੀ ਕਰਨਾ

ਪ੍ਰਾਰਥਨਾ ਪਰਮੇਸ਼ੁਰ ਤੋਂ ਜ਼ਰੂਰਤ ਦੀਆਂ ਬਰਕਤਾਂ ਮੰਗਣਾ ਹੈ, ਜਾਂ ਆਪਣੀ ਇੱਛਾ ਅਤੇ ਤਾਂਘ ਦਾ ਉਹਦੇ ਅੱਗੇ ਪ੍ਰਗਟਾਵਾ ਹੈ।

1 ਇਤਿਹਾਸ 4:10 ਅਤੇ ਯਅਬੇਸ ਨੇ ਇਸਰਾਏਲ ਦੇ ਪਰਮੇਸ਼ੁਰ ਅੱਗੇ ਬੇਨਤੀ ਕਰ ਕੇ ਆਖਿਆ, "ਕਾਸ਼ ਕਿ ਤੂੰ ਮੈਨੂੰ ਸੱਚਮੁੱਚ ਬਰਕਤ ਦਿੰਦਾ ਤੇ ਮੇਰੀਆਂ ਹੱਦਾਂ ਨੂੰ ਵਧਾਉਂਦਾ ਤੇ ਤੇਰਾ ਹੱਥ ਮੇਰੇ ਨਾਲ ਰਹਿੰਦਾ ਅਤੇ ਤੂੰ ਮੈਨੂੰ ਬੁਰਿਆਈ ਤੋਂ ਬਚਾਉਂਦਾ ਤਾਂ ਜੋ ਉਹ ਮੈਨੂੰ ਦੁੱਖ ਨਾ ਦੇਵੇ!" ਅਤੇ ਪਰਮੇਸ਼ੁਰ ਨੇ ਉਹ ਦੀਆਂ ਭਾਉਣੀਆਂ ਪੂਰੀਆਂ ਕੀਤੀਆਂ।

ਯਿਸੂ ਨੇ ਕਿਹਾ ਸਾਨੂੰ ਮੰਗਣਾ ਚਾਹੀਦਾ ਸੀ।

ਮੱਤੀ 21:22 "ਅਤੇ ਸਭ ਕੁਝ ਜੋ ਤੁਸੀਂ ਨਿਹਚਾ ਨਾਲ ਪ੍ਰਾਰਥਨਾ ਕਰ ਕੇ ਮੰਗੋ ਸੋ ਪਾਓਗੇ।"

ਯੂਹੰਨਾ 16:23ਅ, 24 "ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ, ਜੇ ਤੁਸੀਂ ਪਿਤਾ ਕੋਲੋਂ ਕੁਝ ਮੰਗੋ ਤਾਂ ਉਹ ਮੇਰੇ ਨਾਮ ਕਰਕੇ ਤੁਹਾਨੂੰ ਦੇਵੇਗਾ। ਅਜੇ ਤੀਕੁਰ ਤੁਸਾਂ ਮੇਰਾ ਨਾਮ ਲੈ ਕੇ ਕੁਝ ਨਹੀਂ ਮੰਗਿਆ। ਮੰਗੋ ਤਾਂ ਤੁਸੀਂ ਲਓਗੇ ਭਈ ਤੁਹਾਡਾ ਅਨੰਦ ਪੂਰਾ ਹੋਵੇ।"

ਅਰਜੋਈ ਕਰਨੀ

"ਅਰਜੋਈ" ਦਾ ਅਰਥ ਹੈ ਮਦਦ ਲਈ ਪੁਕਾਰਨਾ। ਜਦ ਅਸੀਂ ਪਰਮੇਸ਼ੁਰ ਅੱਗੇ ਅਰਜੋਈ ਕਰਦੇ ਹਾਂ, ਤਦ ਅਸੀਂ ਸਮਝ ਜਾਂਦੇ ਹਾਂ ਕਿ ਅਸੀਂ ਆਪਣੀਆਂ ਲੋੜਾਂ ਨੂੰ ਪੂਰਾ ਕਰਨ ਦੇ ਯੋਗ ਨਹੀਂ ਹਾਂ ਅਤੇ ਪਰਮੇਸ਼ੁਰ ਦੀ ਮਦਦ ਉੱਤੇ ਹੀ ਨਿਰਭਰ ਹਾਂ।

1 ਸਮੂਏਲ 1:17 ਤਦ ਏਲੀ ਨੇ ਉੱਤਰ ਦਿੱਤਾ ਅਤੇ ਆਖਿਆ, "ਸੁੱਖ ਸਾਂਦ ਨਾਲ ਜਾਹ ਅਤੇ ਇਸਰਾਏਲ ਦਾ ਪਰਮੇਸ਼ੁਰ ਤੇਰੀ ਅਰਜੋਈ ਪੂਰੀ ਕਰੇ ਜੋ ਤੈਂ ਉਸ ਤੋਂ ਮੰਗੀ ਹੈ।"

ਅਰਦਾਸ ਕਰਨੀ

ਪ੍ਰਾਰਥਨਾ ਉਹ ਅਰਦਾਸ ਹੈ ਜਿਸ ਦਾ ਅਰਥ ਹਲੀਮਗੀ ਨਾਲ ਜਾਂ ਗੰਭੀਰਤਾਪੂਰਵਕ ਮੰਗਣਾ ਹੈ।

1 ਰਾਜਾ 8:33 ਜਦ ਤੇਰੀ ਪਰਜਾ ਇਸਰਾਏਲ ਵੈਰੀ ਦੇ ਅੱਗਿਓਂ ਏਸ ਲਈ ਮਾਰੀ ਜਾਵੇ ਕਿ ਉਨ੍ਹਾਂ ਨੇ ਤੇਰਾ ਪਾਪ ਕੀਤਾ ਹੋਵੇ ਤਾਂ ਜੇ ਓਹ ਤੇਰੀ ਵੱਲ ਫਿਰਨ ਤੇ ਤੇਰੇ ਨਾਮ ਨੂੰ ਮੰਨ ਲੈਣ ਤੇ ਤੇਰੇ ਅੱਗੇ ਏਸ ਭਵਨ ਵਿੱਚ ਬੇਨਤੀ ਤੇ ਅਰਦਾਸ ਕਰਨ...

ਬੇਨਤੀ ਕਰਨੀ

ਪ੍ਰਾਰਥਨਾ ਬੇਨਤੀ ਦਾ ਇੱਕ ਰੂਪ ਹੋ ਸਕਦੀ ਹੈ ਜਿਸਦਾ ਅਰਥ ਗੰਭੀਰਤਾਪੂਰਵਕ ਮੰਗਣਾ ਜਾਂ ਬੇਨਤੀ ਕਰਨੀ ਹੈ।

ਕੂਚ 8:8ਓ ਤਾਂ ਫ਼ਿਰਊਨ ਨੇ ਮੂਸਾ ਅਤੇ ਹਾਰੂਨ ਨੂੰ ਬੁਲਾਕੇ ਆਖਿਆ, "ਯਹੋਵਾਹ ਦੇ ਅੱਗੇ ਬੇਨਤੀ ਕਰੋ ਤਾਂ ਜੋ ਉਹ ਡੱਡੂਆਂ ਮੈਥੋਂ ਅਤੇ ਮੇਰੀ ਰਈਅਤ ਤੋਂ ਝਾੜ ਸੁੱਟੇ ਮੈਂ ਜ਼ਰੂਰ ਲੋਕਾਂ ਨੂੰ ਜਾਣ ਦੇਵਾਂਗਾ ਤਾਂ ਜੋ ਓਹ ਯਹੋਵਾਹ ਲਈ ਬਲੀ ਚੜ੍ਹਾਉਣ..."

ਸਿਫਾਰਸ਼ੀ ਪ੍ਰਾਰਥਨਾ

ਸਿਫਾਰਸ਼ੀ ਪ੍ਰਾਰਥਨਾ ਉਹ ਬੇਨਤੀ ਹੈ ਜੋ ਅਕਸਰ ਦੂਜਿਆਂ ਦੇ ਲਈ ਕੀਤੀ ਜਾਂਦੀ ਹੈ।

ਯਸਾਯਾਹ 53:12 ਏਸ ਲਈ ਮੈਂ ਉਸ ਨੂੰ ਵੱਡਿਆਂ ਦੇ ਨਾਲ ਹਿੱਸਾ ਵੰਡ ਦਿਆਂਗਾ, ਅਤੇ ਬਲਵੰਤਾਂ ਦੇ ਨਾਲ ਉਹ ਲੁੱਟ ਵੰਡੇਗਾ, ਕਿਉਂ ਜੋ ਓਸ ਆਪਣੀ ਜਾਨ ਮੌਤ ਲਈ ਡੋਹਲ ਦਿੱਤੀ, ਅਤੇ ਅਪਰਾਧੀਆਂ ਨਾਲ ਗਿਣਿਆ ਗਿਆ, ਓਸ ਬਹੁਤਿਆਂ ਦੇ ਪਾਪ ਚੁੱਕੇ, ਅਤੇ ਅਪਰਾਧੀਆਂ ਦੀ ਸਿਫ਼ਾਰਸ਼ ਕੀਤੀ।

ਅਰਾਧਨਾ ਦਾ ਕੰਮ

ਪਰਕਾਸ਼ ਦੀ ਪੋਥੀ ਵਿੱਚ, ਪ੍ਰਾਰਥਨਾ ਧੂਪ ਨੂੰ ਸਿਰਫ਼ ਦਰਸਾਉਂਦੀ ਹੀ ਨਹੀਂ ਪਰ ਇਹ ਧੂਪ ਨਾਲ ਅਰਪਣ ਵੀ ਕੀਤੀ ਜਾਂਦੀ ਹੈ। ਅਰਾਧਨਾ ਵਿੱਚ ਧੂਪ ਧੁਖਾਉਣ ਦਾ ਕੰਮ ਸੰਤਾਂ ਦੀਆਂ ਪ੍ਰਾਰਥਨਾ ਨੂੰ ਪੇਸ਼ ਕਰਦਾ ਹੈ।

ਪਰਕਾਸ਼ ਦੀ ਪੋਥੀ 5:8 ਅਤੇ ਜਾਂ ਉਹ ਨੇ ਪੋਥੀ ਲੈ ਲਈ ਤਾਂ ਚਾਰੇ ਜੰਤੂ ਅਤੇ ਚੱਵੀ ਬਜ਼ੁਰਗ ਲੇਲੇ ਦੇ ਅੱਗੇ ਡਿੱਗ ਪਏ ਅਤੇ ਹਰੇਕ ਦੇ ਕੋਲ ਰਬਾਬ ਅਤੇ ਧੂਪ ਨਾਲ ਭਰੇ ਹੋਏ ਸੋਨੇ ਦੇ ਕਟੋਰੇ ਸਨ ਜਿਹੜੇ ਸੰਤਾਂ ਦੀਆਂ ਪ੍ਰਾਰਥਨਾ ਹਨ।

ਇਹ ਕਿੰਨਾ ਹੈਰਾਨੀਜਨਕ ਹੈ ਕਿ ਸਵਰਗ ਵਿੱਚ ਸੰਤਾਂ ਦੀਆਂ ਪ੍ਰਾਰਥਨਾ ਸੋਨੇ ਦੇ ਕਟੋਰਿਆਂ ਵਿੱਚ ਜਮ੍ਹਾਂ ਕੀਤੀਆਂ ਜਾਂਦੀਆਂ ਹਨ। ਜਿਹੜੀਆਂ ਪ੍ਰਾਰਥਨਾ ਜਮ੍ਹਾਂ ਕਰਨ ਦੇ ਯੋਗ ਹੁੰਦੀਆਂ ਹਨ? ਯਕੀਨਨ ਗਲਤੀਆਂ, ਪਾਪ, ਸ਼ਿਕਾਇਤਾਂ, ਚਿੰਤਾ ਅਤੇ ਸੁਆਰਥੀਪਨ ਦੀਆਂ ਪ੍ਰਾਰਥਨਾ ਨਹੀਂ ਸੁਣੀਆਂ ਜਾਂਦੀਆਂ। ਪਰ ਪ੍ਰਾਰਥਨਾ ਯਿਸੂ ਦੀ ਪ੍ਰਾਰਥਨਾ ਵਾਂਗਰ ਹੋਣੀ ਚਾਹੀਦੀ ਹੈ ਜੋ ਉਸ ਨੇ ਸਲੀਬ ਤੇ ਕੀਤੀ।

ਲੂਕਾ 23:34ਓ ਤਦ ਯਿਸੂ ਨੇ ਆਖਿਆ, "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।"

ਯਕੀਨਨ ਇਸ਼ਤੀਫਾਨ ਦੀ ਪ੍ਰਾਰਥਨਾ ਸਵਰਗ ਵਿੱਚ ਜਮ੍ਹਾਂ ਕੀਤੀ ਗਈ ਜਦ ਉਹ ਸ਼ਹੀਦ ਹੋ ਰਿਹਾ ਸੀ ਇਹ ਅਰਾਧਨਾ ਦੇ ਕੰਮ ਦਾ ਰੂਪ ਸੀ।

ਰਸੂਲਾਂ ਦੇ ਕਰਤੱਬ 7:59,60 ਸੋ ਉਨ੍ਹਾਂ ਨੇ ਇਸਤੀਫ਼ਾਨ ਨੂੰ ਪਥਰਾਹ ਕੀਤਾ ਜੋ ਬੇਨਤੀ ਕਰਦਾ ਅਤੇ ਇਹ ਆਖਦਾ ਸੀ ਕਿ "ਹੇ ਪ੍ਰਭੂ ਯਿਸੂ, ਮੇਰੇ ਆਤਮਾ ਨੂੰ ਆਪਣੇ ਕੋਲ ਲੈ ਲੈ!" ਫੇਰ ਉਹ ਗੋਡੇ ਟੇਕ ਕੇ ਉੱਚੀ ਬੋਲਿਆ ਕਿ "ਹੇ ਪ੍ਰਭੂ ਇਹ ਪਾਪ ਉਨ੍ਹਾਂ ਦੇ ਜੁੰਮੇ ਨਾ ਲਾ!" ਅਤੇ ਇਹ ਕਹਿ ਕੇ ਉਹ ਸੌਂ ਗਿਆ।

ਸੇਵਾ

ਇਹ ਸੇਵਾ ਉਹਦੇ ਲੋਕਾਂ ਲਈ ਪ੍ਰਾਰਥਨਾ ਕਰਨ ਦੁਆਰਾ ਹਕੀਕਤ ਵਿੱਚ ਪਰਮੇਸ਼ੁਰ ਦੀ ਸੇਵਾ ਕਰਨੀ ਹੈ।

ਲੂਕਾ 2:37 ਅਤੇ ਉਹ ਚੁਰਾਸੀਆਂ ਵਰਿਹਾਂ ਤੋਂ ਵਿਧਵਾ ਸੀ ਜੋ ਹੈਕਲ ਨੂੰ ਨਾ ਛੱਡਦੀ ਪਰ ਵਰਤ ਰੱਖਣ ਅਤੇ ਬੇਨਤੀ ਕਰਨ ਨਾਲ ਰਾਤ ਦਿਨ ਬੰਦਗੀ ਕਰਦੀ ਰਹਿੰਦੀ ਸੀ।

ਪੌਲੁਸ ਰਸੂਲ ਨੇ ਇਪਫ੍ਰਾਸ ਬਾਰੇ ਲਿਖਿਆ ਜੋ ਪ੍ਰਾਰਥਨਾ ਕਰਨ ਵਿੱਚ ਵੱਡਾ ਯਤਨ ਕਰਦਾ ਸੀ।

ਕੁਲੁੱਸੀਆਂ 4:12 ਇਪਫ੍ਰਾਸ ਮਸੀਹ ਯਿਸੂ ਦਾ ਦਾਸ ਜਿਹੜਾ ਤੁਹਾਡੇ ਵਿੱਚੋਂ ਹੈ ਤੁਹਾਡੀ ਸੁੱਖ ਸਾਂਦ ਪੁੱਛਦਾ ਹੈ ਅਤੇ ਉਹ ਆਪਣੀਆਂ ਪ੍ਰਾਰਥਨਾਂ ਵਿੱਚ ਸਦਾ ਤੁਹਾਡੇ ਲਈ ਵੱਡਾ ਯਤਨ ਕਰਦਾ ਹੈ ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਇੱਛਿਆ ਵਿੱਚ ਸਿੱਧ ਅਤੇ ਪੱਕੇ ਹੋ ਕੇ ਟਿਕੇ ਰਹੋ।

ਪਰਮੇਸ਼ੁਰ ਨਾਲ ਸੰਗਤੀ

ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਆਪਣੇ ਨਾਲ ਸੰਗਤੀ ਕਰਨ ਲਈ ਬਣਾਇਆ। ਜਦ ਉਨ੍ਹਾਂ ਦੀ ਜ਼ਿੰਦਗੀ ਵਿੱਚ ਪਾਪ ਨਹੀਂ ਆਇਆ ਸੀ ਉਸ ਸਮੇਂ ਉਹ ਠੰਡੇ ਵੇਲੇ ਆ ਕੇ ਉਨ੍ਹਾਂ ਨਾਲ ਸੰਗਤ ਕਰਦਾ ਹੁੰਦਾ ਸੀ। ਉਸ ਦਿਨ ਤੋਂ ਅੱਜ ਤੱਕ, ਪੂਰੀ ਮਨੁੱਖਜਾਤੀ ਦੇ ਮਨ ਵਿੱਚ ਪਰਮੇਸ਼ੁਰ ਨਾਲ ਚੱਲਣ ਅਤੇ ਗੱਲਾਂ ਕਰਨ ਦੀ ਤੀਬਰ ਇੱਛਾ ਹੈ।

ਪ੍ਰਾਰਥਨਾ ਪਰਮੇਸ਼ੁਰ ਨਾਲ ਸੰਗਤੀ ਹੈ। ਆਪਣੇ ਵਚਨ ਰਾਹੀਂ ਪਵਿੱਤਰ ਆਤਮਾ ਦੁਆਰਾ ਪਰਮੇਸ਼ੁਰ ਮਨੁੱਖ ਨਾਲ ਗੱਲਾਂ ਕਰਦਾ ਹੈ, ਮਨੁੱਖ ਪ੍ਰਾਰਥਨਾ ਦੁਆਰਾ ਪਰਮੇਸ਼ੁਰ ਨਾਲ ਗੱਲਾਂ ਕਰਦਾ ਹੈ।

"ਸੰਗਤੀ" ਦਾ ਅਰਥ ਹੈ ਆਪਣੇ ਡੂੰਘੇ ਖਿਆਲਾਂ, ਇੱਛਾਵਾਂ, ਅਤੇ ਭਾਵਨਾਵਾਂ ਨੂੰ ਇੱਕ ਦੂਜੇ ਨਾਲ ਵੰਡਣਾ। ਇਸ ਦਾ ਅਰਥ ਇਹ ਹੈ ਕਿ ਗੱਲਬਾਤ ਦੋਵੇਂ ਪਾਸਿਓਂ ਹੋਵੇ।

ਕੀ ਤੁਸੀਂ ਕਦੇ ਅਜਿਹੇ ਵਿਅਕਤੀ ਨਾਲ ਸਮਾਂ ਗੁਜ਼ਾਰਿਆ ਜਿਹੜਾ ਬਿਨ੍ਹਾਂ ਰੁਕੇ ਤੁਹਾਡੇ ਕੰਮ, ਪਰਿਵਾਰ, ਘਰ, ਕਾਰ ਮੁਸ਼ਕਿਲਾਂ ਬਾਰੇ ਗੱਲਾਂ ਕਰਦਾ ਜਾਵੇ-ਅਤੇ ਕਦੇ ਇਹ ਜਾਣਨ ਦੀ ਕੋਸ਼ਿਸ਼ ਨਾ ਕਰੇ ਕਿ ਤੁਸੀਂ ਕੀ ਚਾਹੁੰਦੇ ਹੋ? ਕੁਝ ਸਮੇਂ ਬਾਅਦ ਤੁਸੀਂ ਇਹ ਸੋਚਣਾ ਸ਼ੁਰੂ ਕਰੋਗੇ ਕਿ ਤੁਸੀਂ ਇੱਥੇ ਕਿਉਂ ਹੋ।

ਸਾਡੇ ਵਿੱਚੋਂ ਕਈਆਂ ਦਾ ਪਰਮੇਸ਼ੁਰ ਨਾਲ ਅਜਿਹਾ ਵਿਹਾਰ ਹੈ। ਅਸੀਂ ਆਪਣੀ ਸੂਚੀ ਲੈ ਕੇ ਜਾਂਦੇ ਹਾਂ ਅਤੇ ਗੱਲਬਾਤ ਇੱਕ ਤਰਫੀ ਹੁੰਦੀ ਹੈ। ਪਰ ਜਦ ਪਰਮੇਸ਼ੁਰ ਉੱਤਰ ਦੇਣਾ ਸ਼ੁਰੂ ਕਰਦਾ ਹੈ, ਤਦ ਸਾਨੂੰ ਪ੍ਰਾਰਥਨਾ ਸਮਾਪਤ ਕਰਕੇ ਜਾਣ ਦੀ ਕਾਹਲੀ ਹੁੰਦੀ ਹੈ। ਪਰਮੇਸ਼ਰ ਨਾਲ ਸੰਗਤੀ ਕਰਨ ਲਈ, ਸਾਨੂੰ ਜ਼ਰੂਰ ਉਹਦੇ ਨਾਲ ਗੱਲ ਕਰਨੀ ਚਾਹੀਦੀ ਹੈ ਅਤੇ ਉਸ ਦੀ ਵੀ ਸੁਣਨੀ ਚਾਹੀਦੀ ਹੈ।

ਅੰਤਹੀਨ ਸੂਚੀਕਰਨ

ਸਾਡਾ ਪਰਮੇਸ਼ੁਰ ਅੰਤਹੀਨ ਵਿਚਿਤ੍ਰਤਾ ਦਾ ਪਰਮੇਸ਼ੁਰ ਹੈ-ਦੋ ਬਰਫ਼ ਦੇ ਇੱਕੋ ਜਿਹੇ ਟੁਕੜਿਆਂ ਵਾਂਗਰ ਨਹੀਂ। ਅਸੀਂ ਉਨ੍ਹਾਂ ਤਰੀਕਿਆਂ ਦੁਆਰਾ ਪ੍ਰਾਰਥਨਾ ਕਰ ਸਕਦੇ ਹਾਂ ਜਿਹੜੇ ਅੰਤਹੀਨ ਹਨ।

ਜ਼ਬੂਰਾਂ ਦੀ ਪੋਥੀ ਪ੍ਰਾਰਥਨਾ ਲਈ ਅਦਭੁੱਤ ਕਿਤਾਬ ਹੈ ਅਤੇ ਇਹ ਪਰਮੇਸ਼ੁਰ ਨਾਲ ਗੱਲਾਂ ਕਰਨੀਆਂ, ਪਰਮੇਸ਼ੁਰ ਨੂੰ ਪੁਕਾਰਨ, ਪਰਮੇਸ਼ੁਰ ਦੀ ਉਡੀਕ ਕਰਨੀ, ਅਤੇ ਪਰਮੇਸ਼ੁਰ ਵੱਲ ਆਪਣੇ ਹੱਥ ਉਠਾਉਣੇ ਸਿਖਾਉਂਦੀ ਹੈ।

ਇਸ ਵਿੱਚ ਸਹਿਮਤੀ, ਵਿਸ਼ਵਾਸ ਛੁਟਕਾਰੇ, ਯੁੱਧ, ਇਖ਼ਤਿਆਰ ਅਤੇ ਹੋਰ ਕਈ ਪ੍ਰਾਰਥਨਾ ਹਨ। ਸਾਰੀਆਂ ਸੱਚੀਆਂ ਪ੍ਰਾਰਥਨਾਵਾਂ ਪਰਮੇਸ਼ੁਰ ਨੂੰ ਪ੍ਰਸੰਨ ਕਰਦੀਆਂ ਹਨ।

ਕਹਾਉਤਾਂ 15:8ਅ... ਪਰ ਸੱਚਿਆਰਾਂ ਦੀ ਪ੍ਰਾਰਥਨਾ ਤੋਂ ਉਹ ਪ੍ਰਸੰਨ ਹੁੰਦਾ ਹੈ।

ਇੱਕ ਸਧਾਰਨ ਪਰਿਭਾਸ਼ਾ

ਆਓ ਅਸੀਂ ਪ੍ਰਾਰਥਨਾ ਦੀ ਇੱਕ ਬਹੁਤ ਸਧਾਰਨ ਪਰਿਭਾਸ਼ਾ ਤੇ ਧਿਆਨ ਕਰੀਏ

ਪ੍ਰਾਰਥਨਾ ਪਰਮੇਸ਼ੁਰ ਦੇ ਸਾਹਮਣੇ ਸਥਿਤੀ ਉੱਪਰ ਕੰਟਰੋਲ ਕਰ ਰਹੀ ਹੈ, ਉਹਦੇ ਉੱਤਰ ਨੂੰ ਸੁਣਕੇ, ਅਤੇ ਉਸ ਸਥਿਤੀ ਵਿੱਚ ਪਰਮੇਸ਼ੁਰ ਦੀ ਇੱਛਾ ਦਾ ਐਲਾਨ ਕਰਨਾ। ਪ੍ਰਾਰਥਨਾ ਸਵਰਗ ਨੂੰ ਧਰਤੀ ਤੇ ਲਿਆਉਂਦੀ ਹੈ।

ਪ੍ਰਾਰਥਨਾ ਦੀਆਂ ਦੋ ਭਾਸ਼ਾਵਾਂ

ਆਤਮਾ – ਸਮਝ

ਪੌਲੁਸ ਰਸੂਲ ਪ੍ਰਾਰਥਨਾ ਦੀਆਂ ਦੋ ਭਾਸ਼ਾਵਾਂ ਬਾਰੇ ਲਿਖਦਾ ਹੈ-ਆਤਮਾ ਅਤੇ ਸਮਝ।

1 ਕੁਰਿੰਥੀਆਂ 14:14,15 ਓ ਜੇ ਮੈਂ ਪਰਾਈ ਭਾਖਿਆ ਵਿੱਚ ਪ੍ਰਾਰਥਨਾ ਕਰਾਂ ਤਾਂ ਮੇਰਾ ਆਤਮਾ ਪ੍ਰਾਰਥਨਾ ਕਰਦਾ ਹੈ ਪਰ ਮੇਰੀ ਸਮਝ ਨਿਸਫਲ ਹੈ। ਮੈਂ ਤਾਂ ਆਤਮਾ ਨਾਲ ਪ੍ਰਾਰਥਨਾ ਕਰਾਂਗਾ ਅਤੇ ਸਮਝ ਨਾਲ ਵੀ ਪ੍ਰਾਰਥਨਾ ਕਰਾਂਗਾ।

ਪੌਲੁਸ ਨੇ ਆਤਮਾ ਵਿੱਚ ਪ੍ਰਾਰਥਨਾ ਕੀਤੀ ਅਤੇ ਉਸ ਨੇ ਬੁੱਧ ਨਾਲ ਵੀ ਪ੍ਰਾਰਥਨਾ ਕੀਤੀ। ਉਸ ਨੇ ਪਹਿਲਾ ਰਸਤਾ ਅਪਨਾਇਆ ਜਾਂ ਦੂਜਾ ਜਾਂ ਉਹ ਪਹਿਲਾ ਆਤਮਾ ਨਾਲ ਪ੍ਰਾਰਥਨਾ ਕਰਦਾ ਸੀ ਅਤੇ ਫਿਰ ਸਮਝ ਨਾਲ ਵੀ?

ਅਫ਼ਸੀਆਂ ਦੀ ਪੱਤ੍ਰੀ ਵਿੱਚ ਉਸ ਨੇ ਸਾਡੇ ਸ਼ਸਤਰਾਂ ਬਸਤਰਾਂ ਬਾਰੇ ਲਿਖਿਆ, ਆਪਣੀ ਸਮਝ ਦੁਆਰਾ ਅਸੀਂ ਅਕਸਰ ਰੁਕ ਜਾਂਦੇ ਹਾਂ ਕਿਉਂਕਿ, ਇਹ ਪੈਰਾ ਪ੍ਰਾਰਥਨਾ ਬਾਰੇ ਬਹੁਤ ਕੁਝ ਦੱਸਦਾ ਹੈ

ਅਫ਼ਸੀਆਂ 6:17-20 ਅਤੇ ਮੁਕਤੀ ਦਾ ਟੋਪ ਅਤੇ ਆਤਮਾ ਦੀ ਤਲਵਾਰ ਜੋ ਪਰਮੇਸ਼ੁਰ ਦੀ ਬਾਣੀ ਹੈ ਲੈ ਲਵੋ। ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ-ਅਤੇ ਮੇਰੇ ਲਈ ਵੀ ਭਈ ਜਦ ਆਪਣਾ ਮੂੰਹ ਖੋਲ੍ਹਾਂ ਤਾਂ ਅਜਿਹਾ ਬੋਲਣਾ ਮੈਨੂੰ ਦਿੱਤਾ ਜਾਵੇ ਕਿ ਮੈਂ ਦਿਲੇਰੀ ਨਾਲ ਖੁਸ਼ਖ਼ਬਰੀ ਦਾ ਭੇਤ ਖੋਲ੍ਹ ਦਿਆਂ ਜਿਹ ਦੇ ਲਈ ਮੈਂ ਸੰਗਲਾਂ ਨਾਲ ਜਕੜਿਆ ਹੋਇਆ ਏਲਚੀ ਹਾਂ। ਅਤੇ ਮੈਂ ਉਸ ਵਿੱਚ ਅਜਿਹਾ ਦਿਲੇਰੀ ਨਾਲ ਬੋਲਾਂ ਜਿਵੇਂ ਮੈਨੂੰ ਬੋਲਣਾ ਚਾਹੀਦਾ ਹੈ।

ਪੌਲੁਸ ਰਸੂਲ ਨੇ ਆਖਿਆ ਅਸੀਂ ਮੁਕਤੀ ਦਾ ਟੋਪ ਲੈ ਲਈਏ ਅਤੇ ਪਰਮੇਸ਼ੁਰ ਦਾ ਵਚਨ ਸਾਡੇ ਨਾਲ ਹੈ ਅਤੇ ਆਤਮਾ ਵਿੱਚ ਪ੍ਰਾਰਥਨਾ ਕਰੀਏ। ਕਿਉਂ? ਉਸ ਨੇ ਇਹ ਵਿਅਕਤੀਗਤ ਤੌਰ ਤੇ ਅਪਨਾਇਆ "ਬੋਲਣ ਲਈ ਸ਼ਬਦ ਮੈਨੂੰ ਦਿੱਤੇ ਗਏ...ਤਾਂ ਜੋ ਮੈਂ ਦਲੇਰੀ ਨਾਲ ਬੋਲ ਸਕਾਂ ਜਿਵੇਂ ਮੈਨੂੰ ਬੋਲਣਾ ਚਾਹੀਦਾ ਹੈ।"

ਜਦ ਅਸੀਂ ਪਰਮੇਸ਼ੁਰ ਦਾ ਵਚਨ ਲੈਂਦੇ ਹਾਂ ਅਤੇ ਆਤਮਾ ਵਿੱਚ ਪ੍ਰਾਰਥਨਾ ਕਰਦੇ ਹਾਂ, ਸਾਡੀ ਸਮਝ ਵਧੇਗੀ। ਸਾਡੀ ਬੁੱਧ ਪਰਮੇਸ਼ੁਰ ਤੋਂ ਪ੍ਰਕਾਸ਼ਨ ਪ੍ਰਾਪਤ ਕਰਦੀ ਹੈ। ਸਾਡੇ ਮਨ ਰੌਸ਼ਨ ਹੋ ਜਾਂਦੇ ਹਨ ਤਦ ਅਸੀਂ ਆਪਣੀ ਸਮਝ ਦੁਆਰਾ ਦਲੇਰੀ ਨਾਲ ਅਤੇ ਠੀਕ-ਠੀਕ ਪ੍ਰਾਰਥਨਾ ਕਰ ਸਕਦੇ ਹਾਂ

ਪਵਿੱਤਰ ਆਤਮਾ ਸਾਡੇ ਵਿੱਚ

® *ਕਿਰਪਾ ਅਤੇ ਬੇਨਤੀ*

ਜਦ ਜ਼ਕਰਯਾਹ ਨੇ ਆਉਣ ਵਾਲੀ ਪਵਿੱਤਰ ਆਤਮਾ ਦੀ ਭਵਿੱਖਬਾਣੀ ਕੀਤੀ। ਉਸ ਨੇ ਉਹਦਾ ਸੰਕੇਤ ਕਿਰਪਾ ਅਤੇ ਬੇਨਤੀ ਦੇ ਆਤਮਾ ਨਾਲ ਦਿੱਤਾ - ਅਸੀਮਤ ਕਿਰਪਾ ਅਤੇ ਪ੍ਰਾਰਥਨਾ

ਜ਼ਕਰਯਾਹ 12:10ੳ "ਮੈਂ ਦਾਊਦ ਦੇ ਘਰਾਣੇ ਉੱਤੇ ਅਤੇ ਯਰੂਸ਼ਲਮ ਦੇ ਵਾਸੀਆਂ ਉੱਤੇ ਕਿਰਪਾ ਅਤੇ ਬੇਨਤੀ ਦਾ ਆਤਮਾ ਵਹਾਵਾਂਗਾ..."

® *ਤਾਂ ਜੋ ਅਸੀਂ ਜਾਣੀਏ*

ਪੌਲੁਸ ਰਸੂਲ ਨੇ ਲਿਖਿਆ,

1 ਕੁਰਿੰਥੀਆਂ 2:12,14 ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਉਹ ਆਤਮਾ ਮਿਲਿਆ ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖਸ਼ੇ ਹਨ।

ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਓਹ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸਕਦਾ ਇਸ ਲਈ ਜੋ ਆਤਮਿਕ ਰੀਤ ਨਾਲ ਉਨ੍ਹਾਂ ਦੀ ਜਾਂਚ ਕਰੀਦੀ ਹੈ।

ਯੂਹੰਨਾ ਰਸੂਲ ਨੇ ਲਿਖਿਆ,

ਯੂਹੰਨਾ 16:13 "ਪਰ ਜਦ ਉਹ ਅਰਥਾਤ ਸੱਚਿਆਈ ਦਾ ਆਤਮਾ ਆਵੇ ਤਦ ਉਹ ਸਾਰੀ ਸੱਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ ਪਰ ਜੋ ਕੁਝ ਸੁਣੇਗਾ ਸੋਈ ਆਖੇਗਾ ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ।"

® *ਆਤਮਾ ਵਿੱਚ ਪ੍ਰਾਰਥਨਾ ਕਰੋ*

ਯਹੂਦਾਹ ਦੀ ਕਿਤਾਬ ਵਿੱਚ ਅਸੀਂ ਵੇਖਦੇ ਹਾਂ,

ਯਹੂਦਾਹ 1:20 ਪਰ ਤੁਸੀਂ ਹੇ ਪਿਆਰਿਓ, ਆਪਣੇ ਆਪ ਨੂੰ ਆਪਣੀ ਅੱਤ ਪਵਿੱਤਰ ਨਿਹਚਾ ਉੱਤੇ ਉਸਾਰੀ ਜਾਓ ਅਤੇ ਪਵਿੱਤਰ ਆਤਮਾ ਵਿੱਚ ਪ੍ਰਾਰਥਨਾ ਕਰਦੇ ਹੋਏ...

ਪੌਲੁਸ ਨੇ ਲਿਖਿਆ,

ਅਫ਼ਸੀਆਂ 6:18 ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ-ਕਿ ਅਸੀਂ ਆਪਣੀ ਭਾਸ਼ਾ ਨਾਲ ਆਤਮਾ ਵਿੱਚ ਪ੍ਰਾਰਥਨਾ ਕਰ ਸਕਦੇ ਹਾਂ ਹਾਂ ਇਹ ਸੰਭਵ ਹੈ। ਅਸੀਂ ਜਾਣਦੇ ਹਾਂ ਅਸੀਂ ਇਹ ਕਰ ਰਹੇ ਹਾਂ ਜਦ ਅਸੀਂ ਆਪਣੇ ਆਪ ਨੂੰ ਉਨ੍ਹਾਂ ਗੱਲਾਂ ਵਾਸਤੇ ਪ੍ਰਾਰਥਨਾ ਕਰਦੇ ਹੋਏ ਵੇਖਿਆ ਜਿਨ੍ਹਾਂ ਨੂੰ ਅਸੀਂ ਨਹੀਂ ਜਾਣਦੇ।

ਪਹਿਲੀ ਵਾਰ ਮੈਂ ਇਸ ਦਾ ਅਨੁਭਵ ਤਦ ਕੀਤਾ ਜਦ ਮੈਂ ਆਪਣੇ ਕੁਝ ਸਾਥੀਆਂ ਨਾਲ ਪ੍ਰਾਰਥਨਾ ਕਰ ਰਿਹਾ ਸੀ ਮੈਂ ਜ਼ੋਰ-ਜ਼ੋਰ ਨਾਲ ਹੁਕਮ ਦੇਣਾ ਸ਼ੁਰੂ ਕੀਤਾ ਕਿ ਸਾਰੀ ਕਰਜ਼ਾ ਚੁਕਾਉਣ ਦੀ ਅਸਮਰੱਥਾ ਦੂਰ ਹੋ ਜਾਵੇ। ਮੈਂ ਨਹੀਂ ਜਾਣਦਾ ਸੀ ਕਿ ਸਾਡੇ ਨਾਲ ਬੈਠੀ ਸਾਡੀ ਇੱਕ ਭੈਣ ਇਸ ਤਰ੍ਹਾਂ ਦਾ ਜੀਵਨ ਗੁਜ਼ਾਰ ਰਹੀ ਸੀ, ਜਦ ਪ੍ਰਾਰਥਨਾ ਸਮਾਪਤ ਕੀਤੀ ਗਈ, ਅਸੀਂ ਇੱਕ ਦੂਜੇ ਵੱਲ ਵੇਖਿਆ। ਮੈਂ ਸੋਚ ਰਿਹਾ ਸੀ, "ਇੱਥੇ ਤੇ ਕੋਈ ਅਜਿਹਾ

ਅਸਮਰੱਥ ਨਹੀਂ ਹੈ" ਉਹਦੇ ਪਹਿਲੇ ਸ਼ਬਦ ਸਨ, "ਮੈਨੂੰ ਨਹੀਂ ਸੀ ਪਤਾ ਕਿ ਤੁਸੀਂ ਇਹ ਸਭ ਕੁਝ ਜਾਣਦੇ ਹੋ।"

® *ਪ੍ਰਾਰਥਨਾ ਅਤੇ ਪਵਿੱਤਰ ਆਤਮਾ ਦੇ ਵਰਦਾਨ*

ਇਹ ਬਹੁਤ ਸਮਰੱਥੀ ਹੁੰਦਾ ਹੈ ਜਦ ਅਸੀਂ ਆਤਮਾ ਦੇ ਵਰਦਾਨਾਂ ਨੂੰ ਆਪਣੇ ਵਿੱਚ ਕੰਮ ਦੀ ਅਜ਼ਾਦੀ ਦਿੰਦੇ ਹਾਂ। ਅਕਸਰ ਆਤਮਾ ਵਿੱਚ ਗ਼ੈਰ ਜ਼ਬਾਨ ਬੋਲਦੇ ਹੋਏ ਪ੍ਰਾਰਥਨਾ ਕਰਨ ਤੋਂ ਬਾਅਦ ਅਸੀਂ ਉਹਨਾਂ ਗੱਲਾਂ ਲਈ ਪ੍ਰਾਰਥਨਾ ਕਰਦੇ ਹਾਂ ਜਿਨ੍ਹਾਂ ਨੂੰ ਅਸੀਂ ਨਹੀਂ ਜਾਣਦੇ। ਗ਼ੈਰ ਜ਼ਬਾਨ ਅਤੇ ਉਸ ਦਾ ਅਨੁਵਾਦ ਕਰਨ ਦੁਆਰਾ ਪ੍ਰਾਰਥਨਾ ਕਰਨ ਨਾਲ ਗਿਆਨ ਮਿਲਦਾ ਹੈ, ਗਿਆਨ ਦੇ ਸ਼ਬਦ, ਬੁੱਧ ਦੇ ਸ਼ਬਦ।

ਪਵਿੱਤਰ ਆਤਮਾ ਦਾ ਵਰਦਾਨ ਕੰਮ ਕਰਨਾ ਸ਼ੁਰੂ ਕਰ ਦਿੰਦਾ ਹੈ ਜਦ ਅਚਾਨਕ ਸਾਨੂੰ ਕੋਈ ਨਵੀਂ ਗੱਲ ਦਾ ਪਤਾ ਲੱਗਦਾ ਹੈ ਜਿਸ ਨੂੰ ਅਸੀਂ ਪਹਿਲਾਂ ਨਹੀਂ ਜਾਣਦੇ। ਸਾਨੂੰ ਪੂਰਾ ਪਤਾ ਹੈ ਕਿ ਪ੍ਰਾਰਥਨਾ ਕਿਵੇਂ ਕਰਨੀ ਚਾਹੀਦੀ ਹੈ। ਕਿਉਂ ਜੋ ਅਸੀਂ ਵਿਅਕਤੀਗਤ ਤੌਰ ਤੇ ਸਥਿਤੀਆਂ ਬਾਰੇ ਪਰਮੇਸ਼ੁਰ ਤੋਂ ਸੁਣਿਆ ਹੈ, ਸਾਡਾ ਵਿਸ਼ਵਾਸ ਅਲੌਕਿਕ ਸ਼ਕਤੀ ਹੈ। ਜਦ ਅਸੀਂ ਵਿਸ਼ਵਾਸ ਦੇ ਵਰਦਾਨ ਦੁਆਰਾ ਚੱਲਦੇ ਹਾਂ, ਤਦ ਚਮਤਕਾਰ ਹੋਣੇ ਸ਼ੁਰੂ ਹੋ ਜਾਂਦੇ ਹਨ।

® *ਹੌਕੇ ਜਿਹੜੇ ਬੋਲੇ ਨਹੀਂ ਜਾ ਸਕਦੇ*

ਪੌਲੁਸ ਰਸੂਲ ਨੇ ਲਿਖਿਆ,

ਰੋਮੀਆਂ 8:26,27 ਇਸ ਤਰ੍ਹਾਂ ਆਤਮਾ ਵੀ ਸਾਡੀ ਦੁੱਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ ਕਿਉਂ ਜੋ ਕਿਸ ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਹੁਕੇ ਭਰ ਕੇ ਸਾਡੇ ਲਈ ਸਿਫ਼ਾਰਸ਼ ਕਰਦਾ ਹੈ।

ਕੀ ਤੁਹਾਡੇ ਨਾਲ ਕਦੇ ਇਹ ਵਾਪਰਿਆ ਹੈ ਕਿ ਤੁਹਾਡਾ ਦਿਲ ਬਹੁਤ ਭਰ ਗਿਆ ਹੋਵੇ ਅਤੇ ਤੁਸੀਂ ਕੁਝ ਬੋਲ ਨਾ ਸਕੇ ਹੋਵੋ? ਸਰੀਰਕ ਤੌਰ ਤੇ, ਤੁਸੀਂ ਆਪਣੀ ਕੁਰਸੀ ਛੱਡ ਕੇ, ਫਰਸ਼ ਤੇ ਆਪਣੇ ਗੋਡਿਆਂ ਤੇ ਬੈਠ ਗਏ ਸੀ। ਤੁਹਾਡੇ ਅੰਦਰੋਂ ਪ੍ਰਾਰਥਨਾ ਕਰਨ ਦੀ ਤੀਬਰ ਇੱਛਾ ਜਾਗਦੀ ਹੈ, ਪਰ ਇਸ ਨੂੰ ਸ਼ਬਦਾਂ ਵਿੱਚ ਬੋਲਣ ਲਈ ਤੁਸੀਂ ਅੰਦਰੋਂ ਬਹੁਤ ਟੁੱਟ ਜਾਂਦੇ ਹੋ। ਕੁਝ ਸਮੇਂ ਬਾਅਦ, ਤੁਸੀਂ ਵੱਡੇ-ਵੱਡੇ ਸ਼ਬਦਾਂ ਨੂੰ ਮਹਿਸੂਸ ਕੀਤਾ, ਜੋ ਤੁਹਾਡੀ ਮਨੁੱਖੀ ਸਮਝ ਤੋਂ ਬਾਹਰ ਸਨ, ਹੱਦੋਂ ਵੱਧ ਔਖੇ ਸਨ, ਇਹ ਤੁਹਾਡੇ ਵਿੱਚ ਅਤੇ ਪਰਮੇਸ਼ੁਰ ਵਿੱਚ ਗੱਲਬਾਤ ਹੈ। ਇਹ ਉਹ ਹੌਕੇ ਹਨ ਜਿਹੜੇ ਬੋਲੇ ਨਹੀਂ ਜਾ ਸਕਦੇ। ਤੁਹਾਡੇ ਤੇ ਪਵਿੱਤਰ ਆਤਮਾ ਦਾ ਕੰਟਰੋਲ ਹੋ ਜਾਂਦਾ ਹੈ, ਅਤੇ ਤਦ ਤੁਸੀਂ ਆਪਣੀ ਅੰਦਰਲੀ ਇਨਸਾਨੀਅਤ ਵਿੱਚ ਸ਼ਾਂਤੀ ਮਹਿਸੂਸ ਕਰਨੀ ਆਰੰਭ ਕਰਦੇ ਹੋ।

® *ਅੰਮ੍ਰਿਤ ਜਲ ਦੇ ਚਸ਼ਮੇ ਅਤੇ ਨਦੀਆਂ*

ਵਿਸ਼ਵਾਸੀਆਂ ਵਿੱਚ ਇਹ ਪਵਿੱਤਰ ਆਤਮਾ ਦਾ ਵਹਾਅ ਹੈ ਯੂਹੰਨਾ ਨੇ ਇਸ ਬਾਰੇ ਲਿਖਿਆ

ਯੂਹੰਨਾ 7:38,39ਓ ਜੋ ਕੋਈ ਮੇਰੇ ਉੱਤੇ ਨਿਹਚਾ ਕਰਦਾ ਹੈ ਲਿਖਤ ਅਨੁਸਾਰ ਅੰਮ੍ਰਿਤ ਜਲ ਦੀਆਂ ਨਦੀਆਂ ਉਹ ਦੇ ਅੰਦਰੋਂ (ਲਗਾਤਾਰ) ਵਗਣਗੀਆਂ। ਪਰ ਉਹ ਨੇ ਇਹ ਗੱਲ ਆਤਮਾ ਦੇ ਵਿਖੇ ਆਖੀ...

ਪ੍ਰਾਰਥਨਾ ਦਾ ਮਹੱਤਵ

ਮਹਾਨ ਮੌਕਾ

ਪ੍ਰਾਰਥਨਾ ਮਸੀਹੀ ਜੀਵਨ ਦਾ ਸਭ ਤੋਂ ਮਹਾਨ ਮੌਕਾ ਹੈ, ਅਤੇ ਮੌਕੇ ਹਮੇਸ਼ਾਂ ਜ਼ਿੰਮੇਵਾਰੀਆਂ ਲਿਆਉਂਦੇ ਹਨ। ਪ੍ਰਾਰਥਨਾ ਵਿੱਚ ਬਰਕਤਾਂ ਦੇ ਉੱਤਰ ਮਿਲਦੇ ਹਨ, ਅਤੇ "ਸਾਰੇ" ਵਾਇਦੇ ਹਰ ਵਸਤੂ ਅਤੇ ਸਾਰੀਆਂ ਗੱਲਾਂ ਪ੍ਰਾਰਥਨਾ ਕਰਨ ਵਾਲਿਆਂ ਲਈ ਹਨ। ਪਰਮੇਸ਼ੁਰ ਨੇ ਆਪਣੇ ਲੋਕਾਂ ਨੂੰ ਮਹਾਨ ਮੌਕਾ ਦਿੱਤਾ ਹੈ ਕਿ ਉਹ ਆਪਣੇ ਆਪ ਲਈ ਅਤੇ ਦੂਜਿਆਂ ਲਈ ਬਰਕਤਾਂ ਪਾਉਣ ਵਾਸਤੇ ਹੁਕਮ ਦੇਣ। ਸਾਨੂੰ ਕਿੰਨੀ ਵੱਡੀ ਜ਼ਿੰਮੇਵਾਰੀ ਮਿਲੀ, ਅਸੀਂ ਆਪਣੇ ਆਪ ਦਾ ਅਤੇ ਦੂਜਿਆਂ ਦਾ ਕਿੰਨਾ ਨੁਕਸਾਨ ਕਰਦੇ ਹਾਂ ਜਦੋਂ ਅਸੀਂ ਪ੍ਰਾਰਥਨਾ ਨਹੀਂ ਕਰਦੇ।

ਯਿਸੂ ਨੇ ਪ੍ਰਾਰਥਨਾ ਲਈ ਆਖਿਆ

ਯਿਸੂ ਨੇ ਸਾਨੂੰ ਪ੍ਰਾਰਥਨਾ ਕਰਨ ਲਈ ਆਖਿਆ।

ਮੱਤੀ 6:6 "ਪਰ ਜਾਂ ਤੂੰ ਪ੍ਰਾਰਥਨਾ ਕਰੇਂ ਤਾਂ ਆਪਣੀ ਕੋਠੜੀ ਵਿੱਚ ਵੜ ਅਤੇ ਆਪਣਾ ਬੂਹਾ ਭੇੜ ਕੇ ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ।"

ਯਿਸੂ ਨੇ ਇਹ ਨਹੀਂ ਕਿਹਾ, "ਜੇਕਰ ਤੁਸੀਂ ਪ੍ਰਾਰਥਨਾ ਕਰੋ" ਪਰ ਉਸਨੇ ਕਿਹਾ, "ਜਦੋਂ ਤੁਸੀਂ ਪ੍ਰਾਰਥਨਾ ਕਰੋ।" ਉਹ ਚੇਲਿਆਂ ਨੂੰ ਕੰਮ ਸੌਂਪ ਰਿਹਾ ਸੀ, ਸਾਨੂੰ ਪ੍ਰਾਰਥਨਾ ਜ਼ਰੂਰ ਕਰਨੀ ਚਾਹੀਦੀ ਹੈ।

ਮਹਾਨ ਆਦਮੀਆਂ ਨੇ ਪ੍ਰਾਰਥਨਾ ਕੀਤੀ

ਹਰੇਕ ਆਇਤ ਵਿੱਚ ਜਾਂ ਬਾਈਬਲ ਵਿੱਚ ਹਰ ਇੱਕ ਘਟਨਾ ਦੇ ਪਿੱਛੇ ਕਾਰਨ ਹੈ ਅਤੇ ਅਸੀਂ ਅਬਰਾਹਾਮ, ਮੂਸਾ, ਏਲੀਯਾਹ, ਅਲੀਸ਼ਾ, ਹਿਜ਼ਕੀਏਲ, ਯਿਰਮਿਯਾਹ, ਦਾਨੀਏਲ, ਯੂਨਾਹ, ਮਨਾਸੇਯਾਹ, ਨਹਮਯਾਹ, ਯਾਬੇਸ, ਸਫ਼ਨਯਾਹ, ਪੌਲੁਸ ਦੀ ਪ੍ਰਾਰਥਨਾ ਨੂੰ ਦਰਜ਼ ਕੀਤਾ ਹੈ ਅਤੇ ਸਭ ਤੋਂ ਵੱਧ ਕੇ ਮਹੱਤਵਪੂਰਨ ਹੈ, ਯਿਸੂ।

ਪਹਿਲੀ ਕਲੀਸਿਆ ਨੇ ਪ੍ਰਾਰਥਨਾ ਕੀਤੀ

ਪਹਿਲੀ ਕਲੀਸਿਆ ਵਿੱਚ, ਪ੍ਰਾਰਥਨਾ ਮਹੱਤਵਪੂਰਨ ਥਾਂ ਉੱਤੇ ਸੁਣੀ ਗਈ।

ਰਸੂਲਾਂ ਦੇ ਕਰਤੱਬ 1:14 ਏਹ ਸਭ ਇੱਕ ਮਨ ਹੋ ਕੇ ਇਸਤਰੀਆਂ ਅਤੇ ਯਿਸੂ ਦੀ ਮਾਤਾ ਮਰਿਯਮ ਅਤੇ ਉਹ ਦੇ ਭਰਾਵਾਂ ਦੇ ਨਾਲ ਲਗਾਤਾਰ ਪ੍ਰਾਰਥਨਾ ਕਰਦੇ ਰਹੋ...

ਰਸੂਲਾਂ ਦੇ ਕਰਤੱਬ 2:42 ਅਤੇ ਉਹ ਲਗਾਤਾਰ ਰਸੂਲਾਂ ਦੀ ਸਿੱਖਿਆ ਅਤੇ ਸੰਗਤ ਵਿੱਚ ਅਤੇ ਰੋਟੀ ਤੋੜਨ ਅਤੇ ਪ੍ਰਾਰਥਨਾ ਕਰਨ ਵਿੱਚ ਲੱਗੇ ਰਹੇ।

ਰਸੂਲਾਂ ਦੇ ਕਰਤੱਬ 12:5, 12 ਸੋ ਕੈਦ ਵਿੱਚ ਪਤਰਸ ਦੀ ਰਾਖੀ ਹੁੰਦੀ ਸੀ ਪਰ ਕਲੀਸਿਆ ਉਹ ਦੇ ਲਈ ਪਰਮੇਸ਼ੁਰ ਅੱਗੇ ਮਨ ਲਾ ਕੇ ਪ੍ਰਾਰਥਨਾ ਕਰਦੀ ਰਹੀ।

ਫੇਰ ਸੋਚ ਕੇ ਯੂਹੰਨਾ ਜੋ ਮਰਕੁਸ ਕਹਾਉਂਦਾ ਹੈ ਉਹ ਦੀ ਮਾਤਾ ਮਰਿਯਮ ਦੇ ਘਰ ਆਇਆ ਜਿੱਥੇ ਬਹੁਤ ਲੋਕ ਇਕੱਠੇ ਹੋ ਕੇ ਪ੍ਰਾਰਥਨਾ ਕਰ ਰਹੇ ਸਨ।

ਰਸੂਲਾਂ ਦੇ ਕਰਤੱਬ 13:1,3 ਅੰਤਾਕਿਯਾ ਦੀ ਕਲੀਸਿਆ ਵਿੱਚ ਕਈ ਨਬੀ ਅਤੇ ਉਪਦੇਸ਼ਕ ਸਨ... ਤਦ ਉਨ੍ਹਾਂ ਵਰਤ ਰੱਖ ਕੇ ਅਤੇ ਪ੍ਰਾਰਥਨਾ ਕਰ ਕੇ ਉਨ੍ਹਾਂ ਉੱਤੇ ਹੱਥ ਧਰੇ ਅਤੇ ਉਨ੍ਹਾਂ ਨੂੰ ਵਿਦਿਆ ਕੀਤਾ।

Φ ਸਾਰ – ਪ੍ਰਾਰਥਨਾ ਕੀ ਹੈ?

ਪ੍ਰਾਰਥਨਾ ਪਰਮੇਸ਼ੁਰ ਅੱਗੇ ਝਿਜਕਦੇ ਹੋਏ ਪ੍ਰਾਰਥਨਾ ਕਰਨਾ ਨਹੀਂ ਹੈ ਕਿ ਉਹ ਸਾਡੇ ਹੱਕ ਵਿੱਚ ਕਿਰਿਆ ਕਰੇ। ਨਾ ਹੀ ਇਹ ਆਪਣੀਆਂ ਸਮੱਸਿਆਵਾਂ ਪਰਮੇਸ਼ੁਰ ਨੂੰ ਦੱਸਣ ਦਾ ਸਮਾਂ ਹੈ। ਕੀ ਇਹ ਪਰਮੇਸ਼ੁਰ ਨੂੰ ਕਿਸੇ ਦੂਸਰੇ ਲਈ ਜਾਂ ਆਪਣੇ ਲਈ ਅਯੋਗਤਾਵਾਂ ਲਈ ਭਰੋਸੇਯੋਗ ਬਣਾਉਣਾ ਨਹੀਂ ਹੈ। ਨਾ ਹੀ ਇਹ ਦੂਸਰੇ ਨੂੰ ਪ੍ਰਭਾਵਿਤ ਕਰਨਾ ਹੈ ਕਿ ਅਸੀਂ ਕਿੰਨੇ ਆਤਮਿਕ ਹਾਂ।

ਪ੍ਰਾਰਥਨਾ ਪਰਮੇਸ਼ੁਰ ਨਾਲ ਸੰਗਤੀ ਕਰਨ ਦਾ ਸਮਾਂ ਹੈ-ਉਸ ਨਾਲ ਗੱਲ ਕਰਨਾ ਅਤੇ ਉਸ ਦੀ ਅਵਾਜ਼ ਨੂੰ ਸੁਣਨਾ ਹੈ ਜਿਵੇਂ ਅਸੀਂ ਦਿਆਲੂ ਅਤੇ ਚੰਗੇ ਮਿੱਤਰ ਹਾਂ। ਪ੍ਰਾਰਥਨਾ ਦਾ ਸਮਾਂ ਆਪਣੀ ਅਤੇ ਦੂਸਰਿਆਂ ਦੀਆਂ ਜ਼ਰੂਰਤਾਵਾਂ ਲਈ ਉਸ ਦੇ ਸਾਹਮਣੇ ਆਉਣਾ ਹੈ।

ਪਰਮੇਸ਼ੁਰ ਨੇ ਸਾਨੂੰ ਆਤਮਾ ਦੇ ਨਾਲ ਅਤੇ ਸਮਝ ਦੇ ਨਾਲ ਪ੍ਰਾਰਥਨਾ ਕਰਨ ਦੇ ਇਹ ਦੋ ਰਾਹ ਦਿੱਤੇ ਹਨ। ਉਸ ਨੇ ਸਾਨੂੰ ਆਤਮਾ ਵਿੱਚ ਪ੍ਰਾਰਥਨਾ ਕਰਨ ਦੀ ਤਦ ਤੱਕ ਯੋਗਤਾ ਦਿੱਤੀ ਹੈ ਜਦ ਤੱਕ ਸਾਡੀ ਸਮਝ ਜਾਣਕਾਰ ਨਹੀਂ ਜਾਂਦੀ ਤਾਂ ਜੋ ਅਸੀਂ ਆਪਣੇ ਹਲਾਤਾਂ ਵਿੱਚ ਉਸ ਦੀ ਮਰਜ਼ੀ ਪੂਰੀ ਹੋਣ ਲਈ ਪ੍ਰਾਰਥਨਾ ਕਰ ਸਕੀਏ।

ਪ੍ਰਾਰਥਨਾ ਹਰ ਇੱਕ ਵਿਸ਼ਵਾਸੀ ਲਈ ਮੌਕਾ ਅਤੇ ਜ਼ਿੰਮੇਵਾਰੀ ਹੈ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਆਪਣੇ ਦ੍ਰਿਸ਼ਟੀਕੋਣ ਨੂੰ ਸਮਰਥਣ ਦੇਣ ਲਈ ਵਚਨ ਵਿੱਚੋਂ ਘੱਟੋ-ਘੱਟ ਦੋ ਹਵਾਲੇ ਲੈ ਕੇ ਪ੍ਰਾਰਥਨਾ ਦੇ ਵਿਸ਼ੇ ਵਿੱਚ ਆਪਣੀ ਪਰਿਭਾਸ਼ਾ ਨੂੰ ਲਿਖੋ।

2. ਪੌਲੁਸ ਰਸੂਲ ਰਾਹੀਂ ਉਹ ਕਿਹੜੀਆਂ ਦੋ ਪ੍ਰਾਰਥਨਾਵਾਂ ਦੀਆਂ ਭਾਸ਼ਾਵਾਂ ਹਨ ਜਿਨ੍ਹਾਂ ਦਾ ਜ਼ਿਕਰ ਕੀਤਾ ਗਿਆ ਹੈ? ਇਸ ਦਾ ਵਰਨਣ ਕਰੋ ਕਿ ਇਹ ਦੋਵੇਂ ਕਿਵੇਂ ਚੱਲਦੇ ਹਨ।

3. ਪ੍ਰਾਰਥਨਾ ਸਾਡੇ ਲਈ ਕਿਉਂ ਮਹੱਤਵਪੂਰਨ ਹੈ?

ਬੁਨਿਆਦਾਂ ਦੀ ਸਮਝ

ਇਸ ਤੋਂ ਪਹਿਲਾਂ ਕਿ ਅਸੀਂ ਪ੍ਰਭਾਵਸ਼ਾਲੀ ਪ੍ਰਾਰਥਨਾ ਕਰੀਏ ਸਾਨੂੰ ਇਹ ਸਮਝਣਾ ਬਹੁਤ ਜ਼ਰੂਰੀ ਹੈ ਕੌਣ ਪ੍ਰਾਰਥਨਾ ਕਰ ਸਕਦਾ ਹੈ-ਮਸੀਹ ਵਿੱਚ ਸਾਡਾ ਦਰਜਾ ਕੀ ਹੈ-ਅਤੇ ਸਾਡਾ ਅਧਿਕਾਰ ਕੀ ਹੈ।

ਪ੍ਰਾਰਥਨਾ ਕੌਣ ਕਰ ਸਕਦਾ ਹੈ?

ਮੁਕਤੀ-ਯਿਸੂ ਵਿੱਚ ਵਿਸ਼ਵਾਸ, ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ-ਇਹ ਇੱਕ ਪ੍ਰਾਰਥਨਾ ਹੈ ਜੋ ਸਦਾ ਸੁਣੀ ਜਾਂਦੀ ਹੈ। ਸਲੀਬ ਉੱਤੇ ਚੋਰ ਨੇ ਮਰਦੇ ਵਕਤ ਪ੍ਰਾਰਥਨਾ ਕੀਤੀ ਅਤੇ ਉਸਨੂੰ ਉੱਤਰ ਮਿਲਿਆ ਸੀ।

ਲੂਕਾ 23:42,43 ਅਤੇ ਉਹ ਨੂੰ ਆਖਿਆ, "ਹੇ ਯਿਸੂ ਜਾਂ ਤੂੰ ਆਪਣੇ ਰਾਜ ਵਿੱਚ ਆਵੇਂ ਤਾਂ ਮੈਨੂੰ ਚੇਤੇ ਕਰੀਂ।"

ਉਸ ਨੇ ਉਹਨੂੰ ਆਖਿਆ, "ਮੈਂ ਤੈਨੂੰ ਸੱਤ ਆਖਦਾ ਹਾਂ ਭਈ ਅੱਜ ਤੂੰ ਮੇਰੇ ਸੰਗ ਸਵਰਗ ਵਿੱਚ ਹੋਵੇਂਗਾ।"

ਚੁੰਗੀ ਲੈਣ ਵਾਲੇ ਨੇ ਪ੍ਰਾਰਥਨਾ ਕੀਤੀ ਅਤੇ ਸੁਣੀ ਗਈ ਸੀ।

ਲੂਕਾ 18:13 ਪਰ ਉਸ ਮਸੂਲੀਏ ਨੇ ਕੁਝ ਫ਼ਰਕ ਨਾਲ ਖੜੋ ਕੇ ਐੱਨਾ ਵੀ ਨਾ ਚਾਹਿਆ ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ ਸਗੋਂ ਆਪਣੀ ਛਾਤੀ ਪਿੱਟਦਾ ਅਤੇ ਏਹ ਕਹਿੰਦਾ ਸੀ ਕਿ 'ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ!'

ਪਰਮੇਸ਼ੁਰ ਦੇ ਬੱਚਿਆਂ ਲਈ ਪ੍ਰਾਰਥਨਾ ਇੱਕ ਅਦਭੁੱਤ ਅਧਿਕਾਰ ਹੈ। ਪ੍ਰਾਰਥਨਾ ਦੇ ਦੁਆਰਾ ਸਾਡਾ ਪਰਮੇਸ਼ੁਰ ਕੋਲ ਪਹੁੰਚਣ ਦਾ ਅਧਿਕਾਰ ਹੈ। ਆਓ ਕੁਝ ਉਦਾਹਰਨਾਂ ਵੱਲ ਧਿਆਨ ਦੇਈਏ ਕਿ ਪਵਿੱਤਰ ਸ਼ਾਸਤਰਾਂ ਵਿੱਚ ਕੌਣ ਪ੍ਰਾਰਥਨਾ ਕਰ ਸਕਦਾ ਹੈ ਅਤੇ ਉਸ ਤੋਂ ਬਾਅਦ ਪਰਮੇਸ਼ੁਰ ਦੁਆਰਾ ਦਿੱਤੇ ਗਏ ਔਹੁਦੇ ਅਤੇ ਅਧਿਕਾਰ ਬਾਰੇ ਅਧਿਐਨ ਕਰਾਂਗੇ।

ਪਵਿੱਤਰ ਸ਼ਾਸਤਰ ਵਿੱਚੋਂ ਉਦਾਹਰਨਾਂ

ਇਸ ਨਾਲ ਕੋਈ ਫਰਕ ਨਹੀਂ ਪੈਂਦਾ। ਆਰਥਿਕ ਸਫਲਤਾ ਨਾਲ ਕੋਈ ਫ਼ਰਕ ਨਹੀਂ ਪੈਂਦਾ। ਪਰਮੇਸ਼ੁਰ ਉਨ੍ਹਾਂ ਲੋਕਾਂ ਦੀ ਪ੍ਰਾਰਥਨਾ ਸੁਣਦਾ ਹੈ ਜੋ ਉਸਦੇ ਨਾਮ ਨੂੰ ਪੁਕਾਰਦੇ ਹਨ, ਜੋ ਲੋਕ ਆਪਣੇ ਆਪ ਨੂੰ ਦੀਨ ਕਰਦੇ ਹਨ, ਉਹ ਲੋਕ ਜੋ ਉਸ ਵਿੱਚ ਆਪਣੇ ਆਪ ਨੂੰ ਖੁਸ਼ ਰੱਖਦੇ ਹਨ; ਉਹ ਲੋਕ ਜੋ ਆਪਣੇ ਮਾਰਗ ਨੂੰ ਪ੍ਰਭੂ ਦੇ ਸਪੁਰਦ ਕਰਦੇ ਹਨ।

® *ਪਰਮੇਸ਼ੁਰ ਦੇ ਲੋਕ*

2 ਇਤਿਹਾਸ 7:14 "ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਣ ਦੀ ਚਾਹਵੰਦ ਹੋਵੇ ਅਤੇ ਆਪਣੇ ਭੈੜੇ ਰਾਹਜ ਤੋਂ ਮੁੜੇ ਤਾਂ ਮੈਂ ਸੁਰਗ ਉੱਤੇ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ ਅਤੇ ਉਨ੍ਹਾਂ ਦੇ ਦੇਸ਼ ਨੂੰ ਬਹਾਲ ਕਰ ਦਿਆਂਗਾ।"

® *ਜੋ ਲੋਕ ਪ੍ਰਭੂ ਵਿੱਚ ਖੁਸ਼ ਰਹਿੰਦੇ ਹਨ*

ਜ਼ਬੂਰ 37:4 ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਿਆਂ ਕਰੇਗਾ।

® *ਉਹ ਜੋ ਉਸ ਉੱਤੇ ਵਿਸ਼ਵਾਸ ਕਰਦੇ ਹਨ*

ਜ਼ਬੂਰ 37:5 ਆਪਣਾ ਰਾਹ ਯਹੋਵਾਹ ਦੇ ਗੋਚਰਾ ਕਰ, ਅਤੇ ਉਸ ਉੱਤੇ ਭਰੋਸਾ ਰੱਖ ਅਤੇ ਉਹ ਪੂਰਿਆਂ ਕਰੇਗਾ।

® *ਉਹ ਜੋ ਨਮਰ ਹਨ*

ਜ਼ਬੂਰ 10:17 ਹੇ ਯਹੋਵਾਹ, ਤੂੰ ਮਸਕੀਨਾਂ ਦੀ ਇੱਛਿਆ ਸੁਣੀ ਹੈ, ਤੂੰ ਉਨ੍ਹਾਂ ਦਿਆਂ ਮਨਾਂ ਨੂੰ ਦ੍ਰਿੜ੍ਹ ਕਰੇਂਗਾ, ਤੂੰ ਆਪਣਾ ਕੰਨ ਲਾਏਂਗਾ।

® *ਉਹ ਜੋ ਗਰੀਬ ਅਤੇ ਮਸਕੀਨ ਹਨ*

ਜ਼ਬੂਰ 69:33ਓ ਯਹੋਵਾਹ ਤਾਂ ਕੰਗਾਲਾਂ ਦੀ ਸੁਣਦਾ ਹੈ...

ਜ਼ਬੂਰ 102:17 ਉਸ ਨੇ ਲਾਚਾਰ ਦੀ ਪ੍ਰਾਰਥਨਾ ਵੱਲ ਮੂੰਹ ਕੀਤਾ, ਅਤੇ ਉਨ੍ਹਾਂ ਦੀ ਪ੍ਰਾਰਥਨਾ ਨੂੰ ਤੁੱਛ ਨਾ ਜਾਤਾ।

® *ਦੁਖੀ*

ਯਾਕੂਬ 5:13 ਓ ਕੀ ਤੁਹਾਡੇ ਵਿੱਚ ਕੋਈ ਦੁਖੀ ਹੈ? ਤਾਂ ਪ੍ਰਾਰਥਨਾ ਕਰੇ।

® *ਕੁਚਲੇ ਹੋਏ*

ਯਸਾਯਾਹ 19:20 ਉਹ ਮਿਸਰ ਦੇਸ਼ ਵਿੱਚ ਸੈਨਾਂ ਦੇ ਯਹੋਵਾਹ ਲਈ ਇੱਕ ਨਿਸ਼ਾਨ ਅਤੇ ਇੱਕ ਗਵਾਹ ਹੋਵੇਗਾ। ਜਦ ਓਹ ਜ਼ਾਲਮਾਂ ਦੇ ਕਾਰਨ ਯਹੋਵਾਹ ਦੀ ਦੁਹਾਈ ਦੇਣਗੇ, ਤਦ ਉਹ ਉਨ੍ਹਾਂ ਦੇ ਲਈ ਇੱਕ ਬਚਾਉ, ਇੱਕ ਮਹਾਂ ਪੁਰਸ਼ ਘੱਲੇਗਾ ਅਤੇ ਉਹ ਉਨ੍ਹਾਂ ਨੂੰ ਛੁਡਾਵੇਗਾ।

ਯਾਕੂਬ 5:4 ਵੇਖੋ, ਜਿਨ੍ਹਾਂ ਲਾਵਿਆਂ ਨੇ ਤੁਹਾਡੇ ਖੇਤ ਵੱਢੇ ਓਹਨਾਂ ਦੀ ਲਾਵੀ ਜਿਹੜੀ ਤੁਸਾਂ ਦਲਬੇ ਨਾਲ ਦੱਬ ਰੱਖੀ ਹੈ ਫਰਿਆਦਾਂ ਕਰਦੀ ਅਤੇ ਵਾਢਿਆਂ ਦੀਆਂ ਦੁਹਾਈਆਂ ਸੈਨਾਂ ਦੇ ਪ੍ਰਭੂ ਦੀ ਕੰਨੀਂ ਪਹੁੰਚ ਗਈਆਂ ਹਨ!

® *ਵਿਧਵਾ ਅਤੇ ਯਤੀਮ*

ਕੂਚ 22:22,23 ਵਿਧਵਾ ਅਤੇ ਯਤੀਮ ਨੂੰ ਤੰਗ ਨਾ ਕਰੋ। ਜੇ ਤੁਸੀਂ ਉਨ੍ਹਾਂ ਨੂੰ ਤੰਗ ਹੀ ਕਰੋਗੇ ਤਾਂ ਜਦ ਓਹ ਮੇਰੇ ਅੱਗੇ ਦੁਹਾਈ ਦੇਣਗੇ ਤਾਂ ਮੈਂ ਜ਼ਰੂਰ ਉਨ੍ਹਾਂ ਦੀ ਦੁਹਾਈ ਨੂੰ ਸੁਣਾਂਗਾ।

® *ਹਰ ਇੱਕ ਜਿਸਨੂੰ ਸਮਝ ਦੀ ਕਮੀ ਹੈ*

ਯਾਕੂਬ 1:5 ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨ੍ਹਾਂ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ।

® *ਸੱਚਾਈ ਦੇ ਖੋਜੀ*

ਰਸੂਲਾਂ ਦੇ ਕਰਤੱਬ 10:30,31 ਕੁਰਨੇਲਿਯੁਸ ਨੇ ਕਿਹਾ, "ਕਿ ਚਾਰ ਦਿਨ ਹੋਏ ਮੈਂ ਇਸੇ ਵੇਲੇ ਤੀਕੁਰ ਆਪਣੇ ਘਰ ਵਿੱਚ ਤੀਜੇ ਪਹਿਰ ਦੀ ਪ੍ਰਾਰਥਨਾ ਕਰ ਰਿਹਾ ਸਾਂ ਅਤੇ ਵੇਖੋ, ਇੱਕ ਪੁਰਖ ਭੜਕੀਲੇ ਬਸਤਰ ਪਹਿਨੀ ਮੇਰੇ ਸਾਹਮਣੇ ਖੜ੍ਹਾ ਸੀ।"

® *ਧਰਮੀ*

ਕਹਾਉਤਾਂ 15:29 ਦੁਸ਼ਟਾਂ ਕੋਲੋਂ ਯਹੋਵਾਹ ਦੂਰ ਹੈ, ਪਰ ਉਹ ਧਰਮੀਆਂ ਦੀ ਪ੍ਰਾਰਥਨਾ ਸੁਣਦਾ ਹੈ।

ਇਹ ਸਮਝਣ ਲਈ ਕਿ ਸਾਨੂੰ ਕਿਵੇਂ ਪ੍ਰਾਰਥਨਾ ਕਰਨੀ ਚਾਹੀਦੀ ਹੈ, ਸਾਨੂੰ ਮਸੀਹ ਵਿੱਚ ਆਪਣਾ ਸਥਾਨ ਸਮਝਣਾ ਬਹੁਤ ਜ਼ਰੂਰੀ ਹੈ। ਬਹੁਤ ਸਾਰੇ ਸਾਲਾਂ ਤੋਂ, ਅਸੀਂ ਪਰਮੇਸ਼ੁਰ ਦੇ ਕੋਲ "ਬੁਰੇ ਅਤੇ ਗੁਆਚੇ ਹੋਏ ਪਾਪੀ" ਦੀ ਤਰ੍ਹਾਂ ਆਉਂਦੇ ਹਾਂ। ਅਸੀਂ ਉਸ ਕੋਲ ਅਯੋਗਤਾ ਅਤੇ ਦੋਸ਼ੀਪਨ ਦੀ ਸੋਚ ਨਾਲ ਆਉਂਦੇ ਹਾਂ। ਅਸੀਂ ਆਪਣੇ ਆਪ ਨੂੰ ਇੰਨੇ ਨਿਕੰਮੇ ਸਮਝਦੇ ਹਾਂ, ਕਿ ਸਾਡੇ ਕੋਲ ਕੋਈ ਰਾਹ ਨਹੀਂ ਕਿ ਅਸੀਂ ਪਰਮੇਸ਼ੁਰ ਉੱਤੇ ਵਿਸ਼ਵਾਸ ਕਰ ਸਕੀਏ ਕਿ ਪਰਮੇਸ਼ੁਰ ਸਾਡੀ ਮਦਦ ਕਰ ਸਕੇ, ਸਾਡੀ ਸੁਣ ਸਕੇ, ਜਾਂ ਸਾਡੇ ਦੁਆਰਾ ਕੰਮ ਕਰ ਸਕੇ। ਪਰਮੇਸ਼ੁਰ ਸਾਨੂੰ ਇਸ ਤਰ੍ਹਾਂ ਨਹੀਂ ਵੇਖਦਾ। ਅਸੀਂ ਨਿਮਾਣੇ ਗੁਆਚੇ ਹੋਏ ਪਾਪੀ ਸਾਂ, ਪਰ ਯਿਸੂ ਮਸੀਹ ਦੇ ਰਾਹੀਂ ਅਸੀਂ ਪਾਪ ਦੀ ਗੁਲਾਮੀ ਦੇ ਬਜ਼ਾਰ ਵਿੱਚੋਂ ਖਰੀਦੇ ਜਾ ਚੁੱਕੇ ਹਾਂ। ਅਸੀਂ ਚੁਣੀ ਹੋਈ ਪੀੜ੍ਹੀ, ਸ਼ਾਹੀ ਯਾਜਕ ਬਣਾਏ ਜਾ ਚੁੱਕੇ ਹਾਂ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਸਾਨੂੰ ਆਪਣੇ ਆਪ ਨੂੰ ਆਪਣੀ ਉੱਚਿਤ ਸਥਿਤੀ ਤੋਂ ਵੇਖਣਾ ਚਾਹੀਦਾ ਹੈ।

ਪਾਪ ਹਮੇਸ਼ਾ ਇੱਕ ਰੁਕਾਵਟ

® *ਬਲੀਦਾਨ ਕਾਇਮ ਕਰਦਾ ਹੈ*

ਜਦੋਂ ਆਦਮ ਅਤੇ ਹੱਵਾਹ ਨੇ ਪਾਪ ਕੀਤਾ ਸੀ, ਉਸ ਤੋਂ ਬਾਅਦ ਉਨ੍ਹਾਂ ਦੀ ਪਰਮੇਸ਼ੁਰ ਨਾਲ ਖੁੱਲ੍ਹੀ ਗੱਲਬਾਤ ਨਹੀਂ ਰਹੀ। ਉਨ੍ਹਾਂ ਨੂੰ ਅਦਨ ਦਾ ਬਾਗ਼ ਛੱਡਣ ਲਈ ਜ਼ੋਰ ਦਿੱਤਾ ਗਿਆ ਜਿੱਥੇ ਉਹ ਪਰਮੇਸ਼ੁਰ ਨਾਲ ਆਹਮੋ-ਸਾਹਮਣੇ ਚੱਲਣ ਅਤੇ ਗੱਲਾਂ ਕਰਨ ਦੇ ਯੋਗ ਸਨ। ਪਰਮੇਸ਼ੁਰ ਨੇ ਪਹਿਲਾਂ ਲਹੂ ਦਾ ਬਲੀਦਾਨ ਉਨ੍ਹਾਂ ਨੂੰ ਕੱਪੜੇ ਦੇਣ ਲਈ ਕੀਤਾ।

ਉਤਪਤ 3:8-10,21 ਤਾਂ ਉਨ੍ਹਾਂ ਨੇ ਯਹੋਵਾਹ ਪਰਮੇਸ਼ੁਰ ਦੀ ਅਵਾਜ਼ ਸੁਣੀ ਜਦ ਉਹ ਬਾਗ਼ ਵਿੱਚ ਠੰਡੇ ਵੇਲੇ ਫਿਰਦਾ ਸੀ ਅਤੇ ਉਸ ਮਰਦ ਅਤੇ ਉਹ ਦੀ ਤੀਵੀਂ ਨੇ ਬਾਗ਼ ਦੇ ਬਿਰਛਾਂ ਦੇ ਵਿਚਕਾਰ ਯਹੋਵਾਹ ਪਰਮੇਸ਼ੁਰ ਦੇ ਸਾਹਮਣਿਓਂ ਆਪਣੇ ਆਪ ਨੂੰ ਲੁਕਾਇਆ।

ਤਦ ਯਹੋਵਾਹ ਪਰਮੇਸ਼ੁਰ ਨੇ ਆਦਮੀ ਨੂੰ ਪੁਕਾਰ ਕੇ ਆਖਿਆ ਕਿ, "ਤੂੰ ਕਿੱਥੇ ਹੈਂ?"

ਉਸ ਨੇ ਆਖਿਆ ਕਿ "ਤੇਰੀ ਅਵਾਜ਼ ਬਾਗ਼ ਵਿੱਚ ਸੁਣ ਕੇ ਮੈਂ ਡਰ ਗਿਆ ਕਿਉਂ ਜੋ ਮੈਂ ਨੰਗਾ ਹਾਂ ਸੋ ਮੈਂ ਆਪਣੇ ਆਪ ਨੂੰ ਲੁਕਾਇਆ।"

ਤਾਂ ਯਹੋਵਾਹ ਪਰਮੇਸ਼ੁਰ ਨੇ ਆਦਮੀ ਤੇ ਉਹ ਦੀ ਤੀਵੀਂ ਲਈ ਚਮੜੇ ਦੇ ਚੋਲੇ ਬਣਾਕੇ ਉਨ੍ਹਾਂ ਨੂੰ ਪਵਾਏ।

ਉਤਪਤ 4 ਅਧਿਆਇ ਵਿੱਚ, ਅਸੀਂ ਕਇਨ ਅਤੇ ਹਾਬਲ ਦੀ ਉਹ ਕਹਾਣੀ ਵੇਖਦੇ ਹਾਂ ਜਿਸ ਵਿੱਚ ਉਨ੍ਹਾਂ ਨੇ ਬਲੀਦਾਨਾਂ ਦੇ ਦੁਆਰਾ ਪਰਮੇਸ਼ੁਰ ਨੂੰ ਚੜਾਵਾ ਚੜਾਇਆ। ਇੱਕ ਨੂੰ ਕਬੂਲ ਕੀਤਾ ਗਿਆ, ਦੂਜੇ ਨੂੰ ਨਹੀਂ, ਅਜਿਹਾ ਕਿਉਂ ਹੋਇਆ? ਕਇਨ ਪ੍ਰਭੂ ਦੀ ਹਜ਼ੂਰੀ ਵਿੱਚ ਬਿਨ੍ਹਾਂ ਲਹੂ ਬਹਾਏ ਗਿਆ।

ਉਤਪਤ 4:2ਅ-5ੳ ਹਾਬਲ ਇੱਜੜਾਂ ਦਾ ਪਾਲੀ ਸੀ ਅਤੇ ਕਇਨ ਜ਼ਮੀਨ ਦਾ ਹਾਲੀ ਸੀ। ਕੁਝ ਦਿਨਾਂ ਦੇ ਮਗਰੋਂ ਐਉਂ ਹੋਇਆ ਕਿ ਕਇਨ ਜ਼ਮੀਨ ਦੇ ਫਲ ਤੋਂ ਯਹੋਵਾਹ ਦੀ ਭੇਂਟ ਲਈ ਕੁਝ ਲੈ ਆਇਆ। ਹਾਬਲ ਵੀ ਇੱਜੜ ਦੇ ਪਹਿਲੌਠਿਆਂ ਅਰ ਉਨ੍ਹਾਂ ਦੀ ਚਰਬੀ ਤੋਂ ਕੁਝ ਲੈ ਆਇਆ, ਅਤੇ ਯਹੋਵਾਹ ਨੇ ਹਾਬਲ ਨੂੰ ਅਤੇ ਉਹ ਦੀ ਭੇਂਟ ਨੂੰ ਪਸੰਦ ਕੀਤਾ। ਪਰ ਕਇਨ ਅਤੇ ਉਹ ਦੀ ਭੇਂਟ ਨੂੰ ਪਸੰਦ ਨਾ ਕੀਤਾ।

ਮੂਸਾ ਦੇ ਰਾਹੀਂ, ਵਿਵਸਥਾ ਦਿੱਤੀ ਗਈ ਅਤੇ ਪਰਮੇਸ਼ੁਰ ਨੇ ਵੱਖ-ਵੱਖ ਪਾਪਾਂ ਲਈ ਵੱਖੋ-ਵੱਖ ਬਲੀਦਾਨ ਨਿਯੁਕਤ ਕੀਤੇ ਸਨ। ਪਰ ਹਮੇਸ਼ਾ, ਪੂਰੇ ਪੁਰਾਣੇ ਨਿਯਮ ਦੇ ਸਮੇਂ, ਪੁਰਾਣੇ ਇਕਰਾਰਨਾਮੇ ਵਿੱਚ, ਪਰਮੇਸ਼ੁਰ ਨੇ ਆਦਮੀਆਂ ਅਤੇ ਔਰਤਾਂ ਦੀ ਆਪਣੇ ਤੱਕ ਪਹੁੰਚ

ਲਈ ਬਲੀਦਾਨਾਂ ਦੇ ਦੁਆਰਾ ਰਸਤਾ ਬਣਾਇਆ ਸੀ-ਭੋਲੇ-ਭਾਲੇ ਜਾਨਵਰਾਂ ਦੇ ਲਹੂ ਵਹਾਉਣ ਦੇ ਦੁਆਰਾ।

ਸਾਰੇ ਬਲੀਦਾਨ ਉਸ ਸਿੱਧ ਅਤੇ ਸੰਪੂਰਨ ਬਲੀਦਾਨ ਵੱਲ ਇਸ਼ਾਰਾ ਕਰਦੇ ਸਨ-ਪਰਮੇਸ਼ੁਰ ਦੇ ਆਉਣ ਵਾਲੇ ਮੇਮਣੇ ਵੱਲ।

® *ਯਾਜਕਾਂ ਨੂੰ ਸਥਾਪਿਤ ਕਰਨਾ*

ਪਰਮੇਸ਼ੁਰ ਨੇ ਯਾਜਕਾਂ ਨੂੰ ਸਥਾਪਿਤ ਕੀਤਾ ਤਾਂ ਕਿ ਉਹ ਲੋਕਾਂ ਅਤੇ ਪਰਮੇਸ਼ੁਰ ਵਿੱਚ ਵਿਚੋਲੇ ਬਣਨ। ਉਹ ਲੋਕਾਂ ਲਈ ਬਲੀਦਾਨ ਚੜ੍ਹਾਉਂਦੇ ਸਨ। ਪਰਮੇਸ਼ੁਰ ਨੇ ਮਹਾਂਯਾਜਕ ਦਾ ਇੱਕ ਸਥਾਨ ਬਣਾਇਆ, ਉਹ ਯਾਜਕ ਜੋ ਇੱਕ ਸਾਲ ਵਿੱਚ ਪਰਮ ਪਵਿੱਤਰ ਸਥਾਨ ਵਿੱਚ ਜਾ ਕੇ ਦਯਾ ਦੇ ਸਿੰਘਾਸਣ ਤੱਕ ਪਹੁੰਚ ਸਕੇ। ਉਹ ਉੱਚਿਤ ਬਲੀਦਾਨ ਚੜ੍ਹਾ ਕੇ, ਲੋਕਾਂ ਦੇ ਲਈ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆ ਸਕਦਾ ਸੀ।

ਕੂਚ 25:17,21,22ਅ ਤੂੰ ਪਰਾਸਚਿਤ ਦਾ ਸਰਪੋਸ਼ ਕੁੰਦਨ ਸੋਨੇ ਦਾ ਬਣਾਈਂ ਜਿਸ ਦੀ ਲੰਬਾਈ ਢਾਈ ਹੱਥ ਅਤੇ ਚੌੜਾਈ ਡੇਢ ਹੱਥ ਹੋਵੇ।

"ਅਤੇ ਤੂੰ ਪਰਾਸਚਿਤ ਨੂੰ ਉਤਾਂਹ ਸੰਦੂਕ ਦੇ ਉੱਤੇ ਰੱਖੀਂ ਅਤੇ ਤੂੰ ਉਸ ਸਾਖੀ ਨੂੰ ਜਿਹੜੀ ਮੈਂ ਤੈਨੂੰ ਦਿਆਂਗਾ ਸੰਦੂਕ ਵਿੱਚ ਰੱਖੀਂ। ਤਾਂ ਮੈਂ ਤੈਨੂੰ ਉੱਥੇ ਮਿਲਾਂਗਾ, ਅਤੇ ਤੇਰੇ ਨਾਲ ਪਰਾਸਚਿਤ ਦੇ ਸਰਪੋਸ਼ ਦੇ ਉੱਤੋਂ ਦੋਹਾਂ ਕਰੂਬੀਆਂ ਦੇ ਵਿੱਚੋਂ ਦੀ ਜਿਹੜੇ ਸਾਖੀ ਦੇ ਸੰਦੂਕ ਦੇ ਉੱਤੇ ਹਨ ਮੈਂ ਓਹ ਗੱਲਾਂ ਕਰਾਂਗਾ..."

ਯਾਜਕਾਂ ਦੇ ਕੰਮ ਯਿਸੂ ਵੱਲ ਇਸ਼ਾਰਾ ਕਰਦੇ ਹਨ ਜੋ ਸਾਡਾ ਮਹਾਂ ਜਾਜਕ ਬਣਿਆ।

ਯਿਸੂ ਮਸੀਹ ਬਣਿਆ

® *ਸਾਡਾ ਬਲੀਦਾਨ ਬਣਿਆ*

ਜਦੋਂ ਯਿਸੂ ਸਲੀਬ ਉੱਤੇ ਮੋਇਆ ਉਹ ਸਾਡੇ ਪਾਪਾਂ ਲਈ ਸਿੱਧ ਸੰਪੂਰਨ ਬਲੀਦਾਨ ਬਣਿਆ। ਉਸਨੇ ਪਾਪ ਦੀ ਸਜ਼ਾ ਨੂੰ ਖ਼ਤਮ ਕਰ ਦਿੱਤਾ।

ਇਬਰਾਨੀਆਂ 9:26ਅ-28ੳ... ਪਰ ਹੁਣ ਯੁੱਗਾਂ ਦੇ ਅੰਤ ਵਿੱਚ ਉਹ ਇੱਕੋ ਵਾਰ ਪ੍ਰਗਟ ਹੋਇਆ ਹੈ ਭਈ ਆਪਣੇ ਆਪ ਦੇ ਬਲੀਦਾਨ ਕਰਨ ਨਾਲ ਪਾਪ ਨੂੰ ਦੂਰ ਕਰੇ। ਅਤੇ ਜਿਵੇਂ ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ। ਤਿਵੇਂ ਮਸੀਹ ਵੀ ਬਾਹਲਿਆਂ ਦੇ ਪਾਪਾਂ ਨੂੰ ਚੁੱਕਣ ਲਈ ਇੱਕੋ ਹੀ ਵਾਰ ਚੜ੍ਹਾਇਆ ਗਿਆ।

ਇਬਰਾਨੀਆਂ 10:12-14 ਪਰ ਏਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ। ਅਤੇ ਇਦੋਂ ਅੱਗੇ ਉਡੀਕ ਕਰਦਾ ਹੈ ਜੋ ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ। ਕਿਉਂ ਜੋ ਉਹ ਨੇ ਇੱਕੋ ਭੇਂਟ ਨਾਲ ਉਨ੍ਹਾਂ ਨੂੰ ਜਿਹੜੇ ਪਵਿੱਤਰ ਕੀਤੇ ਜਾਂਦੇ ਹਨ ਸਦਾ ਲਈ ਸੰਪੂਰਨ ਕੀਤਾ ਹੈ।

® *ਸਾਡਾ ਮਹਾਂ ਯਾਜਕ*

ਇਬਰਾਨੀਆ ਦੀ ਪੱਤ੍ਰੀ ਦਿਖਾਉਂਦੀ ਹੈ ਕਿ ਕਿਵੇਂ ਮਸੀਹ, ਆਪਣੇ ਲਹੂ ਦੇ ਦੁਆਰਾ, ਸਾਡਾ ਮਹਾਂਯਾਜਕ ਬਣਿਆ, ਅਤੇ ਉਸਨੇ ਹਰ ਇੱਕ ਵਿਸ਼ਵਾਸੀ ਲਈ ਰਾਹ ਖੋਲ੍ਹ ਦਿੱਤਾ ਕਿ ਉਹ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆ ਸਕੇ।

ਇਬਰਾਨੀਆਂ 2:17 ਇਸ ਕਾਰਨ ਚਾਹੀਦਾ ਸੀ ਭਈ ਉਹ ਸਭਨੀਂ ਗੱਲੀਂ ਆਪਣੇ ਭਾਈਆਂ ਵਰਗਾ ਬਣੇ ਤਾਂ ਜੋ ਉਹ ਉਨ੍ਹਾਂ ਗੱਲਾਂ ਦੇ ਵਿਖੇ ਜਿਹੜੀਆਂ ਪਰਮੇਸ਼ੁਰ ਨਾਲ

ਸਰਬੰਧ ਰੱਖਦੀਆਂ ਹਨ ਲੋਕਾਂ ਦੇ ਪਾਪਾਂ ਦਾ ਪਰਾਸਚਿਤ ਕਰਨ ਨੂੰ ਦਿਆਲੂ ਅਤੇ ਮਾਤਬਰ ਪਰਧਾਨ ਯਾਜਕ ਹੋਵੇ।

ਇਬਰਾਨੀਆਂ 9:11,14 ਪਰ ਜਾਂ ਮਸੀਹ ਆਉਣ ਵਾਲੀਆਂ ਉੱਤਮ ਵਸਤਾਂ ਦਾ ਪਰਧਾਨ ਯਾਜਕ ਹੋ ਕੇ ਆਇਆ ਤਾਂ ਪਹਿਲੇ ਨਾਲੋਂ ਉਸ ਵੱਡੇ ਅਤੇ ਪੂਰਨ ਡੇਹਰੇ ਦੇ ਰਾਹੀਂ ਜੋ ਹੱਥਾਂ ਦਾ ਬਣਾਇਆ ਹੋਇਆ ਨਹੀਂ ਅਰਥਾਤ ਇਸ ਸਰਿਸ਼ਟੀ ਦਾ ਨਹੀਂ ਹੈ।

ਤਾਂ ਕਿੰਨਾ ਹੀ ਵਧੀਕ ਮਸੀਹ ਦਾ ਲਹੂ ਜਿਹ ਨੇ ਸਦੀਪਕ ਆਤਮਾ ਦੇ ਰਾਹੀਂ ਆਪਣੇ ਆਪ ਨੂੰ ਦੋਸ਼ ਰਹਿਤ ਪਰਮੇਸ਼ੁਰ ਦੇ ਅੱਗੇ ਚੜ੍ਹਾਇਆ ਤੁਹਾਡੇ ਅੰਤਹਕਰਨ ਨੂੰ ਮੁਰਦਿਆਂ ਕੰਮਾਂ ਤੋਂ ਸ਼ੁੱਧ ਕਰੇਗਾ ਭਈ ਤੁਸੀਂ ਜੀਉਂਦੇ ਪਰਮੇਸ਼ੁਰ ਦੀ ਉਪਾਸਨਾ ਕਰੋ।

® *ਸਾਡਾ ਮਾਰਗ*

ਯੂਹੰਨਾ 14:6 ਯਿਸੂ ਨੇ ਉਹ ਨੂੰ ਆਖਿਆ, "ਰਾਹ ਅਤੇ ਸੱਚਿਆਈ ਅਤੇ ਜੀਉਣ ਮੈਂ ਹੈ। ਕੋਈ ਮੇਰੇ ਵਸੀਲੇ ਬਿਨ੍ਹਾਂ ਪਿਤਾ ਦੇ ਕੋਲ ਨਹੀਂ ਆਉਂਦਾ।"

ਮੰਦਰ ਵਿੱਚ ਇੱਕ ਭਾਰੀ ਪਰਦਾ ਸੀ ਜੋ ਪਵਿੱਤਰ ਸਥਾਨ ਨੂੰ ਵੱਖਰਾ ਕਰਦਾ ਸੀ-ਜਿੱਥੇ ਯਾਜਕ ਸੇਵਾ ਕਰ ਸਕਦੇ ਸਨ-ਪਰਮ ਪਵਿੱਤਰ ਅਸਥਾਨ ਤੋਂ-ਉਸ ਸਥਾਨ ਤੱਕ ਜਿੱਥੇ ਕੇਵਲ ਮਹਾ ਯਾਜਕ ਸੇਵਾ ਕਰ ਸਕਦਾ ਸੀ। ਪਰਦਾ ਪਰਮੇਸ਼ੁਰ ਦੀ ਹਜ਼ੂਰੀ ਤੋਂ ਮਨੁੱਖ ਜਾਤੀ ਦੇ ਵੱਖ ਹੋ ਜਾਣ ਦਾ ਚਿੰਨ੍ਹ ਹੈ। ਇੱਕੋ ਤਰੀਕਾ ਮਹਾਂਯਾਜਕ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਇਸ ਪਰਦੇ ਦੇ ਰਾਹੀਂ ਸਾਲ ਵਿੱਚ ਇੱਕ ਵਾਰ ਜਾ ਸਕਦਾ ਸੀ।

ਜਿਸ ਸਮੇਂ ਯਿਸੂ ਮਸੀਹ ਸਲੀਬ ਉੱਤੇ ਮਰੇ ਇਹ ਪਰਦਾ ਆਪਣੇ ਆਪ ਹੀ ਉੱਪਰ ਤੋਂ ਹੇਠਾਂ ਨੂੰ ਫਟ ਗਿਆ।

ਮੱਤੀ 27:50,51ਓ ਯਿਸੂ ਨੇ ਫੇਰ ਉੱਚੀ ਅਵਾਜ਼ ਨਾਲ ਪੁਕਾਰ ਕੇ ਜਾਨ ਦੇ ਦਿੱਤੀ। ਅਤੇ ਵੇਖੋ, ਹੈਕਲ ਦਾ ਪੜ੍ਹਦਾ ਉੱਪਰੋਂ ਲੈ ਕੇ ਹੇਠਾਂ ਤਾਈਂ ਪਾਟ ਕੇ ਦੋ ਗਿਆ...

ਅੱਜ, ਉਹ ਮਾਰਗ ਜਿਸਦੇ ਰਾਹੀਂ ਅਸੀਂ ਅੰਦਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਂਦੇ ਹਾਂ-ਹੁਣ ਵੀ ਉਸ ਪਰਦੇ ਦੇ ਦੁਆਰਾ-ਯਿਸੂ ਮਸੀਹ ਦੇ ਰਾਹੀਂ, ਪਰਮੇਸ਼ੁਰ ਦੇ ਆਤਮਾ ਦੇ ਰਾਹੀਂ ਹੈ। ਸਾਨੂੰ ਹੁਣ ਪ੍ਰਾਸਚਿੱਤ ਦੇ ਦਿਨ ਦੀ ਉਡੀਕ ਕਰਨ ਦੀ ਲੋੜ ਨਹੀਂ ਹੈ। ਸਾਨੂੰ ਅਗਾਂਹ ਤੋਂ ਯਾਜਕ ਦੇ ਕੋਲ ਆਪਣੇ ਪਾਪਾਂ ਲਈ ਬਲੀਦਾਨ ਲੈ ਜਾਣ ਦੀ ਲੋੜ ਨਹੀਂ ਹੈ ਤਾਂ ਕਿ ਉਹ ਸਾਡੇ ਲਈ ਅੰਦਰ ਜਾਵੇ। ਸਾਨੂੰ ਪੁਰਾਣੇ ਸਮੇਂ ਦੇ ਯਾਜਕਾਂ ਦੀ ਤਰ੍ਹਾਂ, ਵਿਸ਼ਵਾਸ ਵਿੱਚ ਸ਼ੁੱਧ ਮਨਾਂ ਨਾਲ ਆਉਣ ਦੀ ਲੋੜ ਹੈ।

ਇਬਰਾਨੀਆਂ 10:18-22 ਸੋ ਜਿੱਥੇ ਇਨ੍ਹਾਂ ਦੀ ਮਾਫ਼ੀ ਹੈ ਉੱਥੇ ਪਾਪ ਲਈ ਫੇਰ ਭੇਂਟ ਨਹੀਂ ਚੜ੍ਹਾਈ ਜਾਂਦੀ।

ਉਪਰੰਤ ਹੇ ਭਰਾਵੋ, ਜਦੋਂ ਸਾਨੂੰ ਯਿਸੂ ਦੇ ਲਹੂ ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ ਦਿਲੇਰੀ ਹੈ। ਅਰਥਾਤ ਓਸ ਨਵੇਂ ਅਤੇ ਜੀਉਂਦੇ ਰਾਹ ਥੀਂ ਜਿਹੜਾ ਉਹ ਨੇ ਪੜ੍ਹਦੇ ਮਾਨੋ ਆਪਣੇ ਸਰੀਰ ਥਾਣੀ ਸਾਡੇ ਲਈ ਖੋਲ੍ਹਿਆ। ਅਤੇ ਜਦੋਂ ਸਾਡਾ ਇੱਕ ਮਹਾਂ ਯਾਜਕ ਹੈ ਜਿਹੜਾ ਪਰਮੇਸ਼ੁਰ ਦੇ ਘਰ ਦੇ ਉੱਤੇ ਹੈ, ਤਾਂ ਆਓ, ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ ਜਦੋਂ ਸਾਡੇ ਦਿਲ ਅਸ਼ੁੱਧ ਅੰਤਹਕਰਨ ਤੋਂ ਛਿੜਕਾਉ ਨਾਲ ਸ਼ੁੱਧ ਹੋਏ ਅਤੇ ਸਾਡੀ ਦੇਹੀ ਸਾਫ਼ ਪਾਣੀ ਨਾਲ ਨਹਲ੍ਹਾਈ ਗਈ ਨੇੜੇ ਜਾਈਏ।

ਯਿਸੂ ਮਸੀਹ ਦੇ ਬਲੀਦਾਨ ਦੇ ਦੁਆਰਾ

ਜਦੋਂ ਯਿਸੂ ਮਸੀਹ ਸਾਡੇ ਲਈ ਬਲੀਦਾਨ ਹੋਇਆ ਤਾਂ ਇਸ ਗੱਲ ਨੂੰ ਸਮਝਣ ਲਈ ਸਾਡੇ ਜੀਵਨ ਦਾ ਬਾਕੀ ਪੂਰਾ ਹਿੱਸਾ ਉਸ ਨੂੰ ਸਭ ਵਿੱਚ ਸਮਝਣ ਵਿੱਚ ਲੱਗ ਜਾਵੇਗਾ ਜੋ ਉਸਨੇ ਸਾਡੇ ਲਈ ਕੀਤਾ ਸੀ। ਉਸਨੇ ਸਾਡੀ ਸ਼ਰਮਿੰਦਗੀ ਲੈ ਲਈ। ਉਸਨੇ ਸਾਡਾ ਸਰਾਪ ਚੁੱਕ

ਲਿਆ। ਉਸਨੇ ਸਾਡੇ ਪਾਪਾਂ ਦੀ ਕੀਮਤ ਦੇ ਦਿੱਤੀ। ਉਸਨੇ ਸਾਨੂੰ ਨਵੀਂ ਸ੍ਰਿਸ਼ਟੀ ਬਣਾਇਆ। ਹੁਣ ਅਸੀਂ ਦਲੇਰੀ ਨਾਲ ਪਰਮੇਸ਼ੁਰ ਦੇ ਧੀਆਂ-ਪੁੱਤਰਾਂ ਦੀ ਤਰ੍ਹਾਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੋ ਸਕਦੇ ਹਾਂ।

® *ਅਸੀਂ ਖਰੀਦੇ ਹੋਏ ਹਾਂ*

ਅਸੀਂ ਵੱਡਾ ਮੁੱਲ ਦੇ ਕੇ ਖਰੀਦੇ ਗਏ ਹਾਂ ਤਾਂ ਕਿ ਅਸੀਂ ਪਰਮੇਸ਼ੁਰ ਨੂੰ ਮਹਿਮਾ ਦੇ ਸਕੀਏ।

1 ਕੁਰਿੰਥੀਆਂ 6:19,20 ਅਥਵਾ ਕੀ ਤੁਸੀਂ ਇਹ ਨਹੀਂ ਜਾਣਦੇ ਭਈ ਤੁਹਾਡੀ ਦੇਹੀ ਤੁਹਾਡੇ ਅੰਦਰ ਪਵਿੱਤਰ ਆਤਮਾ ਦੀ ਹੈਕਲ ਹੈ ਜਿਹੜੀ ਤੁਹਾਨੂੰ ਪਰਮੇਸ਼ੁਰ ਦੀ ਵੱਲੋਂ ਮਿਲੀ ਹੈ ਅਤੇ ਤੁਸੀਂ ਆਪਣੇ ਆਪ ਦੇ ਨਹੀਂ ਹੋ? ਤੁਸੀਂ ਤਾਂ ਮੁੱਲ ਨਾਲ ਲਏ ਹੋਏ ਹੋ, ਇਸ ਲਈ ਆਪਣੀ ਦੇਹੀ ਨਾਲ ਪਰਮੇਸ਼ੁਰ ਦੀ ਵਡਿਆਈ ਕਰੋ।

® *ਇੱਕ ਚੁਣੇ ਹੋਏ ਵੰਸ਼ ਬਣਾਏ ਗਏ ਹਾਂ*

ਅਸੀਂ "ਨਿਮਾਣੇ ਭਟਕੇ ਹੋਏ ਪਾਪੀ" ਦੇ ਰੂਪ ਵਿੱਚ ਪਰਮੇਸ਼ੁਰ ਤੱਕ ਨਹੀਂ ਪਹੁੰਚ ਸਕਦੇ ਹਾਂ। ਪਹਿਲਾਂ ਅਸੀਂ ਅਜਿਹੇ ਸਾਂ। ਹੁਣ, ਹਰੇਕ ਵਿਸ਼ਵਾਸੀ ਚੁਣੇ ਹੋਏ ਵੰਸ਼ ਦਾ ਇੱਕ ਹਿੱਸਾ ਹੈ- ਸ਼ਾਹੀ ਯਾਜਕ-ਪਵਿੱਤਰ ਕੌਮ-ਖਾਸ ਲੋਕ।

1 ਪਤਰਸ 2:9 ਪਰ ਤੁਸੀਂ ਚੁਣਿਆ ਹੋਇਆ ਵੰਸ਼, ਯਾਜਕਾਂ ਦੀ ਸ਼ਾਹੀ ਮੰਡਲੀ, ਪਵਿੱਤਰ ਕੌਮ, ਪਰਮੇਸ਼ੁਰ ਦੀ ਖਾਸ ਪਰਜਾ ਹੋ ਭਈ ਤੁਸੀਂ ਉਹ ਦਿਆਂ ਗੁਣਾਂ ਦਾ ਪਰਚਾਰ ਕਰੋ ਜਿਹ ਨੇ ਤੁਹਾਨੂੰ ਅਨ੍ਹੇਰੇ ਤੋਂ ਆਪਣੇ ਅਚਰਜ ਚਾਨਣ ਵਿੱਚ ਸੱਦ ਲਿਆ।

® *ਰਾਜੇ ਅਤੇ ਯਾਜਕ ਹੋਣਾ*

ਪਤਰਸ ਵਿਸ਼ਵਾਸੀਆਂ ਨੂੰ ਰਾਜਕੀ ਜਾਂ ਸ਼ਾਹੀ ਯਾਜਕ ਕਹਿੰਦਾ ਹੈ।

1 ਪਤਰਸ 2:9 ਪਰ ਤੁਸੀਂ ਚੁਣਿਆ ਹੋਇਆ ਵੰਸ਼, ਯਾਜਕਾਂ ਦੀ ਸ਼ਾਹੀ ਮੰਡਲੀ...

ਯੂਹੰਨਾ ਰਸੂਲ "ਪ੍ਰਕਾਸ਼ ਦੀ ਪੋਥੀ" ਵਿੱਚ ਲਿਖਦਾ ਹੈ ਕਿ ਯਿਸੂ ਨੇ ਸਾਨੂੰ ਆਪਣੇ ਪਰਮੇਸ਼ੁਰ ਅਤੇ ਪਿਤਾ ਲਈ ਰਾਜੇ ਅਤੇ ਯਾਜਕ ਬਣਾਇਆ ਹੈ।

ਪਰਕਾਸ਼ ਦੀ ਪੋਥੀ 1:5ਅ, 6 ਉਹ ਦੀ ਜਿਹੜਾ ਸਾਡੇ ਨਾਲ ਪ੍ਰੇਮ ਕਰਦਾ ਹੈ ਅਤੇ ਜਿਹ ਨੇ ਸਾਨੂੰ ਆਪਣੇ ਲਹੂ ਨਾਲ ਸਾਡੇ ਪਾਪਾਂ ਤੋਂ ਛੁਡਾ ਦਿੱਤਾ, ਅਤੇ ਉਸ ਨੇ ਸਾਨੂੰ ਇੱਕ ਪਾਤਸ਼ਾਹੀ ਬਣਾਇਆ ਭਈ ਅਸੀਂ ਉਹ ਦੇ ਪਰਮੇਸ਼ੁਰ ਅਤੇ ਪਿਤਾ ਲਈ ਯਾਜਕ ਬਣੀਏ, ਓਸੇ ਦੀ ਮਹਿਮਾ ਅਤੇ ਪ੍ਰਾਕਰਮ ਜੁੱਗੋ ਜੁੱਗ ਹੋਵੇ। ਆਮੀਨ।

ਇਹ ਗੱਲ ਮਹੱਤਵਪੂਰਨ ਹੈ ਕਿ ਅਸੀਂ ਰਾਜੇ ਅਤੇ ਯਾਜਕ ਕਹਾਈਏ

ਇੱਕ ਯਾਜਕ ਪੱਖ ਲੈਂਦਾ ਹੈ ਅਤੇ ਇੱਕ ਰਾਜਾ ਰਾਜ ਕਰਦਾ ਹੈ।

ਇੱਕ ਯਾਜਕ ਪੁੱਛਦਾ, ਪੱਖ ਲੈਂਦਾ, ਅਤੇ ਖੜ੍ਹਾ ਹੁੰਦਾ ਹੈ, ਅਪਵਿੱਤਰ ਲੋਕਾਂ ਅਤੇ ਇੱਕ ਧਰਮੀ ਪਰਮੇਸ਼ੁਰ ਦੇ ਵਿਚਕਾਰ।

ਇੱਕ ਰਾਜਾ ਅਧਿਕਾਰਪੂਰਣ, ਸ਼ਾਸ਼ਕੀ ਪ੍ਰਾਰਥਨਾਵਾਂ ਕਰਦਾ ਹੈ।

ਜਦੋਂ ਯਿਸੂ ਮਸੀਹ ਯਰੂਸ਼ਲਮ ਦੇ ਪਾਪਾਂ ਲਈ ਰੋਇਆ, ਉਹ ਇੱਕ ਯਾਜਕ ਦਾ ਕੰਮ ਕਰ ਰਿਹਾ ਸੀ ਅਤੇ ਸਾਡੇ ਲਈ ਯਾਜਕ ਬਣਨ ਦੀ ਉਦਾਹਰਨ ਬਣਿਆ।

ਮੱਤੀ 23:37 "ਹੇ ਯਰੂਸ਼ਲਮ ਯਰੂਸ਼ਲਮ! ਤੂੰ ਜੋ ਨਬੀਆਂ ਨੂੰ ਕਤਲ ਕਰਦਾ ਹੈਂ ਅਤੇ ਉਨ੍ਹਾਂ ਨੂੰ ਜਿਹੜੇ ਤੇਰੇ ਕੋਲ ਘੱਲੇ ਪਥਰਾਉ ਕਰਦਾ ਹੈ ਮੈਂ ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰ੍ਹਾਂ ਇਕੱਠੇ ਕਰਾਂ ਜਿਸ ਤਰ੍ਹਾਂ ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਦੇ ਹੇਠ ਇਕੱਠੇ ਕਰਦੀ ਹੈ ਪਰ ਤੁਸਾਂ ਨਾ ਚਾਹਿਆ।"

ਜਦੋਂ ਉਹ ਤੂਫਾਨ ਦੇ ਵਿਚਕਾਰ ਖੜ੍ਹਾ ਹੋਇਆ ਅਤੇ ਕਿਹਾ, "ਸ਼ਾਂਤ ਹੋ ਜਾ"। ਉਹ ਇੱਕ ਰਾਜੇ ਦਾ ਕੰਮ ਕਰ ਰਿਹਾ ਸੀ ਇੱਕ ਰਾਜੇ ਵਾਂਗ ਅਤੇ ਇਸ ਸੰਸਾਰ ਵਿੱਚ ਰਾਜਿਆਂ ਵਾਂਗ ਰਹਿਣ ਲਈ ਸਾਡੀ ਉਦਾਹਰਨ ਹੈ।

ਮਰਕੁਸ 4:39 ਤਦ ਉਹ ਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ ਅਤੇ ਝੀਲ ਨੂੰ ਕਿਹਾ, ਚੁੱਪ ਕਰ ਥੰਮ੍ਹ ਜਾਹ! ਤਾਂ ਪੌਣ ਥੰਮ੍ਹ ਗਈ ਅਤੇ "ਵੱਡਾ ਚੈਨ ਹੋ ਗਿਆ।"

® *ਕੀ ਦਲੇਰੀ ਨਾਲ ਅੰਦਰ ਪ੍ਰਵੇਸ਼ ਹੁੰਦਾ ਹੈ*

ਇਬਰਾਨੀਆਂ ਦੀ ਪੱਤਰੀ ਦਾ ਲੇਖਕ ਸਾਨੂੰ ਦੱਸਦਾ ਹੈ ਕਿ ਯਿਸੂ ਮਸੀਹ ਦੇ ਲਹੂ ਦੇ ਰਾਹੀਂ ਸਾਨੂੰ ਧਰਮ ਪਵਿੱਤਰ ਅਸਥਾਨ ਵਿੱਚ ਪ੍ਰਵੇਸ਼ ਕਰਨ ਲਈ ਦਲੇਰ ਹੋਣਾ ਚਾਹੀਦਾ ਹੈ।

ਇਬਰਾਨੀਆਂ 10:19 ਉਪਰੰਤ ਹੇ ਭਰਾਵੋ, ਜਦੋਂ ਸਾਨੂੰ ਯਿਸੂ ਦੇ ਲਹੂ ਦੇ ਕਾਰਨ ਪਵਿੱਤਰ ਅਸਥਾਨ ਦੇ ਅੰਦਰ ਜਾਣ ਦੀ ਦਿਲੇਰੀ ਹੈ।

ਸਾਡਾ ਸਥਾਨ ਕੀ ਹੈ?

ਹਰੇਕ ਵਿਸ਼ਵਾਸੀ ਨੂੰ ਜੋ ਵਿਸ਼ਵਾਸ ਅਤੇ ਆਗਿਆਕਾਰੀ ਵਿੱਚ ਚੱਲਦਾ ਹੈ, ਯਿਸੂ ਦੇ ਲਹੂ ਅਤੇ ਯਿਸੂ ਸਾਡੇ ਮਹਾਂ ਯਾਜਕ ਦੇ ਦੁਆਰਾ ਮੁਕਤੀ ਦੇ ਅਧਾਰ ਤੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਾਖਲ ਹੋਣ ਦਾ ਅਧਿਕਾਰ ਹੈ। ਇਸ ਲਈ ਸਾਨੂੰ ਦਲੇਰੀ ਅਤੇ ਵਿਸ਼ਵਾਸ ਦੇ ਪੱਕੇ ਭਰੋਸੇ ਨਾਲ ਆਉਣ ਲਈ ਕਿਹਾ ਗਿਆ ਹੈ।

ਇਬਰਾਨੀਆਂ 10:22 ਤਾਂ ਆਓ, ਅਸੀਂ ਸੱਚੇ ਦਿਲ ਅਤੇ ਪੂਰੀ ਨਿਹਚਾ ਨਾਲ ਜਦੋਂ ਸਾਡੇ ਦਿਲ ਅਸ਼ੁੱਧ ਅੰਤਹਕਰਨ ਤੋਂ ਛਿੜਕਾਉ ਨਾਲ ਸ਼ੁੱਧ ਹੋਏ ਅਤੇ ਸਾਡੀ ਦੇਹੀ ਸਾਫ਼ ਪਾਣੀ ਨਾਲ ਨੁਲ੍ਹਾਈ ਗਈ ਨੇੜੇ ਜਾਈਏ।

ਇਬਰਾਨੀਆਂ 4:16 ਇਸ ਲਈ ਆਓ, ਅਸੀਂ ਕਿਰਪਾ ਦੇ ਸਿੰਘਾਸਣ ਦੇ ਅੱਗੇ ਦਿਲੇਰੀ ਨਾਲ ਚੱਲੀਏ ਭਈ ਅਸੀਂ ਦਯਾ ਪਰਾਪਤ ਕਰੀਏ ਅਤੇ ਉਹ ਕਿਰਪਾ ਪਾਈਏ ਜੋ ਵੇਲੇ ਸਿਰ ਸਾਡੀ ਸਹਾਇਤਾ ਕਰੇ।

ਉਹ ਲੋਕ ਜੋ ਪ੍ਰਾਰਥਨਾ ਦੇ ਵਿੱਚ ਦਲੇਰੀ ਅਤੇ ਪੂਰੇ ਭਰੋਸੇ ਨਾਲ ਆਉਂਦੇ ਹਨ, ਇਹੋ ਲੋਕ ਯਿਸੂ ਮਸੀਹ ਦੇ ਲਹੂ ਨੂੰ ਸਹੀ ਅਸਥਾਨ ਅਤੇ ਸਹੀ ਕੀਮਤ ਦਿੰਦੇ ਹਨ।

ਯਿਸੂ ਮਸੀਹ ਵਿੱਚ ਸਾਡਾ ਅਧਿਕਾਰ

ਬਹੁਤ ਸਾਰੇ ਲੋਕ ਪੁੱਛਦੇ ਹਨ, ਜੇਕਰ ਪਰਮੇਸ਼ੁਰ ਸਰਵ ਸੱਤਾਧਾਰੀ ਹੈ ਅਤੇ ਸੰਸਾਰ ਵਿੱਚ ਜੋ ਕੁਝ ਵੀ ਚਾਹੇ ਕਰ ਸਕਦਾ ਹੈ, ਤਾਂ ਫਿਰ ਸਾਨੂੰ ਪ੍ਰਾਰਥਨਾ ਕਰਨ ਦੀ ਕੀ ਲੋੜ ਹੈ?

"ਕਿਉਂ ਫਿਰ ਪਰਮੇਸ਼ੁਰ ਧਰਤੀ ਉੱਤੋਂ ਬੁਰਾਈ ਨੂੰ ਬਿਲਕੁਲ ਕੱਢ ਨਹੀਂ ਦਿੰਦਾ ਜਿਸ ਤਰ੍ਹਾਂ ਉਸਨੇ ਸਵਰਗ ਵਿੱਚ ਕੀਤਾ ਸੀ?

"ਸ਼ਾਇਦ, ਜੇਕਰ ਅਸੀਂ ਕਾਫੀ ਲੰਬੀ, ਜਾਂ ਕਾਫ਼ੀ ਮੁਸ਼ਕਿਲ, ਜਾਂ ਕਾਫ਼ੀ ਗੰਭੀਰਤਾ ਪੂਰਨ ਪ੍ਰਾਰਥਨਾ ਕਰਦੇ ਹਾਂ ਜਾਂ ਅਸੀਂ ਕਾਫ਼ੀ ਰੋ ਕੇ ਪ੍ਰਾਰਥਨਾ ਕਰਦੇ ਹਾਂ ਤਾਂ ਹੋ ਸਕਦਾ ਹੈ ਕਿ ਸਾਡੀਆਂ ਪ੍ਰਾਰਥਨਾ ਉਸਨੂੰ ਕਾਇਲ ਕਰ ਸਕਣ ਕਿ ਉਹ ਸਾਡੇ ਪੱਖ ਵਿੱਚ ਅਜਿਹਾ ਕਰੇ।

ਪਰਮੇਸ਼ੁਰ ਸਾਡੇ ਹਾਲ ਵਿੱਚ ਸਰਵ-ਸੱਤਾਧਾਰੀ ਦੀ ਤਰ੍ਹਾਂ ਕੰਮ ਕਿਉਂ ਨਹੀਂ ਕਰਦਾ ਹੈ?

ਹੋ ਸਕਦਾ ਹੈ ਕਿ ਉਹ ਇਸਨੂੰ ਸਮਝਦਾ ਨਹੀਂ ਹੈ, ਅਤੇ ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਬਾਰੇ ਉਸਨੂੰ ਬਾਰ-ਬਾਰ ਦੱਸੀਏ-ਅਤੇ ਉਦੋਂ ਤੱਕ ਉਸਨੂੰ ਯਾਦ ਕਰਵਾਉਂਦੇ ਰਹੀਏ ਜਦੋਂ ਤੱਕ ਉਹ ਸਾਡੀ ਇੱਛਾ ਦੇ ਅਨੁਸਾਰ ਕੰਮ ਨਹੀਂ ਕਰਦਾ।"

ਪਰਮੇਸ਼ੁਰ ਕੌਣ ਹੈ

ਸ਼ਿਰਲੇ ਗੁਥਰੀ ਨੇ ਲਿਖਿਆ ਹੈ, "ਪਰਮੇਸ਼ੁਰ ਮਹਾਨ ਸਵਰਗੀ ਦਾਦਾ ਜੀ ਨਹੀਂ ਹੈ ਜੋ ਸਾਡੇ ਲਈ ਸਭ ਕੁਝ ਕਰਦਾ ਹੈ ਅਤੇ ਸਾਡੇ ਜੀਵਨਾਂ ਨੂੰ ਸਮਤਲ ਅਤੇ ਸੁਖੀ ਅਤੇ ਅਸਾਨ ਬਣਾਉਂਦਾ ਹੈ। ਅਤੇ ਨਾ ਹੀ ਉਹ ਮਹਾਨ ਸਵਰਗੀ ਅੱਤਿਆਚਾਰੀ ਸ਼ਾਸਕ ਹੈ ਜੋ ਆਪਣੇ ਨਿਆਂ ਫੈਸਲੇ, ਸ਼ਕਤੀ ਅਤੇ ਮਹਿਮਾ ਦੇ ਦੁਆਰਾ ਸਾਨੂੰ ਡਰਾਉਂਦਾ ਹੈ।

"ਪਵਿੱਤਰ ਬਾਈਬਲ ਸਾਨੂੰ ਜ਼ਿੰਦਾ ਅਤੇ ਸਰਵ-ਸੱਤਾਧਾਰੀ ਪਰਮੇਸ਼ੁਰ ਦੇ ਬਾਰੇ ਦੋ ਗੱਲਾਂ ਬਾਰੇ ਦੱਸਦਾ ਹੈ। ਇੱਕ ਪਾਸੇ ਉਹ ਅਨੰਤ, ਸਰਵ ਸ਼ਕਤੀਮਾਨ, ਸਰਵ ਸੱਤਾਧਾਰੀ, ਆਪਣੇ ਆਪ ਵਿੱਚ ਸੰਪੂਰਨ, ਅਤੇ ਜੋ ਕੁਝ ਵੀ ਉਹ ਕਰਨਾ ਚਾਹੇ ਉਸਨੂੰ ਕਰਨ ਦੇ ਯੋਗ ਹੈ। ਅਤੇ ਦੂਜੇ ਪਾਸੇ ਜੋ ਮਨੁੱਖਾਂ ਦੇ ਨੇੜੇ ਆਉਂਦਾ ਹੈ ਅਤੇ ਆਪਣੇ ਆਪ ਨੂੰ ਅਜਿਹਾ ਪਰਮੇਸ਼ੁਰ ਸੂਚਿਤ ਕਰਨ ਦਾ ਰਸਤਾ ਬਣਾਉਂਦਾ ਹੈ ਜੋ ਉਨ੍ਹਾਂ ਦੀ ਮਦਦ ਕਰੇਗਾ ਅਤੇ ਉਨ੍ਹਾਂ ਦਾ ਸਾਥੀ ਹੋਵੇਗਾ।"

"ਉਹ ਨਾ ਤਾਂ ਇੱਕ ਅੱਤਿਆਚਾਰੀ ਸ਼ਾਸਕ ਹੈ, ਨਾ ਹੀ ਦਾਦਾ ਜੀ, ਨਾ ਹੀ ਇਨ੍ਹਾਂ ਦੋਨਾਂ ਦਾ ਜੋੜ। ਪਰ ਬੇਸ਼ੱਕ ਉਹ ਇੱਕ ਅਜਿਹਾ ਪਰਮੇਸ਼ੁਰ ਹੈ ਜੋ ਦੋਵੇਂ ਹੈ, ਮਨੁੱਖਾਂ ਤੋਂ ਵੱਖਰਾ ਅਤੇ ਤਾਂ ਵੀ ਮਨੁੱਖਾਂ ਨਾਲ ਜੁੜਿਆ ਹੋਇਆ; ਬਹੁਤ ਉੱਚਾ, ਤਾਂ ਵੀ ਉਨ੍ਹਾਂ ਦੇ ਨਾਲ, ਦੂਰ, ਫਿਰ ਵੀ ਨੇੜੇ; ਸ਼ਕਤੀਸ਼ਾਲੀ ਅਤੇ ਫਿਰ ਵੀ ਪਿਆਰ ਕਰਨ ਵਾਲਾ, ਪਿਆਰ ਕਰਨ ਵਾਲਾ ਤਾਂ ਵੀ ਉਸਦੇ ਨਾਲ-ਨਾਲ ਸ਼ਕਤੀਸ਼ਾਲੀ।"

*ਧਿਆਨ ਦਿਉ: ਉੱਪਰ ਦਿੱਤੇ ਗਏ ਹਵਾਲੇ **ਕ੍ਰਿਸ਼ਚਨ ਡਾਕਟ੍ਰੀਨ** ਤੋਂ ਲਏ ਗਏ ਹਨ ਜੋ ਸੀ.ਐੱਲ.ਸੀ. ਪ੍ਰੈੱਸ ਦੁਆਰਾ ਰਿਚਮੋਂਡ, ਵਿਰਜਿਨਾ ਵਿੱਚ ਪ੍ਰਕਾਸ਼ਿਤ ਕੀਤੇ ਗਏ ਸਨ।*

ਜਦੋਂ ਅਸੀਂ ਪਰਮੇਸ਼ੁਰ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸਾਡੇ ਮਨੁੱਖੀ ਦਿਮਾਗ਼ ਅਜਿਹਾ ਕਰਨ ਲਈ ਬਹੁਤ ਹੀ ਛੋਟੇ ਹਨ। ਅਸੀਂ ਕੇਵਲ ਕੁਝ ਹੀ ਗੱਲਾਂ ਨੂੰ ਕੇਂਦਰ ਬਿੰਦੂ ਬਣਾ ਸਕਦੇ ਹਾਂ। ਜਿੰਨੀ ਸਾਡੀ ਸਮਝ ਹੈ ਪਰਮੇਸ਼ੁਰ ਉਸ ਤੋਂ ਕਿਤੇ ਵੱਧ ਹੈ।

® *ਪਰਮੇਸ਼ੁਰ ਦੀ ਸਰਵ-ਸੱਤਾ ਧਾਰਨਾ*

ਪਰਮੇਸ਼ੁਰ ਸਰਵ-ਸੱਤਾਧਾਰੀ ਹੈ। ਇਹ ਇੱਕ ਭਾਗ ਹੈ ਜੋ ਪਰਮੇਸ਼ੁਰ ਦੀ ਧਰਮ ਪ੍ਰਧਾਨਤਾ ਨੂੰ ਦਰਸਾਉਂਦੀ ਹੈ। ਪਰਮੇਸ਼ੁਰ ਸੰਪੂਰਨ ਹੈ। ਉਹ ਕਿਸੇ ਵੀ ਬਾਹਰੀ ਚੀਜ਼ ਦੇ ਨਿਯੰਤਰਣ ਵਿੱਚ ਨਹੀਂ ਹੈ। ਹੋਂਦ ਦੀਆਂ ਸਾਰੀਆਂ ਕਿਸਮਾਂ ਉਸ ਦੀ ਪ੍ਰਭੂਤਾ ਦੇ ਵਿੱਚ ਹਨ।

ਪਰਮੇਸ਼ੁਰ ਸਿਰਫ਼ ਨਿਯੰਤਰਣ ਵਿੱਚ ਹੈ, ਜਿਸ ਸਥਾਨ ਤੇ ਉਸਨੇ ਆਪਣੇ ਆਪ ਨੂੰ ਰੱਖਿਆ ਹੋਇਆ ਹੈ, ਉਸਦਾ ਆਪਣਾ ਚਰਿੱਤਰ। ਉਦਾਹਰਨ ਦੇ ਤੌਰ ਤੇ ਪਰਮੇਸ਼ੁਰ ਸਿੱਧ ਪ੍ਰੇਮ ਹੈ ਅਤੇ ਉਹ ਕੋਈ ਵੀ ਅਜਿਹਾ ਕੰਮ ਨਹੀਂ ਕਰੇਗਾ ਜੋ ਸਿੱਧ ਪ੍ਰੇਮ ਨੂੰ ਭੰਗ ਕਰਦਾ ਹੋਵੇ।

ਮਨੁੱਖ ਕੀ ਹੈ?

ਦਾਊਦ ਨੇ ਸਾਨੂੰ ਮਨੁੱਖ-ਜਾਤੀ ਅਤੇ ਪਰਮੇਸ਼ੁਰ ਦੇ ਬਾਰੇ ਸਮਝਾਉਣ ਦਾ ਇੱਕ ਬਹੁਤ ਹੀ ਮਹਾਨ ਕੰਮ ਕੀਤਾ ਹੈ।

ਜ਼ਬੂਰ 8:4-9 ਤਾਂ ਇਨਸਾਨ ਕੀ ਹੈ, ਜੋ ਤੂੰ ਉਸ ਨੂੰ ਚੇਤੇ ਵਿੱਚ ਲਿਆਵੇਂ, ਅਤੇ ਆਦਮੀ ਜਾਇਆ ਕੀ, ਜੋ ਤੂੰ ਉਸ ਦੀ ਸੁੱਧ ਲਵੇਂ?

ਕਿ ਤੈਂ ਉਸ ਨੂੰ ਪਰਮੇਸ਼ੁਰ ਨਾਲੋਂ ਥੋੜ੍ਹਾ ਜਿਹਾ ਘੱਟ ਕੀਤਾ ਹੈ, ਅਤੇ ਮਹਿਮਾ ਅਤੇ ਆਦਰ ਦਾ ਮੁਕਟ ਉਸ ਦੇ ਸਿਰ ਉੱਤੇ ਰੱਖਿਆ ਹੈ!

ਤੈਂ ਆਪਣੀ ਦਸਤਕਾਰੀ ਉੱਤੇ ਉਹ ਨੂੰ ਹਕੂਮਤ ਦਿੱਤੀ, ਤੈਂ ਸੱਭੋ ਕੁਝ ਉਹ ਦੇ ਪੈਰਾਂ ਹੇਠ ਕਰ ਦਿੱਤਾ ਹੈ,

ਸਾਡੇ ਇੱਜੜ ਅਤੇ ਵੱਗ-ਸਗੋਂ ਰੜ ਦੇ ਸਾਰੇ ਜਾਨਵਰ,

ਅਕਾਸ਼ ਦੇ ਪੰਖੇਰੂ ਅਤੇ ਸਮੁੰਦਰ ਦੀਆਂ ਮੱਛੀਆਂ, ਅਤੇ ਸੱਭੋ ਕੁਝ ਜੋ ਸਮੁੰਦਰ ਦਿਆਂ ਰਾਹਾਂ ਵਿੱਚ ਫਿਰਦਾ ਹੈ।

ਹੇ ਯਹੋਵਾਹ, ਸਾਡੇ ਪ੍ਰਭੂ, ਸਾਰੀ ਧਰਤੀ ਉੱਤੇ ਤੇਰਾ ਨਾਮ ਕੇਡਾ ਹੀ ਸ਼ਾਨਦਾਰ ਹੈ!

ਅਧਿਕਾਰ ਸੌਂਪਣਾ

ਜਦੋਂ ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਆਪਣੇ ਸਵਰੂਪ ਤੇ ਰਚਿਆ ਤਾਂ ਉਸਨੇ ਉਨ੍ਹਾਂ ਨੂੰ ਅਧਿਕਾਰ ਸੌਂਪਿਆ, ਉਸਨੇ ਉਨ੍ਹਾਂ ਨੂੰ ਉਸੇ ਗ੍ਰਹਿ ਉੱਤੇ ਸਿਰਜਿਆ ਜਿਸ ਉੱਤੇ ਸ਼ੈਤਾਨ ਅਤੇ ਉਸਦੀਆਂ ਸਾਰੀਆਂ ਦੁਸ਼ਟ ਆਤਮਾਵਾਂ ਨੂੰ ਸੁੱਟਿਆ ਗਿਆ ਸੀ ਜਦੋਂ ਉਨ੍ਹਾਂ ਨੂੰ ਸਵਰਗ ਵਿੱਚੋਂ ਡੇਗ ਦਿੱਤਾ ਗਿਆ ਸੀ। ਆਦਮ ਹੱਵਾਹ ਨੂੰ ਬਣਾਉਣ ਤੋਂ ਬਾਅਦ, ਪਰਮੇਸ਼ੁਰ ਨੇ ਉਨ੍ਹਾਂ ਨੂੰ ਪਹਿਲੀ ਗੱਲ ਕਹੀ "ਆਓ ਉਨ੍ਹਾਂ ਨੂੰ ਸ਼ਾਸਨ ਦੇਈਏ

ਉਤਪਤ 1:26,27 ਤਾਂ ਪਰਮੇਸ਼ੁਰ ਨੇ ਆਖਿਆ "ਕਿ ਅਸੀਂ ਆਦਮੀ ਨੂੰ ਆਪਣੇ ਸਰੂਪ ਉੱਤੇ ਅਤੇ ਆਪਣੇ ਵਰਗਾ ਬਣਾਈਏ ਅਤੇ ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਡੰਗਰਾਂ ਉੱਤੇ ਸਗੋਂ ਸਾਰੀ ਧਰਤੀ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ।"

ਸੋ ਪਰਮੇਸ਼ੁਰ ਨੇ ਆਦਮੀ ਨੂੰ ਆਪਣੇ ਸਰੂਪ ਉੱਤੇ ਉਤਪਤ ਕੀਤਾ। ਪਰਮੇਸ਼ੁਰ ਦੇ ਸਰੂਪ ਉੱਤੇ ਉਹ ਨੂੰ ਉਤਪਤ ਕੀਤਾ। ਨਰ ਨਾਰੀ ਉਸ ਦੇ ਉਨ੍ਹਾਂ ਨੂੰ ਉਤਪਤ ਕੀਤਾ।

ਧਰਤੀ ਉੱਤੇ, ਇਸ ਸਰਵ ਸ਼ਕਤੀਮਾਨ, ਅਨਾਦੀ ਪਰਮੇਸ਼ੁਰ ਨੇ ਆਪਣਾ ਰਾਜ ਮਨੁੱਖ-ਜਾਤੀ ਨੂੰ ਸੌਂਪ ਦਿੱਤਾ ਸੀ। ਉਸਨੇ ਧਰਤੀ ਉਤਲਾ ਆਪਣਾ ਰਾਜ ਉਨ੍ਹਾਂ ਦੇ ਹੱਥਾਂ ਵਿੱਚ ਦੇ ਦਿੱਤਾ।

ਰਾਜ ਦਾ ਅਰਥ ਹੈ, ਜਿੱਤਣਾ, ਨਿਯੰਤਰਣ ਵਿੱਚ ਲਿਆਉਣਾ, ਦੁਸ਼ਮਣ ਨੂੰ ਹਰਾਉਣਾ, ਗੁਲਾਮ ਬਣਾਉਣਾ।

ਧਰਤੀ ਦੇ ਉੱਤੇ, ਪਰਮੇਸ਼ੁਰ ਦੇ ਦੁਆਰਾ ਇੱਕ ਸਿੱਧ ਸੰਸਾਰ ਨੂੰ ਦੁਬਾਰਾ ਬਣਾਇਆ ਗਿਆ, ਨਿਯੰਤਰਣ ਵਿੱਚ ਲਿਆਉਣਾ, ਜਿੱਤਣਾ ਅਤੇ ਗੁਲਾਮ ਬਣਾਉਣਾ ਕੀ ਹੈ? ਸ਼ੈਤਾਨ ਅਤੇ ਉਸਦੀਆਂ ਦੁਸ਼ਟਾਤਮਾਵਾਂ।

ਇੱਥੋਂ ਤੱਕ ਕਿ ਜਦੋਂ ਆਦਮ ਅਤੇ ਹੱਵਾਹ ਨੇ ਪਾਪ ਕੀਤਾ ਸੀ, ਪਰਮੇਸ਼ੁਰ ਨੇ ਅਧਿਕਾਰ ਵਾਪਸ ਨਹੀਂ ਲਿਆ। ਉਹ ਉਨ੍ਹਾਂ ਨੂੰ ਦੇ ਚੁੱਕਾ ਸੀ।ਮਨੁੱਖ ਜਾਤੀ ਨੇ ਇਹ ਅਧਿਕਾਰ ਸ਼ੈਤਾਨ ਦੇ ਸਪੁਰਦ ਕਰ ਦਿੱਤਾ ਅਤੇ ਸ਼ੈਤਾਨ ਇਸ ਸੰਸਾਰ ਦਾ ਪਰਮੇਸ਼ੁਰ ਬਣ ਗਿਆ। ਚਾਰ ਹਜ਼ਾਰ ਸਾਲਾਂ ਲਈ, ਸ਼ੈਤਾਨ ਨੇ ਇਸ ਨਿਯੰਤਰਣ ਨੂੰ ਆਪਣੇ ਅਧਿਕਾਰ ਵਿੱਚ ਰੱਖਿਆ ਅਤੇ ਭਾਵੇਂ ਸ਼ੈਤਾਨ ਨੇ ਕਿੰਨੀਆਂ ਵੀ ਭਿਆਨਕ ਕਰਨੀਆਂ ਕੀਤੀਆਂ, ਪਰਮੇਸ਼ੁਰ ਨੇ ਇਹ ਅਧਿਕਾਰ ਵਾਪਿਸ ਨਹੀਂ ਲਿਆ।

ਕਿਉਂ? ਕਿਉਂਕਿ ਇਹ ਅਧਿਕਾਰ ਉਸਨੇ ਮਨੁੱਖਜਾਤੀ ਨੂੰ ਸੌਂਪ ਦਿੱਤਾ ਹੋਇਆ ਸੀ।

ਆਖ਼ਰੀ ਆਦਮ

ਜਦੋਂ ਅਸੀਂ ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ ਕਿ ਪਹਿਲਾ ਆਦਮ ਕੌਣ ਸੀ-ਉਸਨੂੰ ਕਿਸ ਲਈ ਬਣਾਇਆ ਗਿਆ ਸੀ-ਤਾਂ ਅਸੀਂ ਇਹ ਵੀ ਸਮਝਣ ਲੱਗਦੇ ਹਾਂ ਕਿ ਇਹ ਕਿਉਂ ਮਹੱਤਵਪੂਰਨ ਸੀ ਕਿ ਉਹ ਆਖ਼ਰੀ ਆਦਮ ਬਣ ਕੇ ਇਸ ਸੰਸਾਰ ਵਿੱਚ ਆਵੇ।

ਪਹਿਲੇ ਆਦਮ ਨੂੰ ਇਸ ਲਈ ਬਣਾਇਆ ਗਿਆ ਸੀ ਕਿ ਉਹ ਧਰਤੀ ਉੱਤੇ ਅਧਿਕਾਰ ਨਾਲ ਚੱਲੇ। ਉਸ ਨੂੰ ਸ਼ੈਤਾਨ ਅਤੇ ਉਸਦੇ ਦੂਤਾਂ ਉੱਤੇ ਸ਼ਾਸ਼ਨ ਕਰਨ ਲਈ ਰਚਿਆ ਗਿਆ ਸੀ। ਉਸਨੂੰ ਇਸ ਲਈ ਰਚਿਆ ਗਿਆ ਸੀ ਕਿ ਉਹ ਪਰਮੇਸ਼ੁਰ ਦੇ ਨਾਲ ਸੰਗਤੀ ਰੱਖੇ।

ਯਿਸੂ ਮਸੀਹ ਅੰਤਮ ਆਦਮ ਦੇ ਰੂਪ ਵਿੱਚ ਆਇਆ-ਸੰਪੂਰਨ ਮਨੁੱਖ। ਯਿਸੂ ਮਸੀਹ ਇਸ ਧਰਤੀ ਉੱਤੇ ਅਧਿਕਾਰ ਨਾਲ ਚੱਲਣ ਲਈ ਆਇਆ, ਸ਼ੈਤਾਨ ਨੂੰ ਰੋਕਣ ਲਈ, ਸਿੱਧ ਜੀਵਨ ਜੀਉਣ ਲਈ ਅਤੇ ਸਾਡੀ ਜਗ੍ਹਾ ਤੇ ਮਰਨ ਲਈ-ਸੰਪੂਰਨ ਬਲੀਦਾਨ।

1 ਕੁਰਿੰਥੀਆਂ 15:45 ਇਉਂ ਲਿਖਿਆ ਹੋਇਆ ਵੀ ਹੈ "ਜੋ ਪਹਿਲਾਂ ਮਨੁੱਖ ਆਦਮ ਜੀਉਂਦੀ ਜਾਨ ਹੋਇਆ, ਛੇਕੜਲਾ ਆਦਮ ਜੀਵਨ ਦਾਤਾ ਆਤਮਾ ਹੋਇਆ।"

ਸਾਨੂੰ ਇਹ ਜਾਣ ਲੈਣਾ ਬੜਾ ਜ਼ਰੂਰੀ ਹੈ ਕਿ ਯਿਸੂ ਮਸੀਹ ਨੇ ਇਸ ਸੰਸਾਰ ਵਿੱਚ ਆਪਣੀ ਉਹ ਸਮਰੱਥ ਨਹੀਂ ਵਰਤੀ ਜੋ ਪਰਮੇਸ਼ੁਰ ਦਾ ਪੁੱਤਰ ਹੋਣ ਦੇ ਨਾਤੇ ਉਸ ਕੋਲ ਸੀ। ਉਹ ਇਹ ਸਾਰੇ ਅਧਿਕਾਰ ਇੱਕ ਪਾਸੇ ਰੱਖ ਕੇ, ਇੱਕ ਮਨੁੱਖ ਵਾਂਗ ਵਿਚਰਿਆ-ਇੱਕ ਸਿੱਧ ਮਨੁੱਖ ਵਾਂਗ-ਪਰਮੇਸ਼ੁਰ ਨੇ ਆਦਮ ਨੂੰ ਜਿਸ ਤਰ੍ਹਾਂ ਦਾ ਆਦਮੀ ਬਣਨ ਲਈ ਰਚਿਆ ਸੀ ਉਹੀ ਆਦਮੀ।

ਫ਼ਿਲਿੱਪੀਆਂ 2:6-8... ਕਿ ਉਸ ਨੇ ਪਰਮੇਸ਼ੁਰ ਦੇ ਸਰੂਪ ਵਿੱਚ ਹੋ ਕੇ ਪਰਮੇਸ਼ੁਰ ਦੇ ਤੁੱਲ ਹੋਣਾ ਕਬਜ਼ੇ ਰੱਖਣ ਦੀ ਚੀਜ਼ ਨਾ ਜਾਣਿਆ। ਸਗੋਂ ਉਸ ਨੇ ਆਪਣੇ ਆਪ ਨੂੰ ਸੱਖਣਾ ਕਰਕੇ ਦਾਸ ਦਾ ਰੂਪ ਧਾਰਿਆ ਅਤੇ ਮਨੁੱਖਾਂ ਦੀ ਸੂਰਤ ਵਿੱਚ ਜੰਮਿਆ ਅਤੇ ਮਨੁੱਖ ਦੀ ਸ਼ਕਲ ਵਿੱਚ ਪ੍ਰਗਟ ਹੋ ਕੇ ਆਪਣੇ ਆਪ ਨੂੰ ਨੀਵਿਆਂ ਕੀਤਾ ਅਤੇ ਮੌਤ ਤਾਈਂ ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ।

ਜਦੋਂ ਯਿਸੂ ਮਸੀਹ ਨੇ ਕਿਸ਼ਤੀ ਵਿੱਚ ਖਲੋ ਕੇ ਉਨ੍ਹਾਂ ਤੱਤਾਂ ਨੂੰ ਕਿਹਾ, "ਸ਼ਾਂਤ ਹੋ ਜਾਓ।" ਉਸ ਸਥਾਨ ਤੇ ਵੱਡੀ ਸ਼ਾਂਤੀ ਹੋ ਗਈ ਸੀ। ਇਹ ਅਧਿਕਾਰ ਸੀ।

ਮੌਤ ਦੇ ਦੁਆਰਾ, ਯਿਸੂ ਮਸੀਹ ਨੇ ਸ਼ੈਤਾਨ ਨੂੰ ਹਰਾ ਦਿੱਤਾ ਅਤੇ ਕੁੰਜੀਆਂ ਵਾਪਸ ਲੈ ਲਈਆਂ, ਅਤੇ ਉਹ ਕੁੰਜੀਆਂ ਵਿਸ਼ਵਾਸੀਆਂ ਨੂੰ ਦੇ ਦਿੱਤੀਆਂ, ਜੋ ਉਸਦੀ ਦੇਹੀ, ਅਤੇ ਉਸਦਾ ਮੰਦਿਰ ਹਨ।

ਮੱਤੀ 16:19 "ਮੈਂ ਸਵਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਗਾ ਸਵਰਗ ਵਿੱਚ ਬੰਨ੍ਹਿਆ ਜਾਵੇਗਾ ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸਵਰਗ ਵਿੱਚ ਖੋਲ੍ਹਿਆ ਜਾਵੇਗਾ।"

ਯਿਸੂ ਨੇ ਕਿਹਾ ਕਿ ਉਹ ਇੱਕ ਮੰਦਿਰ ਬਣਾਉਣ ਵਾਲਾ ਹੈ ਅਤੇ ਪਤਾਲ ਦੇ ਦਰਵਾਜ਼ੇ ਉਸ ਉੱਤੇ ਕਦੀ ਵੀ ਪ੍ਰਬਲ ਨਹੀਂ ਹੋ ਸਕਦੇ ਹਨ। ਯਿਸੂ ਨੇ ਕਿਹਾ ਕਿ ਜੋ ਅਸੀਂ ਇਸ ਧਰਤੀ ਉੱਤੇ ਬੰਨ੍ਹ ਦਿਆਂਗੇ ਉਹ ਅਕਾਸ਼ ਵਿੱਚ ਬੱਝ ਜਾਵੇਗਾ ਅਤੇ ਜੋ ਕੁਝ ਅਸੀਂ ਧਰਤੀ ਉੱਤੇ ਖੋਲ੍ਹ ਦਿਆਂਗੇ ਉਹ ਅਕਾਸ਼ ਉੱਤੇ ਖੁੱਲ੍ਹ ਜਾਵੇਗਾ।

ਯਿਸੂ ਮਸੀਹ ਨੇ ਇਸ ਸੌਂਪੀ ਹੋਈ ਸਮਰੱਥ ਨੂੰ ਮਰਕੁਸ ਦੀ ਇੰਜ਼ੀਲ ਵਿੱਚ ਸਮਝਾਇਆ।

ਮਰਕੁਸ 13:34 ਇਹ ਇੱਕ ਪਰਦੇਸ ਗਏ ਹੋਏ ਮਨੁੱਖ ਵਰਗਾ ਹੈ ਜਿਹ ਨੇ ਘਰੋਂ ਜਾਂਦੇ ਵੇਲੇ ਆਪਣੇ ਨੌਕਰਾਂ ਨੂੰ ਇਖ਼ਤਿਆਰ ਅਤੇ ਹਰੇਕ ਨੂੰ ਉਹ ਦਾ ਕੰਮ ਦਿੱਤਾ ਅਤੇ ਦਰਬਾਨ ਨੂੰ ਹੁਕਮ ਕੀਤਾ ਭਈ ਜਾਗਦਾ ਰਹੁ।

ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਅਸੀਂ ਪ੍ਰਾਰਥਨਾ ਦੀ ਸਮਰੱਥ ਅਤੇ ਅਧਿਕਾਰ ਨੂੰ ਧਰਤੀ ਉੱਤੇ ਕੰਮ ਕਰਨ ਲਈ ਖੋਲਦੇ ਹਾਂ। ਸਵਰਗ ਵਿੱਚ, ਸਾਰਾ ਅਧਿਕਾਰ ਪਰਮੇਸ਼ੁਰ ਕੋਲ ਹੈ, ਪਰ ਧਰਤੀ ਉੱਤੇ, ਉਸਨੇ ਆਪਣਾ ਅਧਿਕਾਰ ਕਲੀਸਿਆ ਨੂੰ ਸੌਂਪਿਆ ਹੋਇਆ ਹੈ-ਤੁਹਾਨੂੰ ਅਤੇ ਮੈਨੂੰ।

ਇਸ ਗ੍ਰਹਿ ਵਿੱਚ ਜੋ ਕੰਮ ਕਰਦਾ ਹੈ ਉਹ ਜ਼ਰੂਰ ਉਨ੍ਹਾਂ ਲੋਕਾਂ ਕੋਲੋਂ ਆਉਂਦਾ ਹੈ ਜੋ ਯਿਸੂ ਮਸੀਹ ਵਿੱਚ ਹਨ।

ਅਜ਼ਾਦ ਮਰਜ਼ੀ

ਬਿਲਕੁਲ ਜਿਵੇਂ ਪਰਮੇਸ਼ੁਰ ਨੇ ਮਨੁੱਖ ਜਾਤੀ ਨੂੰ ਇਸ ਧਰਤੀ ਉੱਤੇ ਰਾਜ ਅਤੇ ਅਧਿਕਾਰ ਦਿੱਤਾ ਹੈ, ਉਸੇ ਤਰ੍ਹਾਂ ਉਸਨੇ ਉਨ੍ਹਾਂ ਨੂੰ ਅਜ਼ਾਦ ਮਰਜ਼ੀ ਵੀ ਦਿੱਤੀ ਹੈ। ਅਤੇ ਜਿਸ ਤਰ੍ਹਾਂ ਪਰਮੇਸ਼ੁਰ ਉਸ ਅਧਿਕਾਰ ਦੇ ਖੇਤਰ ਨੂੰ ਭੰਗ ਨਹੀਂ ਕਰਦਾ ਜੋ ਉਸਨੇ ਮਨੁੱਖਾਂ ਨੂੰ ਸੌਂਪਿਆ ਹੈ ਉਸੇ ਤਰ੍ਹਾਂ, ਉਹ ਸਾਡੀ ਅਜ਼ਾਦ ਮਰਜ਼ੀ ਵਿੱਚ ਦਖ਼ਲ ਨਹੀਂ ਦੇਵੇਗਾ। ਸਧਾਰਨ ਰੂਪ ਵਿੱਚ ਅਜ਼ਾਦ ਮਰਜ਼ੀ ਦਾ ਅਰਥ ਹੈ ਚੁਣਨ ਦਾ ਅਧਿਕਾਰ। ਆਦਮ ਅਤੇ ਹੱਵਾਹ ਨੂੰ ਪਰਮੇਸ਼ੁਰ ਦੇ ਆਗਿਆਕਾਰੀ ਬਣਨ ਜਾਂ ਨਾ ਬਣਨ ਦੀ ਆਪਣੀ ਮਰਜ਼ੀ ਸੀ।

ਪਰਮੇਸ਼ੁਰ ਨੇ ਉਸ ਅਧਿਕਾਰ ਨੂੰ ਜੋ ਉਸਨੇ ਆਦਮ ਅਤੇ ਹੱਵਾਹ ਦੇ ਰਾਹੀਂ ਸਾਰੀ ਮਨੁੱਖ ਜਾਤੀ ਨੂੰ ਸੌਂਪਿਆ ਹੋਇਆ ਹੈ। ਸਾਡੇ ਕੋਲ ਚੌਣ ਕਰਨ ਦਾ ਅਧਿਕਾਰ ਹੈ। ਅਸੀਂ ਪਰਮੇਸ਼ੁਰ ਉੱਤੇ ਵਿਸ਼ਵਾਸ ਕਰ ਵੀ ਸਕਦੇ ਹਾਂ ਨਾ ਵੀ ਕਰ ਸਕਦੇ ਹਾਂ। ਅਸੀਂ ਉਸਨੂੰ ਪਿਆਰ ਕਰ ਸਕਦੇ ਹਾਂ, ਜਾਂ ਨਹੀਂ ਕਰ ਸਕਦੇ। ਅਸੀਂ ਉਸਦੀ ਸੇਵਾ ਕਰ ਸਕਦੇ ਹਾਂ, ਜਾਂ ਨਹੀਂ ਕਰ ਸਕਦੇ। ਹਰ ਦਿਨ ਹਰ ਮਿੰਟ ਜੋ ਅਸੀਂ ਕਰਦੇ ਹਾਂ ਉਸਦੀਆਂ ਚੌਣਾਂ ਸਾਡੀਆਂ ਆਪਣੀਆਂ ਹੁੰਦੀਆਂ ਹਨ। ਇਨ੍ਹਾਂ ਚੌਣਾਂ ਦੇ ਕਾਰਨ ਜੋ ਕੁਝ ਵੀ ਹੁੰਦਾ ਹੈ ਉਸਦੇ ਜ਼ਿੰਮੇਵਾਰ ਅਸੀਂ ਖ਼ੁਦ ਹੁੰਦੇ ਹਾਂ।

ਅਕਸਰ ਅਸੀਂ ਵਿਸ਼ਵਾਸੀਆਂ ਦੇ ਕੋਲੋਂ ਇਹ ਪ੍ਰਸ਼ਨ ਸੁਣਦੇ ਹਾਂ "ਇਹ ਕਿਵੇਂ ਹੋ ਗਿਆ ਕਿ ਪਰਮੇਸ਼ੁਰ ਨੇ ਇੰਨਾ ਦੁੱਖ ਭਰਿਆ ਕੰਮ ਹੋਣ ਦਿੱਤਾ ਹੈ?"

ਪਰਮੇਸ਼ੁਰ ਨੇ ਅਜਿਹਾ ਹੋਣ ਦੀ ਇਜ਼ਾਜਤ ਨਹੀਂ ਦਿੱਤੀ ਸੀ। ਅਸੀਂ ਦਿੱਤੀ ਸੀ।

ਇਹ ਸੱਚਾਈ ਦੋਸ਼ ਨਹੀਂ ਲਿਆਉਂਦੀ। ਇਹ ਇਸ ਲਈ ਹੈ ਕਿ ਅਜ਼ਾਦੀ ਲਿਆਵੇ। ਬੁਰਾਈ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਢੇਰਾਂ ਦੇ ਰੂਪ ਵਿੱਚ ਫੈਲੀ ਹੋਈ ਹੈ। ਬੁਰਾਈ ਇੰਨੀ ਹੱਦ ਤੱਕ ਵੱਧ ਚੁੱਕੀ ਹੈ ਕਿ ਸੱਚਾਈ ਤਾਂ ਲੱਗਭੱਗ ਦੱਬ ਚੁੱਕੀ ਹੈ। ਪਰ ਪਰਮੇਸ਼ੁਰ ਦਾ ਵਚਨ ਹੁਣ ਤੱਕ ਸੱਚ ਹੈ। ਇਸ ਸੰਸਾਰ ਦਾ ਅਧਿਕਾਰ ਸਾਡੇ ਨਾਲ ਸੰਬੰਧਿਤ ਹੈ। ਯਿਸੂ ਨੇ ਦੁਬਾਰਾ ਸਾਡੇ ਲਈ ਇਸਨੂੰ ਵਾਪਸ ਲਿਆ ਸੀ। ਉਸਨੇ ਸਾਨੂੰ ਅਧਿਕਾਰ ਦੀਆਂ ਕੁੰਜੀਆਂ ਦਿੱਤੀਆਂ ਹਨ। ਸ਼ੈਤਾਨ ਜਾਂ ਉਸਦੀਆਂ ਦੁਸ਼ਟ ਆਤਮਾਵਾਂ ਕੇਵਲ ਉਹੀ ਕਰਦੀਆਂ ਹਨ ਜੋ ਮਨੁੱਖ ਜਾਤੀ ਉਨ੍ਹਾਂ ਨੂੰ ਕਰਨ ਦਿੰਦੀ ਹੈ। ਹੁਣ ਸਮਾਂ ਹੈ ਕਿ ਅਸੀਂ ਯਿਸੂ ਮਸੀਹ ਵਿੱਚ ਦਲੇਰ ਹੋ ਜਾਈਏ। ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਪ੍ਰਾਰਥਨਾ ਕਰਨਾ ਸਿੱਖੀਏ ਅਤੇ ਆਪਣੀ ਪੁਨਰ-ਸਥਾਪਿਤ ਸਮਰੱਥ ਨੂੰ ਅਧਿਕਾਰ ਵਿੱਚ ਲਈਏ।

ਉਸਦੇ ਨਾਮ ਵਿੱਚ

ਸਾਡਾ ਸਥਾਨ ਅਤੇ ਅਧਿਕਾਰ ਪੂਰੀ ਤੌਰ ਨਾਲ ਯਿਸੂ ਮਸੀਹ ਵਿੱਚ ਹੈ। ਇਸ ਲਈ ਸਾਨੂੰ ਹਮੇਸ਼ਾ ਯਿਸੂ ਮਸੀਹ ਦੇ ਨਾਮ ਵਿੱਚ ਹੀ ਪਿਤਾ ਕੋਲ ਪ੍ਰਾਰਥਨਾ ਕਰਨੀ ਚਾਹੀਦੀ ਹੈ। ਅਸੀਂ ਯਿਸੂ ਮਸੀਹ ਵਿੱਚ ਸਵੀਕਾਰ ਕੀਤੇ ਜਾਂਦੇ ਹਾਂ; ਅਸੀਂ ਉਸ ਵਿੱਚ ਪਿਆਰੇ ਹਾਂ; ਅਸੀਂ ਉਸ ਵਿੱਚ ਮਿਲਾਏ ਗਏ ਉੱਤਰਾਧਿਕਾਰੀ ਹਾਂ। ਜੋ ਕੁਝ ਵੀ ਸਾਡੇ ਕੋਲ ਹੈ ਉਹ ਯਿਸੂ ਮਸੀਹ ਵਿੱਚ ਹੈ।

ਯੂਹੰਨਾ 14:6,13 ਯਿਸੂ ਨੇ ਉਹ ਨੂੰ ਆਖਿਆ, "ਰਾਹ ਅਤੇ ਸੱਚਿਆਈ ਅਤੇ ਜੀਉਣ ਮੈਂ ਹਾਂ। ਕੋਈ ਮੇਰੇ ਵਸੀਲੇ ਬਿਨ੍ਹਾਂ ਪਿਤਾ ਦੇ ਕੋਲ ਨਹੀਂ ਆਉਂਦਾ।

ਅਤੇ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ ਮੈਂ ਸੋਈ ਕਰਾਂਗਾ ਤਾਂ ਜੋ ਪੁੱਤਰ ਵਿੱਚ ਪਿਤਾ ਦੀ ਵਡਿਆਈ ਹੋਵੇ।"

Φ ਸਾਰ – ਬੁਨਿਆਦ ਨੂੰ ਸਮਝਣਾ

ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਬਣਾਇਆ ਤਾਂ ਕਿ ਉਨ੍ਹਾਂ ਦੀ ਉਸ ਨਾਲ ਸੰਗਤੀ ਹੋਵੇ। ਦਿਨ ਦੇ ਠੰਡੇ ਸਮੇਂ ਉਹ ਉਨ੍ਹਾਂ ਨਾਲ ਕੇਵਲ ਗੱਲਬਾਤ ਕਰਨ ਲਈ ਉੱਥੇ ਆਉਂਦਾ ਸੀ, ਪਰ ਉਹ ਮਹਾਨ ਸੰਬੰਧ ਉਸ ਸਮੇਂ ਟੁੱਟ ਗਿਆ ਜਦੋਂ ਆਦਮ ਅਤੇ ਹੱਵਾਹ ਨੇ ਪਾਪ ਕੀਤਾ। ਜੋ ਅਧਿਕਾਰ ਉਨ੍ਹਾਂ ਨੂੰ ਸੌਂਪਿਆ ਗਿਆ ਸੀ ਉਹ ਸ਼ੈਤਾਨ ਨੂੰ ਭੇਂਟ ਚੜ੍ਹ ਗਿਆ ਜੋ ਬਾਅਦ ਵਿੱਚ ਇਸ ਸੰਸਾਰ ਦਾ ਨਿਆਈਂ ਬਣ ਗਿਆ। ਪਰਮੇਸ਼ੁਰ ਨੂੰ ਇਸ ਗ੍ਰਹਿ ਨੂੰ ਛੱਡਣਾ ਪਿਆ ਅਤੇ ਉਸਨੇ ਆਪਣਾ ਮੂੰਹ ਇਸ ਤੋਂ ਪਰ੍ਹਾਂ ਕਰ ਲਿਆ ਅਤੇ ਇਸ ਵਿੱਚ ਜੋ ਕੁਝ ਵੀ ਸੀ ਸਭ ਕੁਝ ਸ਼ੈਤਾਨ ਦੇ ਵੱਸ ਵਿੱਚ ਆ ਗਿਆ-ਪਰ ਉਹ ਨਹੀਂ।

ਪਰਮੇਸ਼ੁਰ ਦਾ ਪੁੱਤਰ, ਯਿਸੂ, ਸ਼ੈਤਾਨ ਕੋਲੋਂ ਉਹ ਸਭ ਕੁਝ ਵਾਪਸ ਲੈਣ ਲਈ ਆਇਆ ਜੋ ਮਨੁੱਖ-ਜਾਤੀ ਗੁਆ ਚੁੱਕੀ ਸੀ। ਯਿਸੂ ਮਸੀਹ ਨੇ ਪਰਮੇਸ਼ੁਰ ਹੋਣ ਦੇ ਆਪਣੇ ਸਾਰੇ ਅਧਿਕਾਰ ਇੱਕ ਪਾਸੇ ਰੱਖ ਦਿੱਤੇ ਅਤੇ ਅੰਤਿਮ ਆਦਮ ਦੇ ਰੂਪ ਵਿੱਚ ਇਸ ਧਰਤੀ ਤੇ ਆਇਆ। ਉਹ ਇਸ ਧਰਤੀ ਤੇ ਉਸ ਅਧਿਕਾਰ ਨਾਲ ਚੱਲਿਆ ਜਿਸ ਅਧਿਕਾਰ ਨਾਲ ਇਸਤਰੀਆਂ ਅਤੇ ਪੁਰਖਾਂ ਨੂੰ ਚੱਲਣ ਲਈ ਬਣਾਇਆ ਗਿਆ ਸੀ। ਉਹ ਪਾਪ ਸਜ਼ਾ ਨੂੰ ਚੁੱਕਣ ਲਈ ਸਲੀਬ ਉੱਤੇ ਮੋਇਆ। ਉਸਦੇ ਬਲੀਦਾਨ ਦੇ ਦੁਆਰਾ ਅਸੀਂ ਚੁਣੇ ਹੋਏ ਵੰਸ਼ ਦਾ ਇੱਕ ਹਿੱਸਾ ਬਣੇ ਹਾਂ-ਉਸ ਵਿੱਚ ਚੁਣੇ ਹੋਏ ਲੋਕ। ਉਸ ਵਿੱਚ, ਅਸੀਂ ਰਾਜੇ ਅਤੇ ਯਾਜਕ ਬਣੇ ਹਾਂ। ਉਸਨੇ ਸਾਨੂੰ ਆਪਣਾ ਨਾਮ ਅਤੇ ਆਪਣਾ ਅਧਿਕਾਰ ਦਿੱਤਾ ਹੈ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਇਖ਼ਤਿਆਰ, ਅਧਿਕਾਰ ਸੌਂਪਣਾ, ਅਜ਼ਾਦ ਇੱਛਾ-ਸ਼ਕਤੀ ਨੂੰ ਆਪਣੇ ਸ਼ਬਦਾਂ ਵਿੱਚ ਵਰਨਣ ਕਰੋ।

2. ਇਸ ਖੇਤਰ ਵਿੱਚ ਹਰੇਕ ਵਿਸ਼ਵਾਸੀ ਨੂੰ ਪਰਮੇਸ਼ੂਰ ਦੀ ਹਜ਼ੂਰੀ ਵਿੱਚ ਆ ਕੇ ਬੇਨਤੀ ਕਰਨ ਦਾ ਅਧਿਕਾਰ ਹੈ?

3. ਜਦ ਪਰਮੇਸ਼ੁਰ ਵਿਅਕਤੀ ਨੂੰ ਜ਼ਰੂਰਤ ਵਿੱਚ ਵੇਖਦਾ ਹੈ ਤਾਂ ਉਸ ਦੇ ਬਿਨ੍ਹਾਂ ਆਖੇ ਨਿਰਧਾਰਿਤ ਸਮੇਂ ਤੇ ਨਿਸ਼ਚਿਤ ਬਰਕਤ ਕਿਉਂ ਭੇਜਦਾ ਹੈ?

ਅਧਿਆਇ ਤਿੰਨ

ਯਿਸੂ ਨੇ ਪ੍ਰਾਰਥਨਾ ਕੀਤੀ

ਮਸੀਹ ਯਾਤਰਾ ਦੇ ਹਰ ਖੇਤਰ ਵਿੱਚ ਯਿਸੂ ਮਸੀਹ ਸਾਡੀ ਉਦਾਹਰਨ ਹੈ। ਇਹ ਜਾਨਣ ਲਈ ਕਿ ਸਾਨੂੰ ਕੀ ਕਰਨਾ ਚਾਹੀਦਾ ਹੈ, ਸਾਨੂੰ ਇਸ ਗੱਲ ਦਾ ਅਧਿਐਨ ਕਰਨਾ ਚਾਹੀਦਾ ਹੈ ਕਿ ਉਸਨੇ ਕੀ ਕੀਤਾ ਸੀ। ਯਿਸੂ ਮਸੀਹ ਦੀ ਸ਼ੁਰੂਆਤ ਦੀ ਸੇਵਕਾਈ ਵਿੱਚ, ਲੋਕ ਯਿਸੂ ਕੋਲ ਆਉਂਦੇ ਸਨ। ਉਹ ਉਸ ਕੋਲੋਂ ਮੰਗਦੇ ਸਨ ਅਤੇ ਉਹ ਉਨ੍ਹਾਂ ਦੀਆਂ ਲੋੜਾਂ ਨੂੰ ਪੂਰਾ ਕਰਦਾ ਸੀ। ਉਹ ਉਨ੍ਹਾਂ ਨੂੰ ਸ਼ੈਤਾਨ ਦੇ ਬੰਧਨਾਂ ਵਿੱਚੋਂ ਅਜ਼ਾਦ ਕਰਦਾ ਸੀ। ਉਹ ਉਨ੍ਹਾਂ ਦੇ ਸਰੀਰਾਂ ਨੂੰ ਚੰਗਾ ਕਰਦਾ ਸੀ।

ਯਿਸੂ ਮਸੀਹ ਇੱਕ ਪ੍ਰਾਰਥਨਾ ਕਰਨ ਵਾਲਾ ਆਦਮੀ ਸੀ। ਉਸਨੇ ਪ੍ਰਾਰਥਨਾ ਕੀਤੀ ਅਤੇ ਉਸਨੇ ਆਪਣੇ ਚੇਲਿਆਂ ਨੂੰ ਵੀ ਪ੍ਰਾਰਥਨਾ ਕਰਨ ਦੀ ਸਿੱਖਿਆ ਦਿੱਤੀ ਸੀ।

ਯਿਸੂ ਮਸੀਹ ਨੇ ਜ਼ਰੂਰਤਮੰਦ ਲੋਕਾਂ ਦੀਆਂ ਦੁਆਵਾਂ ਦਾ ਉੱਤਰ ਦਿੱਤਾ

ਇਸ ਧਰਤੀ ਉੱਤਲੀ ਆਪਣੀ ਸੇਵਕਾਈ ਦੇ ਸਮੇਂ ਉਹ ਜਿੱਥੇ ਕਿਤੇ ਵੀ ਗਿਆ ਉਸਨੇ ਉਨ੍ਹਾਂ ਸਾਰੇ ਲੋਕਾਂ ਦੀਆਂ ਬੇਨਤੀਆਂ ਦੇ ਉੱਤਰ ਦਿੱਤੇ। ਇਨ੍ਹਾਂ ਉੱਤਰਾਂ ਵਿੱਚ ਸਾਡੇ ਲਈ ਇੱਕ ਮਹਾਨ ਉਤਸ਼ਾਹ ਹੈ। ਅਸੀਂ ਇਨ੍ਹਾਂ ਪ੍ਰਾਰਥਨਾਵਾਂ ਵਿੱਚੋਂ ਸਿਰਫ਼ ਕੁਝ ਹੀ ਲਵਾਂਗੇ ਅਤੇ ਉਨ੍ਹਾਂ ਦੇ ਉੱਤਰਾਂ ਉੱਤੇ ਗੌਰ ਕਰਾਂਗੇ।

ਮੈਂ ਚਾਹੁੰਦਾ ਹਾਂ

ਇੱਕ ਕੋੜ੍ਹੀ ਯਿਸੂ ਕੋਲ ਆਇਆ ਅਤੇ ਕਿਹਾ, "ਜੇ ਤੂੰ ਚਾਹੇਂ, ਤਾਂ ਮੈਨੂੰ ਸ਼ੁੱਧ ਕਰ ਸਕਦਾ ਹੈ।"

ਯਿਸੂ ਮਸੀਹ ਦਾ ਉੱਤਰ ਕਿੰਨਾ ਹੀ ਉਤੇਜਨਾ ਭਰਿਆ ਹੈ, "ਮੈਂ ਚਾਹੁੰਦਾ ਹਾਂ!" ਜਦੋਂ ਉਸਨੇ ਕਿਹਾ, "ਮੈਂ ਚਾਹੁੰਦਾ ਹਾਂ! ਤਾਂ ਉਸਨੇ ਪਿਤਾ ਦੇ ਦਿਲ ਨੂੰ ਦਰਸਾਇਆ ਸੀ।

ਮਰਕੁਸ 1:40-42 ਇੱਕ ਕੋੜ੍ਹੀ ਨੇ ਉਹ ਦੇ ਕੋਲ ਆਣ ਕੇ ਉਹ ਦੀ ਮਿੰਨਤ ਕੀਤੀ ਅਰ ਉਹ ਦੇ ਅੱਗੇ ਗੋਡੇ ਨਿਵਾ ਕੇ ਉਸ ਨੂੰ ਆਖਿਆ, "ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸਕਦਾ ਹੈਂ।"

ਅਤੇ ਉਸ ਨੇ ਤਰਸ ਖਾ ਕੇ ਆਪਣਾ ਹੱਥ ਲੰਮਾ ਕੀਤਾ ਅਰ ਉਹ ਨੂੰ ਛੋਹ ਕੇ ਕਿਹਾ, "ਮੈਂ ਚਾਹੁੰਦਾ ਹਾਂ ਤੂੰ ਸ਼ੁੱਧ ਹੋ ਜਾਹ।"

ਤਾਂ ਝੱਟ ਉਹ ਦਾ ਕੋੜ੍ਹ ਜਾਂਦਾ ਰਿਹਾ ਅਤੇ ਉਹ ਸ਼ੁੱਧ ਹੋ ਗਿਆ।

ਜੇਕਰ ਸਾਡੀ ਪ੍ਰਾਰਥਨਾ ਚੰਗਾਈ ਲਈ ਹੈ, ਤਾਂ ਪਰਮੇਸ਼ੁਰ ਹੁਣ ਵੀ ਚਾਹੁੰਦਾ ਹੈ।

ਕੇਵਲ ਵਿਸ਼ਵਾਸ ਕਰੋ

ਸਾਡੇ ਕੋਲ ਇੱਕ ਹੋਰ ਉਦਾਹਰਨ ਹੈ ਚੰਗਾਈ ਦੀ ਪ੍ਰਾਰਥਨਾ ਦਾ ਇੱਕ ਉੱਤਰ ਜਦੋਂ ਮੰਦਿਰ ਦਾ ਇੱਕ ਪ੍ਰਧਾਨ ਯਿਸੂ ਦੇ ਪੈਰੀਂ ਪਿਆ ਅਤੇ ਬੜੀ ਨਿਮਰਤਾ ਨਾਲ ਆਪਣੀ ਪੁੱਤਰੀ ਲਈ ਬੇਨਤੀ ਕੀਤੀ ਸੀ। ਇੱਥੋਂ ਤੱਕ ਕਿ ਜਦੋਂ ਉਹ ਕਹਿ ਰਿਹਾ ਸੀ, ਤਾਂ ਸਭ ਤੋਂ ਬੁਰੀ ਖ਼ਬਰ ਆਈ। "ਹੁਣ ਬਹੁਤ ਦੇਰ ਹੋ ਚੁੱਕੀ ਹੈ। ਤੁਹਾਡੀ ਪੁੱਤਰੀ ਮਰ ਗਈ ਹੈ।"

ਪਰ ਯਿਸੂ ਨੇ ਕਿਹਾ, "ਡਰ ਨਾ, ਕੇਵਲ ਵਿਸ਼ਵਾਸ ਰੱਖ।" ਸਾਡੇ ਲਈ ਕਿੰਨੀ ਵੱਡੀ ਚੁਨੌਤੀ ਹੈ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਅਤੇ ਸਾਰੀ ਆਸ ਟੁੱਟ ਜਾਂਦੀ ਹੈ, ਤਾਂ ਵੀ ਸਾਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ।

ਮਰਕੁਸ 5:22,23, 35-42 ਅਤੇ ਸਮਾਜ ਦੇ ਸਰਦਾਰਾਂ ਵਿੱਚੋਂ ਜੈਰੁਸ ਨਾਮੇ ਇੱਕ ਮਨੁੱਖ ਆਇਆ ਅਤੇ ਉਹ ਨੂੰ ਵੇਖ ਕੇ ਉਹ ਦੇ ਪੈਰੀਂ ਪੈ ਗਿਆ, ਅਤੇ ਉਹ ਦੀ ਬਹੁਤ

ਮਿੰਨਤ ਕੀਤੀ ਜੋ "ਮੇਰੀ ਛੋਟੀ ਕਾਕੀ ਮਰਨਾਊ ਹੈ, ਚੱਲ ਕੇ ਉਹ ਦੇ ਉੱਤੇ ਆਪਣੇ ਹੱਥ ਰੱਖ ਤਾਂ ਜੋ ਉਹ ਚੰਗੀ ਹੋ ਜਾਵੇ ਅਤੇ ਜੀਉਂਦੀ ਰਹੇ।"

ਉਹ (ਯਿਸੂ) ਅਜੇ ਬੋਲਦਾ ਹੀ ਸੀ ਕਿ ਸਮਾਜ ਦੇ ਸਰਦਾਰ ਦੇ ਘਰੋਂ ਲੋਕਾਂ ਨੇ ਆਣ ਕੇ ਆਖਿਆ, "ਤੇਰੀ ਧੀ ਮਰ ਗਈ, ਗੁਰੂ ਨੂੰ ਕਿਉਂ ਹੋਰ ਖੇਚਲ ਪਾਉਂਦਾ ਹੈਂ?" ਪਰ ਯਿਸੂ ਨੇ ਉਸ ਗੱਲ ਦੀ ਜੋ ਓਹ ਆਖਦੇ ਸਨ ਪਰਵਾਹ ਨਾ ਕਰ ਕੇ ਸਮਾਜ ਦੇ ਸਰਦਾਰ ਨੂੰ ਆਖਿਆ, "ਨਾ ਡਰ ਕੇਵਲ ਨਿਹਚਾ ਕਰ।"

ਤਾਂ ਉਸ ਨੇ ਪਤਰਸ ਅਤੇ ਯਾਕੂਬ ਅਰ ਯਾਕੂਬ ਦੇ ਭਰਾ ਯੂਹੰਨਾ ਦੇ ਬਿਨ੍ਹਾਂ ਹੋਰ ਕਿਸੇ ਨੂੰ ਆਪਣੇ ਨਾਲ ਆਉਣ ਨਾ ਦਿੱਤਾ, ਅਤੇ ਜਦ ਓਹ ਸਮਾਜ ਦੇ ਸਰਦਾਰ ਦੇ ਘਰ ਪਹੁੰਚੇ ਤਦ ਉਸ ਨੇ ਰੌਲਾ ਪਾਉਂਦੇ ਹੋਏ ਅਤੇ ਲੋਕਾਂ ਨੂੰ ਬਹੁਤ ਰੋਂਦੇ ਕੁਰਲਾਉਂਦੇ ਵੇਖਿਆ, ਅਤੇ ਅੰਦਰ ਜਾ ਕੇ ਉਨ੍ਹਾਂ ਨੂੰ ਆਖਿਆ, "ਤੁਸੀਂ ਕਾਹ ਨੂੰ ਰੌਲਾ ਪਾਉਂਦੇ ਅਤੇ ਰੋਂਦੇ ਹੋ? ਕੁੜੀ ਮਰੀ ਨਹੀਂ ਪਰ ਸੁੱਤੀ ਹੋਈ ਹੈ।" ਤਾਂ ਓਹ ਉਸ ਉੱਤੇ ਹੱਸੇ।

ਪਰ ਉਹ ਸਭਨਾਂ ਨੂੰ ਬਾਹਰ ਕੱਢ ਕੇ ਕੁੜੀ ਦੇ ਮਾਂ ਪਿਉ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਿੱਥੇ ਕੁੜੀ ਸੀ ਉੱਥੇ ਅੰਦਰ ਗਿਆ। ਅਤੇ ਉਸ ਨੇ ਕੁੜੀ ਦਾ ਹੱਥ ਫੜ ਕੇ ਉਹ ਨੂੰ ਕਿਹਾ, "ਤਲੀਥਾ ਕੂਮੀ" ਜਿਹ ਦਾ ਅਰਥ ਇਹ ਹੈ ਕਿ ਹੇ ਕੰਨਿਆ, "ਮੈਂ ਤੈਨੂੰ ਆਖਦਾ ਹਾਂ, ਉੱਠ!"

ਉਹ ਕੁੜੀ ਝੱਟ ਉੱਠ ਖੜੀ ਹੋਈ ਅਤੇ ਤੁਰਨ ਫਿਰਨ ਲੱਗੀ ਕਿਉਂ ਜੋ ਉਹ ਬਾਰਾਂ ਵਰਿਹਾਂ ਦੀ ਸੀ ਅਤੇ ਓਵੇਂ ਲੋਕ ਵੱਡੇ ਅਚੰਭੇ ਵਿੱਚ ਆਣ ਕੇ ਹੈਰਾਨ ਹੋ ਗਏ।

ਤੁਹਾਡੇ ਵਿਸ਼ਵਾਸ ਦੇ ਅਨੁਸਾਰ।

ਦੋ ਅੰਨ੍ਹੇ ਆਦਮੀ ਇਹ ਜਾਣਦੇ ਸਨ ਕਿ ਯਿਸੂ ਦੇ ਸਾਹਮਣੇ ਰੌਣਾ ਹੈ।

ਮੱਤੀ 9:27-30 ਓ ਜਾਂ ਯਿਸੂ ਉੱਥੋਂ ਤੁਰਿਆ ਤਾਂ ਦੋ ਅੰਨ੍ਹੇ ਉਹ ਦੇ ਮਗਰ ਹਾਕਾਂ ਮਾਰਦੇ ਆਏ ਅਤੇ ਬੋਲੇ, "ਹੇ ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ।"

ਅਤੇ ਜਾਂ ਉਹ ਘਰ ਵਿੱਚ ਗਿਆ ਤਾਂ ਓਹ ਅੰਨ੍ਹੇ ਉਹ ਦੇ ਕੋਲ ਆਏ ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, "ਭਲਾ, ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ ਸਕਦਾ ਹਾਂ?" ਉਨ੍ਹਾਂ ਉਹ ਨੂੰ ਆਖਿਆ, "ਹਾਂ, ਪ੍ਰਭੂ ਜੀ।"

ਤਦ ਉਹ ਉਨ੍ਹਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ, "ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ।" ਅਤੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ।

ਧਿਆਨ ਦਿਉ

ਦੋ ਅੰਨ੍ਹੇ ਆਦਮੀ ਰਸਤੇ ਦੇ ਕਿਨਾਰੇ ਭੀਖ ਮੰਗਣ ਲਈ ਬੈਠੇ ਸਨ। ਜਦੋਂ ਯਿਸੂ ਲੰਘ ਰਿਹਾ ਸੀ, ਉਹ ਚਿੱਲਾ ਉੱਠੇ, "ਹੇ ਪ੍ਰਭੂ, ਸਾਡੇ ਉੱਤੇ ਦਯਾ ਕਰ!"

ਯਿਸੂ ਨੇ ਉੱਤਰ ਦਿੱਤਾ, "ਤੂੰ ਕੀ ਚਾਹੁੰਦਾ ਹੈਂ ਕਿ ਮੈਂ ਤੇਰੇ ਲਈ ਕਰਾਂ?" ਕੀ ਉਹ ਪੈਸੇ ਮੰਗ ਰਹੇ ਸਨ ਜਾਂ ਉਹ ਚੰਗਾਈ ਮੰਗ ਰਹੇ ਸਨ?

ਮੱਤੀ 20:29-34 ਜਦ ਓਹ ਯਰੀਹੋ ਤੋਂ ਨਿਕਲਦੇ ਸਨ ਤਦ ਵੱਡੀ ਭੀੜ ਉਹ ਦੇ ਪਿੱਛੇ ਹੋ ਤੁਰੀ, ਅਤੇ ਵੇਖੋ ਕਿ ਦੋ ਅੰਨ੍ਹੇ ਜਿਹੜੇ ਸੜਕ ਦੇ ਕੰਢੇ ਬੈਠੇ ਸਨ ਤਾਂ ਇਹ ਸੁਣਿਆ ਜੋ ਯਿਸੂ ਲੰਘਿਆ ਜਾਂਦਾ ਹੈ ਉੱਚੀ ਦੇ ਕੇ ਬੋਲੇ, "ਹੇ ਪ੍ਰਭੂ, ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ!"

ਅਤੇ ਭੀੜ ਨੇ ਉਨ੍ਹਾਂ ਨੂੰ ਝਿੜਕਿਆ ਭਈ ਚੁੱਪ ਕਰ ਜਾਣ ਪਰ ਓਹ ਹੋਰ ਵੀ ਉੱਚੀ ਦੇ ਕੇ ਬੋਲੇ, "ਹੇ ਪ੍ਰਭੂ ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ!"

ਤਦ ਯਿਸੂ ਨੇ ਖੜਾ ਹੋ ਕੇ ਉਨ੍ਹਾਂ ਨੂੰ ਸੱਦਿਆ ਅਤੇ ਕਿਹਾ, "ਤੁਸੀਂ ਕੀ ਚਾਹੁੰਦੇ ਹੋ ਜੋ ਮੈਂ ਤੁਹਾਡੇ ਲਈ ਕਰਾਂ?"

ਉਨ੍ਹਾਂ ਉਸ ਨੂੰ ਆਖਿਆ, "ਪ੍ਰਭੂ ਜੀ, ਸਾਡੀਆਂ ਅੱਖਾਂ ਖੁੱਲ੍ਹ ਜਾਣ।"

ਅਤੇ ਯਿਸੂ ਨੇ ਤਰਸ ਖਾ ਕੇ ਉਨ੍ਹਾਂ ਦੀਆਂ ਅੱਖਾਂ ਨੂੰ ਛੋਹਿਆ ਅਤੇ ਓਹ ਝੱਟ ਸੁਜਾਖੇ ਹੋ ਗਏ ਅਤੇ ਉਹ ਦੇ ਮਗਰ ਤੁਰ ਪਏ।

ਧਿਆਨ ਦਿਓ ਜਦੋਂ ਉਨ੍ਹਾਂ ਦੇ ਆਸੇ-ਪਾਸੇ ਵਾਲਿਆਂ ਨੇ ਕਿਹਾ, "ਚੁੱਪ ਰਹੋ। ਉਸਨੂੰ ਜਾਣ ਦਿਓ", ਤਾਂ ਵੀ ਉਹ ਲਗਾਤਾਰ ਬੇਨਤੀ ਕਰਦੇ ਰਹੇ। ਭਾਵੇਂ, ਉਹ ਅਜੇ ਵੀ ਇੰਨੇ ਵਿਸ਼ੇਸ਼ ਨਹੀਂ ਹੋਏ ਸਨ। ਇਸ ਉਦਾਹਰਨ ਵਿੱਚ ਸਾਡੇ ਲਈ ਦੋ ਸੱਚਾਈਆਂ ਹਨ। ਸਾਨੂੰ ਲਗਾਤਾਰ ਪਰਮੇਸ਼ੁਰ ਅੱਗੇ ਆਪਣੀਆਂ ਲੋੜਾਂ ਲਈ ਚਿਲਾਉਣ ਦੀ ਲੋੜ ਹੈ ਇੱਥੋਂ ਤੱਕ ਕਿ ਭਾਵੇਂ ਦੂਸਰੇ ਕਹਿਣ ਚੁੱਪ ਹੋ ਜਾ, ਅਤੇ ਸਾਨੂੰ ਖਾਸ ਬਣਨ ਦੀ ਲੋੜ ਹੋਵੇ।

ਦੁਸ਼ਟ ਆਤਮਾ ਨੂੰ ਝਿੜਕਣਾ

ਮੱਤੀ 17:14-21 ਜਦ ਓਹ ਭੀੜ ਦੇ ਕੋਲ ਪਹੁੰਚੇ ਤਦ ਇੱਕ ਮਨੁੱਖ ਉਹ ਦੇ ਕੋਲ ਆਇਆ ਅਤੇ ਉਹ ਦੇ ਅੱਗੇ ਗੋਡੇ ਨਿਵਾ ਕੇ ਬੋਲਿਆ, ਪ੍ਰਭੂ ਜੀ ਮੇਰੇ ਪੁੱਤਰ ਉੱਤੇ ਦਯਾ ਕਰੋ ਕਿਉਂ ਜੋ ਉਹ ਮਿਰਗੀ ਦੇ ਮਾਰੇ ਬਹੁਤ ਦੁੱਖ ਪਾਉਂਦਾ ਹੈ। ਉਹ ਤਾਂ ਬਹੁਤ ਵਾਰੀ ਅੱਗ ਵਿੱਚ ਅਤੇ ਬਹੁਤ ਵਾਰੀ ਪਾਣੀ ਵਿੱਚ ਡਿੱਗ ਪੈਂਦਾ ਹੈ, ਅਤੇ ਮੈਂ ਉਸ ਨੂੰ ਤੁਹਾਡੇ ਚੇਲਿਆਂ ਕੋਲ ਲਿਆਇਆ ਸੀ ਪਰ ਉਹ ਉਸ ਨੂੰ ਚੰਗਾ ਨਾ ਕਰ ਸਕੇ।"

ਤਦ ਯਿਸੂ ਨੇ ਉੱਤਰ ਦਿੱਤਾ, "ਹੇ ਬੇਪਰਤੀਤ ਅਤੇ ਅੜਬ ਪੀੜ੍ਹੀ ਕਦ ਤੋੜੀ ਮੈਂ ਤੁਹਾਡੇ ਸੰਗ ਰਹਾਂਗਾ? ਕਦ ਤੋੜੀ ਤੁਹਾਡੀ ਸਹਾਂਗਾ? ਉਹ ਨੂੰ ਐਥੇ ਮੇਰੇ ਕੋਲ ਲਿਆ।" "ਤਾਂ ਯਿਸੂ ਨੇ ਉਹ ਨੂੰ ਝਿੜਕਿਆ ਅਤੇ ਭੂਤ ਉਸ ਵਿੱਚੋਂ ਨਿੱਕਲ ਗਿਆ ਅਤੇ ਮੁੰਡਾ ਉਸੇ ਘੜੀਓਂ ਚੰਗਾ ਹੋ ਗਿਆ।

ਤਦ ਚੇਲਿਆਂ ਨੇ ਇਕਾਂਤ ਵਿੱਚ ਯਿਸੂ ਦੇ ਕੋਲ ਆਣ ਕੇ ਆਖਿਆ, "ਕਿ ਅਸੀਂ ਉਹ ਨੂੰ ਕਿਉਂ ਨਾ ਕੱਢ ਸਕੇ?"

ਉਸ ਨੇ ਉਨ੍ਹਾਂ ਨੂੰ ਕਿਹਾ, "ਆਪਣੀ ਘੱਟ ਨਿਹਚਾ ਦੇ ਕਾਰਨ ਕਿਉਂ ਜੋ ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀਂ ਪਹਾੜ ਨੂੰ ਕਹੋਗੇ ਜੋ ਐਧਰੋਂ ਹੱਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।"

ਚੇਲਿਆਂ ਨੇ ਯਿਸੂ ਨੂੰ ਇਸ ਹਾਲਤ ਵਿੱਚ ਆਪਣੀ ਘੱਟ ਸਮਰੱਥ ਬਾਰੇ ਪੁੱਛਿਆ ਤਾਂ ਯਿਸੂ ਨੇ ਉਨ੍ਹਾਂ ਨੂੰ ਇਸਦਾ ਕਾਰਨ ਦੱਸਿਆ-ਉਨ੍ਹਾਂ ਦਾ ਘੱਟ ਵਿਸ਼ਵਾਸ-ਅਤੇ ਇਸ ਦਾ ਹੱਲ-ਪ੍ਰਾਰਥਨਾ ਅਤੇ ਉਪਵਾਸ।

ਯਿਸੂ ਦਾ ਪ੍ਰਾਰਥਨਾ ਦਾ ਜੀਵਨ

ਸਭ ਕੁਝ ਜੋ ਸਾਡੇ ਕੋਲ ਹੈ, ਅਸੀਂ ਜੋ ਕੁਝ ਵੀ ਹਾਂ, ਅਸੀਂ ਜੋ ਕੁਝ ਵੀ ਕਰਨਾ ਹੈ ਉਹ ਸਭ ਕੁਝ ਯਿਸੂ ਮਸੀਹ ਦੇ ਰਾਹੀਂ ਹੈ। ਜੇਕਰ ਯਿਸੂ ਮਸੀਹ, ਪਰਮੇਸ਼ੁਰ ਦੇ ਇੱਕਲੌਤੇ ਪੁੱਤਰ ਆਖਰੀ ਆਦਮ, ਸੰਪੂਰਨ ਮਨੁੱਖ ਨੂੰ ਪਰਮੇਸ਼ੁਰ ਦੇ ਨਾਲ ਇਕੱਲੇ ਸਮਾਂ ਗੁਜ਼ਾਰਨ ਦੀ ਲੋੜ ਸੀ, ਤਾਂ ਸਾਨੂੰ ਅਜਿਹਾ ਕਰਨ ਦੀ ਕਿੰਨੀ ਵਧੀਕ ਲੋੜ ਹੈ।

ਪ੍ਰਾਰਥਨਾ ਦਾ ਅਧਿਐਨ ਕਰਨ ਵਿੱਚ ਯਿਸੂ ਮਸੀਹ ਦੀਆਂ ਪ੍ਰਾਰਥਨਾਵਾਂ ਤੋਂ ਵੱਧ ਕੇ ਹੋਰ ਕਿਹੜੀ ਚੀਜ਼ ਮਹੱਤਵਪੂਰਨ ਹੋ ਸਕਦੀ ਹੈ। ਦੂਸਰੇ ਸੁਸਮਾਚਾਰਾਂ ਦੇ ਮੁਕਾਬਲੇ ਲੂਕਾ ਰਚਿਤ ਸੁਸਮਾਚਾਰ ਵਿੱਚ ਅਸੀਂ ਯਿਸੂ ਮਸੀਹ ਦੇ ਪ੍ਰਾਰਥਨਾ ਦੇ ਜੀਵਨ ਬਾਰੇ ਹੋਰ ਵੀ ਵੱਧ ਲਿਖਿਆ ਹੋਇਆ ਵੇਖਦੇ ਹਾਂ।

ਉਸਦੇ ਬਪਤਿਸਮੇ ਦੇ ਵੇਲੇ ਪ੍ਰਾਰਥਨਾ ਕੀਤੀ ਗਈ

ਆਪਣੇ ਬਪਤਿਸਮੇ ਦੇ ਸਮੇਂ ਯਿਸੂ ਨੇ ਪ੍ਰਾਰਥਨਾ ਕੀਤੀ। ਸਾਨੂੰ ਇਹ ਨਹੀਂ ਦੱਸਿਆ ਗਿਆ ਕਿ ਉਸਨੇ ਕੀ ਪ੍ਰਾਰਥਨਾ ਕੀਤੀ ਕੇਵਲ ਉਸਨੇ ਪ੍ਰਾਰਥਨਾ ਕੀਤੀ ਕਿ ਉਸਨੇ ਪ੍ਰਾਰਥਨਾ ਕੀਤੀ ਸੀ ਅਤੇ ਪਰਮੇਸ਼ੁਰ ਨੇ ਉੱਤਰ ਦਿੱਤਾ।

ਲੂਕਾ 3:21,22 ਜਾਂ ਸਾਰੇ ਲੋਕ ਬਪਤਿਸਮਾ ਲੈ ਹਟੇ ਅਤੇ ਯਿਸੂ ਵੀ ਬਪਤਿਸਮਾ ਲੈ ਕੇ ਪ੍ਰਾਰਥਨਾ ਕਰ ਰਿਹਾ ਸੀ ਤਾਂ ਐਉਂ ਹੋਇਆ ਜੋ ਅਕਾਸ਼ ਖੁੱਲ੍ਹ ਗਿਆ ਅਤੇ ਪਵਿੱਤਰ ਆਤਮਾ ਦਿਹ ਦਾ ਰੂਪ ਧਾਰ ਕੇ ਕਬੂਤਰ ਦੀ ਨਿਆਈਂ ਉਸ ਉੱਤੇ ਉਤਰਿਆ ਅਤੇ ਇੱਕ ਸਵਰਗੀ ਬਾਣੀ ਆਈ, "ਤੂੰ ਮੇਰਾ ਪਿਆਰਾ ਪੁੱਤਰ ਹੈਂ, ਤੈਥੋਂ ਮੈਂ ਪਰਸਿੰਨ ਹਾਂ।"

ਸਵੇਰ ਦੇ ਸਮੇਂ ਵਿੱਚ ਇਕੱਲੇ ਪ੍ਰਾਰਥਨਾ ਕਰਨਾ।

ਯਿਸੂ ਮਸੀਹ ਸਵੇਰੇ ਤੜਕੇ ਇਕਾਂਤ ਸਥਾਨ ਤੇ ਪ੍ਰਾਰਥਨਾ ਕਰਦੇ ਸਨ।

ਮਰਕੁਸ 1:35 ਉਹ ਵੱਡੇ ਤੜਕੇ ਕੁਝ ਰਾਤ ਰਹਿੰਦਿਆਂ ਉੱਠ ਕੇ ਬਾਹਰ ਨਿੱਕਲਿਆ ਅਤੇ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ।

ਫੈਸਲੇ ਲੈਣ ਤੋਂ ਪਹਿਲਾਂ ਪ੍ਰਾਰਥਨਾ ਕਰਨਾ

ਯਿਸੂ ਮਸੀਹ ਵੱਡੇ ਫ਼ੈਸਲੇ ਲੈਣ ਤੋਂ ਪਹਿਲਾਂ ਪ੍ਰਾਰਥਨਾ ਕਰਦੇ ਸਨ।

ਲੂਕਾ 6:12,13 ਉਨ੍ਹੀਂ ਦਿਨੀਂ ਅਜਿਹਾ ਹੋਇਆ ਜੋ ਉਹ ਪ੍ਰਾਰਥਨਾ ਕਰਨ ਲਈ ਪਹਾੜ ਉੱਤੇ ਗਿਆ ਅਤੇ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰਦਿਆਂ ਸਾਰੀ ਰਾਤ ਕੱਟੀ। ਅਤੇ ਜਾਂ ਦਿਨ ਚੜ੍ਹਿਆ ਤਾਂ ਉਸ ਨੇ ਆਪਣਿਆਂ ਚੇਲਿਆਂ ਨੂੰ ਕੋਲ ਸੱਦਿਆ ਅਤੇ ਉਨ੍ਹਾਂ ਵਿੱਚੋਂ ਬਾਰ੍ਹਾਂ ਨੂੰ ਚੁਣ ਕੇ ਉਨ੍ਹਾਂ ਦਾ ਨਾਉਂ ਰਸੂਲ ਵੀ ਰੱਖਿਆ।

ਵੱਖਰੇ ਨਿਕਲ ਜਾਣਾ ਅਤੇ ਪ੍ਰਾਰਥਨਾ ਕਰਨਾ

ਜਦੋਂ ਭੀੜਾਂ ਉਸਦੇ ਆਲੇ-ਦੁਆਲੇ ਹੁੰਦੀਆਂ ਸਨ, ਅਤੇ ਬਹੁਤ ਸਾਰੇ ਚੰਗਾਈ ਦੀਆਂ ਆਸ਼ਾ ਰੱਖਦੇ ਸਨ, ਅਕਸਰ ਯਿਸੂ ਮਸੀਹ ਵੱਖਰੇ ਹੋ ਪ੍ਰਾਰਥਨਾ ਕਰਦੇ ਸਨ। ਲੋਕਾਂ ਦੀਆਂ ਲੋੜਾਂ ਯਿਸੂ ਨੂੰ ਪਰਮੇਸ਼ੁਰ ਨਾਲ ਪ੍ਰਾਰਥਨਾ ਵਿੱਚ ਸਮਾਂ ਬਿਤਾਉਣ ਤੋਂ ਰੋਕ ਨਹੀਂ ਸਕਦੀਆਂ ਸਨ।

ਲੂਕਾ 5:15,16 ਪਰ ਉਸ ਦੀ ਚਰਚਾ ਵਧੀਕ ਫੈਲ ਗਈ ਅਤੇ ਵੱਡੀ ਭੀੜ ਉਸ ਦੀਆਂ ਗੱਲਾਂ ਸੁਣਨ ਅਤੇ ਆਪਣੀਆਂ ਮਾਂਦਗੀਆਂ ਤੋਂ ਚੰਗੇ ਹੋਣ ਲਈ ਇਕੱਠੀ ਹੋਈ, ਪਰ ਉਹ ਆਪ ਉਜਾੜਾਂ ਵਿੱਚ ਜਾਂਦਾ ਅਤੇ ਪ੍ਰਾਰਥਨਾ ਕਰਦਾ ਹੁੰਦਾ ਸੀ।

ਮਰਕੁਸ 6:46 ਅਤੇ ਉਨ੍ਹਾਂ ਨੂੰ ਤੋਰ ਕੇ ਉਹ ਆਪ ਪ੍ਰਾਰਥਨਾ ਕਰਨ ਲਈ ਪਹਾੜ ਉੱਤੇ ਚੱਲਿਆ ਗਿਆ।

ਚਮਤਕਾਰ ਤੋਂ ਪਹਿਲਾਂ ਪ੍ਰਾਰਥਨਾ

ਯਿਸੂ ਮਸੀਹ ਨੇ ਪਰਮੇਸ਼ੁਰ ਕੋਲੋਂ ਮੰਗਿਆ ਕਿ ਉਹ ਭੋਜਨ ਉੱਤੇ ਆਸ਼ਿਸ਼ ਦੇਵੇ ਅਤੇ ਫਿਰ ਉਸਨੇ ਇਸਨੂੰ ਚੇਲਿਆਂ ਵਿੱਚ ਵੰਡ ਦਿੱਤਾ ਅਤੇ ਚੇਲਿਆਂ ਨੇ ਭੀੜ ਨੂੰ ਵੰਡ ਦਿੱਤਾ। 5,000 ਲੋਕਾਂ ਨੂੰ ਭੋਜਨ ਕਰਵਾਉਣ ਦੇ ਚਮਤਕਾਰ ਵਿੱਚ ਪ੍ਰਾਰਥਨਾ ਪਹਿਲਾ ਕਦਮ ਸੀ।

ਲੂਕਾ 9:16,17 ਉਸ ਨੇ ਓਹਨਾਂ ਪੰਜਾਂ ਰੋਟੀਆਂ ਅਤੇ ਦੋ ਮੱਛੀਆਂ ਨੂੰ ਲੈ ਲਿਆ ਅਤੇ ਅਕਾਸ਼ ਵੱਲ ਵੇਖ ਕੇ ਓਹਨਾਂ ਉੱਤੇ ਬਰਕਤ ਮੰਗੀ ਅਤੇ ਤੋੜ ਕੇ ਚੇਲਿਆਂ ਨੂੰ ਦਿੰਦਾ

ਗਿਆ ਭਈ ਲੋਕਾਂ ਦੇ ਅੱਗੇ ਰੱਖਣ। ਤਦ ਓਹ ਸਾਰੇ ਖਾ ਕੇ ਰੱਜ ਗਏ ਅਤੇ ਓਹਨਾਂ ਦਿਆਂ ਬਚਿਆਂ ਹੋਇਆਂ ਟੁਕੜਿਆਂ ਦੀਆਂ ਬਾਰਾਂ ਟੋਕਰੀਆਂ ਚੁੱਕੀਆਂ ਗਈਆਂ।

ਚੇਲਿਆਂ ਦੇ ਨਾਲ ਪ੍ਰਾਰਥਨਾ

ਉਹ ਇਕੱਲਾ ਵੀ ਪ੍ਰਾਰਥਨਾ ਕਰਦਾ ਸੀ, ਅਤੇ ਦੂਜਿਆਂ ਦੇ ਨਾਲ ਵੀ ਪ੍ਰਾਰਥਨਾ ਕਰਦਾ ਸੀ।

ਲੂਕਾ 9:18ਓ ਫੇਰ ਅਜਿਹਾ ਹੋਇਆ ਕਿ ਜਾਂ ਉਹ ਨਿਰਾਲੇ ਵਿੱਚ ਪ੍ਰਾਰਥਨਾ ਕਰਦਾ ਸੀ ਤਾਂ ਚੇਲੇ ਉਹ ਦੇ ਨਾਲ ਸਨ...

ਛੋਟੇ ਬੱਚਿਆਂ ਨਾਲ ਪ੍ਰਾਰਥਨਾ

ਉਸਨੇ ਆਪਣੇ ਹੱਥ ਛੋਟੇ ਬੱਚਿਆਂ ਉੱਤੇ ਰੱਖੇ ਅਤੇ ਉਨ੍ਹਾਂ ਲਈ ਪ੍ਰਾਰਥਨਾ ਕੀਤੀ।

ਮੱਤੀ 19:13ਓ ਤਦ ਛੋਟੇ ਬਾਲਕਾਂ ਨੂੰ ਉਹ ਦੇ ਕੋਲ ਲਿਆਏ ਤਾਂ ਜੋ ਉਹ ਉਨ੍ਹਾਂ ਉੱਤੇ ਹੱਥ ਰੱਖ ਕੇ ਪ੍ਰਾਰਥਨਾ ਕਰੇ...

ਨਾਮ ਲੈ ਕੇ ਸ਼ਮਾਊਨ ਲਈ ਪ੍ਰਾਰਥਨਾ

ਉਸਨੇ ਆਪਣੇ ਚੇਲਿਆਂ ਵਿੱਚੋਂ ਇੱਕ ਲਈ ਨਾਮ ਲੈ ਕੇ ਪ੍ਰਾਰਥਨਾ ਕੀਤੀ।

ਲੂਕਾ 22:31,32 ਅਤੇ ਪ੍ਰਭੂ ਨੇ ਆਖਿਆ, "ਹੇ ਸ਼ਮਊਨ, ਸ਼ਮਊਨ! ਵੇਖ, ਸ਼ੈਤਾਨ ਨੇ ਤੁਹਾਨੂੰ ਮੰਗਿਆ ਹੈ ਭਈ ਕਣਕ ਦੀ ਤਰ੍ਹਾਂ ਤੁਹਾਨੂੰ ਫਟਕੇ। ਪਰ ਮੈਂ ਤੇਰੇ ਲਈ ਬੇਨਤੀ ਕੀਤੀ ਹੈ ਜੋ ਤੇਰੀ ਨਿਹਚਾ ਜਾਂਦੀ ਨਾ ਰਹੇ ਅਤੇ ਜਾਂ ਤੂੰ ਮੁੜੇਂ ਤਾਂ ਆਪਣਿਆਂ ਭਾਈਆਂ ਨੂੰ ਤਕੜੇ ਕਰੀਂ।"

ਉਹ ਦਾ ਰੂਪ ਬਦਲ ਗਿਆ

ਜਦੋਂ ਯਿਸੂ ਪ੍ਰਾਰਥਨਾ ਕਰ ਰਹੇ ਸਨ ਤਾਂ ਉਨ੍ਹਾਂ ਦਾ ਰੂਪ ਬਦਲ ਗਿਆ। ਉਸਦਾ ਮੁੱਖ ਅਤੇ ਉਸਦੇ ਕੱਪੜੇ ਬਦਲ ਗਏ ਸਨ।

ਲੂਕਾ 9:28,29 ਇਨ੍ਹਾਂ ਗੱਲਾਂ ਦੇ ਅੱਠ ਕੁ ਦਿਨ ਪਿੱਛੋਂ ਐਉਂ ਹੋਇਆ ਜੋ ਉਹ ਪਤਰਸ ਅਤੇ ਯੂਹੰਨਾ ਅਤੇ ਯਾਕੂਬ ਨੂੰ ਨਾਲ ਲੈ ਕੇ ਪਹਾੜ ਉੱਤੇ ਪ੍ਰਾਰਥਨਾ ਕਰਨ ਚੜ੍ਹਿਆ ਅਰ ਉਹ ਦੇ ਪ੍ਰਾਰਥਨਾ ਕਰਦਿਆਂ ਉਹ ਦੇ ਮੂੰਹ ਦਾ ਰੂਪ ਹੋਰ ਹੀ ਹੋ ਗਿਆ ਅਤੇ ਉਹ ਦੀ ਪੁਸ਼ਾਕ ਚਿੱਟੀ ਅਤੇ ਚਮਕੀਲੀ ਹੋ ਗਈ।

ਅਨੰਦ ਦੀ ਪ੍ਰਾਰਥਨਾ

ਲੂਕਾ ਵਿੱਚ ਕੇਵਲ ਇਹੋ ਨਹੀਂ ਦੱਸਿਆ ਗਿਆ ਕਿ ਯਿਸੂ ਨੇ ਪ੍ਰਾਰਥਨਾ ਕੀਤੀ ਪਰ ਸਾਨੂੰ ਇਹ ਵੀ ਦੱਸਿਆ ਗਿਆ ਹੈ ਕਿ ਉਸਨੇ ਕੀ ਪ੍ਰਾਰਥਨਾ ਕੀਤੀ ਸੀ।

ਲੂਕਾ 10:21 ਉਸੇ ਘੜੀ ਉਹ ਪਵਿੱਤਰ ਆਤਮਾ ਵਿੱਚ ਬਹੁਤ ਮਗਨ ਹੋ ਕੇ ਬੋਲਿਆ, "ਹੇ ਪਿਤਾ, ਅਕਾਸ਼ ਅਤੇ ਧਰਤੀ ਦੇ ਮਾਲਕ, ਮੈਂ ਤੇਰਾ ਧੰਨਵਾਦ ਕਰਦਾ ਹਾਂ ਜੋ ਤੈਂ ਇਨ੍ਹਾਂ ਗੱਲਾਂ ਨੂੰ ਗਿਆਨੀਆਂ ਅਤੇ ਬੁੱਧਵਾਨਾਂ ਤੋਂ ਲੁਕਾਇਆ ਅਤੇ ਉਨ੍ਹਾਂ ਨੂੰ ਇਆਣਿਆਂ ਉੱਤੇ ਪ੍ਰਗਟ ਕੀਤਾ। ਹਾਂ ਪਿਤਾ, ਕਿਉਂ ਜੋ ਇਹੋ ਤੈਨੂੰ ਚੰਗਾ ਲੱਗਾ।"

ਯਿਸੂ ਨੇ ਸਾਡੇ ਲਈ ਪ੍ਰਾਰਥਨਾ ਕੀਤੀ!

ਯੂਹੰਨਾ ਅਧਿਆਇ 17 ਪੂਰਾ, ਸਾਨੂੰ ਯਿਸੂ ਮਸੀਹ ਦੀ ਅਨੰਦ ਪੂਰਨ ਪ੍ਰਾਰਥਨਾ ਪ੍ਰਦਾਨ ਕਰਦਾ ਹੈ। ਧਰਤੀ ਉਤਲਾ ਉਸਦਾ ਜੀਵਨ ਖਤਮ ਹੋਣ ਵਾਲਾ ਸੀ, ਉਸ ਸਮੇਂ ਉਸਨੇ ਚੇਲਿਆਂ, ਅਤੇ ਵਿਸ਼ਵਾਸੀਆਂ, ਅਤੇ ਉਨ੍ਹਾਂ ਸਭਨਾਂ ਲਈ ਪ੍ਰਾਰਥਨਾ ਕੀਤੀ ਜੋ ਉਸਦੇ ਪਿੱਛੇ ਚੱਲਣਗੇ।

ਮੈਨੂੰ ਮਹਿਮਾ ਦਿਓ ਤਾਂ ਕਿ ਮੈਂ ਉਨ੍ਹਾਂ ਨੂੰ ਮਹਿਮਾ ਦੇ ਸਕਾਂ

ਯੂਹੰਨਾ 17:1-19 ਯਿਸੂ ਨੇ ਇਹ ਗੱਲਾਂ ਆਖੀਆਂ ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ, "ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁੱਤਰ ਦੀ ਵਡਿਆਈ ਕਰ ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ। ਜਿਵੇਂ ਤੈਂ ਉਹ ਨੂੰ ਸਾਰੇ ਸਰੀਰਾਂ ਉੱਤੇ ਇਖ਼ਤਿਆਰ ਬਖ਼ਸ਼ਿਆ ਭਈ ਉਹ ਉਨ੍ਹਾਂ ਸਭਨਾਂ ਨੂੰ ਜੋ ਤੈਂ ਉਹ ਨੂੰ ਦਿੱਤੇ ਹਨ ਸਦੀਪਕ ਜੀਉਣ ਦੇਵੇ, ਅਤੇ ਸਦੀਪਕ ਜੀਉਣ ਇਹ ਹੈ ਕਿ ਓਹ ਤੈਨੂੰ ਜੋ ਸੱਚਾ ਵਾਹਿਦ ਪਰਮੇਸ਼ੁਰ ਹੈ ਅਤੇ ਯਿਸੂ ਮਸੀਹ ਨੂੰ ਜਿਹ ਨੂੰ ਤੈਂ ਘੱਲਿਆ ਜਾਣਨ।"

ਮੈਂ ਆਪਣਾ ਕੰਮ ਪੂਰਾ ਕੀਤਾ ਹੈ

"ਜਿਹੜਾ ਕੰਮ ਤੈਂ ਮੈਨੂੰ ਕਰਨ ਲਈ ਦਿੱਤਾ ਸੀ ਉਹ ਪੂਰਾ ਕਰ ਕੇ ਮੈਂ ਧਰਤੀ ਉੱਤੇ ਤੇਰੀ ਵਡਿਆਈ ਕੀਤੀ। ਹੁਣ ਹੇ ਪਿਤਾ ਤੂੰ ਆਪਣੀ ਸੰਗਤ ਦੀ ਉਸ ਵਡਿਆਈ ਨਾਲ ਜੋ ਜਗਤ ਦੇ ਹੋਣ ਤੋਂ ਅੱਗੇ ਹੀ ਤੇਰੇ ਨਾਲ ਰੱਖਦਾ ਸਾਂ ਮੇਰੀ ਵਡਿਆਈ ਪਰਗਟ ਕਰ।"

ਮੈਂ ਤੇਰਾ ਨਾਮ ਜ਼ਾਹਿਰ ਕੀਤਾ ਹੈ

"ਜਿਹੜੇ ਮਨੁੱਖ ਤੈਂ ਜਗਤ ਵਿੱਚੋਂ ਮੈਨੂੰ ਦਿੱਤੇ ਓਹਨਾਂ ਉੱਤੇ ਮੈਂ ਤੇਰਾ ਨਾਮ ਪਰਗਟ ਕੀਤਾ। ਓਹ ਤੇਰੇ ਸਨ ਅਤੇ ਤੈਂ ਓਹ ਮੈਨੂੰ ਦਿੱਤੇ ਅਤੇ ਓਹਨਾਂ ਨੇ ਤੇਰੇ ਵਚਨ ਦੀ ਪਾਲਨਾ ਕੀਤੀ ਹੈ। ਹੁਣ ਓਹਨਾਂ ਨੇ ਜਾਣਿਆ ਭਈ ਜੋ ਕੁਝ ਤੈਂ ਮੈਨੂੰ ਦਿੱਤਾ ਹੈ ਸੱਭੋ ਤੇਰੀ ਵੱਲੋਂ ਹੈ।"

ਮੈਂ ਉਨ੍ਹਾਂ ਨੂੰ ਤੇਰਾ ਵਚਨ ਦਿੱਤਾ ਹੈ

"ਕਿਉਂਕਿ ਜਿਹੜੀਆਂ ਗੱਲਾਂ ਤੈਂ ਮੈਨੂੰ ਦਿੱਤੀਆਂ ਓਹ ਮੈਂ ਓਹਨਾਂ ਨੂੰ ਦਿੱਤੀਆਂ ਹਨ ਅਤੇ ਓਹਨਾਂ ਨੇ ਮੰਨ ਲਈਆਂ ਅਤੇ ਸੱਚ ਜਾਣਿਆ ਜੋ ਮੈਂ ਤੇਰੀ ਵੱਲੋਂ ਆਇਆ ਅਤੇ ਓਹਨਾਂ ਪਰਤੀਤ ਕੀਤੀ ਜੋ ਤੈਂ ਮੈਨੂੰ ਘੱਲਿਆ।"

ਮੈਂ ਉਨ੍ਹਾਂ ਲਈ ਪ੍ਰਾਰਥਨਾ ਕਰਦਾ ਹਾਂ

"ਮੈਂ ਓਹਨਾਂ ਲਈ ਬੇਨਤੀ ਕਰਦਾ ਹਾਂ। ਮੈਂ ਜਗਤ ਦੇ ਲਈ ਨਹੀਂ ਪਰ ਓਹਨਾਂ ਲਈ ਬੇਨਤੀ ਕਰਦਾ ਹਾਂ ਜੋ ਤੈਂ ਮੈਨੂੰ ਦਿੱਤੇ ਸਨ ਕਿਉਂ ਜੋ ਓਹ ਤੇਰੇ ਹਨ। ਮੇਰੀਆਂ ਸਾਰੀਆਂ ਚੀਜ਼ਾਂ ਤੇਰੀਆਂ ਹਨ ਅਤੇ ਤੇਰੀਆਂ ਮੇਰੀਆਂ ਹਨ ਅਤੇ ਉਨ੍ਹਾਂ ਵਿੱਚ ਮੇਰੀ ਵਡਿਆਈ ਹੋਈ ਹੈ।"

® *ਆਪਣੇ ਨਾਮ ਦੇ ਦੁਆਰਾ ਉਨ੍ਹਾਂ ਨੂੰ ਸੰਭਾਲ*

"ਮੈਂ ਅੱਗੇ ਨੂੰ ਜਗਤ ਵਿੱਚ ਨਹੀਂ ਪਰ ਏਹ ਜਗਤ ਵਿੱਚ ਹਨ ਅਤੇ ਮੈਂ ਤੇਰੇ ਕੋਲ ਆਉਂਦਾ ਹਾਂ। ਹੇ ਪਵਿੱਤਰ ਪਿਤਾ ਆਪਣੇ ਹੀ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਓਹਨਾਂ ਦੀ ਰੱਛਿਆ ਕਰ ਇਸ ਲਈ ਜੋ ਓਹ ਸਾਡੇ ਵਾਂਗਰ ਇੱਕ ਹੋਣ। ਜਿੰਨਾ ਚਿਰ ਮੈਂ ਓਹਨਾਂ ਦੇ ਨਾਲ ਸਾਂ ਮੈਂ ਤੇਰੇ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਓਹਨਾਂ ਦੀ ਰੱਛਿਆ ਕੀਤੀ ਅਤੇ ਮੈਂ ਓਹਨਾਂ ਦੀ ਰਾਖੀ ਕੀਤੀ ਅਤੇ ਨਾਸ ਦੇ ਪੁੱਤਰ ਬਾਝੋਂ ਓਹਨਾਂ ਵਿੱਚੋਂ ਕਿਸੇ ਦਾ ਨਾਸ ਨਾ ਹੋਇਆ ਤਾਂ ਜੋ ਲਿਖਤ ਪੂਰੀ ਹੋਵੇ।"

® *ਤਾਂ ਕਿ ਉਨ੍ਹਾਂ ਕੋਲ ਅਨੰਦ ਹੋਵੇ*

"ਪਰ ਹੁਣ ਮੈਂ ਤੇਰੇ ਕੋਲ ਆਉਂਦਾ ਹਾਂ ਅਤੇ ਮੈਂ ਜਗਤ ਵਿੱਚ ਏਹ ਗੱਲਾਂ ਆਖਦਾ ਹਾਂ ਤਾਂ ਜੋ ਮੇਰੀ ਖੁਸ਼ੀ ਓਹਨਾਂ ਵਿੱਚ ਪੂਰੀ ਹੋਵੇ, ਮੈਂ ਤੇਰਾ ਵਚਨ ਓਹਨਾਂ ਨੂੰ ਦਿੱਤਾ ਹੈ ਅਤੇ ਜਗਤ ਨੇ ਓਹਨਾਂ ਨਾਲ ਵੈਰ ਕੀਤਾ ਕਿਉਂ ਜੋ ਓਹ ਜਗਤ ਦੇ ਨਹੀਂ ਹਨ ਜਿਵੇਂ ਮੈਂ ਜਗਤ ਦਾ ਨਹੀਂ ਹਾਂ।"

® *ਉਨ੍ਹਾਂ ਨੂੰ ਬੁਰਾਈ ਤੋਂ ਬਚਾ*

"ਮੈਂ ਇਹ ਬੇਨਤੀ ਨਹੀਂ ਕਰਦਾ ਜੋ ਤੂੰ ਓਹਨਾਂ ਨੂੰ ਜਗਤ ਵਿੱਚੋਂ ਚੁੱਕ ਲਵੇਂ ਪਰ ਇਹ ਜੋ ਤੂੰ ਦੁਸ਼ਟ ਤੋਂ ਓਹਨਾਂ ਦੀ ਰੱਛਿਆ ਕਰੇਂ। ਓਹ ਜਗਤ ਦੇ ਨਹੀਂ ਹਨ ਜਿਵੇਂ ਮੈਂ ਜਗਤ ਦਾ ਨਹੀਂ ਹਾਂ।"

® *ਉਨ੍ਹਾਂ ਨੂੰ ਤ੍ਰਿਪਤ ਕਰ*

"ਓਹਨਾਂ ਨੂੰ ਸੱਚਿਆਈ ਨਾਲ ਪਵਿੱਤਰ ਕਰ। ਤੇਰਾ ਵਚਨ ਸੱਚਿਆਈ ਹੈ। ਜਿਸ ਤਰ੍ਹਾਂ ਤੈਂ ਮੈਨੂੰ ਜਗਤ ਵਿੱਚ ਘੱਲਿਆ ਮੈਂ ਵੀ ਓਹਨਾਂ ਨੂੰ ਜਗਤ ਵਿੱਚ ਘੱਲਿਆ ਅਤੇ ਓਹਨਾਂ ਦੇ ਕਾਰਨ ਮੈਂ ਆਪ ਨੂੰ ਸੰਕਲਪ ਕਰਦਾ ਹਾਂ ਤਾਂ ਜੋ ਓਹ ਵੀ ਸੱਚਿਆਈ ਵਿੱਚ ਸੰਕਲਪ ਹੋਣ।"

ਉਸਨੇ ਸਾਡੇ ਲਈ ਪ੍ਰਾਰਥਨਾ ਕੀਤੀ

ਯਿਸੂ ਮਸੀਹ ਉਸ ਸਮੇਂ ਲਗਾਤਾਰ ਚੇਲਿਆਂ ਅਤੇ ਵਿਸ਼ਵਾਸੀਆਂ ਲਈ ਪ੍ਰਾਰਥਨਾ ਕਰਦਾ ਸੀ, ਅਤੇ ਫਿਰ ਉਸਨੇ ਉਨ੍ਹਾਂ ਲੋਕਾਂ ਲਈ ਪ੍ਰਾਰਥਨਾ ਕੀਤੀ ਜੋ ਉਸ ਉੱਤੇ ਵਿਸ਼ਵਾਸ ਕਰਨਗੇ। ਇਸ ਵਿੱਚ ਅਸੀਂ ਵੀ ਸ਼ਾਮਿਲ ਹਾਂ। ਯਿਸੂ, ਜਦੋਂ ਉਹ ਇਸ ਧਰਤੀ ਉੱਤੇ ਸੀ, ਉਸਨੇ ਸਾਡੇ ਲਈ ਪ੍ਰਾਰਥਨਾ ਕੀਤੀ।

® *ਜੋ ਉਸਦੇ ਪਿੱਛੇ ਚੱਲਦੇ ਹਾਂ*

ਯੂਹੰਨਾ 17:20-26 "ਮੈਂ ਨਿਰਾ ਏਹਨਾਂ ਹੀ ਲਈ ਬੇਨਤੀ ਨਹੀਂ ਕਰਦਾ ਪਰ ਓਹਨਾਂ ਲਈ ਵੀ ਜਿਹੜੇ ਏਹਨਾਂ ਦੇ ਵਚਨ ਨਾਲ ਮੇਰੇ ਉੱਤੇ ਨਿਹਚਾ ਕਰਨਗੇ।"

® *ਵਿਸ਼ਵਾਸੀਆਂ ਦੀ ਏਕਤਾ ਲਈ*

"ਜੋ ਓਹ ਸਭ ਇੱਕੋ ਹੋਣ ਜਿਸ ਤਰ੍ਹਾਂ, ਹੇ ਪਿਤਾ, ਤੂੰ ਮੇਰੇ ਵਿੱਚ ਅਤੇ ਮੈਂ ਤੇਰੇ ਵਿੱਚ ਹਾਂ ਜੋ ਓਹ ਵੀ ਸਾਡੇ ਵਿੱਚ ਹੋਣ ਤਾਂ ਜੋ ਜਗਤ ਸਤ ਮੰਨੇ ਭਈ ਤੈਂ ਮੈਂ ਘੱਲਿਆ।"

® *ਮਹਿਮਾ ਪ੍ਰਾਪਤ ਕਰਨ*

"ਅਤੇ ਜਿਹੜੀ ਵਡਿਆਈ ਤੈਂ ਮੈਨੂੰ ਦਿੱਤੀ ਹੈ ਉਹ ਮੈਂ ਓਹਨਾਂ ਨੂੰ ਦਿੱਤੀ ਤਾਂ ਜੋ ਓਹ ਇੱਕੋ ਹੋਣ ਜਿਸ ਤਰ੍ਹਾਂ ਅਸੀਂ ਇੱਕੋ ਹਾਂ।"

® *ਸਿੱਧ ਕੀਤੇ ਜਾਣ ਲਈ ਪ੍ਰਾਰਥਨਾ*

"ਮੈਂ ਓਹਨਾਂ ਵਿੱਚ ਅਤੇ ਤੂੰ ਮੇਰੇ ਵਿੱਚ ਤਾਂ ਕਿ ਓਹ ਸਿੱਧ ਹੋ ਕੇ ਇੱਕ ਹੋ ਜਾਣ ਭਈ ਜਗਤ ਜਾਣ ਲਵੇ ਜੋ ਤੈਂ ਮੈਨੂੰ ਘੱਲਿਆ ਅਤੇ ਓਹਨਾਂ ਨਾਲ ਪਿਆਰ ਕੀਤਾ ਜਿਵੇਂ ਤੈਂ ਮੇਰੇ ਨਾਲ ਪਿਆਰ ਕੀਤਾ।"

® *ਇੱਕ ਦਿਨ ਉਸਦੇ ਨਾਲ ਹੋਣ ਲਈ*

"ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ ਮੇਰੇ ਨਾਲ ਹੋਣ ਤਾਂ ਜੋ ਓਹ ਮੇਰੀ ਵਡਿਆਈ ਜੋ ਤੈਂ ਮੈਨੂੰ ਦਿੱਤੀ ਹੈ ਵੇਖਣ ਕਿਉਂਕਿ ਤੈਂ ਮੇਰੇ ਨਾਲ ਜਗਤ ਦੀ ਨੀਉਂ ਧਰਨ ਤੋਂ ਅੱਗੇ ਹੀ ਪਿਆਰ ਕੀਤਾ। ਹੇ ਧਰਮੀ ਪਿਤਾ, ਜਗਤ ਨੇ ਤੈਨੂੰ ਨਹੀਂ ਜਾਣਿਆ ਪਰ ਮੈਂ ਤੈਨੂੰ ਜਾਣਿਆ ਅਤੇ ਏਹਨਾਂ ਨੇ ਜਾਣਿਆ ਭਈ ਤੈਂ ਮੈਨੂੰ ਘੱਲਿਆ।"

® *ਉਸਦੇ ਪ੍ਰੇਮ ਨਾਲ ਭਰ ਜਾਣ ਲਈ*

"ਅਤੇ ਮੈਂ ਤੇਰਾ ਨਾਮ ਏਹਨਾਂ ਉੱਤੇ ਪਰਗਟ ਕੀਤਾ ਅਤੇ ਪਰਗਟ ਕਰਾਂਗਾ ਤਾਂ ਜਿਸ ਪ੍ਰੇਮ ਨਾਲ ਤੈਂ ਮੈਨੂੰ ਪਿਆਰ ਕੀਤਾ ਸੋਈ ਓਹਨਾਂ ਵਿੱਚ ਹੋਵੇ ਅਤੇ ਮੈਂ ਓਹਨਾਂ ਵਿੱਚ ਹੋਵਾਂ।"

ਪ੍ਰਾਰਥਨਾ ਦੇ ਇਸ ਸਮੇਂ ਤੋਂ,ਯਿਸੂ ਅਤੇ ਉਸਦੇ ਚੇਲੇ ਤੁਰੰਤ ਗਤਸਮਨੀ ਦੇ ਬਾਗ਼ ਵਿੱਚ ਗਏ।

ਯੂਹੰਨਾ 18:1 ਯਿਸੂ ਏਹ ਗੱਲਾਂ ਕਹਿ ਕੇ ਆਪਣੇ ਚੇਲਿਆਂ ਸਣੇ ਕਿਦਰੋਨ ਦੇ ਨਾਲੇ ਦੇ ਪਾਰ ਚੱਲਿਆ ਗਿਆ। ਉੱਥੇ ਇੱਕ ਬਾਗ਼ ਸੀ ਜਿਹ ਦੇ ਵਿੱਚ ਉਹ ਅਤੇ ਉਹ ਦੇ ਚੇਲੇ ਜਾ ਵੜੇ।

ਲਗਾਤਾਰ ਉਸਦੀ ਪ੍ਰਾਰਥਨਾ

ਗਤਸਮਨੀ

ਯਿਸੂ ਮੌਤ ਦਾ ਸਾਹਮਣਾ ਕਰ ਰਿਹਾ ਸੀ। ਉਹ ਦੁੱਖ ਵਿੱਚ ਸੀ ਅਤੇ ਗਹਿਰੇ ਦਰਦ ਵਿੱਚ ਸੀ ਅਤੇ ਉਹ ਜਾਣਦਾ ਸੀ ਕਿ ਉਸਨੂੰ ਪ੍ਰਾਰਥਨਾ ਕਰਨਾ ਬਹੁਤ ਜ਼ਰੂਰੀ ਹੈ। ਇਹ ਉਸਦੀ ਇੱਛਾ ਸੀ ਕਿ ਚੇਲੇ ਉਸਦੇ ਨਾਲ ਪ੍ਰਾਰਥਨਾ ਕਰਨ, ਪਰ ਉਹ ਨਾ ਕਰ ਸਕੇ। ਸਾਡੇ ਵਿੱਚੋਂ ਜ਼ਿਆਦਾਤਰ ਲੋਕ ਜਾਣਦੇ ਹਨ ਕਿ ਕੀ ਹੋਇਆ ਸੀ।

® *ਯੂਹੰਨਾ ਨੇ ਲਿਖਿਆ ਹੈ*

ਯਿਸੂ ਨੇ ਦਰਦ ਵਿੱਚ ਪ੍ਰਾਰਥਨਾ ਕੀਤੀ।

ਯੂਹੰਨਾ 12:27,28 "ਹੁਣ ਮੇਰਾ ਜੀ ਘਬਰਾਉਂਦਾ ਹੈ ਅਤੇ ਮੈਂ ਕੀ ਆਖਾਂ? ਹੇ ਪਿਤਾ ਮੈਨੂੰ ਇਸ ਘੜੀ ਤੋਂ ਬਚਾ? ਪਰ ਇਸੇ ਲਈ ਮੈਂ ਇਸ ਘੜੀ ਤੀਕੁ ਆਇਆ ਹਾਂ। ਹੇ ਪਿਤਾ ਆਪਣੇ ਨਾਮ ਨੂੰ ਵਡਿਆਈ ਦੇਹ।" ਤਦੋਂ ਏਹ ਸਵਰਗੀ ਬਾਣੀ ਆਈ ਜੋ "ਮੈਂ ਉਹ ਨੂੰ ਵਡਿਆਈ ਦਿੱਤੀ ਹੈ ਅਰ ਫੇਰ ਵੀ ਦਿਆਂਗਾ।"

® *ਮੱਤੀ ਦਾ ਲਿਖਿਆ ਹੈ*

ਮੱਤੀ ਦਾ ਇਸ ਸਮੇਂ ਬਾਰੇ ਹਿਸਾਬ ਸਾਨੂੰ ਯਿਸੂ ਦੀ ਮਨੁੱਖਤਾ ਬਾਰੇ ਦੱਸਦਾ ਹੈ। ਉਸਦੀ ਦੂਜਿਆਂ ਨਾਲ ਨਜ਼ਦੀਕੀ ਸੰਬੰਧ ਚਾਹੁੰਦਾ ਸੀ ਕਿ ਉਹ ਪ੍ਰਾਰਥਨਾ ਦੁਆਰਾ ਉਸਨੂੰ ਉੱਪਰ ਚੁੱਕਣ। ਉਸਦੀ ਮਨੁੱਖ ਵਿੱਚ, ਉਸਨੇ ਆਪਣੀ ਇੱਛਾ ਨੂੰ ਪਰਮੇਸ਼ੁਰ ਦੀ ਇੱਛਾ ਪੂਰਾ ਕਰਨ ਲਈ ਸਪੁਰਦ ਕਰ ਦਿੱਤਾ। ਇੱਥੋਂ ਤੱਕ ਕਿ ਉਸਨੇ ਸਲੀਬੀ ਮੌਤ ਵੀ ਸਹਿ ਲਈ।

ਮੱਤੀ 26:36-46 ਤਦ ਯਿਸੂ ਉਨ੍ਹਾਂ ਦੇ ਨਾਲ ਗਥਸਮਨੀ ਨਾਮੇ ਇੱਕ ਥਾਂ ਆਇਆ ਅਤੇ ਆਪਣੇ ਚੇਲਿਆਂ ਨੂੰ ਕਿਹਾ, "ਤੁਸੀਂ ਐਥੇ ਬੈਠੋ ਜਿੰਨਾ ਚਿਰ ਮੈਂ ਉੱਥੇ ਜਾ ਕੇ ਪ੍ਰਾਰਥਨਾ ਕਰਾਂ।"

ਅਤੇ ਪਤਰਸ ਅਤੇ ਜ਼ਬਦੀ ਦੇ ਦੋਵੇਂ ਪੁੱਤਰ ਨੂੰ ਨਾਲ ਲੈ ਕੇ ਉਹ ਉਦਾਸ ਅਤੇ ਦਿਲਗੀਰ ਹੋਣ ਲੱਗਾ। ਫੇਰ ਉਸ ਨੇ ਉਨ੍ਹਾਂ ਨੂੰ ਆਖਆ, "ਮੇਰਾ ਜੀ ਬਹੁਤ ਉਦਾਸ ਹੈ ਸਗੋਂ ਮਰਨ ਦੇ ਦਰਜੇ ਤੀਕਰ। ਤੁਸੀਂ ਐਥੋਂ ਠਹਿਰੋ ਅਤੇ ਮੇਰੇ ਨਾਲ ਜਾਗਦੇ ਰਹੋ।"

ਪਹਿਲੀ ਪ੍ਰਾਰਥਨਾ

ਅਤੇ ਥੋੜ੍ਹਾ ਅੱਗੇ ਵਧ ਕੇ ਮੂੰਹ ਭਾਰ ਪੈ ਗਿਆ ਅਤੇ ਪ੍ਰਾਰਥਨਾ ਕਰਦਿਆਂ ਆਖਿਆ, "ਹੇ ਮੇਰੇ ਪਿਤਾ ਜੇ ਹੋ ਸਕੇ ਤਾਂ ਇਹ ਪਿਆਲਾ ਮੈਥੋਂ ਟਲ ਜਾਵੇ ਪਰ ਉਹ ਨਾ ਹੋਵੇ ਜੋ ਮੈਂ ਚਾਹੁੰਦਾ ਹਾਂ ਪਰ ਉਹ ਜੋ ਤੂੰ ਚਾਹੁੰਦਾ ਹੈਂ।"

ਯਿਸੂ ਨੇ ਪ੍ਰਾਰਥਨਾ ਕੀਤੀ, "ਮੇਰੀ ਇੱਛਾ ਨਹੀਂ, ਪਰ ਤੇਰੀ ਇੱਛਾ ਪੂਰੀ ਹੋਵੇ।"

ਅਤੇ ਚੇਲਿਆਂ ਦੇ ਕੋਲ ਆਣ ਕੇ ਉਨ੍ਹਾਂ ਨੂੰ ਸੁੱਤੇ ਹੋਏ ਵੇਖਿਆ ਅਤੇ ਪਤਰਸ ਨੂੰ ਆਖਿਆ, "ਇਹ ਕੀ, ਤੁਹਾਥੋਂ ਮੇਰੇ ਨਾਲ ਇੱਕ ਘੜੀ ਵੀ ਨਾ ਜਾਗ ਹੋਇਆ। ਜਾਗੋ ਅਤੇ ਪ੍ਰਾਰਥਨਾ ਕਰੋ ਜੋ ਤੁਸੀਂ ਪਰਤਾਵੇ ਵਿੱਚ ਨਾ ਪਓ। ਆਤਮਾ ਤਾਂ ਤਿਆਰ ਹੈ ਪਰ ਸਰੀਰ ਕਮਜ਼ੋਰ।"

ਜਦੋਂ ਯਿਸੂ ਮਸੀਹ ਨੇ ਉਨ੍ਹਾਂ ਨੂੰ ਸੁੱਤੇ ਹੋਏ ਵੇਖਿਆ, ਉਸਨੇ ਪੁੱਛਿਆ, "ਕੀ ਤੁਸੀਂ ਮੇਰੇ ਨਾਲ ਇੱਕ ਘੰਟਾ ਵੀ ਨਹੀਂ ਜਾਗ ਸਕੇ? ਅਤੇ ਫਿਰ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਉਨ੍ਹਾਂ ਨੂੰ ਪ੍ਰਾਰਥਨਾ ਕਰਨ ਦੀ ਲੋੜ ਕਿਉਂ ਹੈ-ਤਾਂ ਕਿ ਕਿਤੇ ਤੁਸੀਂ ਪ੍ਰੀਖਿਆ ਵਿੱਚ ਨਾ ਪੈ ਜਾਵੋ- ਉਹ ਆਪਣੀ ਖੁਦ ਦੀ ਇੱਛਾ ਵੀ ਪੂਰੀ ਕਰ ਸਕਦੇ ਸਨ।

ਦੂਜੀ ਪ੍ਰਾਰਥਨਾ

ਫੇਰ ਉਹ ਦੂਈ ਵਾਰ ਗਿਆ ਅਤੇ ਏਹ ਕਹਿ ਕੇ ਉਹ ਨੇ ਪ੍ਰਾਰਥਨਾ ਕੀਤੀ, "ਹੇ ਮੇਰੇ ਪਿਤਾ, ਜੇ ਇਹ ਮੇਰੇ ਪੀਣ ਬਿਨ੍ਹਾਂ ਨਹੀਂ ਟਲ ਸਕਦਾ ਤਾਂ ਤੇਰੀ ਮਰਜ਼ੀ ਹੋਵੇ।"

ਤੀਸਰੀ ਪ੍ਰਾਰਥਨਾ

ਧਿਆਨ ਦਿਓ, ਦੂਜੀ ਵਾਰ ਯਿਸੂ ਆਇਆ ਅਤੇ ਉਨ੍ਹਾਂ ਨੂੰ ਸੁੱਤੇ ਹੋਏ ਪਾਇਆ - ਉਸਨੇ ਉਨ੍ਹਾਂ ਨੂੰ ਸੁੱਤੇ ਰਹਿਣ ਦਿੱਤਾ। ਉਸਨੇ ਦੂਜੀ ਵਾਰ ਵਿੱਚ ਉਨ੍ਹਾਂ ਨੂੰ ਸੁਚੇਤ ਨਹੀਂ ਕੀਤਾ।

ਅਤੇ ਉਸ ਨੇ ਆਣ ਕੇ ਉਨ੍ਹਾਂ ਨੂੰ ਫੇਰ ਸੁੱਤੇ ਹੋਏ ਵੇਖਿਆ ਕਿਉਂ ਜੋ ਉਨ੍ਹਾਂ ਦੀਆਂ ਅੱਖਾਂ ਨੀਂਦਰ ਨਾਲ ਭਾਰੀਆਂ ਹੋਈਆਂ ਸਨ। ਅਤੇ ਉਨ੍ਹਾਂ ਨੂੰ ਫੇਰ ਛੱਡ ਕੇ ਗਿਆ ਅਰ ਉਹੋ ਗੱਲ ਕਹਿ ਕੇ ਤੀਜੀ ਵਾਰੀ ਪ੍ਰਾਰਥਨਾ ਕੀਤੀ।

ਯਿਸੂ ਨੇ ਤੀਜੀ ਵਾਰ ਪ੍ਰਾਰਥਨਾ ਕੀਤੀ, "ਤੇਰੀ ਇੱਛਾ ਪੂਰੀ ਹੋਵੇ।"

ਫੇਰ ਚੇਲਿਆਂ ਕੋਲ ਆਣ ਕੇ ਉਨ੍ਹਾਂ ਨੂੰ ਆਖਿਆ, "ਹੁਣ ਤੁਸੀਂ ਸੁੱਤੇ ਰਹੋ ਅਤੇ ਵਿਸ਼ਰਾਮ ਕਰੋ। ਵੇਖੋ, ਘੜੀ ਆ ਗਈ ਹੈ ਅਤੇ ਮਨੁੱਖ ਦਾ ਪੁੱਤਰ ਪਾਪੀਆਂ ਦੇ ਹੱਥਾਂ ਵਿੱਚ ਫੜਵਾਇਆ ਜਾਂਦਾ ਹੈ। ਉੱਠੋ, ਚੱਲੀਏ। ਵੇਖੋ, ਮੇਰਾ ਫੜਵਾਉਣ ਵਾਲਾ ਨੇੜੇ ਆ ਗਿਆ ਹੈ।"

® *ਲੂਕਾ ਦਾ ਲੇਖ*

ਲੂਕਾ, ਜੋ ਡਾਕਟਰ ਸੀ ਉਸਨੇ ਸਾਨੂੰ ਉਸ ਸਮੇਂ ਦੀ ਪ੍ਰਾਰਥਨਾ ਦੀ ਵੱਖਰੀ ਤਸਵੀਰ ਪੇਸ਼ ਕੀਤੀ ਹੈ।

ਲੂਕਾ 22:43,44 ਅਤੇ ਸਵਰਗੋਂ ਇੱਕ ਦੂਤ ਉਹ ਨੂੰ ਵਿਖਾਈ ਦੇ ਕੇ ਉਹ ਨੂੰ ਸਹਾਰਾ ਦਿੰਦਾ ਸੀ। ਅਤੇ ਉਹ ਮਹਾਂ ਕਸ਼ਟ ਵਿੱਚ ਪੈ ਕੇ ਮਨੋਂ ਤਨੋਂ ਪ੍ਰਾਰਥਨਾ ਕਰਨ ਲੱਗਾ ਅਤੇ ਉਹ ਦਾ ਮੁੜ੍ਹਕਾ ਲਹੂ ਦੀਆਂ ਬੂੰਦਾਂ ਵਾਂਙੂ ਭੁੰਵੇਂ ਡਿੱਗਦਾ ਸੀ।

ਸਲੀਬ ਉੱਤੇ

® *ਪਿਤਾ ਇਨ੍ਹਾਂ ਨੂੰ ਮਾਫ਼ ਕਰ*

ਜਦੋਂ ਯਿਸੂ ਸਲੀਬ ਉੱਤੇ ਟੰਗਿਆ ਹੋਇਆ ਸੀ ਤਾਂ ਉਸਨੇ ਸਾਰੇ ਧਰਮ ਸ਼ਾਸਤਰਾਂ ਵਿੱਚੋਂ ਸਭ ਤੋਂ ਮਹਿਮਾ ਨਾਲ ਭਰਪੂਰ ਪ੍ਰਾਰਥਨਾ ਕੀਤੀ। ਉਸਦੀ ਆਪਣੀ ਰਚਨਾ ਨੇ ਉਸਨੂੰ ਧੋਖਾ ਦਿੱਤਾ ਸੀ। ਉਸਨੂੰ ਗਾਲਾਂ ਦਿੱਤੀਆਂ ਗਈਆਂ, ਨਫ਼ਰਤ ਕੀਤੀ ਗਈ, ਅਤੇ ਉਨ੍ਹਾਂ ਲੋਕਾਂ ਦੁਆਰਾ ਸਲੀਬ ਚੜ੍ਹਾਇਆ ਗਿਆ ਸੀ ਜਿਨ੍ਹਾਂ ਨੂੰ ਉਸਨੇ ਰਚਿਆ ਸੀ। ਉਹ ਉਨ੍ਹਾਂ ਲੋਕਾਂ ਦੁਆਰਾ ਮਾਰਿਆ ਗਿਆ ਜਿਨ੍ਹਾਂ ਨੂੰ ਮੁਕਤੀ ਦੇਣ ਲਈ ਉਹ ਆਇਆ ਸੀ। ਜੇਕਰ ਧਰਤੀ ਉੱਤੇ ਕਦੀ ਕੋਈ ਅਜਿਹਾ ਮਨੁੱਖ ਸੀ ਜਿਸ ਨੂੰ ਮਾਫ਼ ਨਾ ਕਰਨ ਦਾ ਕੋਈ ਕਾਰਨ ਨਹੀਂ ਸੀ ਤਾਂ, ਉਹ ਯਿਸੂ ਮਸੀਹ ਸੀ। ਅਤੇ ਭਾਵੇਂ ਉਹ ਬਹੁਤ ਹੀ ਭਿਆਨਕ ਦਰਦ ਨਾਲ, ਸਲੀਬ ਉੱਤੇ ਟੰਗਿਆ ਮਰ ਰਿਹਾ ਸੀ, ਉਸਨੇ ਪ੍ਰਾਰਥਨਾ ਕੀਤੀ, "ਹੇ ਪਿਤਾ, ਇਨ੍ਹਾਂ ਨੂੰ ਮਾਫ਼ ਕਰ..."

ਲੂਕਾ 23:34ੳ ਤਦ ਯਿਸੂ ਨੇ ਆਖਿਆ, "ਹੇ ਪਿਤਾ ਉਨ੍ਹਾਂ ਨੂੰ ਮਾਫ਼ ਕਰ ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।"

® *ਉਸਦੀ ਆਖਰੀ ਪੁਕਾਰ*

ਲੂਕਾ 23:46 ਤਾਂ ਯਿਸੂ ਉੱਚੀ ਅਵਾਜ਼ ਨਾਲ ਚਿੱਲਾ ਕੇ ਆਖਿਆ ਕਿ "ਹੇ ਪਿਤਾ ਮੈਂ ਆਪਣਾ ਆਤਮਾ ਤੇਰੇ ਹੱਥੀਂ ਸੌਂਪਦਾ ਹਾਂ।" ਅਤੇ ਇਹ ਕਹਿ ਕੇ ਪ੍ਰਾਣ ਛੱਡ ਦਿੱਤੇ।

ਉਹ ਹਮੇਸ਼ਾ ਪੱਖ ਪੂਰਨ ਲਈ ਜੀਵਿਆ

ਯਿਸੂ ਮਸੀਹ ਇੱਕ ਪ੍ਰਾਰਥਨਾ ਵਾਲਾ ਆਦਮੀ ਸੀ। ਸਾਡੇ ਲਈ ਲਗਾਤਾਰ ਪ੍ਰਾਰਥਨਾ ਕਰਦੇ ਰਹਿਣ ਦੀ ਉਦਾਹਰਨ। ਅੱਜ, ਉਹ ਹੁਣ ਵੀ ਪ੍ਰਾਰਥਨਾ ਕਰ ਰਿਹਾ ਹੈ - ਸਵਰਗ ਵਿੱਚ ਉਹ ਸਾਡਾ ਪੱਖ ਲੈ ਰਿਹਾ ਹੈ।

ਇਬਰਾਨੀਆਂ 7:25 ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ ਕਰ ਸਕਦਾ ਹੈ ਕਿਉਂ ਜੋ ਉਹ ਉਨ੍ਹਾਂ ਦੀ ਸਿਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ।

Φ ਸਾਰ-ਯਿਸੂ ਸਾਡੀ ਮਹਾਨ ਉਦਾਹਰਨ ਹੈ

ਆਗਿਆਕਾਰੀ ਅਤੇ ਪ੍ਰਾਰਥਨਾ ਦਾ ਜੇਤੂ ਜੀਵਨ ਕਿਵੇਂ ਜੀਉਣਾ ਹੈ ਉਸ ਉਦਾਹਰਨ ਵਿੱਚ ਯਿਸੂ ਸਰਵ-ਉੱਚ, ਨਾਇਕ ਅਤੇ ਨੇਤਾ ਹੈ। ਸ਼ੁਭਸਮਾਚਾਰ ਉਸ ਦੀ ਪ੍ਰਾਰਥਨਾ ਦੀ ਉਦਾਹਰਨਾਂ ਨਾਲ ਭਰਿਆ ਹੋਇਆ ਹੈ ਅਤੇ ਇਹ ਸਾਨੂੰ ਸਾਡੇ ਸਵਰਗੀ ਪਿਤਾ ਦੇ ਪ੍ਰਤੀ ਸੰਬੰਧਾਂ ਦੇ ਲਈ ਅੰਦਰ ਦ੍ਰਿਸ਼ਟੀ ਦਿੰਦਾ ਹੈ। ਯਿਸੂ, ਪਰਮੇਸ਼ੁਰ ਪਿਤਾ ਦੇ ਪੁੱਤਰ ਨੇ ਵੀ, ਹਰ ਹਲਾਤਾਂ ਅਤੇ ਮੁਸ਼ਕਲਾਂ ਦੇ ਵਿੱਚ ਪ੍ਰਾਰਥਨਾ ਕੀਤੀ ਜੋ ਸਾਡੇ ਲਈ ਚੁਣੌਤੀ ਹੈ। ਕੀ ਅਸੀਂ ਉਵੇਂ ਜੀਵਨ ਗੁਜ਼ਾਰ ਰਹੇ ਹਾਂ ਜਿਵੇਂ ਸੋਚਦੇ ਹਾਂ ਕਿ ਇਹ ਹੋਵੇ ਜਾਂ ਕੀ ਮਾਰਗ ਦਰਸ਼ਨ ਦੇ ਲਈ ਅਸੀਂ ਲਗਾਤਾਰ ਆਪਣੇ ਪਿਤਾ ਕੋਲ ਜਾਂਦੇ ਹਾਂ?

ਯਿਸੂ ਨੇ ਸਾਡੇ ਲਈ ਅਤੇ ਉਨ੍ਹਾਂ ਲਈ ਪ੍ਰਾਰਥਨਾ ਕੀਤੀ - ਜੋ ਵਿਸ਼ਵਾਸ ਕਰਦੇ ਹਨ - ਕਿ ਅਸੀਂ ਏਕਤਾ ਅਤੇ ਪਿਆਰ ਵਿੱਚ ਚੱਲਾਂਗੇ, ਤਾਂ ਜੋ ਅਸੀਂ ਸੰਪੂਰਨ ਹੋਈਏ ਅਤੇ ਉਸ ਦਾ ਚਾਨਣ ਸਾਡੇ ਵਿੱਚ ਚਮਕੇ ਅਤੇ ਇੱਕ ਦਿਨ ਅਸੀਂ ਉਸ ਨਾਲ ਹੋਵਾਂਗੇ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਮੱਤੀ 20:27 ਵਿੱਚ ਜਦ ਅੰਨੇ ਆਦਮੀ ਦਯਾ ਲਈ ਆਖਦੇ ਹਨ ਉਨ੍ਹਾਂ ਨੂੰ ਕੀ ਉੱਤਰ ਮਿਲਦਾ ਹੈ, ਯਿਸੂ ਨੇ ਉਨ੍ਹਾਂ ਨੂੰ ਕਿਉਂ ਆਖਿਆ ਕਿ ਤੁਸੀਂ ਕੀ ਚਾਹੁੰਦੇ ਹਨ ਜੋ ਮੈਂ ਤੁਹਾਡੇ ਲਈ ਕਰਾਂ? ਇਸ ਵਚਨ ਤੋਂ ਤੁਸੀਂ ਪ੍ਰਾਰਥਨਾ ਬਾਰੇ ਕੀ ਸਿੱਖਿਆ ਹੈ?

2. ਮੱਤੀ 17:14 ਵਿੱਚ, ਜਦੋਂ ਇੱਕ ਮਨੁੱਖ ਆਇਆ ਜਿਸ ਦਾ ਪੁੱਤਰ ਮਿਰਗੀ ਦਾ ਮਰਿਆ ਹੋਇਆ ਸੀ ਉਹ ਯਿਸੂ ਆਇਆ ਅਤੇ ਆਖਿਆ ਤੁਹਾਡੇ ਚੇਲੇ ਉਸ ਨੂੰ ਚੰਗਾ ਨਾ ਕਰ ਸਕੇ, ਉਹ ਕਿਹੜਾ ਵਿਅਕਤੀਗਤ ਕਾਰਨ ਯਿਸੂ ਨੇ ਉਨ੍ਹਾਂ ਨੂੰ ਦੱਸਿਆ ਜਿਸ ਕਾਰਨ ਉਹ ਉਸ ਨੂੰ ਕੱਢ ਨਾ ਸਕੇ? ਇਸ ਵਚਨ ਤੋਂ ਤੁਸੀਂ ਪ੍ਰਾਰਥਨਾ ਬਾਰੇ ਕੀ ਸਿੱਖਿਆ ਹੈ?

3. ਤਿੰਨ ਹੋਰ ਯਿਸੂ ਦੀਆਂ ਪ੍ਰਾਰਥਨਾਵਾਂ ਦੀਆਂ ਉਦਾਹਰਨਾਂ ਦਿਉ ਅਤੇ ਵਰਨਣ ਕਰੋ ਕਿ ਤੁਸੀਂ ਇਨ੍ਹਾਂ ਉਦਾਹਰਨਾਂ ਤੋਂ ਕੀ ਸਿੱਖਿਆ। ਅਧਿਆਇ ਵਿੱਚ ਜੋ ਸੱਚ ਤੁਸੀਂ ਸਿੱਖਿਆ ਹੈ ਉਨ੍ਹਾਂ ਤੁਸੀਂ ਆਪਣੇ ਪ੍ਰਾਰਥਨਾ ਦੇ ਜੀਵਨ ਵਿੱਚ ਬਦਲਾਵ ਲਿਆਵੋਗੇ ਵਰਨਣ ਕਰੋ।

ਅਧਿਆਇ ਚਾਰ

"ਪ੍ਰਭੂ, ਸਾਨੂੰ ਪ੍ਰਾਰਥਨਾ ਕਰਨਾ ਸਿਖਾਉਂਦਾ ਹੈ"

ਚੇਲਿਆਂ ਨੇ ਵੇਖਿਆ ਕਿ ਯਿਸੂ ਦਾ ਜੀਵਨ ਇੱਕ ਪ੍ਰਾਰਥਨਾ ਵਾਲਾ ਜੀਵਨ ਹੈ, ਅਤੇ ਇੱਕ ਦਿਨ ਉਨ੍ਹਾਂ ਨੇ ਕਿਹਾ "ਪ੍ਰਭੂ, ਸਾਨੂੰ ਪ੍ਰਾਰਥਨਾ ਕਰਨੀ ਸਿਖਾਵੋ।" ਯਿਸੂ ਦੇ ਜੀਵਨ ਵਿੱਚ ਕੁਝ ਵੱਖਰਾ ਸੀ-ਉਸ ਵਿੱਚ ਕੁਝ ਅਜਿਹਾ ਸੀ ਜਿਸਦੀ ਉਨ੍ਹਾਂ ਨੂੰ ਲੋੜ ਸੀ।

ਲੂਕਾ 11:1 ਤਾਂ ਐਉਂ ਹੋਇਆ ਕਿ ਉਹ ਕਿਸੇ ਥਾਂ ਪ੍ਰਾਰਥਨਾ ਕਰਦਾ ਸੀ ਅਰ ਜਾਂ ਕਰ ਹਟਿਆ ਤਾਂ ਉਹ ਦੇ ਚੇਲਿਆਂ ਵਿੱਚੋਂ ਇੱਕ ਨੇ ਉਹ ਨੂੰ ਆਖਿਆ, "ਪ੍ਰਭੂ ਜੀ ਸਾਨੂੰ ਪ੍ਰਾਰਥਨਾ ਕਰਨੀ ਸਿਖਾਲ ਜਿਵੇਂ ਯੂਹੰਨਾ ਨੇ ਵੀ ਆਪਣੇ ਚੇਲਿਆਂ ਨੂੰ ਸਿਖਾਲੀ।"

ਇਹ ਸਾਡੇ ਦਿਲਾਂ ਦੀ ਨਿਰੰਤਰ ਪ੍ਰਾਰਥਨਾ ਹੋਣੀ ਚਾਹੀਦੀ ਹੈ,

"ਪ੍ਰਭੂ, ਸਾਨੂੰ ਪ੍ਰਾਰਥਨਾ ਕਰਨੀ ਸਿਖਾ!"

ਪ੍ਰਭੂ ਦੀ ਪ੍ਰਾਰਥਨਾ

ਪ੍ਰਭੂ ਦੀ ਪ੍ਰਾਰਥਨਾ ਇੱਕ ਨਮੂਨਾ ਬਣ ਗਿਆ ਸੀ ਜਿਸ ਨੂੰ ਚੇਲਿਆਂ ਨੇ ਆਪਣੀਆਂ ਪ੍ਰਾਰਥਨਾਵਾਂ ਲਈ ਇੱਕ ਢਾਂਚੇ ਦੇ ਰੂਪ ਵਿੱਚ ਇਸਤੇਮਾਲ ਕੀਤਾ ਸੀ। ਇਸਨੂੰ ਦੁਹਰਾਉਣ ਦੀ ਲੋੜ ਨਹੀਂ ਹੈ, ਜਿਵੇਂ ਕਈ ਸਦੀਆਂ ਤੋਂ, ਜਿਸਨੂੰ ਧਾਰਮਿਕ ਸਮਾਰੋਹਾਂ ਵਿੱਚ ਰਟਿਆ ਜਾਂਦਾ ਹੈ।

ਧਿਆਨ ਦਿਓ ਉਦਾਹਰਨ ਦੇ ਤੌਰ ਤੇ ਜੋ ਪ੍ਰਾਰਥਨਾ ਯਿਸੂ ਨੇ ਵਰਤੀ ਹੈ ਉਹ ਕਿੰਨੀ ਸਧਾਰਨ ਹੈ-ਲੂਕਾ ਰਚਿਤ ਸੁਸਮਾਚਾਰ ਵਿੱਚ ਕੇਵਲ ਤਿੰਨ ਆਇਤਾਂ-ਜਾਂ ਮੱਤੀ ਵਿੱਚ ਪੰਜ ਆਇਤਾਂ (ਮੱਤੀ 6:9-13)।

ਫੇਰ ਉਸ ਨੇ ਉਨ੍ਹਾਂ ਨੂੰ ਕਿਹਾ, ਜਾਂ ਤੁਸੀਂ ਪ੍ਰਾਰਥਨਾ ਕਰੋ ਤਾਂ ਕਹੋ,

ਹੇ ਪਿਤਾ, ਤੇਰਾ ਨਾਮ ਪਾਕ ਮੰਨਿਆ ਜਾਵੇ,

ਤੇਰਾ ਰਾਜ ਆਵੇ,

ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ,

ਅਤੇ ਸਾਡੇ ਪਾਪ ਸਾਨੂੰ ਮਾਫ਼ ਕਰ,

ਕਿਉਂ ਜੋ ਅਸੀਂ ਆਪ ਵੀ ਆਪਣੇ ਹਰੇਕ ਕਰਜਾਈ ਨੂੰ ਮਾਫ਼ ਕਰਦੇ ਹਾਂ।

ਅਤੇ ਸਾਨੂੰ ਪਰਤਾਵੇ ਵਿੱਚ ਨਾ ਲਿਆ,

ਸਗੋਂ ਬੁਰਾਈ ਤੋਂ ਬਚਾ।"

ਲੂਕਾ 11:2-4

ਇਨ੍ਹਾਂ ਹੀ ਕੁਝ ਆਇਤਾਂ ਉੱਤੇ ਬਹੁਤ ਹੀ ਸ਼ਾਨਦਾਰ ਕਿਤਾਬਾਂ ਲਿਖੀਆਂ ਗਈਆਂ ਹਨ, ਪਰ ਅਸੀਂ ਕੇਵਲ ਆਇਤ ਨੂੰ ਕੇਂਦਰ ਬਣਾਵਾਂਗੇ।

"ਜਦੋਂ ਤੁਸੀਂ ਪ੍ਰਾਰਥਨਾ ਕਰੋ-ਕਹੋ!"

ਇਸ ਪ੍ਰਾਰਥਨਾ ਵਿੱਚ, ਯਿਸੂ ਨੇ ਅਜਿਹਾ ਨਹੀਂ ਕਿਹਾ ਕਿ ਜਦੋਂ ਤੁਸੀਂ ਪ੍ਰਾਰਥਨਾ ਕਰੋ, ਤਾਂ ਇਸ ਤਰ੍ਹਾਂ ਰੋਵੋ ਜਿਵੇਂ ਤੁਸੀਂ ਅਣਇੱਛੁਕ ਪਰਮੇਸ਼ੁਰ ਅੱਗੇ ਪ੍ਰਾਰਥਨਾ ਕਰ ਰਹੇ ਹੋ ਕਿ ਉਹ ਤੁਹਾਡੀ ਸੁਣੇ, ਜਾਂ ਮਿੰਨਤ ਕਰੋ ਅਤੇ ਬਹੁਤ ਦੁਖੀ ਹੋਵੇ। ਉਸਨੇ ਕਿਹਾ ਜਦੋਂ ਤੁਸੀਂ ਪ੍ਰਾਰਥਨਾ ਕਰੋ ਤਾਂ-ਕਹਿਣਾ।

ਯਿਸੂ ਨੇ ਉਹੀ ਸ਼ਬਦ ਵਰਤਿਆ, ਕਹਿਣਾ, ਦੂਜੀ ਜਗ੍ਹਾ ਤੇ ਵੀ।

ਮਰਕੁਸ 11:23 "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ।"

ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਸਾਨੂੰ ਕਹਿਣਾ ਚਾਹੀਦਾ ਹੈ। ਸਾਨੂੰ ਪਹਾੜ ਨੂੰ ਕਹਿਣਾ ਚਾਹੀਦਾ ਹੈ-"ਇੱਥੋਂ ਹੱਟ ਜਾ ਅਤੇ ਸਮੁੰਦਰ ਵਿੱਚ ਜਾ ਪੈ।" ਅਤੇ ਯਿਸੂ ਨੇ ਕਿਹਾ ਹੈ ਕਿ ਜੇਕਰ ਅਸੀਂ ਸ਼ੱਕ ਨਾ ਕਰੀਏ, ਪਰ ਵਿਸ਼ਵਾਸ ਕਰੀਏ ਕਿ ਜੋ ਅਸੀਂ ਕਿਹਾ ਹੈ, ਉਹ ਮਿਲ ਗਿਆ ਹੈ, ਤਾਂ ਉਹ ਹੋ ਜਾਵੇਗਾ।

ਪ੍ਰਾਰਥਨਾ ਦੀ ਸਾਡੀ ਅਸਾਨ ਕੀਤੀ ਹੋਈ ਪਰਿਭਾਸ਼ਾ ਕੀ ਉਸਨੂੰ ਯਾਦ ਕਰੋ:

ਪ੍ਰਾਰਥਨਾ ਪ੍ਰਭੂ ਦੇ ਸਾਹਮਣੇ ਇੱਕ ਹਾਲਤ ਨੂੰ ਲੈ ਜਾਣਾ, ਉਸਦਾ ਉੱਤਰ ਸੁਣਨਾ, ਅਤੇ ਸਥਿਤੀ ਵਿੱਚ ਪਰਮੇਸ਼ੁਰ ਦੀ ਇੱਛਾ ਨੂੰ ਬੋਲਣਾ ਹੈ। ਪ੍ਰਾਰਥਨਾ ਧਰਤੀ ਉੱਤੇ ਸਵਰਗ ਨੂੰ ਉਤਾਰਨਾ ਹੈ।

"ਸਾਡੇ ਸਵਰਗੀ ਪਿਤਾ"

® *ਸਾਡਾ ਸਥਾਨ*

ਯਿਸੂ ਮਸੀਹ ਨੇ ਚੇਲਿਆਂ ਨੂੰ ਉਨ੍ਹਾਂ ਦਾ ਸਥਾਨ ਯਾਦ ਕਰਵਾਇਆ। ਜਦੋਂ ਅਸੀਂ ਪ੍ਰਾਰਥਨਾ ਵਿੱਚ ਪਰਮੇਸ਼ੁਰ ਦੇ ਕੋਲ ਆਉਂਦੇ ਹਾਂ, ਸਾਨੂੰ ਸਰਵ-ਉੱਚ ਪਰਮੇਸ਼ੁਰ ਦੇ ਬੱਚਿਆਂ ਵਾਂਗ ਆਉਣਾ ਚਾਹੀਦਾ ਹੈ। ਇਹ ਸਾਡਾ ਇਕਰਾਰਨਾਮੇ ਦਾ ਅਧਿਕਾਰ ਹੈ ਕਿ ਬਿਲਕੁਲ ਕੁਦਰਤੀ ਬੱਚਿਆਂ ਦੇ ਵਾਂਗ ਜੋ ਆਪਣੇ ਮਾਤਾ-ਪਿਤਾ ਕੋਲ ਭੱਜਦੇ ਹਨ ਅਸੀਂ ਵੀ ਪਰਮੇਸ਼ੁਰ ਕੋਲ ਆਈਏ।

ਰੋਮੀਆਂ 8:15,16 ਕਿਉਂ ਜੋ ਤੁਹਾਨੂੰ ਗੁਲਾਮੀ ਦਾ ਆਤਮਾ ਨਹੀਂ ਮਿਲਿਆ ਜੋ ਫੇਰ ਮੁੜ ਕੇ ਡਰੋ ਸਗੋਂ ਲੇਪਾਲਕ ਪੁੱਤਰ ਹੋਣ ਦਾ ਆਤਮਾ ਮਿਲਿਆ ਜਿਸ ਕਰਕੇ ਅਸੀਂ "ਅੱਬਾ", ਹੇ ਪਿਤਾ ਪੁਕਾਰਦੇ ਹਾਂ।

ਸਾਨੂੰ ਆਪਣੇ ਸਵਰਗੀ ਪਿਤਾ ਅੱਗੇ, ਇਹ ਸਮਝਦੇ ਹੋਏ ਪ੍ਰਾਰਥਨਾ ਕਰਨੀ ਚਾਹੀਦੀ ਹੈ ਕਿ ਉਹ ਸਾਡੇ ਧਰਤੀ ਦੇ ਪਿਤਾ ਤੋਂ ਇੱਕਦਮ ਵੱਖਰਾ ਹੈ। ਅਸੀਂ ਆਪਣੇ ਸਵਰਗੀ ਪਿਤਾ ਕੋਲੋਂ ਪ੍ਰਾਰਥਨਾ ਕਰ ਰਹੇ ਹਾਂ-ਨਾ ਕਿ ਆਪਣੇ ਆਪ ਵਿੱਚ ਪਰਮੇਸ਼ੁਰ ਕੋਲੋਂ ਜਿਵੇਂ ਕੁਝ ਸਿੱਖਿਆ ਦੇ ਨਾਲ।

"ਤੇਰਾ ਨਾਮ ਪਵਿੱਤਰ ਮੰਨਿਆ ਜਾਵੇ"

® *ਸਾਡਾ ਵਿਵਹਾਰ*

ਫਿਰ ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਪ੍ਰਾਰਥਨਾ ਦੇ ਦੌਰਾਨ ਆਪਣੇ ਵਿਵਹਾਰ ਬਾਰੇ ਵੀ ਸਿੱਖਿਆ ਦਿੱਤੀ।

ਭਾਵੇਂ ਕਿ ਅਸੀਂ ਪਰਮੇਸ਼ੁਰ ਦੇ ਪਿਆਰੇ ਬੱਚੇ ਹਾਂ, ਪਰ ਅਸੀਂ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਬਿਨ੍ਹਾਂ ਆਦਰ ਤੋਂ ਦਾਖਲ ਨਹੀਂ ਹੋ ਸਕਦੇ। ਅਸੀਂ ਉਸਨੂੰ ਆਦਰ ਦਿੰਦੇ ਹਾਂ। "ਪਵਿੱਤਰ" ਜਿਸਦਾ ਅਰਥ ਹੈ ਪਵਿੱਤਰ ਬਣਾਉਣਾ, ਸ਼ੁੱਧ ਕਰਨਾ, ਸਮਰਪਿਤ ਕਰਨਾ, ਆਦਰ ਦੇਣਾ ਜਾਂ ਮਹਾਨ ਆਦਰ, ਬਹੁਤ ਮਹੱਤਵ ਦੇਣਾ, ਪਿਆਰ ਬਣਾਉਣਾ, ਆਸ਼ਾ ਰੱਖਣਾ। ਅਸੀਂ ਉਸਦੇ ਨਾਮ ਨੂੰ ਪਵਿੱਤਰ ਬਣਾਉਣ ਲਈ ਸਮਾਂ ਲੈਂਦੇ ਹਾਂ ਆਪਣੇ ਮਨ ਤੋਂ ਮਹਾਨ ਆਦਰ ਦੀਆਂ ਗੱਲਾਂ ਕਹਿ-ਕਹਿ ਕੇ।

"ਤੇਰਾ ਰਾਜ ਆਵੇ"

ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ, ਅਸੀਂ ਕਹਿੰਦੇ ਹਾਂ, "ਤੇਰਾ ਰਾਜ ਆਵੇ"-ਸਾਡਾ ਰਾਜ ਨਹੀਂ। ਬਹੁਤ ਸਾਰੇ ਲੋਕ ਇਸਨੂੰ ਨਾ ਸਮਝਦੇ ਹੋਏ ਆਪਣੇ ਰਾਜ ਬਣਾਉਣ ਲਈ ਪ੍ਰਾਰਥਨਾ ਕਰਦੇ ਹਨ-ਇੱਕ ਸੌਹਣਾ ਘਰ, ਇੱਕ ਵੱਡੀ ਕਾਰ, ਇੱਕ ਚੰਗੀ ਨੌਕਰੀ, ਇੱਥੋਂ ਤੱਕ ਕਿ ਵੱਡੀ ਸੇਵਕਾਈ। ਯਿਸੂ ਨੇ ਕਿਹਾ ਕਿ ਕਹੋ, "ਪਰਮੇਸ਼ੁਰ ਦਾ ਰਾਜ ਆਵੇ।"

ਸਾਨੂੰ ਆਪਣੇ ਆਪ ਨੂੰ ਪਰਮੇਸ਼ੁਰ ਦੀ ਇੱਛਾ ਨਾਲ ਮਿਲਾਉਣਾ ਚਾਹੀਦਾ ਹੈ, ਅਤੇ ਫਿਰ ਆਗਿਆ ਦੇਣੀ ਚਾਹੀਦੀ ਹੈ ਕਿ ਧਰਤੀ ਉੱਤੇ ਸਾਡੀ ਹਾਲਤ ਵਿੱਚ ਉਸਦੀ ਮਰਜ਼ੀ ਪੂਰੀ ਹੋਵੇ। ਇਹ ਇੱਕ ਰਾਜਕੀ ਪ੍ਰਾਰਥਨਾ ਹੈ, ਇੱਕ ਸ਼ਾਸਨ ਦੀ ਪ੍ਰਾਰਥਨਾ

® *ਆਓ - ਏਰਕੋਮੇਹੇ*

ਯੂਨਾਨੀ ਸ਼ਬਦ, ਏਰਕੋਮੇਹੇ, ਜਿਸਦਾ ਅਰਥ ਹੈ, "ਉਸ ਸਥਾਨ ਤੋਂ ਇਸ ਸਥਾਨ ਤੇ ਆਉਣਾ।"

ਇਸਦਾ ਅਰਥ ਇਹ ਨਹੀਂ ਹੈ, "ਪਰਮੇਸ਼ੁਰ ਮਾਲਕ ਹੈ ਅਤੇ ਜੋ ਵੀ ਉਹ ਕਹੇਗਾ, ਕਰੇਗਾ"

ਇਸਦਾ ਇਹ ਵੀ ਅਰਥ ਨਹੀਂ ਹੈ, "ਇਹ ਬੜਾ ਚੰਗਾ ਹੋਵੇਗਾ ਜੇਕਰ ..., ਪਰ ਜੋ ਤੁਹਾਡੀ ਇੱਛਾ ਹੈ ਉਹ ਪਰਮੇਸ਼ੁਰ ਦੀ ਇੱਛਾ ਹੈ।"

ਜਦ ਯਿਸੂ ਨੇ ਕਿਹਾ ਹੈ "ਆ" ਯੂਨਾਨੀ ਭਾਸ਼ਾ ਵਿੱਚ, ਇਸਦਾ ਅਰਥ ਹੈ, "ਉਨ੍ਹਾਂ ਚੀਜ਼ਾਂ ਨੂੰ ਬੁਲਾਉਣਾ ਜੋ ਉਸ ਤਰ੍ਹਾਂ ਨਹੀਂ ਹਨ ਜਿਸ ਤਰ੍ਹਾਂ ਉਹ ਸਨ।"

ਇਸਦਾ ਅਰਥ ਹੈ, "ਤੂੰ, ਉੱਥੋਂ ਇੱਥੇ ਆ ਜਾ।"

® *ਪਾਣੀ ਉੱਤੇ ਚੱਲਣਾ*

ਪਤਰਸ ਯਿਸੂ ਮਸੀਹ ਦੇ ਕਹਿਣ ਤੇ ਪਾਣੀ ਉੱਤੇ ਤੁਰਿਆ ਜਦੋਂ ਯਿਸੂ ਨੇ ਕਿਹਾ, ਏਰਕੋਮੇਹੇ - ਆ।

ਮੱਤੀ 14:28,29 ਤਦ ਪਤਰਸ ਨੇ ਉਹ ਨੂੰ ਉੱਤਰ ਦਿੱਤਾ, "ਪ੍ਰਭੂ ਜੀ, ਜੇ ਤੂੰ ਹੈ ਤਾਂ ਮੈਨੂੰ ਪਾਣੀ ਦੇ ਉੱਤੋਂ ਦੀ ਆਪਣੇ ਕੋਲ ਆਉਣ ਦੀ ਆਗਿਆ ਦਿਹ।"

ਉਹ ਨੇ ਆਖਿਆ, "ਆ" ਅਤੇ ਪਤਰਸ ਬੇੜੀਓਂ ਉੱਤਰ ਕੇ ਯਿਸੂ ਦੇ ਕੋਲ ਜਾਣ ਨੂੰ ਪਾਣੀ ਉੱਤੇ ਤੁਰਨ ਲੱਗਾ।

ਪਤਰਸ ਇੱਕ ਮਛੇਰਾ ਸੀ। ਉਹ ਜਾਣਦਾ ਸੀ ਕਿ ਮਨੁੱਖ ਪਾਣੀ ਉੱਤੇ ਨਹੀਂ ਚੱਲ ਸਕਦੇ। ਫਿਰ ਵੀ, ਆਪਣੀ ਇੱਛਾ ਨੂੰ ਪੂਰਾ ਕਰਨ ਦੇ ਉੱਤਰ ਵਿੱਚ-"ਪ੍ਰਭੂ ਮੈਨੂੰ ਹੁਕਮ ਦੇ ਕਿ ਮੈਂ ਪਾਣੀ ਉੱਤੇ ਚੱਲ ਕੇ ਤੇਰੇ ਕੋਲ ਆਵਾਂ"-ਯਿਸੂ ਨੇ ਜਵਾਬ ਦਿੱਤਾ, "ਆ ਜਾ।" ਪਤਰਸ ਕੁਦਰਤੀ ਤੋਂ ਅਦੁੱਤੀ ਦੇ ਖੇਤਰ ਵਿੱਚ ਆ ਗਿਆ। ਪਤਰਸ ਪਾਣੀ ਉੱਤੇ ਤੁਰਨ ਲੱਗ ਪਿਆ।

ਪਾਣੀ ਉੱਤੇ ਚੱਲਣ ਤੋਂ ਬਾਅਦ, ਉਸਨੇ ਕੁਦਰਤੀ ਖੇਤਰ ਵਿੱਚ ਵਾਪਸ ਜਾਣਾ ਸ਼ੁਰੂ ਕਰ ਦਿੱਤਾ, ਉਹ ਡਰ ਗਿਆ, ਅਤੇ ਫਿਰ ਡੁੱਬਣ ਲੱਗਾ।

ਮੱਤੀ 14:30,31 ਪਰ ਪੌਣ ਵੇਖ ਕੇ ਡਰਿਆ ਅਰ ਜਾਂ ਡੁੱਬਣ ਲੱਗਾ ਤਾਂ ਚੀਕ ਮਾਰ ਕੇ ਬੋਲਿਆ, ਪ੍ਰਭੂ ਜੀ, "ਮੈਨੂੰ ਬਚਾ ਲੈ।"

ਅਤੇ ਝੱਟ ਯਿਸੂ ਨੇ ਹੱਥ ਲੰਮਾ ਕਰ ਕੇ ਉਹ ਨੂੰ ਫੜ ਲਿਆ ਅਤੇ ਉਹ ਨੂੰ ਆਖਿਆ, "ਹੇ ਥੋੜ੍ਹੀ ਪਰਤੀਤ ਵਾਲਿਆ, ਤੈਂ ਕਿਉਂ ਭਰਮ ਕੀਤਾ?"

ਅਕਸਰ, ਅੱਜ ਵੀ ਅਜਿਹਾ ਹੀ ਹੈ, ਜਦੋਂ ਅਸੀਂ ਪ੍ਰਾਰਥਨਾ ਦੇ ਦੌਰਾਨ ਅਦੁੱਤੀ ਖੇਤਰ ਵਿੱਚ ਪਹੁੰਚਦੇ ਹਾਂ। ਅਸੀਂ ਦਲੇਰੀ ਨਾਲ ਸ਼ੁਰੂ ਕਰਦੇ ਹਾਂ, ਪਰ ਜਦੋਂ ਅਸੀਂ ਪਰਿਸਥਿਤੀਆਂ ਵੱਲ ਵੇਖਦੇ ਹਾਂ। ਤਾਂ ਅਸੀਂ ਸ਼ੱਕ ਨੂੰ ਅੰਦਰ ਆਉਣ ਦਿੰਦੇ ਹਾਂ। ਅਸੀਂ ਡਰਨਾ ਸ਼ੁਰੂ ਕਰ ਦਿੰਦੇ

ਹਾਂ ਅਤੇ ਨਾਕਾਮ ਹੋਣਾ ਸ਼ੁਰੂ ਕਰ ਦਿੰਦੇ ਹਾਂ। ਉਸ ਸਮੇਂ ਸਾਡੇ ਪ੍ਰਾਰਥਨਾ ਵੀ ਪਤਰਸ ਦੀ ਪ੍ਰਾਰਥਨਾ ਵਾਂਗ ਹੋਣੀ ਚਾਹੀਦੀ ਹੈ "ਪ੍ਰਭੂ ਮੈਨੂੰ ਬਚਾ ਲੈ –ਮੇਰੇ ਅਵਿਸ਼ਵਾਸ ਨੂੰ ਠੀਕ ਕਰ ਦੇ।"

® *ਸੂਬੇਦਾਰ*

ਸੂਬੇਦਾਰ ਯਿਸੂ ਕੋਲ ਇਹ ਬੇਨਤੀ ਲੈ ਕੇ ਆਇਆ ਕਿ ਯਿਸੂ ਉਸਦੇ ਦਾਸ ਨੂੰ ਚੰਗਾ ਕਰ ਦੇਵੇ, ਅਤੇ ਯਿਸੂ ਨੇ ਕਿਹਾ, "ਮੈਂ ਆਵਾਂਗਾ ਅਤੇ ਉਸਨੂੰ ਚੰਗਾ ਕਰ ਦਿਆਂਗਾ।" ਪਰ ਸੂਬੇਦਾਰ ਇਹ ਜਾਣਦਾ ਸੀ ਕਿ ਯਿਸੂ ਲਈ ਉੱਥੇ ਆਉਣਾ ਜ਼ਰੂਰੀ ਨਹੀਂ ਸੀ – ਇਹ ਕਿ ਯਿਸੂ ਮਸੀਹ ਦੇ ਕੇਵਲ ਵਚਨ ਕਰਨ ਦੁਆਰਾ ਹੀ ਦਾਸ ਚੰਗਾ ਹੋ ਜਾਵੇਗਾ।

ਮੱਤੀ 8:5–10 ਜਾਂ ਉਹ ਕਫ਼ਰਨਾਹੂਮ ਵਿੱਚ ਵੜਿਆ ਤਾਂ ਇੱਕ ਸੂਬੇਦਾਰ ਉਸ ਕੋਲ ਆਇਆ ਅਤੇ ਉਸ ਦੀ ਮਿੰਨਤ ਕਰ ਕੇ ਕਿਹਾ, "ਪ੍ਰਭੂ ਜੀ ਮੇਰਾ ਨੌਕਰ ਝੋਲੇ ਦਾ ਮਾਰਿਆ ਘਰ ਵਿੱਚ ਵੱਡਾ ਦੁਖੀ ਪਿਆ ਹੈ।"

ਅਤੇ ਉਸ ਨੇ ਉਹ ਨੂੰ ਆਖਿਆ, "ਮੈਂ ਆਣ ਕੇ ਉਹ ਨੂੰ ਚੰਗਾ ਕਰ ਦਿਆਂਗਾ।"

ਪਰ ਸੂਬੇਦਾਰ ਨੇ ਉੱਤਰ ਦਿੱਤਾ, "ਪ੍ਰਭੂ ਜੀ ਮੈਂ ਇਸ ਯੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ ਪਰ ਨਿਰਾ ਵਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ।"

ਸੂਬੇਦਾਰ ਇਹ ਸਮਝਾਉਣ ਲਈ ਗਿਆ ਕਿ ਉਹ ਅਧਿਕਾਰ ਦੇ ਹੇਠਾਂ ਹੈ, ਅਤੇ ਸਿਪਾਹੀ ਉਸਦੇ ਅਧੀਨ ਹਨ, ਅਤੇ ਉਹ ਅਧਿਕਾਰ ਨੂੰ ਸਮਝਦਾ ਹੈ। ਉਸਨੇ ਏਰਕੋਮੇਹੇ ਸ਼ਬਦ ਨੂੰ ਵਰਤਿਆ।

ਅਸੀਂ ਕਦੇ ਵੀ ਅਧਿਕਾਰ ਨਾਲ ਬੋਲਣ, ਅਤੇ ਆਗਿਆ ਦੇਣ ਨੂੰ ਨਹੀਂ ਸਮਝ ਸਕਦੇ ਜਦੋਂ ਤੱਕ ਅਸੀਂ ਅਧਿਕਾਰ ਨੂੰ ਨਹੀਂ ਸਮਝਦੇ – ਜਦੋਂ ਤੱਕ ਅਸੀਂ ਪਰਮੇਸ਼ੁਰ ਦੇ ਅਧਿਕਾਰ ਹੇਠਾਂ ਪੂਰੀ ਤਰ੍ਹਾਂ ਸਪੁਰਦ ਨਹੀਂ ਕਰ ਦਿੰਦੇ ਹਾਂ।

"ਕਿਉਂ ਜੋ ਮੈਂ ਵੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ ਅਤੇ ਇੱਕ ਨੂੰ ਆਖਦਾ ਹਾਂ, 'ਜਾਹ'! ਤਾਂ ਉਹ ਜਾਂਦਾ ਹੈ ਅਤੇ ਦੂਏ ਨੂੰ, 'ਆ'! ਤਾਂ ਉਹ ਆਉਂਦਾ ਹੈ ਅਤੇ ਆਪਣੇ ਚਾਕਰ ਨੂੰ 'ਇਹ ਕਰ!' ਤਾਂ ਉਹ ਕਰਦਾ ਹੈ।"

ਯਿਸੂ ਨੇ ਇਹ ਸੁਣ ਕੇ ਅਚਰਜ ਮੰਨਿਆ ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ ਕਿਹਾ ਭਈ "ਮੈਂ ਤੁਹਾਨੂੰ ਸਤ ਆਖਦਾ ਹਾਂ ਕਿ ਇਸਰਾਏਲ ਵਿੱਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ!"

® *ਆ ਜਾਵੋ – ਇੱਕ ਹੁਕਮ ਹੈ*

ਏਰਕੋਮੇਹੇ ਇੱਕ ਸਲਾਹ ਨਹੀਂ ਹੈ, ਇਹ ਇੱਕ ਆਗਿਆ ਹੈ। ਇਹ ਅਧਿਕਾਰ ਨਾਲ ਬੁਲਾਉਣਾ ਹੈ। "ਤੇਰਾ ਰਾਜ ਆਵੇ!" ਪਰਮੇਸ਼ੁਰ ਦਾ ਰਾਜ ਤਦ ਤੱਕ ਨਹੀਂ ਆਵੇਗਾ ਜਦ ਤੱਕ ਇਸਨੂੰ ਆਉਣ ਦਾ ਹੁਕਮ ਨਹੀਂ ਦਿੱਤਾ ਜਾਵੇਗਾ। ਧਰਤੀ ਉੱਤੇ, ਪਰਮੇਸ਼ੁਰ ਨੇ ਇਸ ਕਿਸਮ ਦਾ ਅਧਿਕਾਰ ਸਾਨੂੰ ਦਿੱਤਾ ਹੋਇਆ ਹੈ।

ਇਹ ਸਧਾਰਨ ਪ੍ਰਾਰਥਨਾ ਜੋ ਯਿਸੂ ਮਸੀਹ ਨੇ ਆਪਣੇ ਚੇਲਿਆਂ ਨੂੰ ਦਿੱਤੀ ਹੈ ਇਹ ਉਸ ਅਧਿਕਾਰ ਤੇ ਸਥਾਪਿਤ ਕੀਤੀ ਗਈ ਹੈ ਜੋ ਅਧਿਕਾਰ ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਦਿੱਤਾ ਸੀ। ਉਸਨੇ ਉਨ੍ਹਾਂ ਨੂੰ ਕੁਝ ਹੀ ਅਧਿਕਾਰ ਨਹੀਂ ਦਿੱਤਾ ਅਤੇ ਬਾਕੀ ਆਪਣੇ ਕੋਲ ਨਹੀਂ ਰੱਖ ਲਿਆ, ਅਤੇ ਨਾ ਹੀ ਯਿਸੂ ਨੇ ਅਧਿਕਾਰ ਦਾ ਕੁਝ ਹਿੱਸਾ ਜਿੱਤ ਕੇ ਸਾਨੂੰ ਵਾਪਸ ਦਿੱਤਾ। ਉਸਨੇ ਇੱਕ ਸੰਪੂਰਨ ਕੰਮ ਕੀਤਾ ਹੈ।

**"ਇਸ ਧਰਤੀ ਉੱਤੇ ਤੇਰੀ ਮਰਜ਼ੀ ਪੂਰੀ ਹੋਵੇ
ਜਿਵੇਂ ਇਹ ਸਵਰਗ ਵਿੱਚ ਪੂਰੀ ਹੁੰਦੀ ਹੈ"**

ਯਿਸੂ ਮਸੀਹ ਨੇ ਸਾਨੂੰ ਜੋ ਪ੍ਰਾਰਥਨਾ ਸਿਖਾਈ ਹੈ ਇਹ ਉਸਦਾ ਇੱਕ ਮਹਿਮਾ ਯੁਕਤ ਹਿੱਸਾ ਹੈ। "ਤੇਰੀ ਮਰਜ਼ੀ ਧਰਤੀ ਉੱਤੇ ਪੂਰੀ ਹੋਵੇ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ।"

ਸਵਰਗ ਵਿੱਚ ਪਰਮੇਸ਼ੁਰ ਦੀ ਇੱਛਾ ਕੀ ਹੈ? ਧਰਤੀ ਉੱਤੇ ਉਸਦੀ ਇੱਛਾ ਕੀ ਹੈ?

® *ਸਵਰਗ ਵਿੱਚ*

ਸਵਰਗ ਵਿੱਚ, ਕੇਵਲ ਇੱਕੋ ਇੱਛਾ ਹੈ ਅਤੇ ਉਹ ਪਰਮੇਸ਼ੁਰ ਦੀ ਇੱਛਾ ਹੈ। ਇਸ ਦੇ ਬਾਰੇ ਕੋਈ ਵਿਚਾਰ-ਵਟਾਂਦਰਾ ਨਹੀਂ ਹੈ। ਕੋਈ ਚੋਣ ਨਹੀਂ ਕੀਤੀ ਜਾ ਸਕਦੀ। ਪਰਮੇਸ਼ੁਰ ਦੀ ਇੱਛਾ ਖੁਸ਼ੀ ਨਾਲ ਅਤੇ ਆਪਣੇ ਆਪ ਪੂਰੀ ਹੁੰਦੀ ਹੈ। ਸਵਰਗ ਵਿੱਚ, ਕੋਈ ਮੱਤਭੇਦ ਨਹੀਂ ਹੈ, ਪਰਮੇਸ਼ੁਰ ਦੀ ਇੱਛਾ ਲਈ ਕੇਵਲ ਹਾਂ ਅਤੇ ਆਮੀਨ ਹੈ।

® *ਧਰਤੀ ਉੱਤੇ*

ਯਿਸੂ ਨੇ ਕਿਹਾ ਹੈ ਕਿ ਸਾਨੂੰ ਹੁਕਮ ਦੇਣਾ ਪਵੇਗਾ ਕਿ ਪਰਮੇਸ਼ੁਰ ਦੀ ਇੱਛਾ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਉਵੇਂ ਹੀ ਧਰਤੀ ਉੱਤੇ ਵੀ ਹੋਵੇ।

ਜਦੋਂ ਆਦਮ ਅਤੇ ਹੱਵਾਹ ਨੇ ਪਾਪ ਕੀਤਾ, ਤਾਂ ਉਨ੍ਹਾਂ ਨੇ ਪਰਮੇਸ਼ੁਰ ਦੀ ਇੱਛਾ ਤੋਂ ਆਪਣੀਆਂ ਇੱਛਾਵਾਂ ਨੂੰ ਉਲਟ ਕਰ ਲਿਆ ਅਤੇ ਉਸ ਦਿਨ ਤੋਂ ਲੈ ਕੇ ਸਾਰੀ ਮਨੁੱਖ ਜਾਤੀ ਉਹੀ ਕਰਦੀ ਹੈ।

ਸਾਲਾਂ ਤੋਂ, ਅਸੀਂ ਪ੍ਰਾਰਥਨਾ ਕਰਦੇ ਹਾਂ ਸਾਡੀ ਮਰਜ਼ੀ ਪੂਰੀ ਹੋਵੇ। "ਪ੍ਰਭੂ, ਸਾਨੂੰ ਇੱਕ ਨਵੀਂ ਕਾਰ ਦੀ, ਇੱਕ ਨਵੇਂ ਘਰ ਦੀ, ਇੱਕ ਨੌਕਰੀ ਦੀ ਲੋੜ ਹੈ।" ਅਸੀਂ ਚੀਜ਼ਾਂ ਦੀ ਭਾਲ ਕਰਦੇ ਹਾਂ-ਜਿੰਨਾ ਮਹੱਤਵਪੂਰਨ ਚੀਜ਼ਾਂ ਦੀ ਸਾਨੂੰ ਲੋੜ ਹੈ-ਅਤੇ ਇਹ ਪ੍ਰਾਰਥਨਾ ਕਰਦੇ ਹਾਂ ਕਿ ਸਾਡੀ ਮਰਜ਼ੀ ਪੂਰੀ ਹੋ ਜਾਵੇ।

ਹੁਣ ਅਸੀਂ ਦੇਖਦੇ ਹਾਂ ਕਿ ਯਿਸੂ ਨਾ ਕੇਵਲ ਸਾਡਾ ਮੁਕਤੀਦਾਤਾ ਅਤੇ ਮੁਹੱਈਆ ਕਰਨ ਵਾਲਾ ਹੈ ਪਰ ਉਹ ਸਾਡਾ ਪ੍ਰਭੂ ਅਤੇ ਰਾਜਾ ਵੀ ਹੈ। ਅਸੀਂ ਆਪਣੀ ਇੱਛਾ ਉਸਦੇ ਸਪੁਰਦ ਕਰ ਰਹੇ ਹਾਂ ਤਾਂ ਕਿ ਅਸੀਂ ਅਗਾਂਹ ਤੋਂ ਇਹ ਨਾ ਕਹੀਏ, "ਪ੍ਰਭੂ, ਮੈਂ ਚਾਹੁੰਦਾ ਹਾਂ..."

ਪਰਮੇਸ਼ੁਰ ਦੀ ਇੱਛਾ ਧਰਤੀ ਉੱਤੇ ਸਾਡੇ ਕੋਨੇ ਵਿੱਚ ਤਦ ਤੱਕ ਪੂਰੀ ਨਹੀਂ ਹੋਵੇਗੀ ਜਦ ਤੱਕ ਅਸੀਂ ਯਿਸੂ ਦੀ ਦੇਹੀ ਵਿੱਚ ਇਹ ਕਹੀਏ, "ਪ੍ਰਭੂ ਤੇਰੀ ਮਰਜ਼ੀ ਧਰਤੀ ਉੱਤੇ ਵੀ ਉਸੇ ਤਰ੍ਹਾਂ ਹੀ ਪੂਰੀ ਹੋਵੇ ਜਿਵੇਂ ਅਸਮਾਨ ਤੇ ਪੂਰੀ ਹੁੰਦੀ ਹੈ।" ਇਹ ਕਿੰਨੀ ਮਹਾਨ ਪ੍ਰਾਰਥਨਾ ਹੈ। ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਆਪਣੇ ਪਰਿਵਾਰਾਂ ਆਪਣੇ ਗੁਆਂਢੀਆਂ ਆਪਣੇ ਸ਼ਹਿਰਾਂ ਅਤੇ ਦੇਸ਼ਾਂ ਨੂੰ ਢੱਕੀਏ ਜਿੱਥੇ ਅਸੀਂ ਰਹਿ ਰਹੇ ਹਾਂ।

ਸ਼ੈਤਾਨ ਮਾਰਨ, ਚੋਰੀ ਕਰਨ ਅਤੇ ਤਬਾਹ ਕਰਨ ਲਈ ਆਉਂਦਾ ਹੈ। ਉਹ ਅਜਿਹਾ ਸਾਡੇ ਅਧਿਕਾਰ ਦੇ ਖੇਤਰਾਂ ਵਿੱਚ ਕਰ ਸਕਦਾ ਹੈ ਕਿਉਂਕਿ ਸਾਨੂੰ ਪ੍ਰਾਰਥਨਾ ਕਿਵੇਂ ਕਰਨੀ ਚਾਹੀਦੀ ਹੈ-ਕੀ ਕਹਿਣਾ ਚਾਹੀਦਾ ਹੈ-ਉਸਦੇ ਬਾਰੇ ਨਹੀਂ ਸਿੱਖਿਆ ਹੈ। ਅਸੀਂ ਇਹ ਨਹੀਂ ਸਿੱਖਿਆ ਕਿ ਅਸੀਂ ਆਪਣੇ ਹਾਲਾਤਾਂ ਵਿੱਚ ਪਰਮੇਸ਼ੁਰ ਦੀ ਸ਼ਕਤੀ ਨੂੰ ਕਿਵੇਂ ਛੱਡ ਸਕਦੇ ਹਾਂ।

ਪਰਮੇਸ਼ੁਰ ਦੀ ਇੱਛਾ ਨੂੰ ਆਪਣੇ ਅਧਿਕਾਰ ਦੇ ਖੇਤਰਾਂ ਵਿੱਚ ਜਿੰਨਾ ਜ਼ਿਆਦਾ ਛੱਡਣਾ ਅਸੀਂ ਸਮਝ ਲਵਾਂਗੇ, ਸਾਡੀਆਂ ਪ੍ਰਾਰਥਨਾਵਾਂ ਉਨ੍ਹੀਆਂ ਹੀ ਪ੍ਰਭਾਵਸ਼ਾਲੀ ਹੋ ਜਾਣਗੀਆਂ, ਜਿੰਨਾ ਅਸੀਂ ਪਰਮੇਸ਼ੁਰ ਦੇ ਵਚਨ ਦਾ ਵੱਧ ਅਧਿਐਨ ਕਰਾਂਗੇ ਅਤੇ ਆਤਮਾ ਵਿੱਚ ਪ੍ਰਾਰਥਨਾ ਕਰਾਂਗੇ ਉਨ੍ਹਾਂ ਹੀ ਵੱਧ ਅਸੀਂ ਆਪਣੀਆਂ ਹੱਦਾਂ ਵਿੱਚ ਪਰਮੇਸ਼ੁਰ ਦੀਆਂ ਗੱਲਾਂ ਨੂੰ ਬੋਲ ਸਕਾਂਗੇ।

ਪਰਮੇਸ਼ੁਰ ਦਾ ਰਾਜ ਕੀ ਹੈ?

ਦਾਨੀਏਲ ਦੇ ਦੁਆਰਾ ਭਵਿੱਖਬਾਣੀ

ਅਸੀਂ ਆਪਣੀਆਂ ਸਥਿਤੀਆਂ ਵਿੱਚ ਪਰਮੇਸ਼ੁਰ ਦੇ ਰਾਜ ਨੂੰ ਬੋਲਦੇ ਹਾਂ। ਸਾਨੂੰ ਕਹਿਣਾ ਚਾਹੀਦਾ ਹੈ, "ਤੇਰਾ ਰਾਜ ਆਵੇ।" ਇਸ ਨੂੰ ਹੋਰ ਅਸਰਦਾਰ ਬਣਾਉਣ ਲਈ, ਸਾਡੇ ਲਈ ਇਹ ਜਾਨਣਾ ਜ਼ਰੂਰੀ ਹੈ ਕਿ ਪਰਮੇਸ਼ੁਰ ਦਾ ਰਾਜ ਕੀ ਹੈ।

ਦਾਨੀਏਲ 7:13,14,18,27 "ਮੈਂ ਰਾਤ ਦੀਆਂ ਦ੍ਰਿਸ਼ਟੀਆਂ ਵਿੱਚ ਡਿੱਠਾ ਅਤੇ ਵੇਖੋ, ਇੱਕ ਜਣਾ ਮਨੁੱਖ ਦੇ ਪੁੱਤਰ ਵਰਗਾ ਅਕਾਸ਼ ਦੇ ਬੱਦਲਾਂ ਸਣੇ ਆਇਆ, ਅਤੇ ਅੱਤ ਪਰਾਚੀਨ ਤੀਕ ਅੱਪੜਿਆ, ਅਤੇ ਉਹਨੂੰ ਉਸ ਦੇ ਅੱਗੇ ਲਿਆਏ। ਪਾਤਸ਼ਾਹੀ ਅਤੇ ਪਰਤਾਪ ਅਤੇ ਰਾਜ ਉਹ ਨੂੰ ਦਿੱਤਾ ਗਿਆ ਭਈ ਸੱਭੇ ਕੌਮਾਂ ਅਤੇ ਲੋਕ ਅਤੇ ਬੋਲੀਆਂ ਉਹ ਦੀ ਟਹਿਲ ਕਰਨ। ਉਹ ਦਾ ਰਾਜ ਸਦਾ ਦਾ ਰਾਜ ਹੈ, ਜਿਹੜਾ ਮਿਟੇਗਾ ਨਾ, ਅਤੇ ਉਹ ਦਾ ਰਾਜ ਅਜਿਹਾ ਹੈ ਜੋ ਟਲੇਗਾ ਨਾ।

'ਪਰ ਅੱਤ ਮਹਾਨ ਦੇ ਸੰਤ ਰਾਜ ਲੈ ਲੈਣਗੇ ਅਤੇ ਜੁੱਗਾਂ ਤੀਕ, ਹਾਂ, ਜੁੱਗੋ ਜੁੱਗ ਤੀਕ ਉਸ ਰਾਜ ਦੇ ਮਾਲਕ ਹੋਣਗੇ।'

ਅਤੇ ਸਾਰੇ ਅਕਾਸ਼ ਦੇ ਹੇਠਲੇ ਸਭਨਾਂ ਦੇਸ਼ਾਂ ਦੇ ਰਾਜਾਂ ਦਾ ਪਰਤਾਪ ਅਤੇ ਪਾਤਸ਼ਾਹੀ ਅਤੇ ਰਾਜ ਅੱਤ ਮਹਾਨ ਦੇ ਸੰਤਾਂ ਦੇ ਲੋਕਾਂ ਨੂੰ ਦਿੱਤੇ ਜਾਣਗੇ। ਉਹ ਦਾ ਰਾਜ ਇੱਕ ਸਦਾ ਦਾ ਰਾਜ ਹੈ ਅਤੇ ਸਾਰੀਆਂ ਪਾਤਸ਼ਾਹੀਆਂ ਉਹ ਦੀ ਉਪਾਸਨਾ ਕਰਨਗੀਆਂ ਅਤੇ ਆਗਿਆਕਾਰ ਹੋਣਗੀਆਂ।

ਦਾਨੀਏਲ ਵਿੱਚ ਅਸੀਂ ਸਿੱਖਦੇ ਹਾਂ ਕਿ ਰਾਜ ਸਦਾ ਕਾਲ ਤੱਕ ਦਾ ਹੈ ਅਤੇ ਇਹ ਸੰਤ ਹਨ ਜੋ ਇਸਨੂੰ ਪ੍ਰਾਪਤ ਕਰਦੇ ਹਨ।

ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦੁਆਰਾ ਭਵਿੱਖਬਾਣੀ

ਯੂਹੰਨਾ ਜਾਣਦਾ ਸੀ ਕਿ ਪਰਮੇਸ਼ੁਰ ਦਾ ਰਾਜ ਨੇੜੇ ਹੈ।

ਮੱਤੀ 3:2 "ਤੋਬਾ ਕਰੋ, ਕਿਉਂ ਜੋ ਸੁਰਗ ਦਾ ਰਾਜ ਨੇੜੇ ਆਇਆ ਹੈ!"

ਪਰਮੇਸ਼ੁਰ ਦਾ ਰਾਜ ਯਿਸੂ ਦੀ ਸੇਵਕਾਈ ਦੇ ਨਾਲ ਇਸ ਧਰਤੀ ਉੱਤੇ ਆਇਆ।

ਬਾਦ ਵਿੱਚ ਜੇਲ੍ਹ, ਵਿੱਚ ਜਦੋਂ ਯੂਹੰਨਾ ਨੇ ਇਹ ਪੁੱਛਿਆ ਕਿ ਯਿਸੂ ਉਹ ਹੀ ਹੈ ਜਿਸਦੇ ਬਾਰੇ ਭਵਿੱਖਬਾਣੀ ਕੀਤੀ ਜਾ ਚੁੱਕੀ ਹੈ, ਯਿਸੂ ਨੇ ਵਾਪਸ ਉਸਨੂੰ ਉੱਤਰ ਦਿੱਤਾ!

ਮੱਤੀ 11:4,5 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਜੋ ਕੁਝ ਤੁਸੀਂ ਸੁਣਦੇ ਅਤੇ ਵੇਖਦੇ ਹੋ ਸੋ ਯੂਹੰਨਾ ਨੂੰ ਜਾ ਦੱਸਿਓ, ਕਿ ਅੰਨ੍ਹੇ ਸੁਜਾਖੇ ਹੁੰਦੇ ਹਨ ਅਤੇ ਲੰਙੇ ਤੁਰਦੇ ਹਨ, ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ ਅਤੇ ਬੋਲੇ ਸੁਣਦੇ ਹਨ ਅਤੇ ਮੁਰਦੇ ਜਿਵਾਏ ਜਾਂਦੇ ਹਨ ਅਤੇ ਗ਼ਰੀਬਾਂ ਨੂੰ ਖ਼ੁਸ਼ਖ਼ਬਰੀ ਸੁਣਾਈ ਜਾਂਦੀ ਹੈ।

ਯਿਸੂ ਨੇ ਯੂਹੰਨਾ ਨੂੰ ਗਵਾਹੀਆਂ ਭੇਜੀਆਂ ਕਿ ਅੰਨ੍ਹੇ ਵੇਖਦੇ ਹਨ, ਲੰਗੜੇ ਚੱਲਦੇ ਹਨ ਕੋੜ੍ਹੀ ਸ਼ੁੱਧ ਕੀਤੇ ਜਾਂਦੇ ਹਨ, ਬੋਲੇ ਸੁਣਦੇ ਹਨ, ਮੁਰਦੇ ਜਿਵਾਏ ਜਾਂਦੇ ਹਨ ਅਤੇ ਸੁਸਮਾਚਾਰ ਗਰੀਬਾਂ ਨੂੰ ਸੁਣਾਇਆ ਜਾ ਰਿਹਾ ਹੈ ਕਿ ਪਰਮੇਸ਼ੁਰ ਦਾ ਰਾਜ ਆ ਚੁੱਕਾ ਹੈ।

ਯਿਸੂ ਨੇ ਕਿਹਾ ਅਤੇ ਕੀਤਾ

ਯਿਸੂ ਨੇ ਬਹੁਤ ਵਾਰ ਪਰਮੇਸ਼ੁਰ ਦੇ ਰਾਜ ਨੂੰ ਪ੍ਰਭੂ ਦੀ ਇਸ ਪ੍ਰਾਰਥਨਾ ਵਿੱਚ ਜੋੜਿਆ। ਅਸੀਂ ਇਨ੍ਹਾਂ ਪਵਿੱਤਰ ਲੇਖਾਂ ਵਿੱਚ ਇਹ ਸਿੱਖ ਸਕਦੇ ਹਾਂ ਕਿ ਅਸਲ ਵਿੱਚ ਪਰਮੇਸ਼ੁਰ ਦਾ ਰਾਜ ਕੀ ਹੈ।

ਯਿਸੂ ਨੇ ਰਾਜ ਦਾ ਪ੍ਰਚਾਰ ਕੀਤਾ

ਮੱਤੀ 9:35 ਯਿਸੂ ਉਨ੍ਹਾਂ ਦੀਆਂ ਸਮਾਜਾਂ ਵਿੱਚ ਉਪਦੇਸ਼ ਦਿੰਦਾ ਅਤੇ ਰਾਜ ਦੀ ਖ਼ੁਸ਼ਖ਼ਬਰੀ ਦਾ ਪ੍ਰਚਾਰ ਕਰਦਾ ਹੋਇਆ ਅਤੇ ਸਾਰੇ ਰੋਗ ਅਤੇ ਸਾਰੀ ਮਾਂਦਗੀ ਦੂਰ ਕਰਦਾ ਹੋਇਆ ਸਰਬੱਤ ਨਗਰਾਂ ਅਤੇ ਪਿੰਡਾਂ ਵਿੱਚ ਫਿਰਿਆ।

└ ਪਰਮੇਸ਼ੁਰ ਦੇ ਰਾਜ ਦੇ ਪ੍ਰਚਾਰ ਨਾਲ ਲੋਕਾਂ ਦੀ ਹਰ ਬੀਮਾਰੀ ਅਤੇ ਕਮਜ਼ੋਰੀ ਦੀ ਚੰਗਾਈ ਵੀ ਸ਼ਾਮਿਲ ਹੈ।

® *ਰਾਜ ਆ ਗਿਆ ਹੈ*

ਲੂਕਾ 11:21 "ਪਰ ਤੁਹਾਡੇ ਵਿੱਚੋਂ ਉਹ ਕਿਹੜਾ ਪਿਉ ਹੈ ਕਿ ਜੇ ਉਹ ਦਾ ਪੁੱਤਰ ਮੱਛੀ ਮੰਗੇ ਤਾਂ ਉਹ ਨੂੰ ਮੱਛੀ ਦੀ ਥਾਂ ਸੱਪ ਦੇਵੇਗਾ।"

└ ਯਿਸੂ ਮਸੀਹ ਨੇ ਹਵਾਲਾ ਦਿੱਤਾ ਕਿ ਦੁਸ਼ਟਾਤਮਾਵਾਂ ਨੂੰ ਕੱਢਣਾ ਸਾਡੇ ਵਿਚਕਾਰ ਪਰਮੇਸ਼ੁਰ ਦਾ ਰਾਜ ਆ ਚੁੱਕਣ ਦਾ ਚਿੰਨ੍ਹ ਹੈ।

® *ਰਾਜ ਅਤੇ ਚੇਲੇ*

ਯਿਸੂ ਮਸੀਹ ਨੇ ਆਪਣੇ ਬਾਰਾਂ ਚੇਲਿਆਂ ਨੂੰ ਰਾਜ ਦੀ ਖੁਸ਼ਖਬਰੀ ਸੁਣਾਉਣ ਲਈ ਘੱਲਿਆ।

ਮੱਤੀ 10:7,8ੳ ਅਤੇ ਤੁਰਦੇ ਤੁਰਦੇ ਪਰਚਾਰ ਕਰ ਕੇ ਆਖੋ ਭਈ ਸੁਰਗ ਦਾ ਰਾਜ ਨੇੜੇ ਆਇਆ ਹੈ। ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ।"

└ ਪਰਮੇਸ਼ੁਰ ਦੇ ਰਾਜ ਵਿੱਚ ਬੀਮਾਰਾਂ, ਕੋੜ੍ਹੀਆ, ਮੁਰਦਿਆਂ, ਦੁਸ਼ਟ ਆਤਮਾਵਾਂ ਨੂੰ ਕੱਢਣਾ ਵੀ ਸ਼ਾਮਿਲ ਹੈ।

® *ਰਾਜ ਅਤੇ ਸੱਤਰ*

ਯਿਸੂ ਮਸੀਹ ਨੇ ਆਪਣੇ ਸੱਤਰ ਚੇਲਿਆਂ ਨੂੰ ਰਾਜ ਦੀ ਖੁਸ਼ਖਬਰੀ ਸੁਣਾਉਣ ਲਈ ਘੱਲਿਆ।

ਲੂਕਾ 10:1, 9-11 ਇਨ੍ਹਾਂ ਗੱਲਾਂ ਦੇ ਪਿੱਛੋਂ ਪ੍ਰਭੂ ਦੇ ਸੱਤਰ ਹੋਰ ਵੀ ਠਹਿਰਾਏ ਅਤੇ ਹਰ ਨਗਰ ਅਤੇ ਹਰ ਥਾਂ ਜਿੱਥੇ ਆਪ ਜਾਣ ਵਾਲਾ ਸੀ ਉਨ੍ਹਾਂ ਨੂੰ ਦੋ ਦੋ ਕਰਕੇ ਆਪਣੇ ਅੱਗੇ ਘੱਲਿਆ।

"ਅਤੇ ਉੱਥੋਂ ਦੇ ਰੋਗੀਆਂ ਨੂੰ ਚੰਗੇ ਕਰੋ ਅਤੇ ਉਨ੍ਹਾਂ ਨੂੰ ਕਹੋ ਭਈ ਪਰਮੇਸ਼ੁਰ ਦਾ ਰਾਜ ਤੁਹਾਡੇ ਨੇੜੇ ਆ ਗਿਆ ਹੈ। ਪਰ ਜਿਸ ਨਗਰ ਵਿੱਚ ਤੁਸੀਂ ਵੜੋ ਅਤੇ ਓਹ ਤੁਹਾਨੂੰ ਕਬੂਲ ਨਾ ਕਰਨ ਤਾਂ ਉਹ ਦੇ ਚੌਂਕਾਂ ਵਿੱਚ ਜਾ ਕੇ ਕਹੋ। ਭਈ ਤੁਹਾਡੇ ਨਗਰ ਦੀ ਧੂੜ੍ਹ ਵੀ ਜਿਹੜੀ ਸਾਡੇ ਪੈਰਾਂ ਉੱਤੇ ਪਈ ਹੈ ਅਸੀਂ ਤੁਹਾਡੇ ਸਾਹਮਣੇ ਝਾੜ ਸੁੱਟਦੇ ਹਾਂ ਪਰ ਇਹ ਜਾਣੋ ਕਿ ਪਰਮੇਸ਼ੁਰ ਦਾ ਰਾਜ ਨੇੜੇ ਆਇਆ ਹੈ।"

└ ਪਰਮੇਸ਼ੁਰ ਦਾ ਰਾਜ ਚੰਗਾਈ ਨਾਲ ਆਉਂਦਾ ਹੈ। ਯਿਸੂ ਨੇ ਕਿਹਾ, ਉੱਥੇ ਜੋ ਬੀਮਾਰ ਹਨ ਉਨ੍ਹਾਂ ਨੂੰ ਚੰਗਾ ਕਰੋ, ਅਤੇ ਫਿਰ ਕਿਹਾ, "ਪਰਮੇਸ਼ੁਰ ਦਾ ਰਾਜ ਆ ਚੁੱਕਾ ਹੈ।"

® *ਰਾਜ ਅਤੇ ਜ਼ਬਰਦਸਤੀ*

ਮੱਤੀ 11:12 "ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ।"

└ ਪਰਮੇਸ਼ੁਰ ਦੇ ਰਾਜ ਤੇ ਹਮਲੇ ਕੀਤੇ ਜਾ ਰਹੇ ਹਨ, ਅਤੇ ਵਿਸ਼ਵਾਸੀਆਂ ਲਈ ਲੋੜ ਹੈ ਕਿ ਉਹ ਉਸਨੂੰ ਜ਼ੋਰ ਨਾਲ ਲੈ ਲੈਣ।

® *ਅੰਤ ਦੇ ਸਮੇਂ ਦੇ ਨਿਸ਼ਾਨ*

ਮੱਤੀ 24:14 "ਅਤੇ ਰਾਜ ਦੀ ਇਸ ਖ਼ਸ਼ਖ਼ਬਰੀ ਦਾ ਪਰਚਾਰ ਸਾਰੀ ਦੁਨੀਆਂ ਵਿੱਚ ਕੀਤਾ ਜਾਵੇਗਾ ਜੋ ਸਭ ਕੌਮਾਂ ਉੱਤੇ ਸਾਖੀ ਹੋਵੇ ਤਦ ਅੰਤ ਆਵੇਗਾ।

└ ਪਰਮੇਸ਼ੁਰ ਦੇ ਰਾਜ ਦਾ ਪ੍ਰਚਾਰ ਸਾਰੇ ਸੰਸਾਰ ਵਿੱਚ ਗਵਾਹੀ ਦੇ ਤੌਰ ਤੇ ਕੀਤਾ ਜਾਵੇਗਾ ਅਤੇ ਫਿਰ ਅੰਤ ਆ ਜਾਵੇਗਾ।

ਫ਼ਿੱਲਿਪੁਸ ਨੇ ਰਾਜ ਦਾ ਪ੍ਰਚਾਰ ਕੀਤਾ

ਫ਼ਿਲਿੱਪੁਸ ਨੇ ਬੜੇ ਜ਼ੋਰ ਨਾਲ ਪਰਮੇਸ਼ੁਰ ਦੇ ਰਾਜ ਦਾ ਪ੍ਰਚਾਰ ਕੀਤਾ। ਭੀੜ ਨੇ ਉਨ੍ਹਾਂ ਚਮਤਕਾਰਾਂ ਨੂੰ ਜੋ ਉਸਨੇ ਕੀਤੇ ਸਨ ਸੁਣਿਆ ਅਤੇ ਵੇਖਿਆ-ਦੁਸ਼ਟ ਆਤਮਾਵਾਂ ਚਿਲਾਉਂਦੀਆਂ ਸਨ, ਅਧਰੰਗੀ ਅਤੇ ਲੰਗੜੇ ਚੰਗੇ ਹੁੰਦੇ ਸਨ।

ਰਸੂਲਾਂ ਦੇ ਕਰਤੱਬ 8:5-8, 12 ਅਤੇ ਫ਼ਿਲਿੱਪੁਸ ਨੇ ਸਾਮਰਿਯਾ ਦੇ ਨਗਰ ਵਿੱਚ ਜਾ ਕੇ ਉਨ੍ਹਾਂ ਦੇ ਅੱਗੇ ਮਸੀਹ ਦਾ ਪਰਚਾਰ ਕੀਤਾ।

ਅਤੇ ਜਾਂ ਲੋਕਾਂ ਨੇ ਓਹ ਨਿਸ਼ਾਨ ਜੋ ਉਹ ਵਿਖਾਉਂਦਾ ਸੀ ਸੁਣੇ ਅਤੇ ਵੇਖੇ ਤਾਂ ਇੱਕ ਮਨ ਹੋ ਕੇ ਫ਼ਿਲਿੱਪੁਸ ਦੀਆਂ ਗੱਲਾਂ ਉੱਤੇ ਚਿੱਤ ਲਾਇਆ ਕਿਉਂਕਿ ਭਰਿਸ਼ਟ ਆਤਮੇ ਬਹੁਤਿਆਂ ਵਿੱਚੋਂ ਜਿਨ੍ਹਾਂ ਨੂੰ ਚਿੰਬੜੇ ਹੋਏ ਸਨ ਉੱਚੀ ਅਵਾਜ਼ ਨਾਲ ਚੀਕਾਂ ਮਾਰਦੇ ਨਿੱਕਲ ਗਏ ਅਤੇ ਅਧਰੰਗੀ ਅਤੇ ਲੰਙੇ ਬਥੇਰੇ ਚੰਗੇ ਕੀਤੇ ਗਏ। ਅਤੇ ਉਸ ਨਗਰ ਵਿੱਚ ਵੱਡੀ ਧੰਨ ਧੰਨ ਹੋਈ।

ਪਰ ਜਾਂ ਉਨ੍ਹਾਂ ਨੇ ਫ਼ਿਲਿੱਪੁਸ ਦੀ ਪਰਤੀਤ ਕੀਤੀ ਜੋ ਪਰਮੇਸ਼ੁਰ ਦੇ ਰਾਜ ਅਤੇ ਯਿਸੂ ਮਸੀਹ ਦੇ ਨਾਮ ਦੀ ਖ਼ੁਸ਼ਖ਼ਬਰੀ ਸੁਣਾਉਂਦਾ ਸੀ ਤਾਂ ਮਨੁੱਖ ਨਾਲੇ ਤੀਵੀਆਂ ਬਪਤਿਸਮਾ ਲੈਣ ਲੱਗੇ।

└ ਪਹਿਲੀ ਸੁਸਮਾਚਾਰ ਪ੍ਰਚਾਰ ਦੀ ਯਾਤਰਾ ਯਿਸੂ ਦੀ ਮੌਤ ਅਤੇ ਪੁਨਰ-ਉੱਥਾਨ ਤੋਂ ਬਾਅਦ, ਪਰਮੇਸ਼ੁਰ ਦੇ ਰਾਜ ਨਾਲ ਸੰਬੰਧਿਤ ਸੀ।

ਰਾਜ ਦੇ ਬਾਰੇ ਭਵਿੱਖ ਵਿੱਚ ਹੋਣ ਵਾਲੀ ਭਵਿੱਖਬਾਣੀ

ਪਰਕਾਸ਼ ਦੀ ਪੋਥੀ 11:15 ਫੇਰ ਸੱਤਵੇਂ ਦੂਤ ਨੇ ਤੁਰ੍ਹੀ ਵਜਾਈ, ਤਾਂ ਸੁਰਗ ਵਿੱਚ ਵੱਡੀ ਅਵਾਜ਼ ਇਹ ਆਖਦਿਆਂ ਆਈ, ਜਗਤ ਦਾ ਰਾਜ ਸਾਡੇ ਪ੍ਰਭੂ ਦਾ ਅਤੇ ਉਹ ਦੇ ਮਸੀਹ ਦਾ ਹੋ ਗਿਆ ਹੈ, ਅਤੇ ਉਹ ਜੁੱਗੋ ਜੁੱਗ ਰਾਜ ਕਰੇਗਾ।

└ ਇਸ ਸੰਸਾਰ ਦੇ ਰਾਜ ਸਾਡੇ ਪ੍ਰਭੂ ਅਤੇ ਉਸਦੇ ਮਸਹ ਕੀਤੇ ਹੋਇਆਂ ਦੇ ਹੋ ਜਾਣਗੇ!

ਉਹ ਰਾਜ ਹਿਲਾਇਆ ਨਹੀਂ ਜਾ ਸਕਦਾ ਹੈ

ਇਬਰਾਨੀਆਂ 12:25-28 ਵੇਖੋ, ਤੁਸੀਂ ਓਸ ਤੋਂ ਜਿਹੜਾ ਬੋਲਦਾ ਹੈ ਮੂੰਹ ਨਾ ਮੋੜਨਾ, ਕਿਉਂਕਿ ਜਦੋਂ ਓਹ ਨਾ ਬਚੇ ਜਿਨ੍ਹਾਂ ਉਸ ਤੋਂ ਮੂੰਹ ਮੋੜੇ ਜਿਹੜਾ ਧਰਤੀ ਉੱਤੇ ਚਿਤਾਰਦਾ ਸੀ ਤਾਂ ਬਹੁਤ ਵਧੀਕ ਕਰਕੇ ਅਸੀਂ ਨਾ ਬਚਾਂਗੇ ਜੇ ਓਸ ਤੋਂ ਬੇਮੁੱਖ ਹੋਈਏ

ਜਿਹੜਾ ਸੁਰਗ ਉੱਤੋਂ ਚਿਤਾਰਦਾ ਹੈ। ਜਿਹਦੇ ਸ਼ਬਦ ਨੇ ਓਸ ਵੇਲੇ ਧਰਤੀ ਨੂੰ ਹਿਲਾ ਦਿੱਤਾ ਪਰ ਹੁਣ ਉਹ ਨੇ ਇਹ ਕਹਿ ਕੇ ਵਚਨ ਦਿੱਤਾ ਹੈ ਭਈ "ਫੇਰ ਇੱਕ ਵਾਰੀ ਮੈਂ ਨਿਰਾ ਧਰਤੀ ਨੂੰ ਹੀ ਸਗੋਂ ਅਕਾਸ਼ ਨੂੰ ਵੀ ਕਾਂਬਾ ਲਾ ਦਿਆਂਗਾ।"

ਅਤੇ ਇਹ ਜਿਹੜਾ ਵਚਨ ਹੈ ਕਿ "ਫੇਰ ਇੱਕ ਵਾਰੀ," ਇਹ ਪਤਾ ਦਿੰਦਾ ਹੈ ਭਈ ਬਣਾਈਆਂ ਹੋਈਆਂ ਵਸਤਾਂ ਵਾਂਙੂ ਓਹ ਵਸਤਾਂ ਜਿਹੜੀਆਂ ਹਿਲਾਈਆਂ ਜਾਂਦੀਆਂ ਹਨ ਸੋ ਟਲ ਜਾਣਗੀਆਂ ਤਾਂ ਜੋ ਓਹ ਵਸਤਾਂ ਜਿਹੜੀਆਂ ਨਹੀਂ ਹਿਲਾਈਆਂ ਜਾਂਦੀਆਂ ਬਣੀਆਂ ਰਹਿਣ।

ਸੋ ਜਦੋਂ ਸਾਨੂੰ ਇੱਕ ਰਾਜ ਮਿਲਿਆ ਜਿਹੜਾ ਹਿਲਾਇਆ ਨਹੀਂ ਜਾਂਦਾ ਤਾਂ ਆਓ, ਅਸੀਂ ਧੰਨਵਾਦ ਕਰੀਏ ਜਿਸ ਕਰਕੇ ਅਸੀਂ ਭਗਤੀ ਅਤੇ ਭੈਅ ਨਾਲ ਪਰਮੇਸ਼ੁਰ ਦੀ ਉਹ ਉਪਾਸਨਾ ਕਰੀਏ ਜੋ ਉਹ ਦੇ ਮਨ ਨੂੰ ਭਾਵੇ, ਕਿਉਂ ਜੋ ਸਾਡਾ ਪਰਮੇਸ਼ੁਰ ਭਸਮ ਕਰਨ ਵਾਲੀ ਅੱਗ ਹੈ।

ਇਸ ਲਈ, ਜਦ ਕਿ ਅਸੀਂ ਇੱਕ ਅਜਿਹਾ ਰਾਜ ਹਾਸਿਲ ਕਰਨ ਲਈ ਜਾ ਰਹੇ ਹਾਂ ਜੋ ਹਿਲਾਇਆ ਨਹੀਂ ਜਾ ਸਕਦਾ ਹੈ, ਆਓ ਅਸੀਂ ਦਯਾ ਨੂੰ ਹਾਸਿਲ ਕਰੀਏ, ਜਿਸਦੇ ਦੁਆਰਾ ਅਸੀਂ ਗ੍ਰਹਿਣ ਯੋਗਤਾ ਅਤੇ ਪਰਮੇਸ਼ੁਰ ਦੇ ਡਰ ਅਤੇ ਆਦਰ ਨਾਲ ਪਰਮੇਸ਼ੁਰ ਦੀ ਸੇਵਾ ਕਰੀਏ।

ਇੱਕ ਅਜਿਹਾ ਵਿਸ਼ਵਾਸ ਜੋ ਸਾਡੀ ਆਪਣੀ ਮਨੁੱਖੀ ਸਮਝ ਉੱਤੇ ਕਾਇਮ ਹੈ ਹਿਲਾਇਆ ਜਾ ਸਕਦਾ ਹੈ। ਪਰਮੇਸ਼ੁਰ ਉੱਤੇ ਇੱਕ ਅਜਿਹਾ ਵਿਸ਼ਵਾਸ ਜੋ ਅਨੁਭਵ, ਸੁਣਨ ਅਤੇ ਪਰਮੇਸ਼ੁਰ ਦੇ ਰਾਜ ਨੂੰ ਤਾਕਤ, ਚਿੰਨ੍ਹਾਂ, ਚਮਤਕਾਰਾਂ, ਅਤੇ ਅਦਭੁੱਤ ਕੰਮਾਂ ਉੱਤੇ ਅਧਾਰਿਤ ਹੈ, ਹਿਲਾਇਆ ਨਹੀਂ ਜਾ ਸਕਦਾ ਹੈ। ਸਾਨੂੰ ਪ੍ਰਾਰਥਨਾ ਦੀ ਲੋੜ ਹੈ ਬਿਲਕੁਲ ਜਿਵੇਂ ਯਿਸੂ ਨੇ ਕਿਹਾ ਸੀ,

"ਤੇਰਾ ਰਾਜ ਆਵੇ।

ਤੇਰੀ ਮਰਜ਼ੀ ਜਿਵੇਂ ਸਵਰਗ ਵਿੱਚ ਪੂਰੀ ਹੁੰਦੀ ਹੈ ਤਿਵੇਂ ਹੀ ਜ਼ਮੀਨ ਤੇ ਵੀ ਪੂਰੀ ਹੋਵੇ।"

ਰਾਜ ਵਿਚਕਾਰ ਹੈ

ਅਸੀਂ ਪਰਮੇਸ਼ੁਰ ਦੇ ਰਾਜ ਦੇ ਬਾਹਰੀ ਚਿੰਨ੍ਹਾਂ ਬਾਰੇ ਅਧਿਐਨ ਕਰ ਰਹੇ ਹਾਂ, ਅਤੇ ਉਹ ਉਤੇਜਨਾ ਜਨਕ ਹਨ। ਇਹ ਚਿੰਨ੍ਹ ਉਹ ਹਨ ਜੋ ਪਰਮੇਸ਼ੁਰ ਨੇ ਮੁਕਤੀ ਦੇ ਸੰਦੇਸ਼ ਦੇ ਦੁਆਰਾ ਨਾ ਬਚੇ ਹੋਏ ਲੋਕਾਂ ਤੱਕ ਪਹੁੰਚਣ ਲਈ ਇਸਤੇਮਾਲ ਕੀਤੇ। ਪਰਮੇਸ਼ੁਰ ਦਾ ਰਾਜ ਅੰਦਰੂਨੀ ਵੀ ਹੈ-ਵਿਸ਼ਵਾਸੀਆਂ ਦੇ ਵਿਚਕਾਰ

® *ਦੇਖਿਆ ਨਹੀਂ ਜਾ ਸਕਦਾ*

ਯਿਸੂ ਨੇ ਕਿਹਾ ਕਿ ਪਰਮੇਸ਼ੁਰ ਦਾ ਰਾਜ ਵੇਖਿਆ ਨਹੀਂ ਜਾ ਸਕਦਾ, ਪਰ ਇਹ ਉਹ ਆਤਮਾ ਹੈ ਅਤੇ ਸਾਡੇ ਵਿੱਚ ਹੈ।

ਲੂਕਾ 17:20,21 ਜਾਂ ਫ਼ਰੀਸੀਆਂ ਨੇ ਉਹ ਨੂੰ ਪੁੱਛਿਆ ਭਈ ਪਰਮੇਸ਼ੁਰ ਦਾ ਰਾਜ ਕਦਕੁ ਆਊਗਾ? ਉਸ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਪਰਮੇਸ਼ੁਰ ਦਾ ਰਾਜ ਪਰਤੱਖ ਹੋ ਕੇ ਨਹੀਂ ਆਉਂਦਾ ਅਤੇ ਨਾ ਓਹ ਕਹਿਣਗੇ ਭਈ 'ਵੇਖੋ ਐਥੇ' ਜਾਂ ਉੱਥੇ ਹੈ ਕਿਉਂਕਿ ਵੇਖੋ ਪਰਮੇਸ਼ੁਰ ਦਾ ਰਾਜ ਤੁਹਾਡੇ ਵਿੱਚੇ ਹੈ।"

ਰਾਜ ਵਿੱਚ ਪ੍ਰਵੇਸ਼ ਕਰਨਾ

ਨਿਕੁਦੇਮੁਸ ਰਾਤ ਦੇ ਸਮੇਂ ਯਿਸੂ ਕੋਲ ਆਇਆ

ਯੂਹੰਨਾ 3:1-4 ਫ਼ਰੀਸੀਆਂ ਵਿੱਚੋਂ ਨਿਕੁਦੇਮੁਸ ਨਾਉਂ ਦਾ ਇੱਕ ਮਨੁੱਖ ਯਹੂਦੀਆਂ ਦਾ ਇੱਕ ਸਰਦਾਰ ਸੀ। ਉਹ ਰਾਤ ਨੂੰ ਯਿਸੂ ਦੇ ਕੋਲ ਆਇਆ ਅਤੇ ਉਸ ਨੂੰ ਆਖਿਆ,

"ਸੁਆਮੀ ਜੀ ਅਸੀਂ ਜਾਣਦੇ ਹਾਂ ਜੋ ਤੁਸੀਂ ਗੁਰੂ ਹੋ ਕੇ ਪਰਮੇਸ਼ੁਰ ਦੀ ਵੱਲੋਂ ਆਏ ਹੋ ਕਿਉਂਕਿ ਏਹ ਨਿਸ਼ਾਨ ਜਿਹੜੇ ਤੁਸੀਂ ਵਿਖਾਲਦੇ ਹੋ ਕੋਈ ਵੀ ਨਹੀਂ ਵਿਖਾ ਸਕਦਾ ਜੇ ਪਰਮੇਸ਼ੁਰ ਉਹ ਦੇ ਨਾਲ ਨਾ ਹੋਵੇ।"

ਯਿਸੂ ਨੇ ਉਹ ਨੂੰ ਉੱਤਰ ਦਿੱਤਾ, "ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਨਵੇਂ ਸਿਰਿਓਂ ਨਾ ਜੰਮੇ ਪਰਮੇਸ਼ੁਰ ਦੇ ਰਾਜ ਨੂੰ ਵੇਖ ਨਹੀਂ ਸਕਦਾ।"

ਨਿਕੁਦੇਮੁਸ ਨੇ ਉਸ ਨੂੰ ਆਖਿਆ, "ਮਨੁੱਖ ਜਾਂ ਬੁੱਢਾ ਹੋ ਗਿਆ ਤਾਂ ਕਿੱਕੁਰ ਜੰਮ ਸਕਦਾ ਹੈ? ਕੀ ਇਹ ਹੋ ਸਕਦਾ ਹੈ ਜੋ ਉਹ ਆਪਣੀ ਮਾਂ ਦੀ ਕੁੱਖ ਵਿੱਚ ਦੂਈ ਵਾਰ ਜਾਵੇ ਅਤੇ ਜੰਮੇ?"

® *ਤੇਰੇ ਲਈ ਦੁਬਾਰਾ ਜਨਮ ਲੈਣਾ ਜ਼ਰੂਰੀ ਹੈ*

ਯੂਹੰਨਾ 3:5-7 ਯਿਸੂ ਨੇ ਉੱਤਰ ਦਿੱਤਾ, ਮੈਂ ਤੈਨੂੰ ਸੱਚ-ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਤੇ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿੱਚ ਵੜ ਨਹੀਂ ਸਕਦਾ। ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ। ਅਚਰਜ ਨਾ ਮੰਨੀਂ ਜੋ ਮੈਂ ਤੈਨੂੰ ਆਖਿਆ ਭਈ ਤੁਹਾਨੂੰ ਨਵੇਂ ਸਿਰੇ ਜੰਮਣਾ ਜ਼ਰੂਰ ਹੈ।"

ਪਰਮੇਸ਼ੁਰ ਦੇ ਰਾਜ ਦਾ ਇੱਕ ਹਿੱਸਾ ਬਣਨ ਲਈ, ਸਾਡੇ ਲਈ ਦੁਬਾਰਾ ਜਨਮ ਲੈਣਾ ਜ਼ਰੂਰੀ ਹੈ-ਆਤਮਾ ਵਿੱਚ ਜਨਮ ਲੈਣਾ। ਬਹੁਤ ਸਾਰੇ ਲੋਕ ਇੱਕ ਬੌਧਿਕ ਪ੍ਰਾਰਥਨਾ ਕਰਦੇ ਹਨ ਇਹ ਸਵੀਕਾਰ ਕਰਦੇ ਹੋਏ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਉਹ ਉਨ੍ਹਾਂ ਦੇ ਪਾਪਾਂ ਲਈ ਮਰਿਆ, ਪਰ ਉਹ ਆਤਮਿਕ ਖੇਤਰ ਵਿੱਚ ਨਹੀਂ ਪ੍ਰਵੇਸ਼ ਕਰਦੇ। ਉਹ ਯਿਸੂ ਲਈ ਦਿਮਾਗ਼ੀ ਤੌਰ ਤੇ ਇੱਕ ਫੈਸਲਾ ਲੈਂਦੇ ਹਨ, ਪਰ ਉਹ ਜੀਵਨ ਬਦਲ ਦੇਣ ਵਾਲੀ ਯਿਸੂ ਨਾਲ ਮੁਲਾਕਾਤ ਦੁਆਰਾ ਬਦਲੇ ਨਹੀਂ ਗਏ ਹਨ। ਉਹ ਪਰਮੇਸ਼ੁਰ ਦੇ ਆਤਮਾ ਦੁਆਰਾ ਨਵਾਂ ਜਨਮ ਪ੍ਰਾਪਤ ਕੀਤੇ ਹੋਏ ਨਹੀਂ ਹਨ। ਯਿਸੂ ਨੇ ਕਿਹਾ ਕਿ ਜੋ ਮਾਸ ਦੁਆਰਾ ਜੰਮਿਆ ਹੈ ਉਹ ਮਾਸ ਹੈ ਅਤੇ ਜੋ ਆਤਮਾ ਦੁਆਰਾ ਜੰਮਿਆ ਹੈ ਉਹ ਆਤਮਾ ਹੈ।

ਪੌਲੁਸ ਰਸੂਲ ਨੇ ਲਿਖਿਆ ਸੀ,

1 ਕੁਰਿੰਥੀਆਂ 2:12,14 ਪਰ ਸਾਨੂੰ ਜਗਤ ਦਾ ਆਤਮਾ ਨਹੀਂ ਸਗੋਂ ਓਹ ਆਤਮਾ ਮਿਲਿਆ ਜਿਹੜਾ ਪਰਮੇਸ਼ੁਰ ਤੋਂ ਹੈ ਤਾਂ ਜੋ ਅਸੀਂ ਉਨ੍ਹਾਂ ਪਦਾਰਥਾਂ ਨੂੰ ਜਾਣੀਏ ਜਿਹੜੇ ਪਰਮੇਸ਼ੁਰ ਨੇ ਸਾਨੂੰ ਬਖ਼ਸ਼ੇ ਹਨ।

ਅਸੀਂ ਇਨ੍ਹਾਂ ਗੱਲਾਂ ਨੂੰ ਮਾਣਸ ਗਿਆਨ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਨਾਲ ਨਹੀਂ ਸਗੋਂ ਆਤਮਾ ਦਿਆਂ ਦੱਸਿਆਂ ਹੋਇਆਂ ਸ਼ਬਦਾਂ ਅਰਥਾਤ ਆਤਮਿਕ ਗੱਲਾਂ ਆਤਮਿਕ ਮਨੁੱਖਾਂ ਨੂੰ ਦੱਸਦੇ ਹਾਂ।

ਇਹ ਇੱਕ ਦੁੱਖ ਭਰੀ ਸੱਚਾਈ ਹੈ ਕਿ ਬਹੁਤ ਸਾਰੇ ਲੋਕ ਜੋ ਐਤਵਾਰ ਸਵੇਰੇ ਚਰਚਾ ਵਿੱਚ ਹੁੰਦੇ ਹਨ, ਉਹ ਅਸਲ ਵਿੱਚ ਕਦੀ ਵੀ ਨਵਾਂ ਜਨਮ ਪ੍ਰਾਪਤ ਕੀਤੇ ਹੋਏ ਨਹੀਂ ਹਨ। ਕੁਝ ਮਸੀਹੀ ਪਰਿਵਾਰਾਂ ਵਿੱਚ ਵੱਡੇ ਹੋਏ ਹਨ, ਉਹ ਬੁੱਧੀਜੀਵੀ ਹਨ, ਅਤੇ ਜਾਣਦੇ ਹਨ ਕਿ ਕਿਵੇਂ ਮਸੀਹੀਆਂ ਵਾਂਗ ਗੱਲਬਾਤ ਕੀਤੀ ਜਾ ਸਕਦੀ ਹੈ ਅਤੇ ਉਨ੍ਹਾਂ ਵਾਂਗ ਵਿਵਹਾਰ ਕੀਤਾ ਜਾ ਸਕਦਾ ਹੈ, ਪਰ ਉਨ੍ਹਾਂ ਨੇ ਕਦੀ ਵੀ ਨਵੇਂ ਜਨਮ ਦਾ ਤਜ਼ਰਬਾ ਨਹੀਂ ਕੀਤਾ ਹੈ। ਦੂਜੇ ਲੋਕ, ਉਹ ਇੱਕ ਸੰਸਥਾ ਨਾਲ ਜੁੜੇ ਹੋਏ ਹਨ ਪਰ ਉਨ੍ਹਾਂ ਦੀ ਯਿਸੂ ਮਸੀਹ ਨਾਲ ਨਿੱਜੀ ਮੁਲਾਕਾਤ ਨਹੀਂ ਹੋਈ ਹੈ। ਉਹ ਚੰਗੇ, ਅਤੇ ਅਕਸਰ ਮਹਾਨ ਲੋਕ ਹੁੰਦੇ ਹਨ। ਉਹ ਚਰਚਾ

ਦੇ ਨੇਤਾ ਵੀ ਹੋ ਸਕਦੇ ਹਨ, ਪਰ ਉਨ੍ਹਾਂ ਨੇ ਕਦੀ ਵੀ ਯਿਸੂ ਨੂੰ ਆਪਣਾ ਨਿੱਜੀ ਮੁਕਤੀਦਾਤਾ ਮੰਨ ਕੇ ਪ੍ਰਾਰਥਨਾ ਨਹੀਂ ਕੀਤੀ ਹੈ-ਇੱਕ ਪ੍ਰਾਰਥਨਾ ਕੁਝ ਅਜਿਹੀ ਚੀਜ਼ ਹੈ।

ਪਰਮੇਸ਼ੁਰ ਦੇ ਵਚਨ ਦੇ ਪ੍ਰਕਾਸ਼ਨ ਦੁਆਰਾ, ਮੈਂ ਇਹ ਸਮਝ ਸਕਿਆ ਕਿ ਮੈਂ ਇੱਕ ਪਾਪੀ ਹਾਂ। ਮੈਂ ਇਹ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਪਰਮੇਸ਼ੁਰ ਦਾ ਇੱਕਲੌਤਾ ਪੁੱਤਰ ਪਵਿੱਤਰ ਆਤਮਾ ਦੇ ਦੁਆਰਾ ਕੁਆਰੀ ਮਰਿਯਾਮ ਦੇ ਗਰਭ ਵਿੱਚ ਪਿਆ ਅਤੇ ਉਸ ਤੋਂ ਜੰਮਿਆ। ਮੈਂ ਵਿਸ਼ਵਾਸ ਕਰਦਾ ਹਾਂ ਕਿ ਉਸਨੇ ਪਵਿੱਤਰ ਜੀਵਨ ਗੁਜ਼ਾਰਿਆ ਅਤੇ ਆਪਣੀ ਸਵੈ-ਇੱਛਾ ਨਾਲ ਮੇਰੀ ਖਾਤਿਰ ਮੇਰੇ ਪਾਪਾਂ ਦਾ ਮੁੱਲ ਚੁਕਾ ਦਿੱਤਾ। ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਮੁਰਦਿਆਂ ਵਿੱਚੋਂ ਜੀ ਉੱਠਿਆ ਅਤੇ ਅੱਜ ਜੀਉਂਦਾ ਹੈ ਅਤੇ ਮੈਨੂੰ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਦਾ ਮੁਫ਼ਤ ਵਰਦਾਨ ਦੇ ਰਿਹਾ ਹੈ।

ਮੈਂ ਜਾਣਦਾ ਹਾਂ ਕਿ ਮੈਨੂੰ ਦੁਬਾਰਾ ਜਨਮ ਲੈਣ ਦੀ ਲੋੜ ਹੈ। ਮੈਂ ਆਪਣੇ ਪਾਪਾਂ ਤੋਂ ਤੌਬਾ ਕਰਦਾ ਹਾਂ। ਮੈਂ ਤੈਥੋਂ ਮੰਗਦਾ ਹਾਂ ਕਿ ਮੇਰੇ ਦਿਲ ਵਿੱਚ ਆ ਅਤੇ ਮੈਨੂੰ ਬਚਾ। ਮੈਂ ਤੈਨੂੰ ਆਪਣਾ ਨਿੱਜੀ ਮੁਕਤੀਦਾਤਾ ਗ੍ਰਹਿਣ ਕਰਦਾ ਹਾਂ। ਯਿਸੂ ਮਸੀਹ, ਮੈਨੂੰ ਬਚਾਉਣ ਲਈ ਤੁਹਾਡਾ ਧੰਨਵਾਦ।

ਜਦੋਂ ਇੱਕ ਵਿਅਕਤੀ ਵਿੱਚ ਪਰਮੇਸ਼ੁਰ ਦਾ ਜੀਵਨ ਨਹੀਂ ਹੈ ਤਾਂ ਉਸ ਲਈ ਮਸੀਹੀ ਜੀਵਨ ਜੀਉਣਾ ਅਸੰਭਵ ਹੈ।

ਜੇਕਰ ਉੱਪਰਲੇ ਪੈਰ੍ਹੇ ਤੁਹਾਡੇ ਮਨ ਵਿੱਚ ਕਿਸੇ ਵੀ ਸ਼ੱਕ ਦਾ ਕਾਰਨ ਬਣਦੇ ਹਨ, ਤਾਂ ਹੁਣੇ ਪ੍ਰਾਰਥਨਾ ਕਰੋ। ਤੁਸੀਂ ਜਾਣ ਸਕਦੇ ਹੋ ਕਿ ਤੁਸੀਂ ਨਵਾਂ ਜਨਮ ਪ੍ਰਾਪਤ ਕੀਤੇ ਹੋ। ਤੁਸੀਂ ਜਾਣ ਸਕੋਗੇ ਕਿ ਤੁਸੀਂ ਪਰਮੇਸ਼ੁਰ ਦੇ ਰਾਜ ਦਾ ਇੱਕ ਹਿੱਸਾ ਹੋ।

ਰੋਮੀਆਂ ਵਿੱਚ ਪੌਲੁਸ ਨੇ ਲਿਖਿਆ ਹੈ,

ਰੋਮੀਆਂ 8:16 ਉਹ ਆਤਮਾ ਆਪ ਸਾਡੇ ਆਤਮਾ ਦੇ ਨਾਲ ਸਾਖੀ ਦਿੰਦਾ ਹੈ ਭਈ ਅਸੀਂ ਪਰਮੇਸ਼ੁਰ ਦੇ ਬਾਲਕ ਹਾਂ।

ਅਸੀਂ ਤਦ ਤੱਕ ਪ੍ਰਾਰਥਨਾ ਦੇ ਜੀਵਨ ਵਿੱਚ ਪ੍ਰਵੇਸ਼ ਨਹੀਂ ਕਰ ਸਕਦੇ ਹਾਂ ਜਦ ਤੱਕ ਅਸੀਂ ਪਾਪੀਆਂ ਦੀ ਪ੍ਰਾਰਥਨਾ ਨਹੀਂ ਕਰਦੇ ਹਾਂ-ਜਦੋਂ ਤੱਕ ਅਸੀਂ ਉਸ ਵਿੱਚ ਸਹੀ ਸੰਬੰਧ ਵਿੱਚ ਨਹੀਂ ਜੁੜ ਜਾਂਦੇ ਹਾਂ-ਜਦੋਂ ਤੱਕ ਅਸੀਂ ਪਰਮੇਸ਼ੁਰ ਦੇ ਰਾਜ ਵਿੱਚ ਦਾਖਲ ਨਹੀਂ ਹੋ ਜਾਂਦੇ ਹਾਂ।

ਪਰਮੇਸ਼ੁਰ ਦਾ ਰਾਜ

ਰੋਮੀਆਂ ਦੀ ਕਿਤਾਬ ਵਿੱਚ ਅਸੀਂ ਸਿੱਖਿਆ ਹੈ ਕਿ ਪਰਮੇਸ਼ੁਰ ਦਾ ਰਾਜ ਧਾਰਮਿਕਤਾ, ਸ਼ਾਂਤੀ ਅਤੇ ਪਵਿੱਤਰ ਆਤਮਾ ਦਾ ਆਨੰਦ ਹੈ। ਇਹ ਸਰੀਰ ਤੋਂ ਨਹੀਂ ਹੈ, ਇਹ ਆਤਮਾ ਤੋਂ ਹੈ।

ਰੋਮੀਆਂ 14:17 ਕਿਉਂ ਜੋ ਪਰਮੇਸ਼ੁਰ ਦੇ ਰਾਜ ਖਾਣਾ ਪੀਣਾ ਨਹੀਂ ਸਗੋਂ ਪਵਿੱਤਰ ਆਤਮਾ ਵਿੱਚ ਸ਼ਾਂਤੀ ਅਤੇ ਆਨੰਦ ਹੈ।

® *ਧਾਰਮਿਕਤਾ*

ਪਰਮੇਸ਼ੁਰ ਦਾ ਰਾਜ ਸਾਡੇ ਵਿਚਕਾਰ ਧਾਰਮਿਕਤਾ ਹੈ। 'ਇਹ ਧਾਰਮਿਕਤਾ ਸਾਡੀ ਨਿੱਜੀ ਧਾਰਮਿਕਤਾ ਨੂੰ ਨਹੀਂ ਦੱਸਦੀ ਕਿਉਂਕਿ ਯਸਾਯਾਹ ਦੱਸਦਾ ਹੈ ਕਿ ਸਾਡੀ ਧਾਰਮਿਕਤਾ ਪਾਏ ਹੋਏ ਚਿੱਥੜਿਆਂ ਦੀ ਤਰ੍ਹਾਂ ਹੈ।

ਯਸਾਯਾਹ 64:6 ਓ ਅਸੀਂ ਸੱਭੇ ਭਰਿਸ਼ਟੀ ਵਾਂਙੁ ਹੋ ਗਏ, ਅਤੇ ਸਾਡੇ ਸਭ ਧਰਮ ਪਲੀਤ ਕੱਪੜੇ ਵਰਗੇ ਹਨ...

ਮੁਕਤੀ ਦੇ ਸਮੇਂ, ਪਰਮੇਸ਼ੁਰ ਦੀ ਧਾਰਮਿਕਤਾ ਸਾਡੇ ਵਿੱਚ ਪਾਈ ਜਾਂਦੀ ਹੈ-ਸਾਡੇ ਖਾਤੇ ਵਿੱਚ ਉਧਾਰ ਦਿੱਤੀ ਜਾਂਦੀ ਹੈ। ਯਿਸੂ ਨੇ ਸਾਡੇ ਪਾਪ ਚੁੱਕ ਲਏ ਤਾਂ ਕਿ ਅਸੀਂ ਉਸਦੀ

ਧਾਰਮਿਕਤਾ ਨੂੰ ਗ੍ਰਹਿਣ ਕਰ ਸਕੀਏ। ਪਰਮੇਸ਼ੁਰ ਦਾ ਰਾਜ ਜਿਸਦੀ ਅਸੀਂ ਖੋਜ ਕਰਦੇ ਉਹ ਉਸਦੀ ਧਾਰਮਿਕਤਾ ਹੈ।

ਮੱਤੀ 6:33 ਓ ਪਰ ਤੁਸੀਂ ਪਹਿਲਾਂ ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ ਭਾਲੋ ...

ਪਾਪ ਦੀ ਨਾਮੌਜੂਦਗੀ ਹੀ ਧਾਰਮਿਕਤਾ ਨਹੀਂ ਹੈ, ਇਹ ਪਰਮੇਸ਼ੁਰ ਦਾ ਹਾਂ ਵਾਚਕ ਪ੍ਰਤੀਕ ਹੈ ਉਸਦੀ ਸੰਪੂਰਨ ਪਵਿੱਤਰਤਾ ਅਤੇ ਧਾਰਮਿਕਤਾ ਵਿੱਚ। ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ "ਤੇਰਾ ਰਾਜ ਆਵੇ" ਜਿਵੇਂ ਸਾਨੂੰ ਕਰਨ ਦੀ ਆਗਿਆ ਮਿਲੀ ਹੋਈ ਹੈ, ਅਸੀਂ ਕਹਿ ਰਹੇ ਹਾਂ "ਧਾਰਮਿਕਤਾ ਆ ਜਾ।"

ਕੀ ਅਸੀਂ ਧਾਰਮਿਕਤਾ ਦੀ ਇੱਛਾ ਕਰਦੇ ਹਾਂ? ਕੀ ਅਸੀਂ ਇਹ ਚਾਹੁੰਦੇ ਹਾਂ ਕਿ ਅਸੀਂ ਪਵਿੱਤਰ ਹੋਈਏ?

ਜਿਵੇਂ ਅਸੀਂ ਕਲੀਸਿਆਵਾਂ ਵਿੱਚ ਵੇਖਦੇ ਹਾਂ, ਕੀ ਤਲਾਕ ਚਰਚਾ ਵਿੱਚ ਇੰਨਾ ਵੱਧ ਗਿਆ ਹੈ ਜਿਵੇਂ ਇਹ ਆਮ ਸੰਸਾਰ ਦੇ ਲੋਕਾਂ ਵਿੱਚ ਹੈ। ਮਸੀਹੀ ਆਗੂ ਵਿਭਚਾਰ ਵਿੱਚ ਫੜੇ ਗਏ ਹਨ। ਉਹ ਲੋਕ ਜੋ ਇਹ ਕਹਿੰਦੇ ਹਨ ਕਿ ਉਨ੍ਹਾਂ ਦੀ ਇੱਛਾ ਹੈ ਕਿ ਉਹ ਜਿਉਂਦੇ ਪਰਮੇਸ਼ੁਰ ਨੂੰ ਜਾਨਣ ਉਹ ਖੁੱਲ੍ਹੇ ਤੌਰ ਤੇ ਪਰਮੇਸ਼ੁਰ ਦੇ ਵਚਨ ਤੋਂ ਆਕੀ ਹਨ।

ਸਾਨੂੰ ਧਾਰਮਿਕਤਾ ਅਤੇ ਪਵਿੱਤਰਤਾ ਦੇ ਇੱਕ ਪ੍ਰਕਾਸ਼ਨ ਦੀ ਲੋੜ ਹੈ। ਸਾਨੂੰ ਈਮਾਨਦਾਰੀ ਦੇ ਇੱਕ ਪ੍ਰਕਾਸ਼ਨ ਦੀ ਲੋੜ ਹੈ। ਰਸੂਲ ਪਤਰਸ ਨੇ ਇਸ ਨੂੰ ਬਹੁਤ ਹੀ ਸੌਖਾ ਬਣਾ ਦਿੱਤਾ ਹੈ। ਉਸ ਨੇ ਲਿਖਿਆ ਹੈ, "ਪਵਿੱਤਰ ਬਣੋ!"

1 ਪਤਰਸ 1:15,16 ਸਗੋਂ ਜਿਵੇਂ ਤੁਹਾਡਾ ਸੱਦਣ ਵਾਲਾ ਪਵਿੱਤਰ ਹੈ ਤੁਸੀਂ ਆਪ ਵੀ ਤਿਵੇਂ ਹੀ ਆਪਣੀ ਸਾਰੀ ਚਾਲ ਵਿੱਚ ਪਵਿੱਤਰ ਬਣੋ। ਕਿਉਂ ਜੋ ਇਹ ਲਿਖਿਆ ਹੋਇਆ ਹੈ "ਭਈ ਤੁਸੀਂ ਪਵਿੱਤਰ ਬਣੋ ਇਸ ਲਈ ਜੋ ਮੈਂ ਪਵਿੱਤਰ ਹੈ।"

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਧਰਮੀ ਬਣੀਏ। ਅਸੀਂ ਬਾਹਰੀ ਕਾਨੂੰਨੀ ਸੂਚੀ ਬਾਰੇ ਗੱਲ ਨਹੀਂ ਕਰ ਰਹੇ ਹਾਂ "ਇਹ ਕਰੋ ਅਤੇ ਇਹ ਨਾ ਕਰੋ।" ਸੱਚੀ ਧਾਰਮਿਕਤਾ ਉਸਦੇ ਸਵਰੂਪ ਵਿੱਚ ਬਦਲਦੇ ਜਾਣਾ ਹੈ-ਮਹਿਮਾ ਤੋਂ ਮਹਿਮਾ ਵਿੱਚ ਬਦਲਦੇ ਜਾਣਾ ਹੈ-ਅੰਦਰੂਨੀ ਤੌਰ ਤੇ ਬਦਲਦੇ ਜਾਣਾ ਹੈ।

2 ਕੁਰਿੰਥੀਆਂ 3:18 ਪਰ ਅਸੀਂ ਸਭ ਅਣਕੱਜੇ ਮੁੱਖ ਨਾਲ ਪ੍ਰਭੂ ਦੇ ਤੇਜ ਦਾ ਮਾਨੋ ਸ਼ੀਸ਼ੇ ਵਿੱਚੋਂ ਪ੍ਰਤੀਬਿੰਬ ਵੇਖਦੇ ਹੋਏ ਤੇਜ ਤੋਂ ਤੇਜ ਤੀਕ ਜਿਵੇਂ ਪ੍ਰਭੂ ਅਰਥਾਤ ਉਸ ਆਤਮਾ ਤੋਂ ਉਸੇ ਰੂਪ ਵਿੱਚ ਬਦਲਦੇ ਜਾਂਦੇ ਹਾਂ।

® *ਸ਼ਾਂਤੀ*

ਪਰਮੇਸ਼ੁਰ ਦਾ ਰਾਜ ਪਵਿੱਤਰ ਆਤਮਾ ਵਿੱਚ ਸ਼ਾਂਤੀ, ਅਨੰਦ ਅਤੇ ਧਾਰਮਿਕਤਾ ਹੈ। ਧਾਰਮਿਕਤਾ ਦੇ ਬਾਰੇ ਇੱਥੇ ਇੱਕ ਬਹੁਤ ਹੀ ਜ਼ਰੂਰੀ ਕੁਝ ਹੈ। ਜਦੋਂ ਅਸੀਂ ਪਰਮੇਸ਼ੁਰ ਦੇ ਰਾਜ ਅਤੇ ਉਸਦੀ ਧਾਰਮਿਕਤਾ ਦੀ ਖੋਜ ਕਰਦੇ ਹਾਂ, ਤੁਰੰਤ ਹੀ ਉੱਥੇ ਸ਼ਾਂਤੀ ਹੁੰਦੀ ਹੈ-ਇਹ ਸਾਡੇ ਜੀਵਨਾਂ ਵਿੱਚ ਪਵਿੱਤਰ ਆਤਮਾ ਦਾ ਸਧਾਰਨ ਫਲ ਹੈ। ਸ਼ਾਂਤੀ ਕੋਈ ਅਜਿਹੀ ਵਸਤੂ ਨਹੀਂ ਹੈ ਜਿਸਦੇ ਲਈ ਸਾਨੂੰ ਸੰਘਰਸ਼ ਕਰਨ ਦੀ ਲੋੜ ਹੈ। ਇਹ ਕੋਈ ਅਜਿਹੀ ਵਸਤੂ ਨਹੀਂ ਹੈ ਜੋ ਇੱਕੋ ਵਾਰ ਸਭ ਲਈ ਕੀਤੀ ਗਈ ਹੈ। ਇਹ ਉੱਨਤੀਸ਼ੀਲ ਹੈ।

ਕੁਝ ਲੋਕ ਸੋਚਦੇ ਹਨ ਕਿ ਜਦੋਂ ਉਨ੍ਹਾਂ ਕੋਲ ਬੈਂਕ ਵਿੱਚ ਕੁਝ ਪੈਸਾ ਹੋਵੇਗਾ ਤਾਂ ਉਨ੍ਹਾਂ ਨੂੰ ਸ਼ਾਂਤੀ ਹੋਵੇਗੀ। ਉਨ੍ਹਾਂ ਨੂੰ ਸ਼ਾਂਤੀ ਮਿਲੇਗੀ ਜਦੋਂ ਪਰਮੇਸ਼ੁਰ ਉਨ੍ਹਾਂ ਦੇ ਬੱਚਿਆਂ ਨੂੰ, ਜਾਂ ਉਨ੍ਹਾਂ ਦੇ ਜੀਵਨ ਸਾਥੀ ਨੂੰ ਸਹੀ ਕਰ ਦੇਵੇਗਾ। ਸ਼ਾਇਦ ਉਸ ਸਮੇਂ ਸ਼ਾਂਤੀ ਮਿਲੇਗੀ ਜਦੋਂ ਉਨ੍ਹਾਂ ਨੂੰ ਨਵਾਂ ਔਹੁਦਾ ਮਿਲੇਗਾ, ਉਹ ਸੇਵਾ ਮੁਕਤ ਹੋਣਗੇ, ਜਾਂ ਵਿਦੇਸ਼ਾਂ ਵਿੱਚ ਜਾਣਗੇ। ਪਰ ਇਨ੍ਹਾਂ ਚੀਜ਼ਾਂ ਵਿੱਚੋਂ ਕੋਈ ਵੀ ਚੀਜ਼ ਸ਼ਾਂਤੀ ਨਹੀਂ ਲਿਆ ਸਕਦੀ।

ਯਿਸੂ ਮਸੀਹ ਸ਼ਾਂਤੀ ਦਾ ਰਾਜਕੁਮਾਰ ਹੈ। ਜਦੋਂ ਅਸੀਂ ਉਸਨੂੰ ਆਪਣੇ ਜੀਵਨਾਂ ਦਾ ਪ੍ਰਭੂ ਬਣਾਉਂਦੇ ਹਾਂ-ਆਪਣਾ ਰਾਜਕੁਮਾਰ-ਤਾਂ ਸਾਡੇ ਕੋਲ ਸ਼ਾਂਤੀ ਹੋਵੇਗੀ। ਪੌਲੁਸ ਸਾਨੂੰ ਉਤਸਾਹਿਤ ਕਰਦਾ ਹੈ ਕਿ ਆਓ ਅਸੀਂ ਪਰਮੇਸ਼ੁਰ ਦੀ ਸ਼ਾਂਤੀ ਨੂੰ ਜੋ ਸਾਰੀ ਸਮਝ ਤੋਂ ਪਰ੍ਹੇ ਹੈ ਆਪਣੇ ਦਿਲਾਂ ਅਤੇ ਦਿਮਾਗ਼ਾਂ ਤੇ ਰਾਜ ਕਰਨ ਦੇਈਏ।

ਫ਼ਿਲਿੱਪੀਆਂ 4:6,7 ਕਿਸੇ ਗੱਲ ਦੀ ਚਿੰਤਾ ਨਾ ਕਰੋ ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ ਧੰਨਵਾਦ ਸਣੇ ਪਰਮੇਸ਼ੁਰ ਦੇ ਅੱਗੇ ਕੀਤੀਆਂ ਜਾਣ, ਅਤੇ ਪਰਮੇਸ਼ੁਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰ੍ਹੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ ਮਨਾਂ ਅਤੇ ਸੋਚਾਂ ਦੀ ਰਾਖੀ ਕਰੇਗੀ।

® *ਅਨੰਦ*

ਪਰਮੇਸ਼ੁਰ ਦਾ ਰਾਜ ਧਾਰਮਿਕਤਾ, ਸ਼ਾਂਤੀ ਅਤੇ ਆਨੰਦ ਹੈ। ਆਨੰਦ ਖੁਸ਼ੀ ਦਾ ਅਧਾਰ ਨਹੀਂ ਹੈ ਜਿਵੇਂ ਅਸੀਂ ਕਈ ਵਾਰ ਮਹਿਸੂਸ ਕਰਦੇ ਹਾਂ। ਆਨੰਦ ਮਨ ਦੀ ਗਹਿਰਾਈ ਤੋਂ ਹੈ। ਦਾਊਦ ਨੇ ਜ਼ਬੂਰ ਲਿਖੇ,

ਜ਼ਬੂਰਾਂ 16:11 ਤੂੰ ਮੈਨੂੰ ਜੀਉਣ ਦਾ ਮਾਰਗ ਵਿਖਾਵੇਂਗਾ, ਤੇਰੇ ਹਜ਼ੂਰ ਆਨੰਦ ਦੀ ਭਰਪੂਰੀ ਹੈ, ਤੇਰੇ ਸੱਜੇ ਹੱਥ ਸਦਾ ਖੁਸ਼ੀਆਂ ਹੁੰਦੀਆਂ ਹਨ।

ਸਾਨੂੰ ਆਨੰਦ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਰਹਿਣ ਨਾਲ ਮਿਲਦਾ ਹੈ।

Φ ਸਾਰ-ਯਿਸੂ ਨੇ ਪ੍ਰਾਰਥਨਾ ਦੇ ਬਾਰੇ ਸਿਖਾਇਆ

ਜਦੋਂ ਯਿਸੂ ਮਸੀਹ ਨੇ ਚੇਲਿਆਂ ਦੀ ਬੇਨਤੀ ਦੇ ਅਨੁਸਾਰ ਪ੍ਰਾਰਥਨਾ ਦੇ ਬਾਰੇ ਸਿਖਾਉਣਾ ਸ਼ੁਰੂ ਕੀਤਾ, "ਸਾਨੂੰ ਪ੍ਰਾਰਥਨਾ ਕਰਨੀ ਸਿਖਾ," ਉਸਨੇ ਇਹ ਨਹੀਂ ਕਿਹਾ ਕਿ ਸਾਨੂੰ ਮਿੰਨਤ ਕਰਨੀ, ਜਾਂ ਅਰਜ ਕਰਨੀ ਚਾਹੀਦੀ ਹੈ। ਉਸਨੇ ਕਿਹਾ, "ਮੰਗੋ", ਸਾਨੂੰ ਆਪਣੀਆਂ ਮੁਸ਼ਕਿਲਾਂ ਕਹਿਣੀਆਂ ਹਨ, "ਪਰਮੇਸ਼ੁਰ ਦਾ ਰਾਜ ਆਵੇ..., ਪਰਮੇਸ਼ੁਰ ਦੀ ਮਰਜ਼ੀ ਪੂਰੀ ਹੋਵੇ।" ਅਸੀਂ ਆਪਣੀਆਂ ਮੁਸ਼ਕਿਲਾਂ ਅਤੇ ਆਪਣੀ ਇੱਛਾ ਬਾਰੇ ਪ੍ਰਾਰਥਨਾ ਨਹੀਂ ਕਰ ਸਕਦੇ ਹਾਂ, ਪਰ ਪਰਮੇਸ਼ੁਰ ਦੀ ਇੱਛਾ ਲਈ ਪ੍ਰਾਰਥਨਾ ਕਰਨੀ ਹੈ।

ਇਸ ਗੱਲ ਨੂੰ ਜਾਨਣਾ ਕਿ ਪਰਮੇਸ਼ੁਰ ਦਾ ਰਾਜ ਸਾਡੇ ਵਿਚਕਾਰ ਹੈ ਇਹ ਉਸਦੀ ਮਰਜ਼ੀ ਨੂੰ ਅਸਾਨ ਬਣਾਉਂਦਾ ਹੈ। ਹੁਣ ਤੋਂ ਅਸੀਂ ਆਪਣੀਆਂ ਪ੍ਰਾਰਥਨਾਵਾਂ ਦੇ ਉੱਤਰ ਤਿਆਰ ਨਹੀਂ ਕਰਾਂਗੇ ਅਤੇ ਪਰਮੇਸ਼ੁਰ ਨੂੰ ਕਹਾਂਗੇ ਕਿ ਸਾਡੀ "ਖਰੀਦਣ ਦੀ ਲਿਸਟ" ਨੂੰ ਭਰ ਦਿਓ। ਅਸੀਂ ਪਵਿੱਤਰ ਆਤਮਾ ਦੇ ਦੁਆਰਾ ਅਜਿਹੇ ਹੋ ਸਕਾਂਗੇ, ਅਤੇ ਇਸ ਧਰਤੀ ਉੱਤੇ ਉਸਦੀ ਇੱਛਾ ਬਾਰੇ ਬੋਲ ਸਕਾਂਗੇ, ਇਹ ਸਾਡੀਆਂ ਲੋੜਾਂ ਦੀ ਪਰਵਾਹ ਕਰੇਗਾ। ਪਰਮੇਸ਼ੁਰ ਨਾਲ ਸਾਡੀ ਏਕਤਾ ਹੋਵੇਗੀ ਅਤੇ ਅਸੀਂ ਵੀ ਉਸ ਸਭ ਚੀਜ਼ਾਂ ਨਾਲ ਸੰਬੰਧ ਰੱਖਾਂਗੇ ਜਿਨ੍ਹਾਂ ਨਾਲ ਉਸਦਾ ਸੰਬੰਧ ਹੈ। ਉਸਦੇ ਬਦਲੇ ਵਿੱਚ, ਹਰ ਉਸ ਚੀਜ਼ ਨਾਲ ਜੋ ਸਾਡੇ ਨਾਲ ਸੰਬੰਧ ਰੱਖਦੀ ਹੈ ਉਹ ਵੀ ਸੰਬੰਧ ਰੱਖੇਗਾ। ਮੱਤੀ 6:33 ਸਾਡੀ ਜ਼ਿੰਦਗੀ ਦਾ ਇੱਕ ਕੰਮ ਹੈ-ਜੇਕਰ ਅਸੀਂ ਪਹਿਲਾਂ ਉਸਦੇ ਰਾਜ ਅਤੇ ਧਰਮ ਦੀ ਭਾਲ ਕਰਾਂਗੇ ਅਤੇ ਇਹ ਸਭ ਚੀਜ਼ਾਂ ਵੀ ਸਾਨੂੰ ਦਿੱਤੀਆਂ ਜਾਣਗੀਆਂ।

ਪੁਨਰ-ਅਵਲੋਕਨ ਲਈ ਕੁਝ ਪ੍ਰਸ਼ਨ

1. ਪ੍ਰਾਰਥਨਾ ਦੀ ਸਧਾਰਨ ਪਰਿਭਾਸ਼ਾ ਲਿਖੋ ਅਤੇ ਇਸਦਾ ਕੀ ਅਰਥ ਹੈ।

2. ਪਰਮੇਸ਼ੁਰ ਦੇ ਰਾਜ ਦੇ ਤਿੰਨ ਬਾਹਰੀ ਚਿੰਨ੍ਹਾਂ ਦਾ ਨਾਮ ਲਿਖੋ।

3. ਪਰਮੇਸ਼ੁਰ ਦੇ ਰਾਜ ਦੇ ਤਿੰਨ ਅੰਦਰੂਨੀ ਰੂਪ ਲਿਖੋ।

4. ਪ੍ਰਾਰਥਨਾ ਪਰਮੇਸ਼ੁਰ ਦੇ ਨਾਲ ਕਿਵੇਂ ਸੰਬੰਧਿਤ ਹੈ ਸਮਝਾਓ।

ਅਧਿਆਇ ਪੰਜ

ਪ੍ਰਾਰਥਨਾ ਪਰਿਣਾਮ ਲਿਆਉਂਦੀ ਹੈ

ਸਾਡੀ ਪ੍ਰਾਰਥਨਾ ਪ੍ਰਤੀ ਇਹ ਇੱਛਾ ਹੈ ਕਿ ਬਹੁਤ ਪਰਿਣਾਮਾਂ ਦੇ ਨਾਲ ਪ੍ਰਾਰਥਨਾ ਹੋਵੇ। ਜਲਦਬਾਜ਼ੀ ਦੀਆਂ ਪ੍ਰਾਰਥਨਾਵਾਂ ਵਿੱਚੋਂ ਅਸੀਂ ਉਸ ਸਮੇਂ ਪ੍ਰਾਰਥਨਾ ਕਰਦੇ ਹਾਂ ਜਦੋਂ ਅਸੀਂ ਮੁਸੀਬਤ ਵਿੱਚ ਹੁੰਦੇ ਹਾਂ, ਆਪਣੇ ਪਿਆਰਿਆਂ ਲਈ ਪ੍ਰਾਰਥਨਾ ਕਰਨੀ , ਸਮਾਜਿਕ। ਰਾਜਨੀਤਿਕ ਪਰਿਸਥਿਤੀਆਂ ਲਈ ਪ੍ਰਾਰਥਨਾ ਕਰਨਾ ਜੋ ਸਾਡੇ ਆਲੇ-ਦੁਆਲੇ ਹੁੰਦੀਆਂ ਹਨ, ਅਸੀਂ ਸਾਰੇ ਇਹ ਜਾਨਣ ਦੀ ਇੱਛਾ ਰੱਖਦੇ ਹਾਂ ਕਿ ਕਿਵੇਂ ਹੋਰ ਵੀ ਵੱਧ ਅਸਰਦਾਰ ਤਰੀਕੇ ਨਾਲ ਪ੍ਰਾਰਥਨਾ ਕੀਤੀ ਜਾ ਸਕਦੀ ਹੈ।

ਪ੍ਰਾਰਥਨਾ ਉੱਤੇ ਯਿਸੂ ਮਸੀਹ ਦੀਆਂ ਸਿੱਖਿਆਵਾਂ ਜੋ ਸੁਸਮਾਚਾਰਾਂ ਵਿੱਚ ਹਨ ਉਹ ਸਾਡੇ ਪ੍ਰਾਰਥਨਾ ਦੇ ਜੀਵਨ ਵਿੱਚ ਕ੍ਰਾਂਤੀ ਲਿਆਉਂਦੇ ਹਨ।

ਦ੍ਰਿੜ੍ਹ ਰਹਿਣਾ-ਦ੍ਰਿੜ੍ਹ ਰਹਿਣਾ-ਦ੍ਰਿੜ੍ਹ ਰਹਿਣਾ

ਕਈ ਪ੍ਰਾਰਥਨਾ ਦੇ ਉੱਤਰ ਕਦੀ ਵੀ ਨਹੀਂ ਮਿਲਦੇ ਕਿਉਂਕਿ ਉਹ ਕਦੀ ਵੀ ਪ੍ਰਾਰਥਨਾ ਨਹੀਂ ਕੀਤੀਆਂ ਜਾਂਦੀਆਂ। ਕਈ ਵਾਰ, ਅਸੀਂ ਕਿਸੇ ਸਥਿਤੀ ਬਾਰੇ ਗੱਲ ਕਰਦੇ ਹਾਂ, ਅਤੇ ਇਹ ਦੱਸਦੇ ਹਾਂ ਕਿ ਅਸੀਂ ਇਸ ਲਈ ਪ੍ਰਾਰਥਨਾ ਕਰਾਂਗੇ, ਪਰ ਅਸਲ ਵਿੱਚ ਕਦੀ ਵੀ ਉਸਨੂੰ ਕਰਦੇ ਨਹੀਂ ਹਾਂ। ਕਈ ਵਾਰ ਪ੍ਰਾਰਥਨਾਵਾਂ ਦੇ ਉੱਤਰ ਨਹੀਂ ਮਿਲਦੇ ਕਿਉਂਕਿ ਅਸੀਂ ਪ੍ਰਾਰਥਨਾ ਵਿੱਚ ਦ੍ਰਿੜ੍ਹ ਨਹੀਂ ਰਹੇ...

ਪੌਲੁਸ ਰਸੂਲ ਨੇ ਲਿਖਿਆ ਹੈ,

ਅਫ਼ਸੀਆਂ 6:18... ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ, ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ।

ਯਸਾਯਾਹ ਕੰਧ ਉੱਤੇ ਇੱਕ ਚੌਂਕੀਦਾਰ ਨੂੰ ਸਥਿਰ ਕਰਦਾ ਹੈ ਜੋ ਕਦੀ ਵੀ ਸ਼ਾਂਤੀ ਨਾਲ ਨਹੀਂ ਬੈਠਦੇ। ਉਹ ਚੁੱਪ-ਚਾਪ ਨਹੀਂ ਰਹਿੰਦੇ ਪਰ ਲਗਾਤਾਰ ਪ੍ਰਾਰਥਨਾ ਕਰਦੇ ਹਨ।

ਯਸਾਯਾਹ 62:6,7 ਹੇ ਯਰੂਸ਼ਲਮ, ਮੈਂ ਤੇਰੀਆਂ ਕੰਧਾਂ ਉੱਤੇ ਰਾਖੇ ਲਾਏ ਹਨ ਸਾਰਾ ਦਿਨ ਅਤੇ ਸਾਰੀ ਰਾਤ ਉਹ ਕਦੇ ਚੁੱਪ ਨਾ ਰਹਿਣਗੇ। ਤੁਸੀਂ ਜਿਹੜੇ ਯਹੋਵਾਹ ਦਾ ਜ਼ਿਕਰ ਕਰਦੇ ਹੋ ਅਰਾਮ ਨਾ ਕਰੋ, ਅਤੇ ਉਹ ਨੂੰ ਅਰਾਮ ਕਰਨ ਦਿਉ ਜਦ ਤੀਕ ਉਹ ਯਰੂਸ਼ਲਮ ਨੂੰ ਧਰਤੀ ਉੱਤੇ ਉਸਤਤ ਲਈ ਕਾਇਮ ਨਾ ਕਰੇ।

ਯਿਸੂ ਮਸੀਹ ਨੇ ਦ੍ਰਿੜਤਾ ਦੇ ਬਾਰੇ ਸਿੱਖਿਆ ਦਿੱਤੀ

ਯਿਸੂ ਮਸੀਹ ਨੇ ਸਾਨੂੰ ਪ੍ਰਾਰਥਨਾ ਵਿੱਚ ਲੱਗੇ ਰਹਿਣ ਬਾਰੇ ਸਿਖਾਇਆ ਹੈ।

ਲੂਕਾ 11:5-8 ਉਸ ਨੇ ਉਨ੍ਹਾਂ ਨੂੰ ਆਖਿਆ, "ਕਿ ਤੁਹਾਡੇ ਵਿੱਚੋਂ ਕੌਣ ਹੈ ਜਿਹ ਦਾ ਇੱਕ ਮਿੱਤਰ ਹੋਵੇ, ਅਤੇ ਅੱਧੀ ਰਾਤ ਨੂੰ ਉਹ ਦੇ ਕੋਲ ਜਾ ਕੇ ਉਹ ਨੂੰ ਕਹੇ, ਮਿੱਤਰਾਂ, ਤਿੰਨ ਰੋਟੀਆਂ ਮੈਨੂੰ ਉਧਾਰੀਆਂ ਦਿਹ; ਕਿਉਂ ਜੋ ਮੇਰਾ ਇੱਕ ਮਿੱਤਰ ਪੈਂਡਾ ਕਰਕੇ ਮੇਰੇ ਕੋਲ ਆਇਆ ਹੈ, ਅਤੇ ਮੇਰੇ ਕੋਲ ਕੁਝ ਨਹੀਂ ਜੋ ਉਹ ਦੇ ਅੱਗੇ ਰੱਖਾਂ; ਅਰ ਉਹ ਅੰਦਰੋਂ ਉੱਤਰ ਦੇਵੇ ਭਈ ਮੈਨੂੰ ਔਖਾ ਨਾ ਕਰ; ਹੁਣ ਬੂਹਾ ਵੱਜਿਆ ਹੋਇਆ ਹੈ, ਅਤੇ ਮੇਰੇ ਲੜਕੇ ਬਾਲੇ ਮੇਰੇ ਨਾਲ ਸੁੱਤੇ ਪਏ ਹਨ: ਮੈਂ ਉੱਠ ਕੇ ਤੈਨੂੰ ਦੇ ਨਹੀਂ ਸਕਦਾ?"

"ਮੈਂ ਤੁਹਾਨੂੰ ਆਖਦਾ ਹਾਂ, ਕਿ ਭਾਵੇਂ ਉਹ ਉਸਦਾ ਮਿੱਤਰ ਹੋਣ ਦੇ ਕਾਰਨ ਉੱਠ ਕੇ ਉਹ ਨੂੰ ਨਾ ਦੇਵੇ, ਪਰ ਉਹ ਦੇ ਢੀਠਪੁਣੇ ਦੇ ਕਾਰਨ ਉੱਠੇਗਾ ਅਤੇ ਜਿੰਨੀਆਂ ਦੀ ਲੋੜ ਹੋਵੇਗੀ ਉਹ ਨੂੰ ਦੇਵੇਗਾ।"

ਦਿਨ ਰਾਤ ਪ੍ਰਾਰਥਨਾ ਕਰੋ

ਉਸਨੇ ਕਿਹਾ ਹੈ ਕਿ ਸਾਨੂੰ ਰਾਤ ਦਿਨ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਤੇ ਹਿੰਮਤ ਨਹੀਂ ਹਾਰਨੀ ਚਾਹੀਦੀ।

ਲੂਕਾ 18:1, 7,8ਓ ਉਸ ਨੇ ਉਨ੍ਹਾਂ ਨੂੰ ਇਸ ਮਤਲਬ ਦਾ ਇੱਕ ਦ੍ਰਿਸ਼ਟਾਂਤ ਦਿੱਤਾ, ਜੋ ਸਾਨੂੰ ਸਦਾ ਪ੍ਰਾਰਥਨਾ ਵਿੱਚ ਲੱਗਿਆ ਰਹਿਣਾ ਅਤੇ ਸੁਸਤੀ ਨਹੀਂ ਕਰਨੀ ਚਾਹੀਦੀ।

"ਫੇਰ ਭਲਾ ਪਰਮੇਸ਼ੁਰ ਆਪਣੇ ਚੁਣਿਆਂ ਹੋਇਆਂ ਦਾ ਬਦਲਾ ਲੈ ਨਾ ਦੇਵੇਗਾ ਜਿਹੜੇ ਰਾਤ ਦਿਨ ਉਹ ਦੀ ਦੁਹਾਈ ਦਿੰਦੇ ਹਨ ਭਾਵੇਂ ਉਹ ਚੋਖਾ ਚਿਰ ਉਨ੍ਹਾਂ ਦੀ ਜਰਦਾ ਹੈ? ਮੈਂ ਤੁਹਾਨੂੰ ਆਖਦਾ ਹਾਂ ਜੋ ਉਹ ਸ਼ਤਾਬੀ ਉਨ੍ਹਾਂ ਦਾ ਬਦਲਾ ਲੈ ਦੇਵੇਗਾ।"

ਪ੍ਰਾਰਥਨਾ ਦੇ ਤਿੰਨ ਕਦਮ

ਯਿਸੂ ਮਸੀਹ ਨੇ ਸਾਨੂੰ ਕਾਮਯਾਬੀ ਪੂਰਨ ਪ੍ਰਾਰਥਨਾ ਦੇ ਤਿੰਨ ਕਦਮ ਦਿੱਤੇ ਹਨ: ਮੰਗੋ-ਲੱਭੋ-ਅਤੇ ਖੜਕਾਓ।

ਮੱਤੀ 7:7-11 "ਮੰਗੋ, ਤਾਂ ਤੁਹਾਨੂੰ ਦਿੱਤਾ ਜਾਵੇਗਾ; ਢੂੰਡੋ, ਤਾਂ ਤੁਹਾਨੂੰ ਲੱਭੇਗਾ; ਖੜਕਾਓ, ਦਾ ਤੁਹਾਡੇ ਲਈ ਖੋਲ੍ਹਿਆ ਜਾਵੇਗਾ। ਕਿਉਂਕਿ ਹਰੇਕ ਮੰਗਣ ਵਾਲਾ ਪਾ ਲੈਂਦਾ, ਅਤੇ ਢੂੰਡਣ ਵਾਲੇ ਨੂੰ ਲੱਭਦਾ ਹੈ, ਅਤੇ ਖੜਕਾਉਣ ਵਾਲੇ ਲਈ ਖੋਲਿਆ ਜਾਵੇਗਾ।

"ਯਾ ਤੁਹਾਡੇ ਵਿੱਚੋਂ ਕਿਹੜਾ ਮਨੁੱਖ ਹੈ, ਕਿ ਜੇ ਉਸ ਦਾ ਪੁੱਤਰ ਉਸ ਤੋਂ ਰੋਟੀ ਮੰਗੇ, ਤਾਂ ਉਹ ਨੂੰ ਪੱਥਰ ਦੇਵੇ? ਅਤੇ ਜੇ ਮੱਛੀ ਮੰਗੇ, ਤਾਂ ਉਹ ਨੂੰ ਸੱਪ ਦੇਵੇ?

"ਸੋ ਜੇ ਤੁਸੀਂ ਬੁਰੇ ਹੋ ਕੇ, ਆਪਣਿਆਂ ਬਾਲਕਾਂ ਨੂੰ ਚੰਗੀਆਂ ਦਾਤਾਂ ਦੇਣੀਆਂ ਜਾਣਦੇ ਹੋ, ਤਾਂ ਕਿੰਨਾ ਵਧੀਕ ਤੁਹਾਡਾ ਸੁਰਗੀ ਪਿਤਾ ਆਪਣੇ ਮੰਗਣ ਵਾਲਿਆਂ ਨੂੰ ਚੰਗੀਆਂ ਵਸਤਾਂ ਦੇਵੇਗਾ।"

® *ਮੰਗੋ ਅਤੇ ਮਿਲੇਗਾ*

ਪਰਮੇਸ਼ੁਰ ਉੱਤੇ ਭਰੋਸਾ ਕਰ ਕੇ ਮੰਗੋ, ਬੇਨਤੀਆਂ ਨਾਲ ਉਸਦੇ ਕੋਲ ਆਓ। ਸਾਨੂੰ ਬਿਲਕੁਲ ਉਸ ਅੰਨ੍ਹੇ ਦੇ ਵਾਂਗ ਮੰਗਣਾ ਚਾਹੀਦਾ ਹੈ ਜੋ ਰਸਤੇ ਕੋਲ ਬੈਠਾ ਪੁਕਾਰ ਰਿਹਾ ਸੀ, "ਪ੍ਰਭੂ ਤੂੰ ਚਾਹੇ ਤਾਂ ਮੈਨੂੰ ਸੁਜਾਖਾ ਕਰ ਸਕਦਾ ਹੈਂ।" ਜਦੋਂ ਅਸੀਂ ਵਿਸ਼ਵਾਸ ਨਾਲ ਮੰਗਦੇ ਹਾਂ ਅਸੀਂ ਮਿਲਣ ਦੀ ਆਸ਼ਾ ਕਰਦੇ ਹਾਂ।

ਯਿਸੂ ਨੇ ਸਾਡੇ ਨਾਲ ਵਾਇਦਾ ਕੀਤਾ ਹੈ ਕਿ ਜੇਕਰ ਅਸੀਂ ਮੰਗਾਂਗੇ, ਸਾਨੂੰ ਮਿਲੇਗਾ।

® *ਢੂੰਡੋ ਅਤੇ ਪਾਓਗੇ*

ਭਾਲੋ ਇੱਕ ਅਤਿ ਜ਼ਰੂਰੀ ਲੋੜ ਸਾਨੂੰ ਦਬਾਅ ਪਾਉਂਦੀ ਹੈ ਕਿ ਅਸੀਂ ਤਦ ਤੱਕ ਭਾਲ ਕਰੀਏ ਜਦੋਂ ਤੱਕ ਸਾਨੂੰ ਲੱਭ ਨਾ ਪਵੇ, ਭਾਲ ਕਰਨੀ ਉਦੇਸ਼ਪੂਰਨ ਗੱਲ ਨੂੰ ਉੱਦਮ ਨਾਲ ਲੱਭਣਾ ਹੈ। ਇਹ ਸਭ ਤੋਂ ਵੱਡਾ ਆਦਰਸ਼ ਹੋ ਸਕਦਾ ਹੈ। ਉਹ ਔਰਤ ਜਿਸਨੂੰ ਖੂਨ ਆਉਣ ਦੀ ਬੀਮਾਰੀ ਸੀ ਉਹ ਭੀੜ ਨੂੰ ਚੀਰਦੀ ਹੋਈ ਇਹ ਕਹਿ ਰਹੀ ਸੀ, "ਜਿਸ ਸਮੇਂ ਮੈਂ ਉਸਨੂੰ ਛੂਹ ਲਵਾਂਗੀ ਮੈਂ ਚੰਗੀ ਹੋ ਜਾਵਾਂਗੀ।"

ਮਨੁੱਖ ਤਦ ਤੱਕ ਕਿਸੇ ਚੀਜ਼ ਨੂੰ ਨਹੀਂ ਲੱਭਦੇ ਜਦੋਂ ਤੱਕ ਉਨ੍ਹਾਂ ਨੂੰ ਇਹ ਆਸ ਨਹੀਂ ਹੁੰਦੀ ਕਿ ਉਹ ਉਨ੍ਹਾਂ ਲੱਭ ਪਵੇਗੀ-ਜਦੋਂ ਤੱਕ ਉਹ ਇਸ ਨੂੰ ਲੱਭਦੇ-ਨਿਰਾਸ਼ ਨਹੀਂ ਹੋ ਜਾਂਦੇ ਹਨ ਤਦ ਤੱਕ ਉਹ ਲੱਭਦੇ ਰਹਿੰਦੇ ਹਨ।

ਜਦੋਂ ਅਸੀਂ ਕੋਈ ਚੀਜ਼ ਮੰਗਦੇ ਹਾਂ ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਸਾਡੇ ਜੀਵਨ ਲਈ ਪਰਮੇਸ਼ੁਰ ਦੀ ਮਰਜ਼ੀ ਹੈ, ਅਤੇ ਜਵਾਬ ਮਿਲਦਾ ਹੋਇਆ ਨਹੀਂ ਲੱਗਦਾ ; ਤਾਂ ਸਾਨੂੰ ਉਸਨੂੰ

ਭਾਲਣਾ ਪਵੇਗਾ। ਇਸ ਵਿਸ਼ੇ ਵਿੱਚ ਪਰਮੇਸ਼ੁਰ ਦੇ ਵਚਨ ਬਾਰੇ ਹੋਰ ਵੀ ਖੋਜ ਕਰਨਾ ਸ਼ਾਮਲ ਹੈ। ਇਸ ਵਿੱਚ ਸਮੱਸਿਆ ਵਾਲੇ ਖੇਤਰਾਂ ਨੂੰ ਲੱਭਣਾ ਵੀ ਸ਼ਾਮਿਲ ਹੈ, ਹੋ ਸਕਦਾ ਹੈ ਕਿ ਉਹ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਆਉਣ ਵਿੱਚ ਰੁਕਾਵਟ ਹੋਣ।

ਯਿਸੂ ਨੇ ਸਾਡੇ ਨਾਲ ਵਾਇਦਾ ਕੀਤਾ ਹੈ ਕਿ ਜੇਕਰ ਅਸੀਂ ਭਾਲਾਂਗੇ, ਤਾਂ ਸਾਨੂੰ ਲੱਭੇਗਾ।

® *ਖੜਕਾਓ ਤਾਂ ਖੋਲ੍ਹਿਆ ਜਾਵੇਗਾ*

ਖੜਕਾਉਣਾ ਤੋਂ ਭਾਵ ਹੈ ਦ੍ਰਿੜ੍ਹ ਰਹਿਣਾ, ਜਦ ਤੱਕ ਮਿਲ ਨਾ ਜਾਵੇ ਤਦ ਤੱਕ ਪਿੱਛੇ ਨਾ ਹੱਟਣਾ। ਸੁਰੂਫੈਨੀਕੇ ਦੀ ਔਰਤ ਇਸ ਲਈ ਸਭ ਤੋਂ ਵਧੀਆ ਉਦਾਹਰਨ ਹੈ।

ਮਰਕੁਸ 7:25-30 ਕਿਉਂ ਜੋ ਓਵੇਂ ਇੱਕ ਤੀਵੀਂ ਜਿਹ ਦੀ ਛੋਟੀ ਧੀ ਨੂੰ ਭਰਿਸ਼ਟ ਆਤਮਾ ਚਿੰਬੜਿਆ ਹੋਇਆ ਸੀ, ਉਹ ਦੀ ਖ਼ਬਰ ਸੁਣ ਕੇ ਆਈ, ਅਤੇ ਉਹ ਦੇ ਪੈਰੀਂ ਪਈ। ਉਹ ਤੀਵੀਂ ਯੂਨਾਨਣ, ਅਤੇ ਜਨਮ ਦੀ ਸੂਰੁਫੈਨੀਕਣ ਸੀ, ਉਸ ਨੇ ਉਹ ਦੇ ਅੱਗੇ ਅਰਜ਼ ਕੀਤੀ ਜੋ ਤੁਸੀਂ ਮੇਰੀ ਧੀ ਵਿੱਚੋਂ ਭੂਤ ਨੂੰ ਕੱਢ ਦਿਉ।

ਪਰ ਉਹ ਨੇ ਉਸ ਨੂੰ ਕਿਹਾ, "ਪਹਿਲਾਂ ਬਾਲਕਾਂ ਨੂੰ ਰੱਜ ਕੇ ਖਾਣ ਦਿਹ, ਕਿਉਂ ਜੋ ਬਾਲਕਾਂ ਦੀ ਰੋਟੀ ਲੈ ਕੇ ਕਤੂਰਿਆਂ ਨੂੰ ਪਾਉਣੀ ਅੱਛੀ ਨਹੀਂ ਹੈ।"

ਉਸ ਨੇ ਉਹ ਨੂੰ ਉੱਤਰ ਦਿੱਤਾ, "ਠੀਕ, ਪ੍ਰਭੂ ਜੀ, ਕਤੂਰੇ ਭੀ ਤਾਂ ਮੇਜ਼ ਦੇ ਹੇਠ ਬਾਲਕਾਂ ਦੇ ਚੂਰੇ ਭੂਰੇ ਖਾਂਦੇ ਹਨ।"

ਤਦ ਉਹ ਨੇ ਉਸ ਨੂੰ ਆਖਿਆ, "ਇਸ ਗੱਲ ਦੇ ਕਾਰਨ ਚਲੀ ਜਾਹ, ਭੂਤ ਤੇਰੀ ਧੀ ਵਿੱਚੋਂ ਨਿੱਕਲ ਗਿਆ ਹੈ।" ਅਤੇ ਉਸ ਨੇ ਆਪਣੇ ਘਰ ਜਾ ਕੇ ਵੇਖਿਆ ਜੋ ਲੜਕੀ ਮੰਜੇ ਉੱਤੇ ਲੰਮੀ ਪਈ ਹੋਈ ਹੈ, ਅਤੇ ਭੂਤ ਨਿੱਕਲ ਗਿਆ ਹੈ।

ਖੜਕਾਉਣ ਦਾ ਅਰਥ ਹੈ ਦ੍ਰਿੜ੍ਹ ਰਹੋ, "ਪਰਮੇਸ਼ੁਰ ਕੋਲੋਂ ਜ਼ਬਰਦਸਤੀ ਮੰਗੋ", ਤਦ ਤੱਕ ਪਰਮੇਸ਼ੁਰ ਦੇ ਵਚਨ ਦਾ ਹਵਾਲਾ ਦੇਣਾ ਜਦ ਤੱਕ ਇਹ ਸਾਡੀ ਸਮਝ ਸਾਡੇ ਆਤਮਾ ਤੱਕ ਨਹੀਂ ਪਹੁੰਚਾ ਜਾਂਦਾ।

ਫਿਰ, ਯਿਸੂ ਮਸੀਹ ਕਹਿੰਦਾ ਹੈ ਕਿ ਜਦੋਂ ਅਸੀਂ ਖੜਕਾਉਂਦੇ ਹਾਂ ਤਾਂ ਇਹ ਖੁੱਲ੍ਹਦਾ ਹੈ।

ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਚਮਤਕਾਰ ਦੇ ਆਖ਼ਿਰ ਤੱਕ ਆਸ ਨਾ ਛੱਡੀਏ। ਜਦੋਂ ਤੱਕ ਉੱਤਰ ਨਹੀਂ ਮਿਲ ਜਾਂਦਾ ਸਾਨੂੰ ਪ੍ਰਾਰਥਨਾ ਵਿੱਚ ਦ੍ਰਿੜ ਰਹਿਣਾ ਜ਼ਰੂਰੀ ਹੈ। ਸਾਡੇ ਲਈ ਇਹ ਕਰਨਾ ਵੀ ਜ਼ਰੂਰੀ ਹੈ ਜਿਵੇਂ ਯਿਸੂ ਨੇ ਕਿਹਾ ਹੈ, ਮਿਲਣ ਜਾਣ ਦੀ ਇੱਛਾ ਨਾਲ ਮੰਗੋ-ਲੱਭ ਜਾਣ ਦੀ ਇੱਛਾ ਨਾਲ ਭਾਲੋ-ਦਰਵਾਜ਼ੇ ਇਸ ਆਸ ਨਾਲ ਖੜਕਾਓ ਕਿ ਉਹ ਖੁੱਲ੍ਹ ਜਾਣਗੇ।

ਗੁਪਤ ਵਿੱਚ ਪ੍ਰਾਰਥਨਾ ਕਰੋ

ਵਿਖਾਵੇ ਲਈ ਪ੍ਰਾਰਥਨਾ ਨਾ ਕਰੋ

ਕੀ ਤੁਸੀਂ ਕਦੀ ਕਿਸੇ ਵਿਅਕਤੀ ਨੂੰ ਆਪਣੇ ਪ੍ਰਾਰਥਨਾ ਦੇ ਜੀਵਨ ਬਾਰੇ ਬੋਲਦੇ ਹੋਏ ਸੁਣਿਆ ਹੈ ਅਤੇ ਆਪਣੇ ਅੰਦਰ ਤੁਸੀਂ ਮਹਿਸੂਸ ਕੀਤਾ ਹੋਵੇ ਕਿ ਇਹ ਸਹੀ ਨਹੀਂ ਹੈ? ਸ਼ਾਇਦ ਉਹ ਕਹਿੰਦੇ ਹੋਣਗੇ, "ਹਰ ਸਵੇਰੇ ਮੈਂ ਘੱਟ ਤੋਂ ਘੱਟ ਇੱਕ ਘੰਟਾ ਪ੍ਰਾਰਥਨਾ ਕਰਦਾ ਹਾਂ।" "ਮੈਂ ਇਹ ਕਰਦਾ ਹਾਂ" ਜਾਂ "ਮੈਂ ਉਹ ਕਰਦਾ ਹਾਂ।" ਇਹ ਬਹੁਤ ਵਧੀਆ ਗੱਲ ਹੈ। ਪਰ ਉਹ ਦੂਜਿਆਂ ਨੂੰ ਕਿਉਂ ਦੱਸਦੇ ਹਨ। ਉਹਨਾਂ ਦਾ ਨਿਸ਼ਾਨਾ ਕੀ ਹੈ।

ਬਹੁਤ ਹੀ ਖੂਬਸੂਰਤ ਪ੍ਰਾਰਥਨਾ ਕਰੇਗਾ, ਪਰ ਇਸਦੀ ਬਜਾਏ ਕਿ ਉਹ ਦੀਨਤਾ ਨਾਲ ਪਰਮੇਸ਼ੁਰ ਦੇ ਸਾਹਮਣੇ ਜਾਣ ਉਹ ਦੂਜਿਆਂ ਨੂੰ ਸੁਣਾਉਣ ਲਈ ਪ੍ਰਾਰਥਨਾ ਕਰ ਰਹੇ ਹਨ।

ਸਾਨੂੰ ਦੂਜਿਆਂ ਦੇ ਉਦੇਸ਼ ਜਾਨਣ ਦੀ ਕੋਈ ਲੋੜ ਨਹੀਂ ਹੈ ਪਰ ਸਾਨੂੰ ਆਪਣੇ ਆਪ ਨੂੰ ਪਰਖਣ ਦੀ ਲੋੜ ਹੈ। ਸਿਰਫ਼ ਇੱਕ ਪਰਮੇਸ਼ੁਰ ਹੀ ਹੈ ਜੋ ਕਿਸੇ ਵਿਅਕਤੀ ਦੇ ਦਿਲ ਦੇ ਅਸਲੀ ਉਦੇਸ਼ਾਂ ਨੂੰ ਜਾਣਦਾ ਹੈ।

1 ਸਮੂਏਲ 16:7 ਅ... ਮਨੁੱਖ ਤਾਂ ਬਾਹਰਲਾ ਰੂਪ ਵੇਖਦਾ ਹੈ, ਪਰ ਯਹੋਵਾਹ ਰਿਦੇ ਨੂੰ ਵੇਖਦਾ ਹੈ।

ਯਿਸੂ ਮਸੀਹ ਪਖੰਡੀਆਂ ਦੀਆਂ ਪ੍ਰਾਰਥਨਾਵਾਂ ਦੇ ਬਾਰੇ ਵੀ ਦੱਸਦੇ ਹਨ।

ਮੱਤੀ 6:5 "ਅਤੇ ਜਾਂ ਤੁਸੀਂ ਪ੍ਰਾਰਥਨਾ ਕਰੋ, ਤਾਂ ਕਪਟੀਆਂ ਵਾਂਗੂੰ ਨਾ ਹੋ। ਕਿਉਂ ਜੋ ਓਹ ਸਮਾਜਾਂ ਅਤੇ ਚੌਂਕਾਂ ਦੇ ਖੁੰਜਿਆਂ ਵਿਚ ਖੜੇ ਹੋ ਕੇ ਪ੍ਰਾਰਥਨਾ ਕਰਨੀ ਪਸੰਦ ਕਰਦੇ ਹਨ, ਜੋ ਮਨੁੱਖ ਉਨ੍ਹਾਂ ਨੂੰ ਵੇਖਣ। ਮੈਂ ਤੁਹਾਨੂੰ ਸੱਚ ਆਖਦਾ ਹਾਂ, ਜੋ ਉਹ ਆਪਣਾ ਫਲ ਪਾ ਚੁੱਕੇ।

ਯਿਸੂ ਨੇ ਸਾਨੂੰ ਗੁਪਤ ਵਿੱਚ ਪ੍ਰਾਰਥਨਾ ਕਰਨ ਲਈ ਕਿਹਾ ਹੈ। ਸ਼ਾਇਦ, ਘੱਟ ਤੋਂ ਘੱਟ ਤਰਫ਼ਦਾਰੀ ਰੂਪ ਵਿੱਚ, ਸਾਡੀਆਂ ਪ੍ਰਾਰਥਨਾਵਾਂ ਨੂੰ ਪ੍ਰਸੰਸਾ ਦੁਆਰਾ ਦੂਸ਼ਿਤ ਹੋਣਾ ਜਾਂ ਆਸ-ਪਾਸ ਦੇ ਲੋਕਾਂ ਦੁਆਰਾ ਦੋਸ਼ ਕੱਢੇ ਜਾਣ ਤੋਂ ਬਚਾਉਣ ਲਈ ਗੁਪਤ ਵਿੱਚ ਪ੍ਰਾਰਥਨਾ ਕੀਤੀ ਜਾਂਦੀ ਹੈ।

® *ਦਰਵਾਜ਼ਾ ਬੰਦ ਕਰੋ*

ਮੱਤੀ 6:6 "ਪਰ ਜਾਂ ਤੂੰ ਪ੍ਰਾਰਥਨਾ ਕਰੇ, ਤਾਂ ਆਪਣੀ ਕੋਠੜੀ ਵਿੱਚ ਵੜ, ਅਤੇ ਆਪਣਾ ਬੂਹਾ ਭੇੜ ਕੇ, ਆਪਣੇ ਪਿਤਾ ਤੋਂ ਜਿਹੜਾ ਗੁਪਤ ਹੈ ਪ੍ਰਾਰਥਨਾ ਕਰ, ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ।"

ਵਿਅਰਥ ਗੱਲਾਂ ਨਾ ਦੁਹਰਾਓ

ਮੱਤੀ 6:7-8ੳ "ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ, ਪਰਾਈਆਂ ਕੌਮਾਂ ਦੇ ਲੋਕਾਂ ਵਾਂਗਰ ਬਕ ਬਕ ਨਾ ਕਰੋ। ਕਿਉਂ ਜੋ ਉਹ ਸਮਝਦੇ ਹਨ ਭਈ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ। ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ।"

ਵਿਅਰਥ ਗੱਲਾਂ ਦੁਹਰਾਉਣ ਦਾ ਅਰਥ ਅਸੀਂ ਪਰਮੇਸ਼ੁਰ ਦੇ ਵਚਨ ਨੂੰ ਲੈਅ ਵਿੱਚ ਨਹੀਂ ਬੋਲ ਸਕਦੇ। ਨਾ ਹੀ ਸਾਨੂੰ ਉਹੀ ਚੀਜ਼ਾਂ ਬਾਰ-ਬਾਰ ਦੁਹਰਾਉਣੀਆਂ ਹਨ, ਨਾ ਹੀ ਕੁਝ ਸਮੇਂ ਲਈ, ਜਾਂ ਦਿਨ ਪ੍ਰਤੀ ਦਿਨ ਬਿਨ੍ਹਾਂ ਵਿਸ਼ਵਾਸ ਤੋਂ। ਵਿਅਰਥ ਗੱਲਾਂ ਦੁਹਰਾਉਣਾ ਡਰ ਅਤੇ ਅਵਿਸ਼ਵਾਸ ਨੂੰ ਦਰਸਾਉਣਾ ਹੈ। ਕਈ ਵਾਰ ਜਦੋਂ ਅਸੀਂ ਚਿੰਤਾ ਪੂਰਨ ਸਥਿਤੀਆਂ ਦੇ ਵਿਚਕਾਰੋਂ ਗੁਜ਼ਰਦੇ ਹਾਂ, ਸਾਨੂੰ ਕਿਸੇ ਚੀਜ਼ ਦੀ ਬਹੁਤ ਹੀ ਜ਼ਿਆਦਾ ਲੋੜ ਹੁੰਦੀ ਹੈ, ਤਾਂ ਸਾਨੂੰ ਪਤਾ ਲੱਗਦਾ ਹੈ ਤਾਂ ਅਸੀਂ ਇੱਕੋ ਹੀ ਸ਼ਬਦ ਬਾਰ-ਬਾਰ ਦੁਹਰਾ ਰਹੇ ਹਾਂ।

ਅਜਿਹੇ ਸਮਿਆਂ ਉੱਤੇ, ਸਾਡੇ ਲਈ ਦੁਹਰਾਉਣਾ ਛੱਡ ਕੇ ਪਰਮੇਸ਼ੁਰ ਦੇ ਵਚਨ ਦਾ ਹਵਾਲਾ ਦੇਣਾ ਸ਼ੁਰੂ ਕਰਨਾ ਚਾਹੀਦਾ ਹੈ। ਅਜਿਹਾ ਅਸੀਂ ਬਾਰ-ਬਾਰ ਕਰ ਸਕਦੇ ਹਾਂ, ਕਿਉਂਕਿ ਇਹ ਸੁਣਨਾ ਹੁੰਦਾ ਹੈ ਅਤੇ ਸੁਣਨਾ ਪਰਮੇਸ਼ੁਰ ਦੇ ਵਚਨ ਤੋਂ ਹੁੰਦਾ ਹੈ ਤਾਂ ਕਿ ਸਾਡੀਆਂ ਆਤਮਾਵਾਂ ਵਿੱਚ ਵਿਸ਼ਵਾਸ ਆ ਜਾਵੇ। ਪਰਮੇਸ਼ੁਰ ਦੇ ਵਚਨਾਂ ਦਾ ਹਵਾਲਾ ਦੇਣ ਦੇ ਦੁਆਰਾ, ਅਸੀਂ ਆਪਣੇ ਆਪ ਨੂੰ ਉੱਚਾ ਕਰਦੇ ਹਾਂ, ਅਸੀਂ ਆਪਣੇ ਆਪ ਨੂੰ ਇੰਨਾ ਉੱਚਾ ਚੁੱਕ ਲਵਾਂਗੇ ਕਿ ਵਿਸ਼ਵਾਸ ਆ ਸਕੇ।

ਤੁਹਾਡਾ ਪਿਤਾ ਪਹਿਲਾਂ ਤੋਂ ਹੀ ਜਾਣਦਾ ਹੈ

ਸਾਡੇ ਮੰਗਣ ਤੋਂ ਪਹਿਲਾਂ ਹੀ ਪਰਮੇਸ਼ੁਰ ਸਾਡੀ ਜ਼ਰੂਰਤ ਨੂੰ ਜਾਣਦਾ ਹੈ। ਜਦੋਂ ਸਾਡੇ ਜੀਵਨ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਹ ਉਸ ਲਈ ਕੋਈ ਹੈਰਾਨੀਜਨਕ ਗੱਲ ਨਹੀਂ ਹੁੰਦੀ ਹੈ। ਵਿਅਰਥ ਗੱਲਾਂ ਦੁਹਰਾਉਣ ਦੇ ਬਾਰੇ ਦੱਸਣ ਤੋਂ ਤੁਰੰਤ ਬਾਅਦ ਯਿਸੂ ਮਸੀਹ ਨੇ ਇਸਦੇ ਬਾਰੇ ਗੱਲਬਾਤ ਕੀਤੀ।

ਮੱਤੀ 6:8ਅ "ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ ਕਿਨ੍ਹਾਂ ਵਸਤਾਂ ਦੀ ਲੋੜ ਹੈ।"

ਏਲੀਯਾਹ ਨੇ ਬਆਲ ਦੇ ਪੁਜਾਰੀਆਂ ਦਾ ਵਿਰੋਧ ਕੀਤਾ

ਵਿਅਰਥ ਗੱਲਾਂ ਦੁਹਰਾਉਣ ਦੇ ਬਾਰੇ ਸਭ ਤੋਂ ਠੋਸ ਉਦਾਹਰਨ ਉਸ ਸਮੇਂ ਮਿਲਦੀ ਹੈ ਜਦੋਂ ਏਲੀਯਾਹ ਅਤੇ ਬਆਲ ਦੇ ਪੁਜਾਰੀਆਂ ਵਿੱਚ ਜ਼ਬਰਦਸਤ ਵਿਰੋਧ ਹੋਇਆ ਸੀ।

1 ਰਾਜਿਆਂ 18:26-29 ਸੋ ਉਨ੍ਹਾਂ ਨੇ ਉਹ ਬਲਦ ਜੋ ਉਨ੍ਹਾਂ ਨੂੰ ਮਿਲਿਆ ਸੀ, ਲੈ ਕੇ ਤਿਆਰ ਕੀਤਾ, ਅਤੇ ਸਵੇਰ ਤੋਂ ਦੁਪਿਹਰ ਤੀਕ ਬਆਲ ਦੇ ਨਾਮ ਤੇ ਪੁਕਾਰਦੇ ਰਹੇ, "ਹੇ ਬਆਲ ਸਾਡੀ ਸੁਣ।" ਪਰ ਕੁਝ ਅਵਾਜ਼ ਨਾ ਆਈ, ਨਾ ਕੋਈ ਉੱਤਰ ਦੇਣ ਵਾਲਾ ਸੀ। ਅਤੇ ਉਹ ਉਸ ਜਗਵੇਦੀ ਦੇ ਦੁਆਲੇ ਜੋ ਬਣੀ ਹੋਈ ਸੀ ਭੁੜਕਦੇ ਫਿਰਦੇ ਸਨ।

ਦੁਪਿਹਰ ਨੂੰ, ਇਉਂ ਹੋਇਆ, ਕਿ ਏਲੀਯਾਹ ਨੇ ਉਨ੍ਹਾਂ ਦਾ ਮਖੌਲ ਉਡਾ ਕੇ ਆਖਿਆ, "ਉੱਚੀ ਦੇ ਕੇ ਬੁਲਾਓ, ਕਿਉਂ ਜੋ ਉਹ ਦਾ ਦਿਓਤਾ ਹੈ; ਕੀ ਜਾਣੀਏ ਜੋ ਉਹ ਸੋਚ ਵਿੱਚ ਹੋਵੇ, ਜਾਂ ਲਾਂਭੇ ਗਿਆ ਹੋਵੇ, ਜਾਂ ਉਹ ਸਫ਼ਰ ਵਿੱਚ ਹੋਵੇ, ਜਾਂ ਸ਼ਾਇਦ ਸੁੱਤਾ ਪਿਆ ਹੋਵੇ ਅਤੇ ਉਹ ਨੂੰ ਜਗਾਉਣਾ ਪਵੇ।"

ਤਦ ਉਨ੍ਹਾਂ ਨੇ ਉੱਚੀ ਦੇ ਕੇ ਪੁਕਾਰਿਆ, ਅਤੇ ਆਪਣੇ ਆਪ ਨੂੰ ਆਪਣੀ ਰੀਤ ਦੇ ਅਨੁਸਾਰ, ਤਲਵਾਰਾਂ ਅਤੇ ਛੁਰੀਆਂ ਨਾਲ ਅਜਿਹਾ ਵੱਢਿਆ, ਕਿ ਉਹ ਲਹੂ ਲੁਹਾਨ ਹੋ ਗਏ। ਤਾਂ ਐਉਂ ਹੋਇਆ, ਜਦ ਦੁਪਿਹਰ ਲੰਘ ਗਈ, ਤਾਂ ਉਹ ਸੰਧਿਆ ਦੀ ਭੇਂਟ ਚੜ੍ਹਾਉਣ ਦੇ ਵੇਲੇ ਤੀਕਰ ਵਾਚਦੇ ਰਹੇ। ਪਰ ਨਾ ਕੋਈ ਅਵਾਜ਼, ਨਾ ਕੋਈ ਉੱਤਰ ਦੇਣ ਵਾਲਾ, ਅਤੇ ਨਾ ਕੋਈ ਗੌਹ ਕਰਨ ਵਾਲਾ ਸੀ।

ਬਆਲ ਦੇ ਪੁਜਾਰੀ ਵੇਦੀ ਦੇ ਆਲੇ-ਦੁਆਲੇ ਕੁੱਦਦੇ ਰਹੇ, ਅਤੇ ਸਾਰਾ ਦਿਨ ਚੀਕਦੇ ਰਹੇ। ਉਹ ਤਦ ਤੱਕ ਆਪਣੇ ਆਪ ਨੂੰ ਕੁੱਟਦੇ ਰਹੇ ਜਦੋਂ ਤੱਕ ਉਨ੍ਹਾਂ ਦਾ ਲਹੂ ਤੇਜ਼ ਨਾਲ ਨਾ ਵਹਿਣ ਲੱਗ ਪਿਆ ਪਰ ਜਵਾਬ ਦੇਣ ਲਈ ਉੱਥੇ ਕੋਈ ਬਆਲ ਨਹੀਂ ਸੀ।

ਏਲੀਯਾਹ ਨੇ ਉਨ੍ਹਾਂ ਨਾਲੋਂ ਉਲਟ ਤਰੀਕੇ ਨਾਲ ਪਰਮੇਸ਼ੁਰ ਕੋਲ ਪਹੁੰਚ ਕੀਤੀ। ਉਸਨੇ ਪ੍ਰਭੂ ਵੇਦੀ ਨੂੰ ਦੁਬਾਰਾ ਬਣਾਇਆ, ਅਤੇ ਬਲੀਦਾਨਾਂ ਉੱਤੇ ਪਾਣੀ ਉਡੇਂਲਿਆ ਜਦ ਤੱਕ ਬਲੀਦਾਨਾਂ ਨੇ ਸਾਰਾ ਪਾਣੀ ਚੂਸ ਨਾ ਲਿਆ। ਫਿਰ ਏਲੀਯਾਹ ਨੇੜੇ ਆਇਆ ਅਤੇ ਬੋਲਿਆ-ਉਸਨੇ ਚੀਕਾਂ ਨਹੀਂ ਮਾਰੀਆਂ ਨਾ ਹੀ ਕੁੱਦਿਆ, ਨਾ ਹੀ ਆਪਣੇ ਆਪ ਨੂੰ ਮਾਰਿਆ। ਇਹ ਸਾਰੇ ਅਵਿਸ਼ਵਾਸ ਦੇ ਚਿੰਨ੍ਹ ਹਨ। ਉਸਨੇ ਕਿਹਾ ...ਅਤੇ ਉਸਦਾ ਬਲੀਦਾਨ ਗ੍ਰਹਿਣ ਕੀਤਾ ਗਿਆ।

1 ਰਾਜਿਆਂ 18:30-39 ਤਾਂ ਏਲੀਯਾਹ ਨੇ ਸਭਨਾਂ ਲੋਕਾਂ ਨੂੰ ਆਖਿਆ, "ਮੇਰੇ ਨੇੜੇ ਆਓ।" ਅਤੇ ਸਭ ਲੋਕ ਉਹ ਦੇ ਨੇੜੇ ਗਏ। ਤਾਂ ਉਸ ਨੇ ਯਹੋਵਾਹ ਦੀ ਟੁੱਟੀ ਹੋਈ ਜਗਵੇਦੀ ਦੀ ਮੁਰੰਮਤ ਕੀਤੀ। ਫੇਰ ਏਲੀਯਾਹ ਨੇ ਯਾਕੂਬ ਦੇ ਪੁੱਤਰਾਂ ਦੇ ਲੇਖੇ ਅਨੁਸਾਰ ਜਿਨ੍ਹਾਂ ਨੂੰ ਯਹੋਵਾਹ ਦਾ ਬਚਨ ਐਉਂ ਆਇਆ ਕਿ ਤੇਰਾ ਨਾਉਂ ਇਸਰਾਏਲ ਹੋਵੇਗਾ ਬਾਰਾਂ ਪੱਥਰ ਲਏ, ਅਤੇ ਇਨ੍ਹਾਂ ਪੱਥਰਾਂ ਨਾਲ ਯਹੋਵਾਹ ਦੇ ਨਾਮ ਉੱਤੇ ਇੱਕ ਜਗਵੇਦੀ ਬਣਾਈ। ਅਤੇ ਜਗਵੇਦੀ ਦੇ ਚੁਫ਼ੇਰੇ ਉਸ ਨੇ ਅਜਿਹੀ ਵੱਡੀ ਖਾਈ ਪੁੱਟੀ ਜਿਹ ਦੇ ਵਿੱਚ ਵੀਹ ਕੁ ਸੇਰ ਬੀਜ਼ ਸਮਾ ਜਾਣ। ਅਤੇ ਲੱਕੜੀਆਂ ਨੂੰ ਚਿਣਿਆ, ਅਤੇ ਬਲਦ ਨੂੰ ਟੋਟੇ ਟੋਟੇ ਕਰ ਕੇ, ਲੱਕੜੀਆਂ ਉੱਤੇ ਰੱਖਿਆ, ਅਤੇ ਆਖਿਆ ਚਾਰ ਘੜੇ ਪਾਣੀ ਦੇ ਭਰ ਕੇ ਹੋਮ ਦੀ ਬਲੀ ਅਰ ਬਾਲਣ ਉੱਤੇ ਡੋਹਲ ਦਿਉ।"

ਤਾਂ ਉਸ ਨੇ ਆਖਿਆ, "ਦੂਜੀ ਵਾਰ ਕਰੋ" ਸੋ ਉਨ੍ਹਾਂ ਨੇ ਦੂਜੀ ਵਾਰ ਕੀਤਾ, ਫੇਰ ਉਸ ਨੇ ਆਖਿਆ, "ਤੀਜੀ ਵਾਰ ਕਰੋ" ਸੋ ਉਨ੍ਹਾਂ ਨੇ ਤੀਜੀ ਵਾਰ ਵੀ ਕੀਤਾ। ਉਹ ਪਾਣੀ ਜਗਵੇਦੀ ਦੇ ਚੁਫ਼ੇਰੇ ਵਗਿਆ; ਅਤੇ ਉਸ ਨੇ ਖਾਈ ਪਾਣੀ ਨਾਲ ਭਰ ਦਿੱਤੀ।

ਤਾਂ ਤਕਾਲਾਂ ਦੀ ਭੇਂਟ ਚੜ੍ਹਾਉਣ ਦੇ ਵੇਲੇ ਐਉਂ ਹੋਇਆ, ਕਿ ਏਲੀਯਾਹ ਨਬੀ ਨੇ ਨੇੜੇ ਆਣ ਕੇ ਆਖਿਆ, "ਹੇ ਯਹੋਵਾਹ ਅਬਰਾਹਾਮ, ਇਸਹਾਕ, ਅਤੇ ਇਸਰਾਏਲ ਦੇ ਪਰਮੇਸ਼ੁਰ, ਅੱਜ ਮਲੂਮ ਹੋ ਜਾਵੇ ਕਿ ਤੂੰ ਇਸਰਾਏਲ ਵਿੱਚ ਪਰਮੇਸ਼ੁਰ ਹੈਂ, ਅਤੇ ਮੈਂ ਤੇਰਾ ਦਾਸ ਹਾਂ, ਅਤੇ ਮੈਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਤੇਰੇ ਬਚਨ ਨਾਲ ਕੀਤਾ ਹੈ। ਮੇਰੀ ਸੁਣ, ਹੇ ਯਹੋਵਾਹ, ਮੇਰੀ ਸੁਣ, ਜੋ ਇਹ ਲੋਕ ਜਾਣਨ ਕਿ ਤੂੰ ਹੀ ਯਹੋਵਾਹ ਪਰਮੇਸ਼ੁਰ ਹੈਂ, ਅਤੇ ਤੈਂ ਉਨ੍ਹਾਂ ਦਾ ਮਨ ਮੋੜ ਲਿਆ ਹੈ।"

ਤਦ ਯਹੋਵਾਹ ਦੀ ਅੱਗ ਆਣ ਪਈ ਅਤੇ ਉਸ ਨੇ ਹੋਮ ਦੀ ਬਲੀ, ਅਰ ਬਾਲਣ ਅਰ ਪੱਥਰਾਂ ਅਰ ਮਿੱਟੀ ਨੂੰ ਸਾੜ ਸੁੱਟਿਆ, ਅਤੇ ਜੋ ਪਾਣੀ ਖਾਈ ਵਿੱਚ ਸੀ ਉਸ ਨੂੰ ਚੱਟ ਲਿਆ।

ਜਦ ਲੋਕਾਂ ਨੇ ਇਹ ਵੇਖਿਆ, ਤਦ ਉਹ ਮੂੰਹਾਂ ਭਾਰ ਡਿੱਗੇ; ਅਰ ਆਖਿਆ, "ਯਹੋਵਾਹ, ਉਹੋ ਪਰਮੇਸ਼ੁਰ ਹੈ! ਯਹੋਵਾਹ, ਉਹੋ ਪਰਮੇਸ਼ੁਰ ਹੈ।"

ਰੁਕਾਵਟਾਂ ਨੂੰ ਦੂਰ ਕਰੋ

ਜਦੋਂ ਯਿਸੂ ਮਸੀਹ ਨੇ ਪ੍ਰਾਰਥਨਾ ਦੇ ਬਾਰੇ ਸਿਖਾਇਆ, ਤਾਂ ਉਨ੍ਹਾਂ ਨੇ ਉਨ੍ਹਾਂ ਗੱਲਾਂ ਬਾਰੇ ਦੱਸਿਆ ਜੋ ਸਾਡੀਆਂ ਪ੍ਰਾਰਥਨਾਵਾਂ ਨੂੰ ਗ੍ਰਹਿਣ ਕੀਤੇ ਜਾਣ ਤੋਂ ਰੋਕਦੀਆਂ ਹਨ।

ਯਿਸੂ ਪ੍ਰਾਰਥਨਾ ਕਰ ਸਕਦਾ ਸੀ – ਬੋਲ ਸਕਦਾ ਸੀ – ਅਤੇ ਉਹ ਉਸੇ ਵੇਲੇ ਹੋ ਜਾਂਦਾ ਸੀ, ਉਸਦਾ ਕਾਰਨ ਇਹ ਨਹੀਂ ਸੀ ਕਿ ਉਹ ਪਰਮੇਸ਼ੁਰ ਦਾ ਪੁੱਤਰ ਸੀ। ਉਹ ਇਸ ਧਰਤੀ ਉੱਤੇ ਆਖਰੀ ਆਦਮ ਦੀ ਤਰ੍ਹਾਂ ਵਿਚਰਿਆ। ਉਸਨੇ ਉਸੇ ਤਰ੍ਹਾਂ ਕੀਤਾ ਜਿਵੇਂ ਚੱਲਣ ਲਈ ਪਰਮੇਸ਼ੁਰ ਨੇ ਆਦਮ ਅਤੇ ਹੱਵਾਹ ਨੂੰ ਬਣਾਇਆ ਸੀ। ਉਸਦੀਆਂ ਪ੍ਰਾਰਥਨਾਵਾਂ ਦੇ ਇੰਨੇ ਸ਼ਕਤੀਸ਼ਾਲੀ ਢੰਗ ਉੱਤਰ ਮਿਲਣ ਕਾਰਨ ਉਸਦੇ ਜੀਵਨ ਦੀ ਸੰਪੂਰਨ ਪਵਿੱਤਰਤਾ ਸੀ। ਉਸ ਵਿੱਚ ਕੋਈ ਰੁਕਾਵਟਾਂ ਨਹੀਂ ਸਨ।

ਬਹੁਤ ਵਾਰ, ਅਸੀਂ ਆਪਣੇ ਆਪ ਨੂੰ ਮਿਲਾਵਟ ਵਾਲੀਆਂ ਸਥਿਤੀਆਂ ਵਿੱਚ ਲੈ ਜਾਣ ਦਿੰਦੇ ਹਨ, ਇੱਥੋਂ ਤੱਕ ਕਿ ਪਾਪ ਵਿੱਚ, ਅਤੇ ਫਿਰ ਸਾਨੂੰ ਹੈਰਾਨੀ ਹੁੰਦੀ ਹੈ ਕਿ ਕਿਉਂ ਪਰਮੇਸ਼ੁਰ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਨਹੀਂ ਦੇ ਰਿਹਾ ਹੈ।

ਪੌਲੂਸ ਰਸੂਲ ਸਾਨੂੰ ਚੇਤਾਵਨੀ ਦਿੰਦਾ ਹੈ,

ਗਲਾਤੀਆਂ 6:7,8 ਤੁਸੀਂ ਧੋਖਾ ਨਾ ਖਾਓ, ਪਰਮੇਸ਼ੁਰ ਠੱਠਿਆਂ ਵਿੱਚ ਨਹੀਂ ਉਡਾਈਦਾ; ਕਿਉਂਕਿ ਮਨੁੱਖ ਜੋ ਕੁਝ ਬੀਜਦਾ ਹੈ, ਸੋਈਓ ਵੱਢੇਗਾ ਭੀ। ਜਿਹੜਾ ਆਪਣੇ ਸਰੀਰ ਲਈ ਬੀਜਦਾ ਹੈ ਉਹ ਸਰੀਰੋਂ ਬਿਨਾਸ ਨੂੰ ਵੱਢੇਗਾ, ਅਤੇ ਜਿਹੜਾ ਆਤਮਾ ਲਈ ਬੀਜਦਾ ਹੈ ਉਹ ਆਤਮਾ ਤੋਂ ਸਦੀਪਕ ਜੀਵਨ ਨੂੰ ਵੱਢੇਗਾ।

ਕਿ ਅਸੀਂ ਪ੍ਰਾਰਥਨਾ ਵਿੱਚ ਵੱਧ ਸ਼ਕਤੀਸ਼ਾਲੀ ਆਦਮੀ ਅਤੇ ਔਰਤਾਂ ਬਣੀਏ, ਅਸੀਂ ਹਰ ਰੁਕਾਵਟ ਨੂੰ ਸਮਝਣ ਅਤੇ ਹਟਾਉਣ ਲਈ ਜ਼ਰੂਰ ਸਮਾਂ ਕੱਢੀਏ।

ਅਵਿਸ਼ਵਾਸ

ਜਦੋਂ ਯਿਸੂ ਮਸੀਹ ਆਪਣੇ ਦੇਸ਼ ਵਿੱਚ ਵਾਪਸ ਆਇਆ, ਤਾਂ ਭਾਵੇਂ ਉਸਦਾ ਸਿੱਧ ਵਿਸ਼ਵਾਸ ਸੀ, ਪਰ ਉਸਨੇ ਉੱਥੇ ਕੋਈ ਵੀ ਸ਼ਕਤੀਸ਼ਾਲੀ ਕੰਮ ਨਹੀਂ ਕੀਤਾ। ਮੱਤੀ ਸਾਨੂੰ ਦੱਸਦਾ ਹੈ ਕਿ ਇਸਦਾ ਕਾਰਨ ਅਵਿਸ਼ਵਾਸ ਸੀ। ਅਵਿਸ਼ਵਾਸ, ਵਿਸ਼ਵਾਸ ਦਾ ਬਿਲਕੁਲ ਉਲਟ ਹੈ।

ਮੱਤੀ 13:54–58 ਅਰ ਆਪਣੇ ਦੇਸ਼ ਵਿੱਚ ਆਣ ਕੇ, ਉਨ੍ਹਾਂ ਦੀ ਸਮਾਜ ਵਿੱਚ ਉਨ੍ਹਾਂ ਨੂੰ ਅਜਿਹਾ ਉਪਦੇਸ਼ ਦਿੰਦਾ ਸੀ, ਜੋ ਉਹ ਦੰਗ ਹੋ ਕੇ ਕਹਿਣ ਲੱਗੇ, "ਭਈ ਇਸ ਮਨੁੱਖ ਨੂੰ ਗਿਆਨ ਅਰ ਇਹ ਕਰਾਮਾਤਾਂ ਕਿੱਥੋਂ ਮਿਲੀਆਂ? ਭਲਾ ਇਹ ਤਰਖਾਣ ਦਾ ਪੁੱਤਰ ਨਹੀਂ? ਅਤੇ ਇਹ ਦੀ ਮਾਂ ਮਰਿਯਮ ਨਹੀਂ ਕਹਾਉਂਦੀ? ਅਤੇ ਇਹ ਦੇ ਭਾਈ ਯਾਕੂਬ,

ਅਤੇ ਯੂਸੁਫ਼, ਅਰ ਸ਼ਮਊਨ, ਅਰ ਯਹੂਦਾ ਨਹੀਂ ਹਨ? ਅਤੇ ਉਹਦੀਆਂ ਸੱਭੇ ਭੈਣਾਂ ਸਾਡੇ ਕੋਲ ਨਹੀਂ ਹਨ? ਫੇਰ ਉਹ ਨੂੰ ਇਹ ਸਭ ਕੁਝ ਕਿੱਥੋਂ ਮਿਲਿਆ?" ਐਉਂ ਉਨ੍ਹਾਂ ਉਸ ਤੋਂ ਠੋਕਰ ਖਾਧੀ।

ਪਰ ਯਿਸੂ ਨੇ ਉਨ੍ਹਾਂ ਨੂੰ ਆਖਿਆ, "ਨਬੀ ਦਾ ਆਪਣੇ ਦੇਸ਼ ਅਤੇ ਆਪਣੇ ਘਰ ਤੋਂ ਬਿਨ੍ਹਾਂ ਹੋਰ ਕਿਤੇ ਨਿਆਦਰ ਨਹੀਂ ਹੁੰਦਾ।" ਅਤੇ ਉਸ ਨੇ ਉਨ੍ਹਾਂ ਦੀ ਬੇਪਰਤੀਤੀ ਦੇ ਕਾਰਨ ਉੱਥੇ ਬਹੁਤ ਕਰਾਮਾਤਾਂ ਨਾ ਕੀਤੀਆਂ।

ਯਿਸੂ ਮਸੀਹ ਨੇ ਹੈਕਲ ਦੇ ਸਰਦਾਰ ਨੂੰ ਕੀ ਕਿਹਾ ਸੀ ਜਦੋਂ ਇਹ ਸੰਦੇਸ਼ ਉਸਦੇ ਕੋਲ ਪਹੁੰਚਿਆ ਕਿ, "ਤੇਰੀ ਪੁੱਤਰੀ ਮਰ ਗਈ ਹੈ?" "ਕੇਵਲ ਵਿਸ਼ਵਾਸ ਰੱਖ।"

ਯਿਸੂ ਮਸੀਹ ਨੇ ਉਸ ਅੰਨ੍ਹੇ ਆਦਮੀ ਨੂੰ ਕੀ ਕਿਹਾ ਸੀ ਜੋ ਰਸਤੇ ਦੇ ਕਿਨਾਰੇ ਭੀਖ ਮੰਗ ਰਿਹਾ ਸੀ?" "ਤੇਰੇ ਵਿਸ਼ਵਾਸ ਦੇ ਅਨੁਸਾਰ ਹੋਵੇ।"

ਯਿਸੂ ਮਸੀਹ ਨੇ ਲਾਜ਼ਰ ਦੀ ਕਬਰ ਉੱਤੇ ਮਾਰਥਾ ਨੂੰ ਕੀ ਕਿਹਾ ਸੀ? "ਜੇਕਰ ਤੂੰ ਵਿਸ਼ਵਾਸ ਕਰੇਂਗੀ ਤਾਂ ਤੂੰ ਪਰਮੇਸ਼ੁਰ ਦੀ ਮਹਿਮਾ ਨੂੰ ਵੇਖੇਂਗੀ!"

ਅਸੀਂ ਆਪਣੀਆਂ ਪ੍ਰਾਰਥਨਾਵਾਂ ਦੇ ਉੱਤਰ ਗ੍ਰਹਿਣ ਨਹੀਂ ਕਰ ਸਕਦੇ ਹਾਂ ਜੇਕਰ ਅਸੀਂ ਸ਼ੱਕ ਅਤੇ ਅਵਿਸ਼ਵਾਸ ਵਿੱਚ ਰਹਿੰਦੇ ਹਾਂ।

ਯਾਕੂਬ 1:5-7 ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ, ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ, ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਅਤੇ ਬਿਨ੍ਹਾਂ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। ਪਰ ਨਿਹਚਾ ਨਾਲ ਮੰਗੇ, ਅਤੇ ਕੁਝ ਭਰਮ ਨਾ ਕਰੇ ਕਿਉਂ ਜੋ ਭਰਮ ਕਰਨ ਵਾਲਾ ਸਮੁੰਦਰ ਦੀ ਛਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ। ਇਹੋ ਜਿਹਾ ਮਨੁੱਖ ਨਾ ਸਮਝੇ ਭਈ ਪ੍ਰਭੂ ਕੋਲੋਂ ਮੈਨੂੰ ਕੁਝ ਲੱਭੇਗਾ।

ਘੱਟ ਸਮਝ

ਯਸਾਯਾਹ ਅਤੇ ਹੋਸ਼ੇਆ ਦੀਆਂ ਕਿਤਾਬਾਂ ਵਿੱਚ, ਅਸੀਂ ਕੁਝ ਬਹੁਤ ਹੀ ਚੁਨੌਤੀ ਭਰੀਆਂ ਗੱਲਾਂ ਪੜ੍ਹਦੇ ਹਾਂ।

ਯਸਾਯਾਹ 5:13ੳ ਏਸ ਲਈ ਮੇਰੀ ਪਰਜਾ ਬੇਸਮਝੀ ਦੇ ਕਾਰਨ, ਅਸੀਰੀ ਵਿੱਚ ਜਾਂਦੀ ਹੈ...

ਹੋਸ਼ੇਆ 4:6 ਮੇਰੀ ਪਰਜਾ ਗਿਆਨ ਬਹੂਣੀ ਨਾਸ ਹੁੰਦੀ ਹੈ।

ਜੇਕਰ ਅਸੀਂ ਇਹ ਹੀ ਨਹੀਂ ਜਾਣਦੇ ਕਿ ਕਿਸੇ ਸਥਿਤੀ ਦੇ ਬਾਰੇ ਪਰਮੇਸ਼ੁਰ ਦਾ ਵਚਨ ਕੀ ਕਹਿੰਦਾ ਹੈ, ਤਾਂ ਸਾਡਾ ਵਿਸ਼ਵਾਸ ਕਿਵੇਂ ਹੋ ਸਕਦਾ ਹੈ? ਸੱਚਾ ਵਿਸ਼ਵਾਸ ਕੇਵਲ ਪਰਮੇਸ਼ੁਰ ਦੇ ਵਚਨ ਉੱਤੇ ਅਧਾਰਿਤ ਹੁੰਦਾ ਹੈ।

ਜਾਨਣ ਦਾ ਅਧਾਰ ਪਰਮੇਸ਼ੁਰ ਨੂੰ ਅਤੇ ਉਸਦੀ ਧਾਰਮਿਕਤਾ ਨੂੰ ਜਾਨਣਾ ਹੈ।

ਰੋਮੀਆਂ 10:2,3 ਮੈਂ ਉਨ੍ਹਾਂ ਦੀ ਸਾਖੀ ਭੀ ਭਰਦਾ ਹਾਂ ਭਈ ਉਨ੍ਹਾਂ ਨੂੰ ਪਰਮੇਸ਼ੁਰ ਲਈ ਅਣਖ ਤਾਂ ਹੈ, ਪਰ ਸਮਝ ਨਾਲ ਨਹੀਂ। ਕਿਉਂ ਜੋ ਪਰਮੇਸ਼ੁਰ ਦੇ ਧਰਮ ਤੋਂ ਅਣਜਾਣ ਹੋ ਕੇ, ਅਤੇ ਆਪਣੇ ਹੀ ਧਰਮ ਨੂੰ ਦ੍ਰਿੜ ਕਰਨ ਦਾ ਯਤਨ ਕਰਕੇ, ਉਹ ਪਰਮੇਸ਼ੁਰ ਦੇ ਧਰਮ ਦੇ ਅਧੀਨ ਨਾ ਹੋਏ।

ਘਮੰਡ ਅਤੇ ਦਿਖਾਵਾ

ਯਿਸੂ ਮਸੀਹ ਨੇ ਘਮੰਡ ਦੀ ਪ੍ਰਾਰਥਨਾ ਦੀ ਤੁਲਨਾ ਦੀਨਤਾ ਦੀ ਪ੍ਰਾਰਥਨਾ ਦੇ ਨਾਲ ਕੀਤੀ।

ਲੂਕਾ 18:9ਅ-14 "ਕਿ ਦੋ ਮਨੁੱਖ ਪ੍ਰਾਰਥਨਾ ਕਰਨ ਲਈ ਹੈਕਲ ਵਿੱਚ ਗਏ, ਇੱਕ ਫ਼ਰੀਸੀ ਅਤੇ ਦੂਆ ਮਸੂਲੀਆ। ਫ਼ਰੀਸੀ ਨੇ ਖਲੋ ਕੇ ਆਪਣੇ ਜੀਅ ਵਿੱਚ ਇਉਂ

ਪ੍ਰਾਰਥਨਾ ਕੀਤੀ, ਕਿ 'ਹੇ ਪਰਮੇਸ਼ੁਰ, ਮੈਂ ਤੇਰਾ ਸ਼ੁਕਰ ਕਰਦਾ ਹਾਂ ਭਈ ਮੈਂ ਹੋਰਨਾਂ-ਵਾਂਗੂੰ ਨਹੀਂ ਹਾਂ ਜੋ ਲੁਟੇਰੇ, ਕੁਧਰਮੀ ਅਤੇ ਜ਼ਨਾਹਕਾਰ ਹਨ, ਅਤੇ ਨਾ ਇਸ ਮਸੂਲੀਏ ਵਰਗਾ ਹਾਂ। ਮੈਂ ਸਾਤੇ ਵਿੱਚ ਦੋ ਵਾਰੀ ਵਰਤ ਰੱਖਦਾ ਹਾਂ; ਅਤੇ ਆਪਣੀ ਸਾਰੀ ਕਮਾਈ ਵਿੱਚੋਂ ਦਸੌਂਧ ਦਿੰਦਾ ਹਾਂ।"

"ਪਰ ਉਸ ਮਸੂਲੀਏ ਨੇ, ਕੁਝ ਫ਼ਰਕ ਨਾਲ ਖੜ੍ਹੋ ਕੇ, ਐੱਨਾ ਵੀ ਨਾ ਚਾਹਿਆ, ਜੋ ਆਪਣੀਆਂ ਅੱਖੀਆਂ ਅਕਾਸ਼ ਦੀ ਵੱਲ ਚੁੱਕੇ, ਸਗੋਂ ਆਪਣੀ ਛਾਤੀ ਪਿੱਟਦਾ, ਅਤੇ ਇਹ ਕਹਿੰਦਾ ਸੀ, ਕਿ 'ਹੇ ਪਰਮੇਸ਼ੁਰ ਮੈਂ ਪਾਪੀ ਉੱਤੇ ਦਯਾ ਕਰ।"

"ਮੈਂ ਤੁਹਾਨੂੰ ਆਖਦਾ ਹਾਂ, ਜੋ ਉਹ ਨਹੀਂ ਪਰ ਇਹ ਧਰਮੀ ਠਹਿਰ ਕੇ ਆਪਣੇ ਘਰ ਗਿਆ, ਕਿਉਂਕਿ ਹਰੇਕ ਜੋ ਆਪਣੇ ਆਪ ਨੂੰ ਉੱਚਾ ਕਰਦਾ ਹੈ, ਸੋ ਨੀਵਾਂ ਕੀਤਾ ਜਾਵੇਗਾ, ਪਰ ਜੋ ਆਪ ਨੂੰ ਨੀਵਾਂ ਕਰਦਾ ਹੈ ਸੋ ਉੱਚਾ ਕੀਤਾ ਜਾਵੇਗਾ।"

ਯਿਸੂ ਮਸੀਹ ਨੇ ਲੇਖਕਾਂ ਅਤੇ ਫਰੀਸੀਆਂ ਨੂੰ ਪਖੰਡੀ ਕਿਹਾ ਕਿਉਂਕਿ ਉਹ ਦਿਖਾਵੇ ਦੀਆਂ ਪ੍ਰਾਰਥਨਾਵਾਂ ਕਰਦੇ ਸਨ।

ਮੱਤੀ 23:14 ਹੇ ਕਪਟੀ ਗ੍ਰੰਥੀਓ ਅਤੇ ਫ਼ਰੀਸੀ ਓ ਤੁਹਾਡੇ ਉੱਤੇ ਹਾਇ ਹਾਇ! ਤੁਸੀਂ ਵਿਧਵਾ ਦਾ ਘਰ ਖਾ ਜਾਂਦੇ ਹੋ, ਅਤੇ ਲੰਮੀਆਂ ਪ੍ਰਾਰਥਨਾਵਾਂ ਕਰਨ ਦਾ ਪਖੰਡ ਕਰਦੇ ਹੋ। ਇਸ ਲਈ ਤੁਸੀਂ ਵਧੀਕ ਸਜ਼ਾ ਪ੍ਰਾਪਤ ਕਰੋਗੇ।

ਨਾ ਸਾਫ਼ ਕਰਨਾ

ਅਸੀਂ ਇੱਕ ਬਹੁਤ ਹੀ ਅਧੂਰੇ ਸੰਸਾਰ ਵਿੱਚ ਰਹਿ ਰਹੇ ਹਾਂ। ਜੋ ਕੁਝ ਵੀ ਸਾਡੇ ਵਿੱਚ ਹੋ ਰਿਹਾ ਹੈ, ਕੁਝ ਹੱਦ ਤੱਕ, ਦੁੱਖ ਦੇਣਾ, ਗਾਲਾਂ, ਅਤੇ ਝੂਠ ਦੇ ਵਿਸ਼ੇ ਵਿੱਚ ਹੈ। ਅਕਸਰ ਹੀ ਅਸੀਂ ਕਿਸੇ ਕੋਲੋਂ ਸੁਣਦੇ ਹਾਂ, "ਪਰ ਉਹ ਮਾਫ਼ ਕੀਤੇ ਜਾਣ ਦੇ ਯੋਗ ਨਹੀਂ ਹੈ।" ਅਸਲ ਵਿੱਚ, ਮਨੁੱਖ ਜਿਸ ਕਿਸੇ ਦੇ ਵੀ ਲਾਇਕ ਹੈ ਉਹ ਉਸਦਾ ਮਾਫ਼ੀ ਨਾਲ ਕੋਈ ਮਤਲਬ ਨਹੀਂ ਹੈ। ਪਰਮੇਸ਼ੁਰ ਨੇ ਸਾਡੇ ਲਈ ਇਹ ਲੋੜ ਨਹੀਂ ਰੱਖੀ ਕਿ ਅਸੀਂ ਕਿਸੇ ਕੀਮਤ ਤੇ ਕਿਸੇ ਨੂੰ ਮਾਫ਼ ਕਰੀਏ ਜੋ ਵੀ ਦੂਜਾ ਵਿਅਕਤੀ ਕਰਦਾ ਹੈ, ਜਾਂ ਨਹੀਂ ਕਰਦਾ। ਉਹ ਉਸਨੂੰ ਉਸ ਸਥਿਤੀ ਵਿੱਚ ਲਿਆ ਸਕਦਾ ਹੈ ਕਿ ਉਹ ਸਾਡੇ ਵੱਸ ਵਿੱਚ ਹੋਣ।

ਅਜਿਹਾ ਨਹੀਂ ਹੈ ਕਿ ਪਰਮੇਸ਼ੁਰ ਦੂਜੇ ਵਿਅਕਤੀ ਜਾਂ ਲੋਕਾਂ ਲਈ ਇਹ ਕਰਨਾ ਅਸਾਨ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਪਰਮੇਸ਼ੁਰ ਦੀ ਇੱਛਾ ਹੈ ਕਿ ਉਹ ਸਾਡੇ ਲਈ ਇਸਨੂੰ ਅਸਾਨ ਕਰ ਦੇਵੇ। ਜਦੋਂ ਤੱਕ ਅਸੀਂ ਨਾ ਸਾਫ਼ ਕਰਨ ਦੀ ਭਾਵਨਾ ਨੂੰ ਫੜੀ ਰੱਖਾਂਗੇ, ਉਦੋਂ ਤੱਕ ਅਸੀਂ ਆਪਣੇ ਆਪ ਲਈ ਚੰਗੇ ਜੀਵਨ ਵੱਲ ਨਹੀਂ ਵੱਧ ਸਕਦੇ ਹਾਂ। ਮਾਫ਼ ਕਰਨਾ ਸਾਨੂੰ ਵਿਅਕਤੀ ਜਾਂ ਹਾਲਤਾਂ ਦੇ ਬੰਧਨ ਵਿੱਚ ਰੱਖਦਾ ਹੈ। ਉਨ੍ਹਾਂ ਲਈ ਸਾਨੂੰ ਫੜੀ ਰੱਖਣ ਦਾ ਸਿਰਫ਼ ਇੱਕੋ ਤਰੀਕਾ ਹੈ ਜਿਸਨੂੰ ਮਾਫ਼ ਕਰਨ ਦੁਆਰਾ ਤੋੜਿਆ ਜਾ ਸਕਦਾ ਹੈ।

® *ਮਾਫ਼ ਕੀਤੇ ਜਾਣ ਲਈ ਮਾਫ਼ ਕਰੋ*

ਯਿਸੂ ਨੇ ਸਿਖਾਇਆ ਹੈ ਕਿ ਜਦ ਤੱਕ ਸਾਡੇ ਦਿਲਾਂ ਵਿੱਚ ਨਾ ਮਾਫ਼ ਕਰਨ ਦੀ ਭਾਵਨਾ ਹੁੰਦੀ ਹੈ, ਤਦ ਤੱਕ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਨਹੀਂ ਮਿਲਦੇ ਹਨ।

ਮਰਕੁਸ 11:25-26 "ਜਦ ਕਦੇ ਤੁਸੀਂ ਖਲ੍ਹੋ ਕੇ ਪ੍ਰਾਰਥਨਾ ਕਰਦੇ ਹੋ, ਜੇ ਤੁਹਾਡਾ ਕਿਸੇ ਨਾਲ ਵਿਰੋਧ ਹੋਵੇ, ਤਾਂ ਉਹ ਨੂੰ ਮਾਫ਼ ਕਰੋ ਤਾਂ ਜੋ ਤੁਹਾਡਾ ਪਿਤਾ ਵੀ ਜਿਹੜਾ ਸੁਰਗ ਵਿੱਚ ਹੈ ਤੁਹਾਡਿਆਂ ਅਪਰਾਧਾਂ ਨੂੰ ਮਾਫ਼ ਕਰੇ।

ਦੂਜਿਆਂ ਨੂੰ ਮਾਫ਼ ਕਰਨ ਦੇ ਪ੍ਰਤੀ ਸਾਡਾ ਉਲਟਾ ਖਿਆਲ ਹੈ ਕਿ ਅਸੀਂ ਦੂਜਿਆਂ ਤੋਂ ਮੰਗਦੇ ਹਾਂ ਕਿ ਉਹ ਸਾਨੂੰ ਮਾਫ਼ ਕਰਨ। ਨੋਟ ਕਰੋ, ਯਿਸੂ ਮਸੀਹ ਨੇ ਅਜਿਹਾ ਨਹੀਂ ਕਿਹਾ ਸੀ ਕਿ ਜੇਕਰ ਅਸੀਂ ਆਪਣੇ ਭਰਾ (ਜਾਂ ਪ੍ਰਭੂ ਵਿੱਚ ਭੈਣ) ਦੇ ਵਿਰੁੱਧ ਪਾਪ ਕੀਤਾ ਹੋਵੇ। ਉਸਨੇ ਇਹ ਕਿਹਾ ਹੈ ਕਿ ਜੇਕਰ ਸਾਡੇ ਪ੍ਰਤੀ ਉਨ੍ਹਾਂ ਦਾ ਕੁਝ ਵਿਰੋਧ ਹੈ।

ਮੱਤੀ 5:23-24 "ਸੋ ਜੇ ਤੂੰ ਜਗਵੇਦੀ ਉੱਤੇ ਆਪਣੀ ਭੇਂਟ ਚੜ੍ਹਾਉਣ ਲੱਗੇਂ, ਅਤੇ ਉੱਥੇ ਤੈਨੂੰ ਚੇਤੇ ਆਵੇ ਜੋ ਮੈਂ ਆਪਣੇ ਭਰਾ ਨਾਲ ਖੋਟ ਕਮਾਇਆ ਹੈ, ਤਾਂ ਉੱਥੇ ਆਪਣੀ ਭੇਂਟ ਜਗਵੇਦੀ ਦੇ ਸਾਹਮਣੇ ਛੱਡ ਕੇ ਚੱਲਿਆ ਜਾ। ਅਤੇ ਪਹਿਲਾਂ ਆਪਣੇ ਭਰਾ ਨਾਲ ਮੇਲ ਕਰ, ਪਿੱਛੋਂ ਆਣ ਕੇ ਆਪਣੀ ਭੇਂਟ ਚੜ੍ਹਾ।"

ਯਿਸੂ ਮਸੀਹ ਨੇ ਮਾਫ਼ ਕਰਨ ਨੂੰ ਪ੍ਰਭੂ ਵਾਲੀ ਪ੍ਰਾਰਥਨਾ ਦਾ ਇੱਕ ਹਿੱਸਾ ਬਣਾ ਦਿੱਤਾ ਹੈ ਅਤੇ ਇਸਦੇ ਨਾਲ ਹੀ ਯਿਸੂ ਨੇ ਉਸੇ ਵੇਲੇ ਮਾਫ਼ ਕਰਨ ਦੇ ਬਾਰੇ ਕੁਝ ਹੋਰ ਵੀ ਸਿਖਾਇਆ ਹੈ। ਉਹ ਉਸ ਤੋਂ ਵੱਧ ਸਪੱਸ਼ਟ ਨਹੀਂ ਕਹਿ ਸਕਦਾ ਸੀ-ਜੇਕਰ ਤੁਸੀਂ ਚਾਹੁੰਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਮਾਫ਼ ਕਰੇ, ਤੁਸੀਂ ਵੀ ਦੂਜਿਆਂ ਨੂੰ ਮਾਫ਼ ਕਰੋ।

ਮੱਤੀ 6:12,14,15 "ਸਾਡੇ ਕਰਜ਼ ਸਾਨੂੰ ਮਾਫ਼ ਕਰ, ਜਿਵੇਂ ਅਸਾਂ ਵੀ ਆਪਣੇ ਕਰਜ਼ਾਈਆਂ ਨੂੰ ਮਾਫ਼ ਕੀਤਾ ਹੈ ... ਕਿਉਂਕਿ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਅਪਰਾਧ ਮਾਫ਼ ਕਰ ਦਿਉ, ਤਾਂ ਤੁਹਾਡਾ ਸੁਰਗੀ ਪਿਤਾ ਤੁਹਾਨੂੰ ਵੀ ਮਾਫ਼ ਕਰ ਦੇਵੇਗਾ। ਪਰ ਜੇ ਤੁਸੀਂ ਮਨੁੱਖਾਂ ਨੂੰ ਉਨ੍ਹਾਂ ਦੇ ਪਾਪ ਮਾਫ਼ ਨਾ ਕਰੋ, ਤਾਂ ਤੁਹਾਡਾ ਪਿਤਾ ਵੀ ਤੁਹਾਡੇ ਅਪਰਾਧ ਮਾਫ਼ ਨਾ ਕਰੇਗਾ।"

® *ਸੱਤ ਦਾ ਸੱਤਰ ਗੁਣਾ*

ਪਤਰਸ ਨਿਯਮਾਂ ਦੀ ਇੱਕ ਰੀਤੀ ਵਿੱਚ ਵੱਡਾ ਹੋਇਆ ਸੀ। ਉਸਨੇ ਯਿਸੂ ਕੋਲੋਂ ਸਵਾਲ ਪੁੱਛਿਆ ਸੀ, "ਕੀ ਸੱਤ ਵਾਰ ਮਾਫ਼ ਕਰਨਾ ਕਾਫ਼ੀ ਹੈ?" ਉਹ ਇੱਕ ਧਾਰਮਿਕ ਨਿਯਮ ਬਾਰੇ ਪੁੱਛ ਰਿਹਾ ਸੀ।

ਮੱਤੀ 18:21, 22 "ਤਦ ਪਤਰਸ ਨੇ ਕੋਲ ਆਣ ਕੇ ਉਹ ਨੂੰ ਆਖਿਆ, "ਪ੍ਰਭੂ ਜੀ, ਮੇਰਾ ਭਾਈ ਕਿੰਨੀ ਵਾਰੀ ਪਾਪ ਕਰੇ, ਅਤੇ ਮੈਂ ਉਹ ਨੂੰ ਮਾਫ਼ ਕਰਾਂ? ਕੀ ਸੱਤ ਵਾਰ ਤੀਕਰ?"

ਯਿਸੂ ਨੇ ਉਹ ਨੂੰ ਕਿਹਾ, "ਮੈਂ ਤੈਨੂੰ ਸੱਤ ਵਾਰ ਤੀਕਰ ਨਹੀਂ ਆਖਦਾ, ਪਰ ਸੱਤਰ ਦੇ ਸੱਤ ਗੁਣ ਤੀਕਰ?"

ਯਿਸੂ ਦਾ ਉੱਤਰ ਸੀ "ਸੱਤ ਦੇ ਸੱਤਰ ਗੁਣਾ" ਇਹ ਇੱਕ ਪ੍ਰਤੀਕ ਸੀ ਕਿ ਉਹ ਇੱਕ ਲਗਾਤਾਰ ਚੱਲਣ ਵਾਲੀ ਜੀਵਨਸ਼ੈਲੀ ਨੂੰ ਬਣਾਉਣ ਵਾਲਾ ਸੀ। ਇੰਨੀ ਵਾਰ ਦੀ ਲੀਕ ਨੂੰ ਬਣਾਈ ਰੱਖਣਾ ਅਸੰਭਵ ਹੋਵੇਗਾ ਕਿ ਅਸੀਂ ਕਿਸੇ ਨੂੰ ਚਾਰ ਸੌ ਨੱਬੇ ਵਾਰ ਮਾਫ਼ ਕਰ ਸਕੀਏ।

® *ਬੁਰਾ ਨੌਕਰ*

ਯਿਸੂ ਮਸੀਹ ਨੇ ਮਾਫ਼ ਕਰਨ ਦੀ ਮਹੱਤਤਾ ਨੂੰ ਦੱਸਣ ਲਈ ਇੱਕ ਦ੍ਰਿਸ਼ਟਾਂਤ ਦਿੱਤਾ।

ਮੱਤੀ 18:23-35 ਇਸ ਲਈ ਸੁਰਗ ਦਾ ਰਾਜ ਇੱਕ ਰਾਜ ਵਰਗਾ ਹੈ ਜਿਹਨੇ ਆਪਣੇ ਨੌਕਰਾਂ ਤੋਂ ਹਿਸਾਬ ਲੈਣਾ ਚਾਹਿਆ। ਅਤੇ ਜਾਂ ਉਹ ਹਿਸਾਬ ਲੈਣ ਲੱਗਾ, ਤਾਂ ਦਸ ਹਜ਼ਾਰ ਤੋੜੇ ਦੇ ਇੱਕ ਕਰਜ਼ਾਈ ਨੂੰ ਉਹਦੇ ਕੋਲ ਲਿਆਏ। ਪਰ ਜਦ ਉਹ ਦੇ ਕੋਲ ਦੇਣ ਨੂੰ ਕੁਝ ਨਾ ਸੀ, ਤਦ ਉਹ ਦੇ ਮਾਲਕ ਨੇ ਹੁਕਮ ਦਿੱਤਾ ਜੋ ਉਹ ਅਤੇ ਉਹਦੀ ਤੀਵੀਂ ਅਤੇ ਉਹ ਦੇ ਬਾਲ ਬੱਚੇ ਅਰ ਸਭ ਕੁਝ ਜੋ ਉਹਦਾ ਹੈ ਵੇਚਿਆ ਜਾਵੇ, ਅਤੇ ਕਰਜ਼ ਭਰ ਲਿਆ ਜਾਵੇ। ਤਦ ਉਸ ਨੌਕਰ ਨੇ ਪੈਰੀਂ ਪੈ ਕੇ ਉਹਨੂੰ ਮੱਥਾ ਟੇਕਿਆ, ਅਤੇ ਕਿਹਾ, ਸੁਆਮੀ ਜੀ ਮੇਰੇ ਉੱਤੇ ਧੀਰਜ ਕਰੋ, ਤਾਂ ਮੈਂ ਤੁਹਾਡਾ ਸਾਰਾ ਕਰਜ਼ ਭਰ ਦਿਆਂਗਾ।"

"ਤਦ ਉਸ ਨੌਕਰ ਦੇ ਮਾਲਕ ਨੇ ਤਰਸ ਖਾ ਕੇ, ਉਹ ਨੂੰ ਛੱਡ ਦਿੱਤਾ, ਅਤੇ ਕਰਜ਼ ਵੀ ਉਹਨੂੰ ਬਖ਼ਸ਼ ਦਿੱਤਾ। ਜਾਂ ਉਹ ਨੌਕਰ ਬਾਹਰ ਨਿੱਕਲਿਆ ਤਾਂ ਉਹਦੇ ਨਾਲ ਦੇ ਨੌਕਰਾਂ ਵਿੱਚੋਂ ਇੱਕ ਉਹਨੂੰ ਲੱਭ ਪਿਆ, ਜਿਸ ਤੋਂ ਉਹ ਨੇ ਪੰਜਾਹ ਕੁ ਰੁਪਏ ਲੈਣੇ ਸਨ; ਅਤੇ

ਉਸ ਉੱਤੇ ਹੱਥ ਪਾ ਕੇ ਸੰਘੀਓਂ ਫੜ ਲਿਆ, ਅਤੇ ਆਖਿਆ, 'ਜੋ ਮੇਰਾ ਨਿਕਲਦਾ ਹੈ ਸੋ ਦਿਹ!"

"ਤਦ ਉਹ ਦੇ ਨਾਲ ਦਾ ਨੌਕਰ ਉਹਦੇ ਪੈਰੀਂ ਪਿਆ ਅਤੇ ਮਿੰਨਤ ਕਰਕੇ, ਕਿਹਾ, ਮੇਰੇ ਉੱਤੇ ਧੀਰਜ ਕਰ, ਅਤੇ ਮੈਂ ਤੇਰਾ ਕਰਜ਼ ਭਰ ਦਿਆਂਗਾ, ਪਰ ਉਹ ਨੇ ਨਾ ਮੰਨਿਆ ਸਗੋਂ ਜਾ ਕੇ ਉਸਨੂੰ ਕੈਦ ਵਿੱਚ ਪਾ ਦਿੱਤਾ ਜਿੰਨਾ ਚਿਰ ਕਰਜ਼ ਨਾ ਭਰ ਦੇਵੇ। ਪਰ ਜਾਂ ਉਹਦੇ ਨਾਲ ਦੇ ਨੌਕਰਾਂ ਨੇ ਇਹ ਹਾਲ ਡਿੱਠਾ, ਤਾਂ ਵੱਡੇ ਉਦਾਸ ਹੋਏ, ਅਤੇ ਜਾ ਕੇ ਆਪਣੇ ਮਾਲਕ ਨੂੰ ਸਾਰਾ ਹਾਲ ਦੱਸ ਦਿੱਤਾ।"

"ਤਦ ਉਹ ਦੇ ਮਾਲਕ ਨੇ, ਉਹ ਨੂੰ ਆਪਣੇ ਕੋਲ ਸੱਦ ਕੇ ਕਿਹਾ, 'ਓਏ ਦੁਸ਼ਟ ਨੌਕਰ! ਮੈਂ ਤੈਨੂੰ ਉਹ ਸਾਰਾ ਕਰਜ਼ ਛੱਡ ਦਿੱਤਾ ਇਸ ਲਈ ਜੋ ਤੈਂ ਮੇਰੀ ਮਿੰਨਤ ਕੀਤੀ। ਫਿਰ ਜਿਹੀ ਮੈਂ ਤੇਰੇ ਉੱਤੇ ਦਯਾ ਕੀਤੀ ਕੀ ਤੈਨੂੰ ਆਪਣੇ ਨਾਲ ਦੇ ਨੌਕਰ ਉੱਤੇ ਤਿਹੀ ਦਯਾ ਕਰਨੀ ਨਹੀਂ ਸੀ ਚਾਹੀਦੀ? ਅਤੇ ਜਿੰਨਾ ਚਿਰ ਸਾਰਾ ਕਰਜ਼ ਭਰ ਨਾ ਦੇਵੇ, ਉਸਦੇ ਮਾਲਕ ਨੇ ਕ੍ਰੋਧੀ ਹੋ ਕੇ ਉਹ ਨੂੰ ਦੁੱਖਦਾਇਕਾਂ ਦੇ ਹਵਾਲੇ ਕੀਤਾ।"

"ਇਸੇ ਤਰ੍ਹਾਂ ਮੇਰਾ ਸੁਰਗੀ ਪਿਤਾ ਵੀ ਤੁਹਾਡੇ ਨਾਲ ਕਰੇਗਾ, ਜੇ ਤੁਸੀਂ ਆਪਣੇ ਭਾਈਆਂ ਨੂੰ ਦਿਲਾਂ ਤੋਂ ਮਾਫ਼ ਨਾ ਕਰੋ।"

ਪਰਮੇਸ਼ੁਰ ਦੁਆਰਾ ਸਾਨੂੰ ਬਹੁਤ ਹੀ ਜ਼ਿਆਦਾ ਮਾਫ਼ ਕੀਤਾ ਗਿਆ ਹੈ-ਸਾਡੇ ਪੁਰਾਣੇ ਸਮੇਂ ਦੇ ਪਾਪ ਅਤੇ ਵਰਤਮਾਨ ਸਮੇਂ ਦੀਆਂ ਭੁੱਲਾਂ-ਫਿਰ ਅਸੀਂ ਦੂਜਿਆਂ ਨੂੰ ਕਿਵੇਂ ਮਾਫ਼ ਨਹੀਂ ਕਰ ਸਕਦੇ?

ਪਾਪ ਦੀ ਸੀਮਾ ਨੂੰ ਹਰਾ ਦਿਓ

ਉਸ ਸਮੇਂ ਤੋਂ ਜਦੋਂ ਆਦਮ ਅਤੇ ਹੱਵਾਹ ਨੇ ਅਦਨ ਦੇ ਬਾਗ਼ ਵਿੱਚ ਪਰਮੇਸ਼ੁਰ ਤੋਂ ਆਪਣੇ ਆਪ ਨੂੰ ਲੁਕਾ ਲਿਆ ਸੀ, ਪਾਪ ਇੱਕ ਪਵਿੱਤਰ ਪਰਮੇਸ਼ੁਰ ਅਤੇ ਪਾਪੀ ਆਦਮੀਆਂ ਅਤੇ ਔਰਤਾਂ ਲਈ ਇੱਕ ਰੁਕਾਵਟ ਬਣਿਆ ਹੋਇਆ ਹੈ।

ਯਸਾਯਾਹ 59:1,2 ਵੇਖ, ਯਹੋਵਾਹ ਦਾ ਹੱਥ ਛੋਟਾ ਨਹੀਂ, ਭਈ ਉਹ ਬਚਾਵੇ ਨਾ। ਉਹਦੇ ਕੰਨ ਭਾਰੀ ਨਹੀਂ, ਭਈ ਉਹ ਸੁਣੇ ਨਾ, ਸਗੋਂ ਤੁਹਾਡੀਆਂ ਬਦੀਆਂ ਨੇ ਤੁਹਾਡੇ ਵਿੱਚ ਅਤੇ ਪਰਮੇਸ਼ੁਰ ਵਿੱਚ ਜੁਦਾਈ ਪਾ ਦਿੱਤੀ ਹੈ; ਅਤੇ ਤੁਹਾਡੇ ਪਾਪਾਂ ਨੇ ਉਹਦਾ ਮੂੰਹ ਤੁਹਾਥੋਂ ਲੁਕਾ ਦਿੱਤਾ ਹੈ, ਭਈ ਉਹ ਨਾ ਸੁਣੇ।

ਯਿਸੂ ਨੇ ਸਾਡੇ ਪਾਪਾਂ ਦੀ ਸਜ਼ਾ ਭੋਗ ਲਈ, ਪਰ ਸਾਨੂੰ ਉਸਦੀ ਮਾਫ਼ੀ ਅਤੇ ਪਾਪਾਂ ਦੀ ਸ਼ੁੱਧਤਾ ਦੇ ਇੰਤਜ਼ਾਮ ਦਾ ਜ਼ਰੂਰ ਲਾਭ ਉਠਾਉਣਾ ਚਾਹੀਦਾ ਹੈ। ਪ੍ਰਾਰਥਨਾ ਸੰਬੰਧੀ ਬਹੁਤ ਸਾਰੀਆਂ ਕਿਤਾਬਾਂ ਇਸ ਧਾਰਨਾ ਨਾਲ ਲਿਖੀਆਂ ਗਈਆਂ ਹਨ ਕਿ ਇਹ ਸੱਚਾਈਆਂ ਆਪਣੇ ਆਪ ਵਿੱਚ ਗਵਾਹੀ ਹਨ। ਪਰ ਇਸਤਰੀਆਂ ਅਤੇ ਪੁਰਖਾਂ ਵਿੱਚ ਬਹੁਤ ਜ਼ਿਆਦਾ ਯੋਗਤਾ ਹੈ ਕਿ ਉਹ ਆਪਣੇ ਆਪ ਨੂੰ ਪਾਪ ਬਾਰੇ ਕਾਇਲ ਕਰਨ, ਉਨ੍ਹਾਂ ਵਿੱਚ ਇਹ ਖਾਸੀਅਤ ਹੈ, ਪਰਮੇਸ਼ੁਰ ਬਾਰੇ ਸਮਝਣਾ ਅਤੇ ਪਰਮੇਸ਼ੁਰ ਵੱਲੋਂ ਵੇਖਿਆ ਜਾਣਾ। ਇਹ ਇਵੇਂ ਨਹੀਂ ਹੈ। ਸੁਲੇਮਾਨ ਨੇ ਲਿਖਿਆ ਹੈ,

ਕਹਾਉਤਾਂ 14:12 ਅਜਿਹਾ ਰਾਹ ਵੀ ਹੈ ਜੋ ਮਨੁੱਖ ਨੂੰ ਸਿੱਧਾ ਜਾਪਦਾ ਹੈ, ਪਰ ਉਹ ਦੇ ਅੰਤ ਵਿੱਚ ਮੌਤ ਦੇ ਰਾਹ ਹਨ।

ਪਰਮੇਸ਼ੁਰ ਪਾਪ ਨੂੰ ਵੇਖ ਨਹੀਂ ਸਕਦਾ। ਇਹ ਉਸਦੇ ਸੁਭਾਅ ਅਤੇ ਉਸਦੇ ਵਚਨ ਤੋਂ ਉਲਟ ਹੈ। ਪਵਿੱਤਰ ਪਰਮੇਸ਼ੁਰ ਪਾਪ ਦੀ ਹਾਜ਼ਰੀ ਵਿੱਚ ਨਹੀਂ ਹੋ ਸਕਦਾ, ਅਤੇ ਉਸਦੀ ਦਯਾ ਆਪਣੇ ਆਪ ਵੇਖਣ ਵਾਲੀ ਜਾਂ ਪਾਪ ਤੋਂ ਮਾਫ਼ੀ ਨਹੀਂ ਹੈ।

ਰੋਮੀਆਂ 6:1,2 ਹੁਣ ਅਸੀਂ ਕੀ ਆਖੀਏ? ਕੀ ਪਾਪ ਕਰਨ ਵਿੱਚ ਲੱਗੇ ਰਹੀਏ ਭਈ ਕਿਰਪਾ ਬਾਹਲੀ ਹੋਵੇ? ਕਦੇ ਨਹੀਂ। ਅਸੀਂ ਜਿਹੜੇ ਪਾਪ ਦੀ ਵੱਲੋਂ ਮੋਏ ਹੁਣ ਅਗਾਹਾਂ ਨੂੰ ਉਸ ਵਿੱਚ ਕਿੱਕੁਰ ਜੀਵਨ ਕੱਟੀਏ?

ਸਾਡੇ ਜੀਵਨ ਵਿੱਚ ਕਿਸੇ ਵੀ ਕਿਸਮ ਦਾ ਪਾਪ ਸਾਡੀਆਂ ਪ੍ਰਾਰਥਨਾਵਾਂ ਨੂੰ ਸੁਣੇ ਜਾਣ ਤੋਂ ਰੋਕਦਾ ਹੈ।

ਪਸ਼ਚਾਤਾਪ ਕਰੋ ਅਤੇ ਮਾਫ਼ੀ ਪਾਓ

ਅਸੀਂ ਆਪਣੇ ਜੀਵਨਾਂ ਵਿੱਚੋਂ ਪਾਪ ਨੂੰ ਕਿਵੇਂ ਦੂਰ ਕਰ ਸਕਦੇ ਹਾਂ? ਪਰਮੇਸ਼ੁਰ ਨਾਲ ਅਤੇ ਆਪਣੇ ਆਪ ਨਾਲ ਈਮਾਨਦਾਰ ਰਹਿ ਕੇ, ਪਾਪ ਨੂੰ ਬੋਲਣ ਦੁਆਰਾ ਕੀ ਇਹ ਕੀ ਹੈ, ਅਤੇ ਪਰਮੇਸ਼ੁਰ ਦੇ ਸਾਹਮਣੇ ਇਸ ਨੂੰ ਮੰਨ ਲੈਣ ਦੇ ਦੁਆਰਾ। ਅਸੀਂ ਬਹਾਨੇ ਨਹੀਂ ਬਣਾ ਸਕਦੇ ਹਾਂ। "ਹਾਂ, "ਮੇਰਾ ਮਤਲਬ ਇਹ ਨਹੀਂ ਸੀ, ਪਰ..." ਅਸੀਂ ਇਹ ਨਹੀਂ ਕਹਿ ਸਕਦੇ, ਇਹ ਬਿਲਕੁਲ ਛੋਟੀ ਜਿਹੀ ਗੱਲ ਹੈ..."

ਮਾਫ਼ ਕੀਤੇ ਜਾਣ ਲਈ ਅਤੇ ਆਪਣੇ ਪਾਪਾਂ ਤੋਂ ਸ਼ੁੱਧ ਕੀਤੇ ਜਾਣ ਲਈ, ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਈਮਾਨਦਾਰੀ ਨਾਲ ਆਪਣੇ ਪਾਪਾਂ ਦਾ ਸਾਹਮਣਾ ਕਰੀਏ ਅਤੇ ਉਨ੍ਹਾਂ ਲਈ ਪਰਮੇਸ਼ੁਰ ਦੇ ਸਾਹਮਣੇ ਪਸ਼ਚਾਤਾਪ ਕਰੀਏ।

1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ, ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।

ਜੇਕਰ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਨਹੀਂ ਮਿਲਦੇ ਹਨ ਤਾਂ ਸਾਨੂੰ ਉਨ੍ਹਾਂ ਦੇ ਉੱਤਰ ਨਾ ਆਉਣ ਦੇ ਕਾਰਨਾਂ ਨੂੰ ਲੱਭਣਾ ਜ਼ਰੂਰੀ ਹੈ। ਹੋ ਸਕਦਾ ਹੈ ਇਹਦਾ ਕਾਰਨ ਪਾਪ ਨਾ ਹੋ ਕੇ ਘੱਟ ਜਾਣਕਾਰੀ ਹੋਵੇ, ਵਿਸ਼ਵਾਸ ਦੀ ਕਮੀ, ਜਾਂ ਫਿਰ ਪਰਮੇਸ਼ੁਰ ਦੀ ਮਰਜ਼ੀ ਦੇ ਅਨੁਸਾਰ ਨਾ ਮੰਗਣਾ ਹੋਵੇ।

ਪ੍ਰਾਰਥਨਾ ਦੇ ਉੱਤਰ ਮਿਲਣ ਵਿੱਚ ਰੁਕਾਵਟਾਂ

® *ਬੇਈਮਾਨੀਆਂ*

ਬੇਈਮਾਨੀਆਂ ਪਾਪ ਹਨ ਜੋ ਪੀੜ੍ਹੀ ਦਰ ਪੀੜ੍ਹੀ ਹੁੰਦੇ ਰਹੇ ਹਨ।

ਯਿਰਮਿਯਾਹ 11:10,11 "ਓਹ ਆਪਣੇ ਪਹਿਲੇ ਪਿਉ ਦਾਦਿਆਂ ਦੀਆਂ ਬੁਰਿਆਈਆਂ ਵੱਲ ਫਿਰ ਗਏ ਹਨ ਜਿਨ੍ਹਾਂ ਨੇ ਮੇਰੀਆਂ ਗੱਲਾਂ ਨਹੀਂ ਸੁਣੀਆਂ, ਉਹ ਦੂਜੇ ਦਿਓਤਿਆਂ ਦੇ ਪਿੱਛੇ ਚੱਲੇ ਗਏ ਹਨ ਅਤੇ ਉਨ੍ਹਾਂ ਦੀ ਪੂਜਾ ਕਰਨ ਲੱਗ ਗਏ, ਇਸਰਾਏਲ ਦੇ ਘਰਾਣੇ ਅਤੇ ਯਹੂਦਾਹ ਦੇ ਘਰਾਣੇ ਨੇ ਮੇਰੇ ਨੇਮ ਨੂੰ ਤੋੜ ਛੱਡਿਆ ਹੈ ਜਿਹੜਾ ਮੈਂ ਉਨ੍ਹਾਂ ਦੇ ਪਿਉ ਦਾਦਿਆਂ ਨਾਲ ਬੰਨ੍ਹਿਆ ਸੀ। ਇਸੇ ਲਈ ਯਹੋਵਾਹ ਐਉਂ ਫਰਮਾਉਂਦਾ ਹੈ: "ਵੇਖੋ ਮੈਂ ਉਨ੍ਹਾਂ ਉੱਤੇ ਬਦੀ ਲਿਆ ਰਿਹਾ ਹਾਂ ਜਿਸ ਤੋਂ ਉਹ ਨਿੱਕਲ ਨਾ ਸਕਣਗੇ; ਭਾਵੇਂ ਉਹ ਮੇਰੀ ਵੱਲ ਚਿੱਲਾਉਣ ਮੈਂ ਉਨ੍ਹਾਂ ਦੀ ਨਾ ਸੁਣਾਂਗਾ।"

ਦਾਊਦ ਨੇ ਲਿਖਿਆ ਹੈ,

ਜ਼ਬੂਰ 66:18 ਜੇ ਮੈਂ ਆਪਣੇ ਮਨ ਵਿੱਚ ਬਦੀ ਰੱਖਦਾ, ਤਾਂ ਪ੍ਰਭੂ ਮੇਰੀ ਨਾ ਸੁਣਦਾ।

® *ਮਨ ਵਿੱਚ ਮੂਰਤੀਆਂ ਹੋਣਾ*

ਸਾਡੇ ਜੀਵਨ ਵਿੱਚ ਕੋਈ ਵੀ ਚੀਜ਼, ਜਿਸ ਨੂੰ ਪਰਮੇਸ਼ੁਰ ਦੀ ਥਾਂ ਤੇ ਮਹੱਤਵ ਦਿੱਤਾ ਜਾਂਦਾ ਹੈ, ਉਹ ਇੱਕ ਮੂਰਤੀ ਹੁੰਦੀ ਹੈ। ਸਾਡੇ ਜੀਵਨਾਂ ਵਿੱਚ ਪਰਮੇਸ਼ੁਰ ਦਾ ਪਹਿਲਾ ਸਥਾਨ ਹੋਣਾ ਜ਼ਰੂਰੀ ਹੈ।

ਹਿਜ਼ਕੀਏਲ 14:3 ਹੇ ਆਦਮੀ ਦੇ ਪੁੱਤਰ, ਇਨ੍ਹਾਂ ਮਨੁੱਖਾਂ ਨੇ ਆਪਣੀਆਂ ਮੂਰਤੀਆਂ ਨੂੰ ਆਪਣੇ ਮਨ ਵਿੱਚ ਥਾਂ ਦਿੱਤਾ ਹੈ, ਅਤੇ ਆਪਣੀਆਂ ਬਦੀਆਂ ਦੀ ਠੋਕਰ ਆਪਣੇ ਸਾਹਮਣੇ ਰੱਖੀ ਹੈ। ਅਜਿਹੇ ਲੋਕਾਂ ਦਾ ਕੀ ਹੱਕ ਹੈ ਕਿ ਉਹ ਮੈਥੋਂ ਕੁਝ ਪੁੱਛਣ?

® *ਚੋਰੀ ਕਰਨਾ, ਕਤਲ ਕਰਨਾ, ਵਿਭਚਾਰ ਕਰਨਾ,*

ਝੂਠੀ ਗਵਾਹੀ ਦੇਣੀ, ਦੂਜੇ ਦੇ ਦੇਵਤਿਆਂ ਦੀ ਸੇਵਾ ਕਰਨਾ

ਯਿਰਮਿਯਾਹ 7:9,10,13,16 ਕੀ ਤੁਸੀਂ ਚੋਰੀ ਕਰੋਗੇ, ਖੂਨ ਕਰੋਗੇ, ਜ਼ਨਾਹ ਕਰੋਗੇ ਝੂਠੀ ਸੌਂਹ ਖਾਓਗੇ, ਬਆਲ ਲਈ ਧੂਪ ਧੁਖਾਓਗੇ, ਅਤੇ ਦੂਜੇ ਦਿਓਤਿਆਂ ਦੇ ਪਿੱਛੇ ਜਾਓਗੇ ਜਿਨ੍ਹਾਂ ਨੂੰ ਤੁਸੀਂ ਨਹੀਂ ਜਾਣਦੇ, ਤਦ ਤੁਸੀਂ ਆਓਗੇ ਅਤੇ ਮੇਰੇ ਸਨਮੁੱਖ ਏਸ ਭਵਨ ਵਿੱਚ ਖਲੋਵੋਗੇ ਜਿਹੜਾ ਮੇਰੇ ਨਾਮ ਦਾ ਅਖਵਾਉਂਦਾ ਹੈ, ਅਤੇ ਆਖੋਗੇ, ਕਿ ਅਸਾਂ ਛੁਟਕਾਰਾ ਪਾਇਆ ਹੈ ਭਈ ਏਹ ਸਾਰੇ ਘਿਣਾਉਣੇ ਕੰਮ ਤੁਸੀਂ ਕਰਦੇ ਜਾਓ?"

"ਹੁਣ, ਏਸ ਲਈ ਕਿ ਤੁਸੀਂ ਏਹ ਸਾਰੇ ਕੰਮ ਕੀਤੇ," ਯਹੋਵਾਹ ਦਾ ਵਾਕ ਹੈ, "ਅਤੇ ਜਦ ਮੈਂ ਤੁਹਾਡੇ ਨਾਲ ਮੂੰਹ ਅਨ੍ਹੇਰੇ ਬੋਲਦਾ ਰਿਹਾ, ਤੁਸਾਂ ਮੇਰੀ ਗੱਲ ਨਾ ਸੁਣੀ, ਅਤੇ ਜਦ ਮੈਂ ਤੁਹਾਨੂੰ ਸੱਦਿਆ, ਤੁਸਾਂ ਉੱਤਰ ਨਾ ਦਿੱਤਾ।"

"ਤੂੰ ਏਸ ਪਰਜਾ ਲਈ ਪ੍ਰਾਰਥਨਾ ਨਾ ਕਰੀਂ, ਨਾ ਉਨ੍ਹਾਂ ਲਈ ਆਪਣੇ ਅਵਾਜ਼ ਚੁੱਕੀ ਨਾ ਪ੍ਰਾਰਥਨਾ ਕਰੀਂ, ਨਾ ਮੇਰੇ ਕੋਲ ਅਰਦਾਸ ਕਰੀਂ, ਮੈਂ ਤੇਰੀ ਨਹੀਂ ਸੁਣਾਂਗਾ।"

ਯਿਰਮਿਯਾਹ ਨੂੰ ਕੀ ਕਹਿੰਦਾ ਹੈ? ਉਨ੍ਹਾਂ ਦਾ ਪੱਖ ਨਾ ਲੈ, ਉਨ੍ਹਾਂ ਲਈ ਨਾ ਰੋ, ਨਾ ਹੀ ਉਨ੍ਹਾਂ ਲਈ ਪ੍ਰਾਰਥਨਾ ਕਰ, ਕਿਉਂਕਿ ਮੈਂ ਤੇਰੀ ਨਹੀਂ ਸੁਣਾਂਗਾ।

"ਉਹਨਾਂ ਲਈ" ਉਨ੍ਹਾਂ ਲੋਕਾਂ ਬਾਰੇ ਦੱਸਦਾ ਹੈ ਜੋ ਚੋਰ, ਕਾਤਲ, ਵਿਭਚਾਰੀ, ਝੂਠੀ ਗਵਾਹੀ ਦੇਣ ਵਾਲੇ, ਦੂਜੇ ਦੇਵਤਿਆਂ ਦੀ ਪੂਜਾ ਕਰਨ ਵਾਲੇ, ਅਤੇ ਫਿਰ ਪਰਮੇਸ਼ੁਰ ਦੇ ਘਰ ਵਿੱਚ ਆ ਕੇ ਕਹਿੰਦੇ ਹਨ, "ਅਸੀਂ ਇਹ ਸਭ ਕੁਝ ਕਰਨ ਲਈ ਛੁਡਾਏ ਗਏ ਹਾਂ।" ਕੀ ਇਹ ਇਨ੍ਹਾਂ ਵਚਨਾਂ ਦੇ ਵਾਂਗ ਹਨ, "ਮੈਂ ਜਾਣਦਾ ਹਾਂ ਕਿ ਪਵਿੱਤਰ ਬਾਈਬਲ ਕਹਿੰਦੀ ਹੈ... ਕਿ ਇਹ ਗਲਤ ਹੈ, ਪਰ ਪਰਮੇਸ਼ੁਰ ਮੇਰੀ ਸਥਿਤੀ ਨੂੰ ਜਾਣਦਾ ਹੈ?"

® *ਘਮੰਡੀ ਹੋਣਾ*

ਪਰਮੇਸ਼ੁਰ ਘਮੰਡੀ ਦੀ ਨਹੀਂ ਸੁਣਦਾ।

ਅੱਯੂਬ 35:1,13 ਉੱਥੇ ਉਹ ਦੁਹਾਈ ਦਿੰਦੇ ਹਨ, ਪਰ ਉਹ ਉੱਤਰ ਨਹੀਂ ਦਿੰਦਾ, ਬੁਰਿਆਰ ਦੇ ਹੰਕਾਰ ਦੇ ਕਾਰਨ। ਪਰਮੇਸ਼ੁਰ ਸੱਚਮੁੱਚ ਵਿਅਰਥ ਦੁਹਾਈ ਨਹੀਂ ਸੁਣਦਾ, ਅਤੇ ਸਰਵ ਸ਼ਕਤੀਮਾਨ ਉਸ ਉੱਤੇ ਧਿਆਨ ਨਹੀਂ ਕਰਦਾ।

ਯਾਕੂਬ 4:6ਅ "ਪਰਮੇਸ਼ੁਰ ਹੰਕਾਰੀਆਂ ਦਾ ਸਾਹਮਣਾ ਕਰਦਾ, ਪਰ ਹਲੀਮਾਂ ਉੱਤੇ ਕਿਰਪਾ ਕਰਦਾ ਹੈ।"

® *ਨਾ ਸੁਣਨ ਵਾਲਾ*

ਪਰਮੇਸ਼ੁਰ ਉਨ੍ਹਾਂ ਦੀ ਦੁਹਾਈ ਨਹੀਂ ਸੁਣਦਾ ਜੋ ਗਰੀਬਾਂ ਲਈ ਆਪਣੇ ਕੰਨ ਬੰਦ ਕਰਦੇ ਹਨ।

ਕਹਾਉਤਾਂ 21:13 ਜਿਹੜਾ ਗਰੀਬ ਦੀ ਦੁਹਾਈ ਉੱਤੇ ਕੰਨ ਬੰਦ ਕਰ ਲਵੇ ਉਹ ਆਪ ਵੀ ਪੁਕਾਰੇਗਾ ਪਰ ਉਹ ਨੂੰ ਉੱਤਰ ਨਾ ਮਿਲੇਗਾ।

® *ਅਣਆਗਿਆਕਾਰੀ ਬਣਨਾ*

ਪਰਮੇਸ਼ੁਰ ਦੇ ਵਚਨ ਦੀ ਅਣਆਗਿਆਕਾਰੀ ਕਰਨਾ ਬਹੁਤ ਗੰਭੀਰ ਗੱਲ ਹੈ। ਯਸਾਯਾਹ ਕਹਿੰਦਾ ਹੈ ਇਹ ਜਾਦੂ-ਟੂਣੇ ਦਾ ਪਾਪ ਹੈ। ਪਰਮੇਸ਼ੁਰ ਅਣਆਗਿਆਕਾਰੀਆਂ ਦੀ ਨਹੀਂ ਸੁਣਦਾ।

1 ਸਮੂਏਲ 15:23ਓ ਕਿਉਂ ਜੋ ਬਗਾਵਤ ਅਤੇ ਜਾਦੂਗਰੀ ਦਾ ਪਾਪ ਇੱਕੋ ਜਿਹਾ ਹੈ, ਅਤੇ ਖਚਰਊ ਅਤੇ ਬਦੀ ਅਤੇ ਮੂਰਤੀਪੂਜਾ ਇੱਕੋ ਜਿਹੀ ਹੈ।

ਜ਼ਕਰਯਾਹ 7:11-13 "ਪਰ ਉਹ ਗੌਹ ਕਰਨ ਲਈ ਰਾਜ਼ੀ ਨਾ ਹੋਏ, ਉਨ੍ਹਾਂ ਨੇ ਆਪਣੀਆਂ ਪਿੱਠਾਂ ਮੋੜ ਲਈਆਂ, ਅਤੇ ਉਨ੍ਹਾਂ ਨੇ ਆਪਣੇ ਕੰਨ ਬੰਦ ਕਰ ਲਏ ਭਈ ਨਾ ਸੁਣਨ, ਅਤੇ ਉਨ੍ਹਾਂ ਨੇ ਆਪਣੇ ਦਿਲਾਂ ਨੂੰ ਅਲਮਾਸ ਪੱਥਰ ਵਾਂਗੂੰ ਕਰ ਲਿਆ,

"ਭਈ ਬਿਵਸਥਾ ਨੂੰ ਅਤੇ ਉਨ੍ਹਾਂ ਗੱਲਾਂ ਨੂੰ ਨਾ ਸੁਣਨ ਜਿਹੜੀਆਂ ਸੈਨਾਂ ਦੇ ਯਹੋਵਾਹ ਨੇ ਆਪਣੇ ਆਤਮਾ ਦੇ ਰਾਹੀਂ ਨਬੀਆਂ ਦੀ ਹੱਥੀਂ ਘੱਲੀਆਂ ਸਨ। ਤਾਂ ਸੈਨਾਂ ਦੇ ਯਹੋਵਾਹ ਵੱਲੋਂ ਵੱਡਾ ਕੋਪ ਹੋਇਆ।"

"ਤਦ ਜਿਵੇਂ ਉਹ ਨੇ ਪੁਕਾਰਿਆ ਅਤੇ ਓਹਨਾਂ ਨੇ ਨਾ ਸੁਣਿਆ, ਤਿਵੇਂ ਹੀ ਉਹ ਪੁਕਾਰਨਗੇ ਅਤੇ ਮੈਂ ਨਾ ਸੁਣਾਂਗਾ," ਸੈਨਾਂ ਦੇ ਯਹੋਵਾਹ ਦਾ ਵਾਕ ਹੈ

ਕਹਾਉਤਾਂ 28:9 ਜਿਹੜਾ ਬਿਵਸਥਾ ਨੂੰ ਸੁਣਨ ਤੋਂ ਕੰਨ ਫੇਰ ਲੈਂਦਾ ਹੈ, ਉਹ ਦੀ ਪ੍ਰਾਰਥਨਾ ਵੀ ਘਿਣਾਉਣੀ ਹੁੰਦੀ ਹੈ।

® *ਬੇਵਫ਼ਾ ਪਤਨੀ*

ਪਤੀ ਅਤੇ ਪਤਨੀ ਦਾ ਸੰਬੰਧ ਯਿਸੂ ਮਸੀਹ ਅਤੇ ਕਲੀਸਿਆ ਦੇ ਸੰਬੰਧ ਦੀ ਇੱਕ ਦੁਨਿਆਵੀ ਤਸਵੀਰ ਹੈ - ਮਸੀਹ ਦੀ ਦੇਹੀ। ਪਤਰਸ ਇਸ ਸੰਬੰਧ ਦੇ ਬਾਰੇ ਦੱਸਦਾ ਹੈ ਕਿ ਜੇਕਰ ਇਹ ਸੰਬੰਧ ਸਹੀ ਨਹੀਂ ਹੋਵੇਗਾ ਤਾਂ ਸਾਡੀਆਂ ਪ੍ਰਾਰਥਨਾਵਾਂ ਰੁਕ ਜਾਣਗੀਆਂ

1 ਪਤਰਸ 3:7 ਇਸੇ ਤਰ੍ਹਾਂ ਹੇ ਪਤੀਓ, ਬੁੱਧ ਦੇ ਅਨੁਸਾਰ ਆਪਣੀਆਂ ਪਤਨੀਆਂ ਨਾਲ ਵੱਸੋ, ਅਤੇ ਇਸਤਰੀ ਨੂੰ ਆਪਣੇ ਨਾਲੋਂ ਕੋਮਲ ਸਰੀਰ ਜਾਣ ਕਿ ਇਹ ਭੀ ਭਈ ਤੁਸੀਂ ਦੋਵੇਂ ਜੀਵਨ ਦੀ ਬਖ਼ਸ਼ੀਸ਼ ਦੇ ਸਾਂਝੇ ਅਧਿਕਾਰੀ ਹੋ, ਉਹਦਾ ਆਦਰ ਕਰੋ ਤਾਂ ਜੋ ਤੁਹਾਡੀਆਂ ਪ੍ਰਾਰਥਨਾਂ ਰੁੱਕ ਨਾ ਜਾਣ।

ਸਿੱਟੇ ਵਜੋਂ

ਜੇਕਰ ਕੋਈ ਅਜਿਹੀ ਗੱਲ ਹੈ ਜਿਸਦੇ ਲਈ ਸਾਡਾ ਜ਼ਮੀਰ ਸਾਨੂੰ ਦੋਸ਼ੀ ਠਹਿਰਾਉਂਦਾ ਹੈ, ਤਾਂ ਅਸੀਂ ਤਦ ਤੱਕ ਆਤਮ-ਵਿਸ਼ਵਾਸ ਨਾਲ ਪ੍ਰਾਰਥਨਾ ਨਹੀਂ ਕਰ ਸਕਦੇ ਜਦ ਤੱਕ ਇਹ ਮਾਫ਼ ਨਹੀਂ ਹੋ ਜਾਂਦੀ। ਇੱਕ ਸ਼ੁੱਧ ਜ਼ਮੀਰ ਅਤੇ ਵਿਸ਼ਵਾਸ ਦਾ ਆਪਸ ਵਿੱਚ ਸਿੱਧ ਸੰਬੰਧ ਹੈ ਅਤੇ ਇਨ੍ਹਾਂ ਨੂੰ ਵੱਖਰਾ ਨਹੀਂ ਕੀਤਾ ਜਾ ਸਕਦਾ।

1 ਤਿਮੋਥਿਉਸ 1:5 ਪਰ ਆਗਿਆ ਦਾ ਤਤਪਰ ਉਹ ਪ੍ਰੇਮ ਹੈ ਜਿਹੜਾ ਸ਼ੁੱਧ ਮਨ ਅਤੇ ਸਾਫ਼ ਅੰਤਹਕਰਨ ਅਤੇ ਨਿਸ਼ਕਪਟ ਨਿਹਚਾ ਤੋਂ ਹੁੰਦਾ ਹੈ।

ਪ੍ਰਾਰਥਨਾ ਲਈ ਦ੍ਰਿੜ੍ਹ ਹੋਵੋ।

ਯਿਸੂ ਮਸੀਹ ਨੇ ਆਖਿਆ ਪ੍ਰਾਰਥਨਾ ਕਰੋ

ਯਿਸੂ ਮਸੀਹ ਨੇ ਸਾਨੂੰ ਪ੍ਰਾਰਥਨਾ ਕਰਨ ਦਾ ਹੁਕਮ ਦਿੱਤਾ ਹੈ ਅਤੇ ਸਾਨੂੰ ਉਤਸ਼ਾਹਿਤ ਕੀਤਾ ਹੈ ਕਿ ਅਸੀਂ ਲਗਾਤਾਰ ਪ੍ਰਾਰਥਨਾ ਕਰਦੇ ਰਹੀਏ।

ਮੱਤੀ 9:38 "ਇਸ ਲਈ ਤੁਸੀਂ ਖੇਤੀ ਦੇ ਮਾਲਕ ਦੇ ਅੱਗੇ ਬੇਨਤੀ ਕਰੋ, ਕਿ ਉਹ ਆਪਣੀ ਖੇਤੀ ਵੱਢਣ ਨੂੰ ਵਾਢੇ ਘੱਲ ਦੇਵੇ।"

ਲੂਕਾ 18:1 ਉਸ ਨੇ ਉਹਨਾਂ ਨੂੰ ਇਸ ਮਤਲਬ ਦਾ ਇੱਕ ਦ੍ਰਿਸ਼ਟਾਂਤ ਦਿੱਤਾ, ਜੋ ਸਦਾ ਪ੍ਰਾਰਥਨਾ ਵਿੱਚ ਲੱਗਿਆ ਰਹਿਣਾ ਅਤੇ ਸੁਸਤੀ ਨਹੀਂ ਕਰਨੀ ਚਾਹੀਦੀ।

ਲੂਕਾ 21:36 "ਪਰ ਬੇਨਤੀ ਕਰਦਿਆਂ, ਹਰ ਵੇਲੇ ਜਾਗਦੇ ਰਹੋ ਭਈ ਤੁਸੀਂ ਉਹਨਾਂ ਸਭਨਾਂ ਗੱਲਾਂ ਤੋਂ ਜਿਹੜੀਆਂ ਹੋਣ ਵਾਲੀਆਂ ਹਨ ਬਚ ਸਕੋ, ਅਤੇ ਮਨੁੱਖ ਦੇ ਪੁੱਤਰ ਦੇ ਸਾਹਮਣੇ ਖੜ੍ਹੇ ਹੋ ਸਕੋ।"

ਰਸੂਲਾਂ ਨੇ ਪ੍ਰਾਰਥਨਾ ਲਈ ਉਤਸ਼ਾਹਿਤ ਕੀਤਾ ਹੈ

ਪਹਿਲਾਂ ਡੀਕਨ ਜੋ ਕਲੀਸਿਆ ਵਿੱਚ ਥਾਪਿਆ ਗਿਆ ਉਹ ਇਸ ਲਈ ਸੀ ਕਿ ਰਸੂਲ ਆਪਣੇ ਆਪ ਨੂੰ ਪ੍ਰਾਰਥਨਾ ਅਤੇ ਪਰਮੇਸ਼ੁਰ ਦੇ ਵਚਨ ਦੀ ਸੇਵਕਾਈ ਵਿੱਚ ਲਗਾ ਸਕਣ।

ਰਸੂਲਾਂ ਦੇ ਕਰਤੱਬ 6:4 "ਪਰ ਅਸੀਂ ਪ੍ਰਾਰਥਨਾ ਅਤੇ ਬਚਨ ਦੀ ਸੇਵਾ ਵਿੱਚ ਲੱਗੇ ਰਹਾਂਗੇ।"

ਪੌਲੁਸ ਰਸੂਲ ਕਹਿੰਦਾ ਹੈ ਕਿ ਇਹ ਉਸਦੀ ਇੱਛਾ ਹੈ ਕਿ ਅਸੀਂ ਸਦਾ ਪਵਿੱਤਰਤਾਈ ਵਿੱਚ, ਬਿਨ੍ਹਾਂ ਵੈਰ ਵਿਰੋਧ ਜਾਂ ਸ਼ੱਕ ਦੇ ਪ੍ਰਾਰਥਨਾ ਕਰੀਏ।

1 ਤਿਮੋਥਿਉਸ 2:8 ਉਪਰੰਤ ਮੈਂ ਇਹ ਚਾਹੁੰਦਾ ਹਾਂ ਕਿ ਭਈ ਪੁਰਖ ਸਭਨੀਂ ਥਾਈਂ, ਕ੍ਰੋਧ ਅਤੇ ਵਿਵਾਦ ਤੋਂ ਬਿਨ੍ਹਾਂ ਪਵਿੱਤਰ ਹੱਥ ਅੱਡ ਕੇ ਪ੍ਰਾਰਥਨਾ ਕਰਨ।

ਅਫ਼ਸੀਆਂ 6:18 ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ, ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ।

ਯਾਕੂਬ ਕਹਿੰਦਾ ਹੈ ਕਿ ਸਾਨੂੰ ਇੱਕ ਦੂਸਰੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ।

ਯਾਕੂਬ 5:16 ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ, ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ, ਭਈ ਤੁਸੀਂ ਨਰੋਏ ਹੋ ਜਾਉ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।

ਪਤਰਸ ਸਾਨੂੰ ਕਹਿੰਦਾ ਹੈ ਕਿ ਗੰਭੀਰ ਅਤੇ ਸੁਚੇਤ ਹੋ ਕੇ ਪ੍ਰਾਰਥਨਾ ਕਰੋ।

1 ਪਤਰਸ 4:7 ਪਰ ਸਭਨਾਂ ਵਸਤਾਂ ਦਾ ਅੰਤ ਨੇੜੇ ਹੈ; ਇਸ ਲਈ ਤੁਸੀਂ ਸੁਰਤ ਵਾਲੇ ਹੋਵੋ ਅਤੇ ਪ੍ਰਾਰਥਨਾ ਲਈ ਸੁਚੇਤ ਰਹੋ।

ਦਾਊਦ ਪ੍ਰਾਰਥਨਾ ਕਰਦਾ ਸੀ

ਜ਼ਬੂਰਾਂ ਦੀ ਪੋਥੀ ਦਾਊਦ ਦੀਆਂ ਪ੍ਰਾਰਥਨਾਵਾਂ ਨਾ ਭਰੀ ਹੋਈ ਹੈ। ਉਹ ਕਹਿੰਦਾ ਹੈ ਕਿ ਉਸਨੇ ਆਪਣੇ ਆਪ ਨੂੰ ਪ੍ਰਾਰਥਨਾ ਲਈ ਸੌਂਪ ਦਿੱਤਾ ਹੋਇਆ ਹੈ।

ਜ਼ਬੂਰ 109:4ਅ ਪਰ ਮੈਂ ਪ੍ਰਾਰਥਨਾ ਕਰਦਾ ਹਾਂ।

ਪ੍ਰਾਰਥਨਾ ਪਰਮੇਸ਼ੁਰ ਨੂੰ ਮਹਿਮਾ ਦਿੰਦੀ ਹੈ

ਯਿਸੂ ਨੇ ਕਿਹਾ,

ਯੂਹੰਨਾ 14:13 "ਅਰ ਤੁਸੀਂ ਮੇਰਾ ਨਾ ਲੈ ਕੇ ਜੋ ਕੁਝ ਮੰਗੋਗੇ, ਮੈਂ ਸੋਈ ਕਰਾਂਗਾ, ਤਾਂ ਜੋ ਪੁੱਤ੍ਰ ਵਿੱਚ ਪਿਤਾ ਦੀ ਵਡਿਆਈ ਹੋਵੇ।"

ਪ੍ਰਾਰਥਨਾ ਪਰਮੇਸ਼ੁਰ ਨੂੰ ਖੁਸ਼ ਕਰਦੀ ਹੈ

ਕਹਾਉਤਾਂ 15:8 ਦੁਸ਼ਟ ਦੀ ਭੇਂਟ ਤੋਂ ਯਹੋਵਾਹ ਨੂੰ ਘਿਣ ਆਉਂਦੀ ਹੈ, ਪਰ ਸੱਚਿਆਰਾਂ ਦੀ ਪ੍ਰਾਰਥਨਾ ਤੋਂ ਉਹ ਖੁਸ਼ ਹੁੰਦਾ ਹੈ।

ਪਰਮੇਸ਼ੁਰ ਪ੍ਰਾਰਥਨਾ ਨੂੰ ਸੁਣਦਾ ਅਤੇ ਉਨ੍ਹਾਂ ਦੇ ਉੱਤਰ ਦਿੰਦਾ ਹੈ

ਜ਼ਬੂਰ 65:2 ਹੇ ਪ੍ਰਾਰਥਨਾ ਦੇ ਸੁਣਨ ਵਾਲੇ, ਸਾਰੇ ਬਸ਼ਰ ਤੇਰੇ ਕੋਲ ਆਉਣਗੇ।

ਜ਼ਬੂਰ 86:7 ਮੈਂ ਆਪਣੀ ਬਿਪਤਾ ਦੇ ਦਿਨ ਤੈਨੂੰ ਪੁਕਾਰਾਂਗਾ, ਕਿਉਂ ਜੋ ਤੂੰ ਮੈਨੂੰ ਉੱਤਰ ਦੇਵੇਂਗਾ।

1 ਪਤਰਸ 3:12ੳ ਕਿਉਂ ਜੋ ਪ੍ਰਭੂ ਦੀਆਂ ਅੱਖੀਆਂ ਧਰਮੀਆਂ ਉੱਤੇ, ਅਤੇ ਉਹਦੇ ਕੰਨ ਉਨ੍ਹਾਂ ਦੀ ਦੁਹਾਈ ਵੱਲ ਹਨ।

Φ ਸਾਰ-ਪ੍ਰਾਰਥਨਾ ਉੱਤਰ ਲਿਆਉਂਦੀ ਹੈ

ਯਿਸੂ ਨੇ ਕਿਹਾ ਹੈ ਕਿ ਸਾਨੂੰ ਪ੍ਰਾਰਥਨਾ ਵਿੱਚ ਲੱਗੇ ਰਹਿਣਾ ਚਾਹੀਦਾ ਹੈ। ਸਾਨੂੰ ਰਾਤ ਦਿਨ ਪ੍ਰਾਰਥਨਾ ਕਰਨੀ ਚਾਹੀਦੀ ਹੈ। ਪ੍ਰਾਰਥਨਾ ਵਿੱਚ ਸਾਨੂੰ ਮੰਗਣਾ, ਢੂੰਡਣਾ ਅਤੇ ਖੜਕਾਉਣਾ ਚਾਹੀਦਾ ਹੈ। ਉਸਨੇ ਇਹ ਵੀ ਕਿਹਾ ਹੈ ਕਿ ਅਸੀਂ ਦਿਖਾਵੇ ਲਈ ਪ੍ਰਾਰਥਨਾ ਨਾ ਕਰੀਏ, ਪਰ ਗੁਪਤ ਵਿੱਚ ਪ੍ਰਾਰਥਨਾ ਕਰੀਏ। ਸਾਨੂੰ ਇੱਕੋ ਹੀ ਗੱਲ ਬਾਰ-ਬਾਰ ਨਹੀਂ ਦੁਹਰਾਉਣੀ ਚਾਹੀਦੀ ਹੈ, ਕਿਉਂਕਿ ਉਹ ਵਿਸ਼ਵਾਸ ਦੀ ਪ੍ਰਾਰਥਨਾ ਨਹੀਂ ਹੈ, ਕਿਉਂਕਿ ਪਰਮੇਸ਼ੁਰ ਪਹਿਲਾਂ ਤੋਂਹੀ ਸਾਡੀਆਂ ਲੋੜਾਂ ਨੂੰ ਜਾਣਦਾ ਹੈ।

ਅਵਿਸ਼ਵਾਸ, ਘੱਟ ਜਾਣਕਾਰੀ, ਘਮੰਡ ਅਪਰਾਧ, ਚੋਰੀ, ਕਤਲ, ਵਿਭਚਾਰ ਕਰਨਾ, ਝੂਠੀ ਗਵਾਹੀ ਦੇਣੀ, ਅਤੇ ਦੂਜੇ ਦੇਵਤਿਆਂ ਦੀ ਪੂਜਾ ਕਰਨੀ ਹੈ-ਸਾਰੇ ਪਾਪ-ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਨਾ ਮਿਲਣ ਦੇ ਕਾਰਨ ਹਨ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਪ੍ਰਭਾਵਸ਼ਾਲੀ ਪ੍ਰਾਰਥਨਾ ਦੇ ਤਿੰਨ ਕਦਮ ਸਮਝਾਓ।

2. ਅਸੀਂ ਕਿਵੇਂ ਪਤਾ ਲਗਾ ਸਕਦੇ ਹਾਂ ਕਿ ਸਾਡੇ ਜੀਵਨ ਵਿੱਚ ਕੁਝ ਗਲਤੀ ਜਾਂ ਰੁਕਾਵਟ ਹੈ, ਜੋ ਪਰਮੇਸ਼ੁਰ ਨੂੰ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਦੇਣ ਤੋਂ ਰੋਕਦੇ ਹਨ?

3. ਕਿਸੇ ਵੀ ਰੁਕਾਵਟ ਜਾਂ ਬੰਧਨ ਦਾ ਨਾਮ ਦਿਉ ਜੋ ਤੁਹਾਡੇ ਜੀਵਨ ਦੀ ਸਮੱਸਿਆ ਹੈ। ਇਸ ਨੂੰ ਠੀਕ ਕਰਨ ਲਈ ਤੁਹਾਡੀ ਕੀ ਯੋਜਨਾ ਹੈ?

ਅਧਿਆਇ ਛੇ

ਇੱਕ ਕਾਮਯਾਬ ਪ੍ਰਾਰਥਨਾ ਦੇ ਜੀਵਨ ਵਿੱਚ ਪ੍ਰਵੇਸ਼

ਜਾਣ ਪਛਾਣ

ਅਸੀਂ ਉਨ੍ਹਾਂ ਕਲੀਸਿਆਵਾਂ ਵਿੱਚ ਵਧੇ ਹਾਂ ਜਿੱਥੇ ਪਰਮੇਸ਼ੁਰ ਦੇ ਵਚਨ ਦਾ ਅਧਿਐਨ ਕਰਨ ਨੂੰ ਮਹੱਤਵ ਦਿੱਤਾ ਜਾਂਦਾ ਹੈ। ਅਸੀਂ ਪੌਲੁਸ ਦੀ ਤਿਮੋਥਿਉਸ ਨੂੰ ਚੇਤਾਵਨੀ ਬਾਰੇ ਸੁਣਿਆ ਕਈ ਵਾਰ ਸੁਣਿਆ ਹੈ।

2 ਤਿਮੋਥਿਉਸ 2:15 ਆਪਣੇ ਆਪ ਨੂੰ ਪਰਮੇਸ਼ੁਰ ਦੇ ਅੱਗੇ ਪਰਵਾਨ, ਅਤੇ ਅਜਿਹਾ ਕਾਰੀਗਰ ਠਹਿਰਣ ਦਾ ਯਤਨ ਕਰ ਜਿਹ ਨੂੰ ਲੱਜਿਆਵਾਨ ਨਾ ਹੋਣਾ ਪਵੇ, ਅਤੇ ਜਿਹੜਾ ਸੱਚਿਆਈ ਦਾ ਬਚਨ ਦਾ ਯਥਾਰਥ ਵਖਿਆਣ ਕਰਨ ਵਾਲਾ ਹੋਵੇ।

ਅਸੀਂ ਪਰਮੇਸ਼ੁਰ ਦੀ ਮੰਜ਼ੂਰੀ ਹਾਸਿਲ ਕਰਨ ਬਾਰੇ ਅਧਿਐਨ ਕੀਤਾ ਹੈ, ਅਤੇ ਅਸੀਂ ਉਨ੍ਹਾਂ ਸਾਲਾਂ ਵਿੱਚ ਜੋ ਕੁਝ ਸਿੱਖਿਆ ਹੈ ਉਸਦੇ ਲਈ ਅਸੀਂ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ। ਪਰ ਅਸੀਂ ਇਹ ਨਹੀਂ ਜਾਣਦੇ ਕਿ ਅਸਲੀ ਅਧਿਐਨ ਕੇਵਲ ਆਪਣੇ ਕੁਦਰਤੀ ਦਿਮਾਗ਼ ਨਾਲ ਸਿੱਖਣ ਲਈ ਸਮਰਪਿਤ ਹੋਣਾ ਹੀ ਨਹੀਂ ਹੈ, ਪਰ ਪਵਿੱਤਰ ਆਤਮਾ ਨੂੰ ਆਪਣਾ ਸਿੱਖਿਅਕ ਬਣਨ ਦੇਣਾ ਹੈ-ਅਤੇ ਉਸਦੇ ਪ੍ਰਕਾਸ਼ਨ ਉੱਤੇ ਅਧਾਰਿਤ ਹੋਣਾ ਹੈ।

® *ਹੱਡੀਆਂ*

ਵਚਨ ਦੀ ਸਮਝ ਨੂੰ ਸਰੀਰ ਦੀਆਂ ਹੱਡੀਆਂ ਦੇ ਅਕਾਰ ਨਾਲ ਮਿਲਾਇਆ ਜਾ ਸਕਦਾ ਹੈ। ਇਹ ਸਾਨੂੰ ਉਦੇਸ਼ ਪੂਰਨ ਹਿੱਲਣ ਅਤੇ ਚੱਲਣ ਫਿਰਨ ਦੀ ਇਜ਼ਾਜਤ ਦਿੰਦੀਆਂ ਹਨ। ਇਸ ਤੋਂ ਬਿਨ੍ਹਾਂ ਅਸੀਂ ਇੱਕ ਜੈਲੀਫਿਸ਼ ਦੀ ਤਰ੍ਹਾਂ ਹਾਂ ਜੋ ਲਹਿਰਾਂ ਦਾ ਇੰਤਜ਼ਾਰ ਕਰਦੀ ਰਹਿੰਦੀ ਹੈ ਕਿ ਉਹ ਸਾਨੂੰ ਇੱਧਰ ਉੱਧਰ ਲੈ ਜਾਣ।

ਇੱਥੇ ਇੱਕ ਹੋਰ ਆਇਤ ਹੈ ਜਿਸਦੇ ਮਹੱਤਵਪੂਰਨ ਹੋਣ ਬਾਰੇ ਅਸੀਂ ਕਦੀ ਵੀ ਨਹੀਂ ਸੁਣਿਆ। ਜਦੋਂ ਅਸੀਂ ਕੁਝ ਸਿੱਖਦੇ ਹਾਂ, ਤਾਂ ਸਾਨੂੰ ਚਾਹੀਦਾ ਹੈ ਕਿ ਉਸਨੂੰ ਪ੍ਰਯੋਗ ਵਿੱਚ ਲਿਆਈਏ। ਸਾਨੂੰ ਉਸਨੂੰ ਕਰਨਾ ਚਾਹੀਦਾ ਹੈ। ਰਸੂਲ ਯਹੂਦਾਹ ਕਹਿੰਦਾ ਹੈ ਕਿ ਸਾਨੂੰ ਕੇਵਲ ਵਚਨ ਨੂੰ ਸੁਣਨ ਵਾਲੇ ਹੀ ਨਹੀਂ ਹੋਣਾ ਚਾਹੀਦਾ। ਸਾਨੂੰ ਉਸਦੇ ਅਨੁਸਾਰ ਚੱਲਣ ਵਾਲੇ ਹੋਣਾ ਚਾਹੀਦਾ ਹੈ।

ਯਾਕੂਬ 1:22-24 ਪਰ ਬਚਨ ਉੱਤੇ ਅਮਲ ਕਰਨ ਵਾਲੇ ਹੋਵੋ, ਅਤੇ ਆਪਣੇ ਆਪ ਨੂੰ ਧੋਖਾ ਦੇ ਕੇ ਨਿਰੇ ਸੁਣਨ ਵਾਲੇ ਹੀ ਨਾ ਹੋਵੋ। ਕਿਉਂਕਿ ਜੇ ਕੋਈ ਬਚਨ ਦਾ ਸੁਣਨ ਵਾਲਾ ਹੈ ਅਤੇ ਉਸ ਉੱਤੇ ਅਮਲ ਕਰਨ ਵਾਲਾ ਨਹੀਂ, ਤਾਂ ਉਹ ਉਸ ਮਨੁੱਖ ਵਰਗਾ ਹੈ ਜਿਹੜਾ ਆਪਣੇ ਅਸਲੀ ਸਰੂਪ ਨੂੰ ਸ਼ੀਸ਼ੇ ਵਿੱਚ ਵੇਖਦਾ ਹੈ; ਕਿਉਂ ਜੋ ਉਹ ਆਪਣੇ ਆਪ ਨੂੰ ਵੇਖ ਕੇ ਚਲਿਆ ਗਿਆ ਅਤੇ ਓਸੇ ਵੇਲੇ ਭੁੱਲ ਗਿਆ ਜੋ ਮੈਂ ਕਿਹੋ ਜਿਹਾ ਸਾਂ।

® *ਸਰੀਰ*

ਦੇਹ ਦੀ ਹੋਰ ਸਮਾਨਤਾ ਨੂੰ ਲੈ ਕੇ, ਇੱਛਾ ਅਤੇ ਭਾਵਨਾਵਾਂ ਸਰੀਰ ਅਤੇ ਲਹੂ ਦੇ ਸਮਾਨ ਹਨ। ਪ੍ਰੇਮ, ਆਨੰਦ, ਸ਼ਾਂਤੀ, ਧੀਰਜ, ਦਿਆਲਤਾ, ਭਲਾਈ, ਵਿਸ਼ਵਾਸ ਯੋਗਤਾ, ਭਲਮਾਣਸੀ, ਆਤਮ-ਸੰਜਮ ਇਹ ਸਭ ਇਸੇ ਖੇਤਰ ਵਿੱਚ ਆਉਂਦੇ ਹਨ।

® *ਆਤਮਾ*

ਮਨੁੱਖੀ ਸਰੀਰ ਦਾ ਇੱਕ ਹੋਰ ਹਿੱਸਾ ਹੈ ਅਤੇ ਉਹ ਮਨੁੱਖ ਦਾ ਆਤਮਾ ਹੈ। ਪ੍ਰਾਰਥਨਾ ਇੱਕ ਤਰ੍ਹਾਂ ਨਾਲ ਅਰਾਧਨਾ ਨੂੰ ਦਰਸਾਉਂਦਾ ਹੈ, ਅਤੇ ਸਾਨੂੰ ਆਤਮਾ ਵਿੱਚ ਪ੍ਰਾਰਥਨਾ ਕਰਨੀ ਚਾਹੀਦੀ ਹੈ।

ਯੂਹੰਨਾ 4:23,24 "ਪਰ ਉਹ ਸਮਾਂ ਆਉਂਦਾ ਹੈ, ਸਗੋਂ ਹੁਣੇ ਹੈ, ਜੋ ਸੱਚੇ ਭਗਤ ਆਤਮਾ ਅਤੇ ਸੱਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ; ਕਿਉਂਕਿ ਪਿਤਾ ਏਹੋ ਜਿਹੇ ਭਗਤਾਂ ਨੂੰ ਚਾਹੁੰਦਾ ਹੈ। ਪਰਮੇਸ਼ੁਰ ਆਤਮਾ ਹੈ, ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਉਹ ਆਤਮਾ ਅਤੇ ਸੱਚਿਆਈ ਨਾਲ ਭਗਤੀ ਕਰਨ।"

ਅਸੀਂ ਕਿਵੇਂ ਪ੍ਰਾਰਥਨਾ ਕਰੀਏ

ਪ੍ਰਾਰਥਨਾ ਦੇ ਬਾਰੇ ਕੇਵਲ ਅਧਿਐਨ ਕਰਨਾ ਹੀ ਕਾਫ਼ੀ ਨਹੀਂ ਹੈ, ਸਾਨੂੰ ਇਸਨੂੰ ਕਰਨਾ ਵੀ ਹੈ। ਸਾਨੂੰ ਪਿਤਾ ਪਰਮੇਸ਼ੁਰ ਕੋਲੋਂ, ਉਸਦੇ ਪੁੱਤਰ ਦੇ ਦੁਆਰਾ, ਪਵਿੱਤਰ ਆਤਮਾ ਦੀ ਸ਼ਕਤੀ ਵਿੱਚ ਪ੍ਰਾਰਥਨਾ ਕਰਨੀ ਚਾਹੀਦੀ ਹੈ।

ਪਰਮੇਸ਼ੁਰ ਕੋਲੋਂ-ਪਿਤਾ

® *ਯਿਸੂ ਸਾਡੀ ਉਦਾਹਰਨ*

ਯਿਸੂ ਮਸੀਹ ਨੇ ਪਰਮੇਸ਼ੁਰ ਕੋਲ ਇੱਕ ਪਿਤਾ ਦੇ ਰੂਪ ਵਿੱਚ ਪ੍ਰਾਰਥਨਾ ਕੀਤੀ।

ਯੂਹੰਨਾ 17:1 ਯਿਸੂ ਨੇ ਇਹ ਗੱਲਾਂ ਆਖੀਆਂ, ਅਤੇ ਆਪਣੀਆਂ ਅੱਖਾਂ ਅਕਾਸ਼ ਵੱਲ ਚੁੱਕ ਕੇ ਕਿਹਾ; "ਹੇ ਪਿਤਾ ਘੜੀ ਆ ਪਹੁੰਚੀ ਹੈ। ਆਪਣੇ ਪੁੱਤਰ ਦੀ ਵਡਿਆਈ ਕਰ ਤਾਂ ਜੋ ਪੁੱਤਰ ਤੇਰੀ ਵਡਿਆਈ ਕਰੇ।"

ਯਿਸੂ ਨੇ ਪਰਮੇਸ਼ੁਰ ਨੂੰ ਸਵਰਗੀ ਪਿਤਾ ਕਹਿ ਕੇ ਸੱਦਿਆ

ਯੂਹੰਨਾ 17:11 "ਮੈਂ ਅੱਗੇ ਨੂੰ ਜਗਤ ਵਿੱਚ ਨਹੀਂ ਪਰ ਇਹ ਜਗਤ ਵਿੱਚ ਹਨ ਅਤੇ ਮੈਂ ਤੇਰੇ ਕੋਲ ਆਉਂਦਾ ਹਾਂ ਹੇ ਪਵਿੱਤਰ ਪਿਤਾ ਆਪਣੇ ਹੀ ਉਸ ਨਾਮ ਨਾਲ ਜਿਹੜਾ ਤੈਂ ਮੈਨੂੰ ਦਿੱਤਾ ਓਹਨਾਂ ਦੀ ਰੱਛਿਆ ਕਰ ਇਸ ਲਈ ਜੋ ਉਹ ਸਾਡੇ ਵਾਂਗਰ ਇੱਕ ਹੋਣ

ਉਸਨੇ ਪਰਮੇਸ਼ੁਰ ਨੂੰ ਇੱਕ ਧਰਮੀ ਪਿਤਾ ਦੇ ਰੂਪ ਵਿੱਚ ਸੱਦਿਆ।

ਯੂਹੰਨਾ 17:25 "ਹੇ ਧਰਮੀ ਪਿਤਾ! ਜਗਤ ਨੇ ਤੈਨੂੰ ਨਹੀਂ ਜਾਣਿਆ, ਪਰ ਮੈਂ ਤੈਨੂੰ ਜਾਣਿਆ; ਅਤੇ ਏਹਨਾਂ ਨੇ ਜਾਣਿਆ ਭਈ ਤੈਂ ਮੈਨੂੰ ਘੱਲਿਆ।"

ਯਿਸੂ ਨੇ ਕਿਹਾ ਕਿ ਅਸੀਂ ਪਰਮੇਸ਼ੁਰ ਨੂੰ ਆਪਣਾ ਸਵਰਗੀ ਪਿਤਾ ਕਹਿ ਕੇ ਪੁਕਾਰ ਸਕਦੇ ਹਾਂ।

ਮੱਤੀ 6:9 "ਸੋ ਤੁਸੀਂ ਇਸ ਬਿਧ ਨਾਲ, ਪ੍ਰਾਰਥਨਾ ਕਰੋ, ਹੇ ਸਾਡੇ ਪਿਤਾ ਜਿਹੜਾ ਸੁਰਗ ਵਿੱਚ ਹੈ, ਤੇਰਾ ਨਾਮ ਪਾਕ ਮੰਨਿਆ ਜਾਵੇ।"

® *ਦੂਸਰੇ ਲੋਕਾਂ ਨੇ ਯਿਸੂ ਕੋਲ ਪ੍ਰਾਰਥਨਾ ਕੀਤੀ*

ਭਾਵੇਂ ਸਾਨੂੰ ਸਿਖਾਇਆ ਅਤੇ ਉਤਸਾਹਿਤ ਕੀਤਾ ਗਿਆ ਹੈ ਕਿ ਅਸੀਂ ਪਿਤਾ ਪਰਮੇਸ਼ੁਰ ਕੋਲੋਂ ਪ੍ਰਾਰਥਨਾ ਕਰੀਏ, ਪਰ ਇਹ ਕੋਈ ਪੱਕਾ ਨਿਯਮ ਨਹੀਂ ਹੈ ਕਿ ਅਸੀਂ ਹਰ ਵਕਤ ਇਸਦੀ ਪਾਲਣਾ ਕਰੀਏ। ਅਸੀਂ ਇਹ ਇਸ ਲਈ ਜਾਣਦੇ ਹਾਂ ਕਿਉਂਕਿ ਸਤਿਫਨੁਸ ਨੇ, ਆਪਣੀ ਮੌਤ ਦੇ ਸਮੇਂ, ਯਿਸੂ ਕੋਲੋਂ ਪ੍ਰਾਰਥਨਾ ਕੀਤੀ ਸੀ।

ਰਸੂਲਾਂ ਦੇ ਕਰਤੱਬ 7:59 ਸੋ ਉਨ੍ਹਾਂ ਨੇ ਇਸਤੀਫ਼ਾਨ ਨੂੰ ਪਥਰਾਹ ਕੀਤਾ ਜੋ ਬੇਨਤੀ ਕਰਦਾ ਅਤੇ ਇਹ ਆਖਦਾ ਸੀ, "ਕਿ ਹੇ ਪ੍ਰਭੂ ਮੇਰੇ ਆਤਮਾ ਨੂੰ ਆਪਣੇ ਕੋਲ ਲੈ ਲੈ।"

ਕਈ ਲੋਕ ਹਨ ਜੋ ਆਪਣੇ ਸੰਸਾਰੀ ਪਿਤਾਵਾਂ ਦੁਆਰਾ ਇੰਨਾ ਸਤਾਏ ਗਏ ਹਨ ਕਿ ਉਹ ਸਵਰਗੀ ਪਿਤਾ ਕੋਲੋਂ ਪ੍ਰਾਰਥਨਾ ਕਰਨ ਤੋਂ ਡਰਦੇ ਹਨ। ਪਰਮੇਸ਼ੁਰ ਇਹ ਸਮਝਦਾ ਹੈ। ਜਿਵੇਂ-ਜਿਵੇਂ ਉਨ੍ਹਾਂ ਦਾ ਯਿਸੂ ਮਸੀਹ ਨਾਲ ਸੰਬੰਧ ਵੱਧਦਾ ਜਾਂਦਾ ਹੈ। ਉਹ ਉਨ੍ਹਾਂ ਉੱਤੇ ਸੱਚੇ, ਪ੍ਰੇਮੀ ਸਵਰਗੀ ਪਿਤਾ ਨੂੰ ਉਨ੍ਹਾਂ ਉੱਤੇ ਜ਼ਾਹਿਰ ਕਰਦਾ ਅਤੇ ਉਨ੍ਹਾਂ ਨੂੰ ਉਸਦੇ ਸੰਬੰਧ ਵਿੱਚ ਲਿਆਉਂਦਾ ਹੈ।

ਯਿਸੂ ਦੇ ਨਾਮ ਵਿੱਚ

ਅਸੀਂ ਪਰਮੇਸ਼ੁਰ ਦੇ ਕੋਲੋਂ ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦੇ ਹਾਂ। ਯਿਸੂ ਮਸੀਹ ਵਿੱਚ ਹੀ ਸਾਡਾ ਪਰਮੇਸ਼ੁਰ ਵਿੱਚ ਸਥਾਨ ਹੈ। ਅਸੀਂ ਉਸ ਵਿੱਚ ਧਰਮੀ ਠਹਿਰਾਏ ਜਾਂਦੇ ਹਾਂ।

ਯੂਹੰਨਾ 15:16 "ਤੁਸਾਂ ਮੈਨੂੰ ਨਹੀਂ ਚੁਣਿਆ, ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ... ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ।"

ਪਵਿੱਤਰ ਆਤਮਾ ਦੇ ਰਾਹੀਂ

ਪਵਿੱਤਰ ਬਾਈਬਲ ਵਿੱਚ ਪਵਿੱਤਰ ਆਤਮਾ ਕੋਲੋਂ ਪ੍ਰਾਰਥਨਾ ਕਰਨ ਦੀ ਕੋਈ ਘਟਨਾ ਨਹੀਂ ਹੈ। ਤਾਂ ਵੀ ਪ੍ਰਾਰਥਨਾ ਪਵਿੱਤਰ ਆਤਮਾ ਦੇ ਰਾਹੀਂ ਹੋਣੀ ਚਾਹੀਦੀ ਹੈ, ਉਸ ਉੱਤੇ ਭਰੋਸਾ ਕਰਕੇ।

ਰੋਮੀਆਂ 8:26 ਇਸ ਤਰ੍ਹਾਂ ਆਤਮਾ ਵੀ ਸਾਡੀ ਦੁਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ, ਕਿਉਂ ਜੋ ਕਿਸ ਵਸਤ ਲਈ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ ਅਸੀਂ ਨਹੀਂ ਜਾਣਦੇ, ਪਰ ਆਤਮਾ ਆਪ ਅਕੱਥ ਹਾਹੁਕੇ ਭਰ ਕੇ ਸਾਡੇ ਲਈ ਸਿਫ਼ਾਰਸ਼ ਕਰਦਾ ਹੈ।

ਪੌਲੁਸ ਰਸੂਲ ਕਹਿੰਦਾ ਹੈ ਕਿ ਪਰਮੇਸ਼ੁਰ ਕੋਲ ਪਹੁੰਚ ਯਿਸੂ ਮਸੀਹ ਦੇ ਰਾਹੀਂ ਅਤੇ ਪਵਿੱਤਰ ਆਤਮਾ ਦੇ ਦੁਆਰਾ ਹੈ।

ਅਫ਼ਸੀਆਂ 2:18 ਕਿਉਂ ਜੋ ਉਸੇ ਦੇ ਦੁਆਰਾ ਇੱਕੋ ਆਤਮਾ ਵਿੱਚ ਪਿਤਾ ਵੱਲ ਅਸਾਂ ਦੋਹਾਂ ਦੀ ਢੋਈ ਹੁੰਦੀ ਹੈ।

ਸਹੀ ਆਚਰਣ ਦੇ ਨਾਲ ਪਰਮੇਸ਼ੁਰ ਕੋਲ ਪਹੁੰਚ

ਪਸ਼ਚਾਤਾਪ

ਪ੍ਰਭੂ ਦੀ ਪ੍ਰਾਰਥਨਾ ਵਿੱਚ ਯਿਸੂ ਨੇ ਸਾਨੂੰ ਪ੍ਰਾਰਥਨਾ ਕਰਨ ਲਈ ਸਿਖਾਇਆ ਹੈ "ਸਾਡੇ ਪਾਪ ਸਾਨੂੰ ਮਾਫ਼ ਕਰਦੇ।" ਇਹ ਹਮੇਸ਼ਾਂ ਸਾਡੀ ਪ੍ਰਾਰਥਨਾ ਦੀ ਜ਼ਿੰਦਗੀ ਦਾ ਇੱਕ ਹਿੱਸਾ ਹੋਣਾ ਚਾਹੀਦਾ ਹੈ।

® *ਦਾਊਦ*

ਰਾਜਾ ਦਾਊਦ ਨੇ ਪਾਪ ਕੀਤਾ ਸੀ ਅਤੇ ਜਦੋਂ ਉਸਨੇ ਉਸ ਪਾਪ ਦਾ ਸਾਹਮਣਾ ਕੀਤਾ, ਤਾਂ ਉਹ ਸਾਡੇ ਲਈ ਪਸ਼ਚਾਤਾਪ ਦੀ ਇੱਕ ਮਿਸਾਲ ਬਣ ਗਿਆ

ਜ਼ਬੂਰ 51:1 ਹੇ ਪਰਮੇਸ਼ੁਰ, ਆਪਣੀ ਕਿਰਪਾ ਦੇ ਅਨੁਸਾਰ ਮੇਰੇ ਉੱਤੇ ਦਯਾ ਕਰ, ਆਪਣੀਆਂ ਰਹਿਮਤਾਂ ਦੀ ਰੇਲ ਪੇਲ ਅਨੁਸਾਰ; ਮੇਰੇ ਅਪਰਾਧ ਮਿਟਾ ਦੇਹ।

® *ਉਜਾੜੂ ਪੁੱਤਰ*

ਪਸ਼ਚਾਤਾਪ ਦੀਆਂ ਸਭ ਤੋਂ ਵਧੀਆ ਕਹਾਣੀਆਂ ਵਿੱਚੋਂ ਉਜਾੜੂ ਪੁੱਤਰ ਦੀ ਕਹਾਣੀ ਹੈ। ਉਹ ਆਪਣੇ ਪਿਤਾ ਤੋਂ ਆਕੀ ਹੋ ਗਿਆ ਅਤੇ ਆਪਣੇ ਰਾਹ ਤੇ ਚੱਲ ਪਿਆ। ਆਖ਼ਿਰ

ਵਿੱਚ ਭੁੱਖੇ ਮਰਨ ਦੇ ਸਮੇਂ, ਉਸਨੇ ਫੈਸਲਾ ਕੀਤਾ ਕਿ ਉਹ ਆਪਣੇ ਪਿਤਾ ਕੋਲ ਜਾਵੇਗਾ ਅਤੇ ਮਾਫ਼ੀ ਮੰਗੇਗਾ। ਉਸਨੇ ਬਿਲਕੁਲ ਉਵੇਂ ਹੀ ਕੀਤਾ। ਜਦੋਂ ਪਿਤਾ ਉਸਨੂੰ ਪ੍ਰੇਮ ਭਰੀਆਂ ਖੁੱਲ੍ਹੀਆਂ ਬਾਹਵਾਂ ਨਾਲ ਮਿਲਿਆ, ਉਸਨੇ ਆਪਣੇ ਆਪ ਨੂੰ ਇਹ ਨਹੀਂ ਕਿਹਾ, "ਓ, ਮੇਰੇ ਖਿਆਲ ਵਿੱਚ ਉਸਨੂੰ ਨਹੀਂ ਪਤਾ ਕਿ ਮੈਂ ਕਿੰਨਾ ਬੁਰਾ ਹਾਂ। ਮੈਂ ਦਯਾਵਾਨ ਹੋਣ ਨੂੰ ਬਿਲਕੁਲ ਭੁੱਲ ਜਾਵਾਂ। ਮੇਰਾ ਪਿਤਾ ਸਮਝਦਾ ਹੈ..." ਜੇਕਰ ਅਸੀਂ ਪਰਮੇਸ਼ੁਰ ਕੋਲੋਂ ਦੂਰ ਹੋ ਜਾਂਦੇ ਹਾਂ, ਤਾਂ ਸਾਨੂੰ ਦੀਨਤਾ ਦੇ ਨਾਲ ਮਾਫ਼ੀ ਮੰਗਦੇ ਹੋਏ ਉਸ ਕੋਲ ਆਉਣਾ ਹੈ।

ਲੂਕਾ 15:18-23 'ਮੈਂ ਉੱਠ ਕੇ ਆਪਣੇ ਪਿਉ ਕੋਲ ਜਾਵਾਂਗਾ, ਅਤੇ ਉਸ ਨੂੰ ਆਖਾਂਗਾ, "ਪਿਤਾ ਜੀ, ਮੈਂ ਅਸਮਾਨ ਦੇ ਵਿਰੁੱਧ ਅਤੇ ਤੁਹਾਡੇ ਅੱਗੇ ਗੁਨਾਹ ਕੀਤਾ ਹੈ, ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤਰ ਸਦਾਵਾਂ। ਮੈਨੂੰ ਆਪਣਿਆਂ ਕਾਮਿਆਂ ਵਿੱਚੋਂ ਇੱਕ ਜਿਹਾ ਰੱਖ ਲਓ।" ਸੋ ਉਹ ਉੱਠ ਕੇ ਆਪਣੇ ਪਿਉ ਕੋਲ ਗਿਆ।

"ਪਰ ਉਹ ਅਜੇ ਦੂਰ ਹੀ ਸੀ, ਕਿ ਉਹ ਦੇ ਪਿਉ ਨੇ ਉਹ ਨੂੰ ਡਿੱਠਾ ਅਤੇ ਉਸ ਨੂੰ ਤਰਸ ਆਇਆ, ਅਰ ਦੌੜ ਕੇ ਗਲੇ ਲਾ ਲਿਆ ਅਰ ਉਹ ਨੂੰ ਚੁੰਮਿਆ।

"ਅਰ ਪੁੱਤਰ ਨੇ ਉਸ ਨੂੰ ਆਖਿਆ, 'ਪਿਤਾ ਜੀ, ਮੈਂ ਅਸਮਾਨ ਦੇ ਵਿਰੁੱਧ ਅਰ ਤੁਹਾਡੇ ਅੱਗੇ ਗੁਨਾਹ ਕੀਤਾ ਹੈ। ਹੁਣ ਮੈਂ ਇਸ ਜੋਗ ਨਹੀਂ ਜੋ ਫੇਰ ਤੁਹਾਡਾ ਪੁੱਤਰ ਸਦਾਵਾਂ।"

"ਪਰ ਪਿਤਾ ਨੇ ਆਪਣੇ ਨੌਕਰਾਂ ਨੂੰ ਕਿਹਾ, "ਕਿ ਸਭ ਤੋਂ ਚੰਗੇ ਬਸਤਰ ਛੇਤੀ ਕੱਢ ਕੇ ਇਹ ਨੂੰ ਪਹਿਨਾਓ, ਅਰ ਇਹ ਦੇ ਹੱਥ ਵਿੱਚ ਅੰਗੂਠੀ ਅਰ ਪੈਰੀਂ ਜੁੱਤੀ ਪਾਓ। ਅਤੇ ਪਲਿਆ ਹੋਇਆ ਵੱਛਾ ਲਿਆ ਕੇ ਕੱਟੋ, ਭਈ ਖਾਈਏ ਅਤੇ ਖੁਸ਼ੀ ਕਰੀਏ..."

ਸਾਡਾ ਸਵਰਗੀ ਪਿਤਾ ਆਪਣੀਆਂ ਖੁੱਲ੍ਹੀਆਂ ਹੋਈਆਂ ਬਾਹਵਾਂ ਨਾਲ ਸਾਨੂੰ ਮਿਲਦਾ ਹੈ ਜਦੋਂ ਅਸੀਂ ਸਧਾਰਨ ਰੂਪ ਵਿੱਚ ਉਸ ਕੋਲ ਆਉਂਦੇ ਅਤੇ ਕਹਿੰਦੇ ਹਾਂ, "ਮੈਂ ਪਾਪ ਕੀਤਾ ਹੈ।"

ਦੀਨਤਾ

ਦੀਨਤਾ ਦਾ ਅਰਥ ਹੈ ਪਰਮੇਸ਼ੁਰ ਦੇ ਪ੍ਰਤੀ ਆਦਰਪੂਰਨ, ਜਾਂ ਆਗਿਆਕਾਰੀ ਆਦਰ ਦਿਖਾਉਣਾ। ਇਸਦਾ ਅਰਥ ਇਹ ਹੈ ਕਿ ਆਦਰ ਦੇ ਦੁਆਰਾ ਪਰਮੇਸ਼ੁਰ ਦੇ ਵਿਚਾਰਾਂ, ਆਸ਼ਾਵਾਂ ਅਤੇ ਫੈਸਲਿਆਂ ਦੇ ਸਪੁਰਦ ਹੋ ਜਾਣਾ, ਉਸਦੇ ਅਧਿਕਾਰ, ਸਮਝ ਅਤੇ ਨਿਆਂ ਨੂੰ ਸਮਝਦੇ ਹੋਏ, ਅਤੇ ਇਹ ਜਾਣਕੇ ਕਿ ਅਸੀਂ ਉਸਦੇ ਨਾਮ ਵਿੱਚ ਆਏ ਹਾਂ-ਨਾ ਕਿ ਆਪਣੀ ਬੁੱਧੀ, ਸਥਾਨ, ਜਾਂ ਯੋਗਤਾਵਾਂ ਦੇ ਦੁਆਰਾ।

2 ਇਤਿਹਾਸ 7:14 "ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਕੇ, ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਣ ਦੀ ਚਾਹਵੰਦ ਹੋਵੇ, ਅਤੇ ਆਪਣੇ ਭੈੜੇ ਰਾਹ ਤੋਂ ਮੁੜੇ, ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ, ਅਤੇ ਉਨ੍ਹਾਂ ਦੇ ਦੇਸ਼ ਨੂੰ ਬਹਾਲ ਕਰਾਂਗਾ।"

ਸਾਨੂੰ ਪ੍ਰਾਰਥਨਾ ਵਿੱਚ ਆਪਣੇ ਆਪ ਨੂੰ ਪਰਮੇਸ਼ੁਰ ਦੇ ਸਾਹਮਣੇ ਦੀਨ ਕਰਨਾ ਚਾਹੀਦਾ ਹੈ,

ਆਗਿਆਕਾਰੀ

ਯੂਹੰਨਾ ਨੇ ਇਸਨੂੰ ਬਹੁਤ ਹੀ ਸਪੱਸ਼ਟ ਕੀਤਾ ਹੈ ਕਿ ਆਗਿਆਕਾਰੀ ਸਾਡੀਆਂ ਪ੍ਰਾਰਥਨਾਵਾਂ ਦੇ ਉੱਤਰ ਮਿਲਣ ਲਈ ਬਹੁਤ ਜ਼ਰੂਰੀ ਹੈ।

1 ਯੂਹੰਨਾ 3:22 ਅਤੇ ਜੋ ਕੁਝ ਅਸੀਂ ਮੰਗਦੇ ਹਾਂ ਸੋ ਉਸ ਤੋਂ ਸਾਨੂੰ ਮਿਲਦਾ ਹੈ, ਕਿਉਂ ਜੋ ਉਹ ਦੇ ਹੁਕਮਾਂ ਦੀ ਪਾਲਨਾ ਕਰਦੇ ਹਾਂ ਅਤੇ ਉਹ ਕੰਮ ਕਰਦੇ ਹਾਂ ਜਿਹੜੇ ਉਹ ਨੂੰ ਭਾਉਂਦੇ ਹਨ।

ਵਿਸ਼ਵਾਸ

ਜਦੋਂ ਯਿਸੂ ਮਸੀਹ ਲੋਕਾਂ ਦੀ ਸੇਵਕਾਈ ਕਰ ਰਿਹਾ ਸੀ, ਉਹ ਲਗਾਤਾਰ ਉਨ੍ਹਾਂ ਨੂੰ ਵਿਸ਼ਵਾਸ ਕਰਨ ਲਈ ਉਤਸ਼ਾਹਿਤ ਕਰਦਾ ਸੀ।

ਮਰਕੁਸ 11:22-24 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਪਰਮੇਸ਼ੁਰ ਉੱਤੇ ਨਿਹਚਾ ਰੱਖੋ। ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਰ ਸਮੁੰਦਰ ਵਿੱਚ ਜਾ ਪਉ, ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ, ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ, ਤਾਂ ਉਹ ਦੇ ਲਈ ਹੋ ਜਾਵੇਗਾ। ਇਸ ਲਈ ਮੈਂ ਤੁਹਾਨੂੰ ਆਖਦਾ ਹਾਂ, ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰਕੇ ਮੰਗੋ, ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ।"

ਮੱਤੀ 8:13 ਤਾਂ ਯਿਸੂ ਨੇ ਸੂਬੇਦਾਰ ਨੂੰ ਕਿਹਾ, "ਜਾਹ, ਜਿਹੀ ਤੈਂ ਜਿਹਚਾ ਕੀਤੀ, ਤੇਰੇ ਲਈ ਤਿਹਾ ਹੀ ਹੋਵੇ।" ਅਤੇ ਉਹ ਨੌਕਰ ਉਸੇ ਘੜੀ ਚੰਗਾ ਹੋ ਗਿਆ।

ਮੱਤੀ 9:28 ਅਰ ਜਾਂ ਉਹ ਘਰ ਵਿੱਚ ਗਿਆ, ਤਾਂ ਓਹ ਅੰਨ੍ਹੇ ਉਹ ਦੇ ਕੋਲ ਆਏ। ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, "ਭਲਾ ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ ਸਕਦਾ ਹਾਂ?" ਉਨ੍ਹਾਂ ਉਹ ਨੂੰ ਆਖਿਆ, "ਹਾਂ, ਪ੍ਰਭੂ ਜੀ।"

ਮਰਕੁਸ 5:36 ਪਰ ਯਿਸੂ ਨੇ ਉਸ ਗੱਲ ਦੀ ਜੋ ਉਹ ਆਖਦੇ ਸਨ, ਪਰਵਾਹ ਨਾ ਕਰਕੇ ਸਮਾਜ ਦੇ ਸਰਦਾਰ ਨੂੰ ਆਖਿਆ, "ਨਾ ਡਰ; ਕੇਵਲ ਨਿਹਚਾ ਕਰ।"

ਮਰਕੁਸ 9:23 ਯਿਸੂ ਨੇ ਉਹ ਨੂੰ ਆਖਿਆ, "ਜੇ ਤੁਸੀਂ ਕਰ ਸਕਦੇ ਹੋ, ਪਰਤੀਤ ਕਰਨ ਵਾਲੇ ਦੇ ਲਈ ਸੱਭੋ ਕੁਝ ਹੋ ਸਕਦਾ ਹੈ।"

ਲੂਕਾ 8:48 ਉਸ ਨੇ ਉਹ ਨੂੰ ਆਖਿਆ, "ਬੇਟੀ, ਤੇਰੀ ਨਿਹਚਾ ਨੇ ਤੈਨੂੰ ਚੰਗਾ ਕੀਤਾ ਹੈ, ਸ਼ਾਂਤੀ ਨਾਲ ਚੱਲੀ ਜਾਹ।"

ਬਿਨ੍ਹਾਂ ਵਿਸ਼ਵਾਸ ਤੋਂ ਪਰਮੇਸ਼ੁਰ ਨੂੰ ਪ੍ਰਸੰਨ ਕਰਨਾ ਅਣਹੋਣਾ ਹੈ।

ਇਬਰਾਨੀਆਂ 11:6 ਅਤੇ ਨਿਹਚਾ ਬਾਝੋਂ ਉਹ ਦੇ ਮਨ ਨੂੰ ਭਾਉਣਾ ਅਣਹੋਣਾ ਹੈ, ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹ ਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ ਦਾਤਾ ਹੈ।

ਪ੍ਰਾਰਥਨਾ ਵਿੱਚ ਕਾਮਯਾਬ ਹੋ ਜਾਣ ਦੇ ਕਦਮ

ਮਸੀਹ ਵਿੱਚ ਮਜ਼ਬੂਤ ਹੋਣਾ

ਕਾਮਯਾਬ ਪ੍ਰਾਰਥਨਾਵਾਂ ਲਈ ਪਹਿਲਾ ਕਦਮ ਹੈ ਮਸੀਹ ਵਿੱਚ ਮਜ਼ਬੂਤ ਹੋਣਾ। ਸਾਨੂੰ ਇੱਕ ਅਜਿਹੀ ਜੀਵਨ ਸ਼ੈਲੀ ਨੂੰ ਉਸ ਵਿੱਚ ਵਧਾਉਣਾ ਚਾਹੀਦਾ ਹੈ। ਯਿਸੂ ਨੇ ਕਿਹਾ ਕਿ ਜੇਕਰ ਅਸੀਂ ਅਜਿਹਾ ਕਰਾਂਗੇ, ਤਾਂ ਅਸੀਂ ਜੋ ਚਾਹੀਏ ਸੋ ਮੰਗੀਏ ਅਤੇ ਉਹ ਸਾਡੇ ਲਈ ਹੋ ਜਾਵੇਗਾ।

ਯੂਹੰਨਾ 15:7 "ਜੇ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ, ਤਾਂ ਜੋ ਚਾਹੋ ਮੰਗੋ, ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।"

ਦਾਊਦ ਕਹਿੰਦਾ ਹੈ ਪਰਮੇਸ਼ੁਰ ਨੇ ਸਾਡੇ ਮਨਾਂ ਵਿੱਚ ਇੱਛਾਵਾਂ ਦਿੱਤੀਆਂ ਹਨ - ਜੇਕਰ ਅਸੀਂ ਆਪਣੇ ਆਪ ਨੂੰ ਉਸ ਵਿੱਚ ਖੁਸ਼ ਰੱਖੀਏ, ਜਿਵੇਂ ਅਸੀਂ ਅਜਿਹਾ ਕਰਦੇ ਹਾਂ, ਅਸੀਂ ਉਸਦੀ ਸਮਾਨਤਾ ਵਿੱਚ ਬਦਲਦੇ ਜਾਂਦੇ ਹਾਂ, ਤਾਂ ਸਾਡੀਆਂ ਇੱਛਾਵਾਂ ਵੀ ਉਸਦੇ ਚਰਿੱਤਰ ਦੀ ਲਾਈਨ ਵਿੱਚ ਆ ਜਾਂਦੀਆਂ ਹਨ।

ਜ਼ਬੂਰ 37:4-5 ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰੇ ਮਨੋਰਥਾਂ ਨੂੰ ਪੂਰਿਆਂ ਕਰੇਗਾ। ਆਪਣਾ ਰਾਹ ਯਹੋਵਾਹ ਦੇ ਗੋਚਰਾ ਕਰ, ਅਤੇ ਉਸ ਉੱਤੇ ਭਰੋਸਾ ਰੱਖ ਅਤੇ ਉਹ ਪੂਰਿਆਂ ਕਰੇਗਾ।

ਉਸਦੀ ਇੱਛਾ ਦੇ ਅਨੁਸਾਰ ਮੰਗੋ

ਯੂਹੰਨਾ ਰਸੂਲ ਨੇ ਇੱਕ ਬਹੁਤ ਹੀ ਅਦਭੁੱਤ ਵਾਇਦਾ ਸਾਨੂੰ ਦਿੱਤਾ ਹੈ ਕਿ ਜੇਕਰ ਅਸੀਂ ਪਰਮੇਸ਼ੁਰ ਦ ਇੱਛਾ ਦੇ ਅਨੁਸਾਰ ਕੁਝ ਵੀ ਮੰਗੀਏ; ਤਾਂ ਜੋ ਅਸੀਂ ਮੰਗਿਆ ਹੈ ਉਹ ਸਾਨੂੰ ਮਿਲ ਜਾਂਦਾ ਹੈ।

1 ਯੂਹੰਨਾ 5:14-15 ਅਤੇ ਉਹ ਦੇ ਅੱਗੇ ਜੋ ਸਾਨੂੰ ਦਲੇਰੀ ਹੈ, ਸੋ ਇਹ ਹੈ ਭਈ ਜੇ ਅਸੀਂ ਉਹ ਦੀ ਇੱਛਿਆ ਦੇ ਅਨੁਸਾਰ ਕੁਝ ਮੰਗਦੇ ਹਾਂ, ਤਾਂ ਉਹ ਸਾਡੀ ਸੁਣਦਾ ਹੈ। ਅਤੇ ਜੇ ਅਸੀਂ ਜਾਣਦੇ ਹਾਂ ਭਈ ਜੋ ਕੁਝ ਮੰਗਦੇ ਹਾਂ, ਉਹ ਸਾਡੀ ਸੁਣਦਾ ਹੈ, ਤਾਂ ਏਹ ਵੀ ਜਾਣਦੇ ਹਾਂ ਭਈ ਮੰਗੀਆਂ ਹੋਈਆਂ ਵਸਤਾਂ ਜਿਹੜੀਆਂ ਅਸਾਂ ਉਸ ਤੋਂ ਮੰਗੀਆਂ ਹਨ ਓਹ ਸਾਨੂੰ ਪਰਾਪਤ ਹੋ ਜਾਂਦੀਆਂ ਹਨ।

ਯਾਕੂਬ ਲਿਖਦਾ ਹੈ ਕਿ ਜੇਕਰ ਅਸੀਂ ਪਰਮੇਸ਼ੁਰ ਦੀ ਇੱਛਾ ਤੋਂ ਬਾਹਰ ਕੁਝ ਮੰਗਦੇ ਹਾਂ ਤਾਂ ਸਾਨੂੰ ਆਪਣੀਆਂ ਪ੍ਰਾਰਥਨਾਵਾਂ ਦੇ ਉੱਤਰ ਨਹੀਂ ਮਿਲਦੇ, ਲਾਲਚ ਨਾਲ, ਜਾਂ ਬੁਰੇ ਉਦੇਸ਼ਾਂ ਨਾਲ ਮੰਗਦੇ ਹਾਂ ਤਾਂ ਕਿ ਆਪਣੇ ਭੋਗ ਵਿਲਾਸ ਵਿੱਚ ਉਡਾ ਦੇਈਏ।

ਯਾਕੂਬ 4:3 ਤੁਸੀਂ ਮੰਗਦੇ ਹੋ ਪਰ ਲੱਭਦਾ ਨਹੀਂ, ਕਿਉਂ ਜੋ ਬਦਨੀਤੀ ਨਾਲ ਮੰਗਦੇ ਹੋ, ਭਈ ਆਪਣਿਆਂ ਭੋਗ ਬਿਲਾਸਾਂ ਵਿੱਚ ਉਡਾ ਦਿਓ।

ਇਸ ਬਿੰਦੂ ਤੇ, ਇਹ ਸਵਾਲ ਉੱਠਦਾ ਹੈ, ਅਸੀਂ ਕਿਵੇਂ ਜਾਣੀਏ ਕਿ ਉਸਦੀ ਇੱਛਾ ਕੀ ਹੈ? ਯਾਕੂਬ ਕਹਿੰਦਾ ਹੈ ਕਿ ਸਾਨੂੰ ਪਰਮੇਸ਼ੁਰ ਕੋਲੋਂ ਪੁੱਛਣਾ ਚਾਹੀਦਾ ਹੈ।

ਯਾਕੂਬ 1:5 ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ, ਤਾਂ ਉਹ ਪਰਮੇਸ਼ੁਰ ਕੋਲੋਂ ਮੰਗੋ, ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨ੍ਹਾਂ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ।

® *ਦਾਊਦ ਨੇ ਪਰਮੇਸ਼ੁਰ ਦੀ ਇੱਛਾ ਜਾਨਣ ਲਈ ਪ੍ਰਾਰਥਨਾ ਕੀਤੀ ਸੀ।*

ਦਾਊਦ ਨੇ ਆਪਣੇ ਘਰ ਲਈ ਪ੍ਰਾਰਥਨਾ ਕੀਤੀ-ਸਰੀਰਕ ਘਰ ਲਈ ਨਹੀਂ, ਪਰ ਆਪਣੇ ਘਰਾਣੇ ਦੇ ਕੁੱਲ ਲਈ। ਇਸ ਪ੍ਰਾਰਥਨਾ ਵਿੱਚ ਉਸਦਾ ਅਧਾਰ ਉਹੀ ਸੀ ਜੋ ਉਸਨੇ ਪਰਮੇਸ਼ੁਰ ਕੋਲੋਂ ਸੁਣਿਆ ਸੀ। ਉਸਨੇ ਵਚਨ ਦੇ ਮੁਤਾਬਿਕ ਪ੍ਰਾਰਥਨਾ ਕੀਤੀ

2 ਸਮੂਏਲ 7:26-29 "ਅਤੇ ਏਹ ਆਖ ਕੇ ਤੇਰੇ ਨਾਮ ਦੀ ਸਦੀਪਕ ਤੋੜੀ ਵਡਿਆਈ ਹੋਵੇ, 'ਕਿ ਸੈਨਾਂ ਦਾ ਯਹੋਵਾਹ ਇਸਰਾਏਲ ਉੱਤੇ ਪਰਮੇਸ਼ੁਰ ਹੈ।' ਅਤੇ ਤੇਰੇ ਦਾਸ ਦਾਊਦ ਦਾ ਘਰਾਣਾ ਤੇਰੇ ਸਾਹਮਣੇ ਅਟੱਲ ਰਹੇ। ਕਿਉਂ ਜੋ ਤੈਂ, ਹੇ ਸੈਨਾਂ ਦੇ ਯਹੋਵਾਹ, ਇਸਰਾਏਲ ਦੇ ਪਰਮੇਸ਼ੁਰ, ਆਪਣੇ ਦਾਸ ਦੇ ਕੰਨ ਖੋਲ੍ਹ ਦਿੱਤੇ, ਅਤੇ ਆਖਿਆ, 'ਭਈ ਮੈਂ ਤੇਰੇ ਲਈ ਘਰ ਬਣਾਵਾਂਗਾ।' ਸੋ ਤੇਰੇ ਦਾਸ ਨੇ ਆਪਣੇ ਮਨ ਵਿੱਚ ਇਹ ਠਹਿਰਾਇਆ ਹੈ ਜੋ ਤੇਰੇ ਅੱਗੇ ਇਹ ਬੇਨਤੀ ਕਰੇ।"

"ਅਤੇ ਹੇ ਯਹੋਵਾਹ ਪ੍ਰਭੂ, ਤੂੰ ਓਹੋ ਪਰਮੇਸ਼ੁਰ ਹੈਂ, ਅਤੇ ਤੇਰੇ ਬਚਨ ਸੱਚੇ ਹਨ, ਅਤੇ ਤੈਂ ਆਪਣੇ ਦਾਸ ਨਾਲ ਉਸ ਭਲਿਆਈ ਦਾ ਬਚਨ ਕੀਤਾ ਹੈ। ਸੋ ਹੁਣ, ਤੂੰ ਆਪਣੇ ਦਾਸ ਦੇ ਘਰ ਨੂੰ ਬਰਕਤ ਦੇਣੀ ਮੰਨ ਲੈ, ਜੋ ਉਹ ਤੇਰੇ ਅੱਗੇ ਸਦੀਪਕ ਤੋੜੀ ਅਟੱਲ ਰਹੇ; ਕਿਉਂ ਜੋ ਤੈਂ ਹੀ, ਹੇ ਯਹੋਵਾਹ ਪ੍ਰਭੂ, ਏਹ ਆਖਿਆ ਹੈ, ਅਤੇ ਤੇਰੀ ਹੀ ਬਰਕਤ ਨਾਲ ਤੇਰੇ ਦਾਸ ਦਾ ਘਰਾਣਾ ਸਦੀਪਕ ਤੋੜੀ ਮੁਬਾਰਕ ਹੋਵੇ।"

ਦਾਊਦ ਨੇ ਪਰਮੇਸ਼ੁਰ ਦੀ ਇੱਛਾ ਨੂੰ ਸੁਣਿਆ ਅਤੇ ਇਸਦਾ ਪੱਕਾ ਪਤਾ ਕਰਨ ਲਈ ਉਸਨੇ ਦੁਬਾਰਾ ਪ੍ਰਾਰਥਨਾ ਕੀਤੀ ਆਪਣੇ ਆਤਮਾ ਵਿੱਚ ਹੋ ਕੇ, ਇਸਨੂੰ ਦੁਹਰਾਉਂਦੇ ਹੋਏ ਕਿ ਇਹ ਗੱਲ ਸੱਚਾਈ ਹੋ ਜਾਵੇ।

ਹੇਠਾਂ ਲਿਖੀ ਪ੍ਰਾਰਥਨਾ ਦੇ ਉੱਤਰ ਦੀ ਉਦਾਹਰਨ ਬੜੀ ਉਤੇਜਨਾ ਭਰੀ ਹੈ, ਪਰ ਇਸ ਵਿੱਚ ਬਹੁਤ ਕੁਝ ਨਹੀਂ ਦੱਸਿਆ ਗਿਆ।

2 ਰਾਜਿਆਂ 4:32-35 ਜਦ ਅਲੀਸ਼ਾ ਘਰ ਵਿੱਚ ਆਇਆ, ਤਾਂ ਵੇਖੋ ਮੁੰਡਾ ਮੋਇਆ ਹੋਇਆ, ਉਸ ਦੇ ਮੰਜੇ ਉੱਤੇ ਪਿਆ ਸੀ। ਸੋ ਉਹ ਅੰਦਰ ਗਿਆ, ਅਰ ਉਨ੍ਹਾਂ ਦੋਹਾਂ ਲਈ ਬੂਹਾ ਭੇੜ ਲਿਆ, ਅਤੇ ਯਹੋਵਾਹ ਦੇ ਅੱਗੇ ਬੇਨਤੀ ਕੀਤੀ।

ਤਦ ਉਹ ਚੜ੍ਹ ਕੇ ਬਾਲਕ ਉੱਤੇ ਲੇਟ ਗਿਆ, ਅਤੇ ਉਸ ਨੇ ਆਪਣਾ ਮੂੰਹ ਉਹ ਦੇ ਮੂੰਹ ਉੱਤੇ, ਅਤੇ ਆਪਣੀਆਂ ਅੱਖੀਆਂ ਉਹ ਦੀਆਂ ਅੱਖੀਆਂ ਉੱਤੇ, ਅਰ ਆਪਣੇ ਹੱਥ ਉਹਦਿਆਂ ਹੱਥਾਂ ਉੱਤੇ ਰੱਖੇ; ਅਤੇ ਉਹ ਦੇ ਉੱਤੇ ਪਸਰ ਗਿਆ, ਤਦ ਉਸ ਬੱਚੇ ਦਾ ਸਰੀਰ ਨਿੱਘਾ ਹੋ ਗਿਆ।

ਫੇਰ ਉਹ ਪਰਤ ਪਿਆ ਅਰ ਇੱਕ ਵਾਰੀ ਘਰ ਵਿੱਚ ਐਧਰ ਔਧਰ ਟਹਿਲਿਆ, ਤਦ ਉਹ ਚੜ੍ਹ ਕੇ ਉਹ ਦੇ ਉੱਤੇ ਪਸਰ ਗਿਆ, ਤੇ ਮੁੰਡਾ ਸੱਤ ਵਾਰੀ ਛਿੱਕਿਆ, ਅਤੇ ਮੁੰਡੇ ਨੇ ਆਪਣੀਆਂ ਅੱਖੀਆਂ ਖੋਲ੍ਹੀਆਂ।

ਅਲੀਸ਼ਾ ਨੇ ਜ਼ਰੂਰਤ ਦੇ ਬਾਰੇ ਸੁਣਿਆ, ਉਸਨੇ ਪ੍ਰਾਰਥਨਾ ਕੀਤੀ, ਅਤੇ ਫਿਰ ਉਹ ਬੱਚੇ ਕੋਲ ਗਿਆ। ਉਸਨੂੰ ਉਹੀ ਕਰਨਾ ਜ਼ਰੂਰੀ ਸੀ ਜੋ ਪਰਮੇਸ਼ੁਰ ਨੇ ਉਸਨੂੰ ਕਰਨ ਲਈ ਕਿਹਾ ਸੀ ਕਿਉਂਕਿ ਉਹ ਕੋਈ ਕੁਦਰਤੀ ਕੰਮ ਨਹੀਂ ਕਰਨ ਜਾ ਰਿਹਾ ਸੀ। ਉਹ ਮਰੇ ਹੋਏ ਬੱਚੇ ਉੱਤੇ ਲੇਟ ਗਿਆ। ਮਾਸ ਗਰਮ ਹੋ ਗਿਆ, ਪਰ ਚਮਤਕਾਰ ਪੂਰਾ ਨਹੀਂ ਹੋਇਆ।

ਫਿਰ ਅਲੀਸ਼ਾ ਕਮਰੇ ਵਿੱਚੋਂ ਬਾਹਰ ਆ ਗਿਆ ਅਤੇ ਘਰ ਦੇ ਵਿੱਚ ਅੱਗੇ ਪਿੱਛੇ ਚੱਲਣ ਲੱਗਾ। ਉਸ ਲਈ ਪ੍ਰਾਰਥਨਾ ਕਰਦੇ ਰਹਿਣਾ ਜ਼ਰੂਰੀ ਸੀ-ਸ਼ਾਇਦ ਇਹ ਜਾਨਣ ਲਈ ਕਿ ਉਸਨੇ ਪ੍ਰਭੂ ਤੋਂ ਕੀ ਸੁਣਿਆ ਸੀ - ਸ਼ਾਇਦ ਆਤਮਿਕ ਯੁੱਧ ਲਈ ਆਪਣੇ ਆਪ ਨੂੰ ਤਿਆਰ ਕਰਨ ਲਈ - ਅਤੇ ਫਿਰ ਉਹ ਬੱਚੇ ਕੋਲ ਵਾਪਸ ਆਇਆ, ਦੂਜੀ ਵਾਰ ਉਸ ਉੱਤੇ ਲੇਟ ਗਿਆ, ਅਤੇ ਬੱਚੇ ਨੇ ਆਪਣੀਆਂ ਅੱਖਾਂ ਖੋਲ੍ਹ ਦਿੱਤੀਆਂ।

ਅਲੀਸ਼ਾ ਨੇ ਇਹ ਨਹੀਂ ਕਿਹਾ "ਕੀ ਇਹ ਚੰਗਾ ਹੋਵੇਗਾ ਜੇ ... ਅਤੇ ਫਿਰ ਕਾਰਜ ਕਰਨ ਲੱਗਾ। ਪਹਿਲਾਂ ਉਸਨੇ ਪ੍ਰਾਰਥਨਾ ਕੀਤੀ ਅਤੇ ਫਿਰ ਉਸਨੇ ਉਸ ਪ੍ਰਕਾਸ਼ਨ ਦੇ ਅਨੁਸਾਰ ਜੋ ਉਸਨੂੰ ਮਿਲਿਆ ਸੀ ਕੰਮ ਕੀਤਾ।

ਸੱਚਾਈ ਨਾਲ ਪ੍ਰਾਰਥਨਾ

ਯੂਹੰਨਾ ਕਹਿੰਦਾ ਹੈ ਸੱਚਾਈ ਦਾ ਆਤਮਾ ਤੁਹਾਡੀ ਅਗਵਾਈ ਕਰੇਗਾ ਅਤੇ ਤੁਹਾਨੂੰ ਦੱਸੇਗਾ।

ਯੂਹੰਨਾ 16:13 "ਪਰ ਜਦ, ਉਹ, ਸੱਚਿਆਈ ਦਾ ਆਤਮਾ ਆਵੇ, ਤਦ ਉਹ ਸਾਰੀ ਸੱਚਿਆਈ ਵਿੱਚ ਤੁਹਾਡੀ ਅਗਵਾਈ ਕਰੇਗਾ; ਕਿਉਂ ਜੋ ਉਹ ਆਪਣੀ ਵੱਲੋਂ ਨਾ ਕਹੇਗਾ, ਪਰ ਜੋ ਕੁਝ ਸੁਣੇਗਾ ਸੋਈ ਆਖੇਗਾ; ਅਤੇ ਉਹ ਹੋਣ ਵਾਲੀਆਂ ਗੱਲਾਂ ਤੁਹਾਨੂੰ ਦੱਸੇਗਾ।"

ਜਦੋਂ ਅਸੀਂ ਪ੍ਰਾਰਥਨਾ ਕਰਦੇ ਹਾਂ ਤਾਂ ਸਾਨੂੰ ਆਪਣੇ ਆਪ ਅਤੇ ਪਰਮੇਸ਼ੁਰ ਨਾਲ ਈਮਾਨਦਾਰ ਹੋਣਾ ਜ਼ਰੂਰੀ ਹੈ। ਯੂਨਾਨੀ ਭਾਸ਼ਾ ਵਿੱਚ ਸੱਚਾਈ ਲਈ ਜੋ ਸ਼ਬਦ ਹੈ ਉਸਦਾ ਅਰਥ ਦ੍ਰਿੜਤਾ ਅਤੇ ਸੱਚਾਈ ਹੈ।

ਜ਼ਬੂਰ 145:18 ਯਹੋਵਾਹ ਉਨ੍ਹਾਂ ਸਭਨਾਂ ਦੇ ਨੇੜੇ ਹੈ ਜਿਹੜੇ ਉਹ ਨੂੰ ਪੁਕਾਰਦੇ ਹਨ, ਹਾਂ ਉਨ੍ਹਾਂ ਸਭਨਾਂ ਦੇ ਜਿਹੜੇ ਸੱਚਿਆਈ ਨਾਲ ਪੁਕਾਰਦੇ ਹਨ।

ਆਤਮਾ ਵਿੱਚ ਪ੍ਰਾਰਥਨਾ

ਪਹਿਲੇ ਅਧਿਆਏ ਵਿੱਚ, ਅਸੀਂ ਦੋ ਭਾਸ਼ਾਵਾਂ ਵਿੱਚ ਪ੍ਰਾਰਥਨਾ ਬਾਰੇ ਵਿਚਾਰ ਸਾਂਝੇ ਕੀਤੇ ਸਨ-ਆਤਮਾ ਵਿੱਚ ਅਤੇ ਬੁੱਧੀਮਾਨੀ ਵਿੱਚ ਪ੍ਰਾਰਥਨਾ। ਯਹੂਦਾਹ ਰਸੂਲ ਲਿਖਦਾ ਹੈ

ਯਹੂਦਾਹ 1:20 ਪਰ ਤੁਸੀਂ, ਹੇ ਪਿਆਰਿਓ ਆਪਣੇ ਆਪ ਨੂੰ ਆਪਣੀ ਅੱਤ ਪਵਿੱਤਰ ਨਿਹਚਾ ਉੱਤੇ ਉਸਾਰੀ ਜਾਓ, ਅਤੇ ਪਵਿੱਤਰ ਆਤਮਾ ਵਿੱਚ ਪ੍ਰਾਰਥਨਾ ਕਰਦੇ ਹੋਏ...

ਪੌਲੂਸ ਰਸੂਲ ਅਫ਼ਸੀਆਂ 6:17-19 ਵਿੱਚ ਕਹਿੰਦਾ ਹੈ ਕਿ ਹਰੇਕ ਬੇਨਤੀ ਅਤੇ ਮਿੰਨਤ ਨਾਲ ਲਗਾਤਾਰ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ... ਉਹ ਬੋਲਣ ਦਾ ਢੰਗ ਸ਼ਾਇਦ ਮੈਨੂੰ ਮਿਲਿਆ ਹੋਇਆ ਹੈ।

ਸਾਨੂੰ ਕਦੀ ਵੀ ਪਹਿਲਾਂ ਪਵਿੱਤਰ ਆਤਮਾ ਦੀ ਮਦਦ ਵੱਲ ਨਾ ਤੱਕ ਕੇ ਪ੍ਰਾਰਥਨਾ ਨਹੀਂ ਕਰਨੀ ਚਾਹੀਦੀ।

ਰੋਮੀਆਂ 8:26 ਇਸ ਤਰ੍ਹਾਂ ਆਤਮਾ ਵੀ ਸਾਡੀ ਦੁਰਬਲਤਾਈ ਵਿੱਚ ਸਾਡੀ ਸਹਾਇਤਾ ਕਰਦਾ ਹੈ, ਕਿਉਂ ਜੋ ਕਿਸ ਵਕਤ ਸਾਨੂੰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਅਸੀਂ ਨਹੀਂ ਜਾਣਦੇ ਪਰ ਆਤਮਾ ਆਪ ਅਕੱਥ ਹਾਹੁਕੇ ਭਰ ਕੇ ਸਾਡੇ ਲਈ ਸਿਫਾਰਸ਼ ਕਰਦਾ ਹੈ।

ਜਦੋਂ ਪਰਮੇਸ਼ੁਰ ਦ੍ਰਿੜ ਹੋ ਜਾਂਦਾ ਹੈ ਕਿ ਉਹ ਕੀ ਕਰਨਾ ਚਾਹੁੰਦਾ ਹੈ ਕਿਸੇ ਵੀ ਸਥਿਤੀ ਵਿੱਚ ਭਾਵੇਂ ਆਪਣੇ ਵਚਨ ਦੁਆਰਾ ਜਾਂ ਪਵਿੱਤਰ ਆਤਮਾ ਦੇ ਦੁਆਰਾ, ਸਾਡੇ ਆਤਮਿਆਂ ਵਿੱਚ ਵਿਸ਼ਵਾਸ ਆਉਂਦਾ ਹੈ। ਅਸੀਂ ਦਲੇਰੀ ਅਤੇ ਆਤਮ ਵਿਸ਼ਵਾਸ ਨਾਲ ਪ੍ਰਾਰਥਨਾ ਕਰ ਸਕਦੇ ਹਾਂ।

ਅਫ਼ਸੀਆਂ 3:12 ਜਿਸ ਦੇ ਵਿੱਚ (ਮਸੀਹ) ਉਸ ਉੱਤੇ ਨਿਹਚਾ ਕਰਨ ਦੇ ਦੁਆਰਾ ਸਾਨੂੰ ਦਿਲੇਰੀ ਅਤੇ ਢੋਈ ਭਰੋਸੇ ਨਾਲ ਪਰਾਪਤ ਹੁੰਦੀ ਹੈ।

ਗੰਭੀਰਤਾ, ਤੇਜ਼ੀ ਨਾਲ ਪ੍ਰਾਰਥਨਾ ਕਰੋ

ਪਰਮੇਸ਼ੁਰ ਸਾਡੇ ਨੀਮ ਗਰਮ ਸੁਭਾਅ ਨੂੰ ਪੂਰੀ ਤਰ੍ਹਾਂ ਅਸਵੀਕਾਰ ਕਰਦਾ ਹੈ। ਉਹ ਕਹਿੰਦਾ ਹੈ ਮੈਂ ਚਾਹੁੰਦਾ ਹਾਂ ਕਿ ਤੁਸੀਂ ਗਰਮ ਜਾਂ ਠੰਡੇ ਬਣੋ। ਸਾਨੂੰ ਇਹ ਕਹਿਣਾ ਛੱਡਣਾ ਹੈ, "ਅੱਛਾ, ਪਰਮੇਸ਼ੁਰ ਜੋ ਕੁਝ ਤੂੰ ਕਹਿੰਦਾ ਹੈ, ਜੋ ਕੁਝ ਤੂੰ ਚਾਹੁੰਦਾ ਹੈ...

ਪਰਕਾਸ਼ ਦੀ ਪੋਥੀ 3:14-16 "ਲਾਉਦਿਕੀਏ ਦੀ ਕਲੀਸਿਆ ਦੇ ਦੂਤ ਨੂੰ ਇਉਂ ਲਿਖ, ਭਈ ਜਿਹੜਾ ਆਮੀਨ ਹੈ, ਜਿਹੜਾ ਵਫ਼ਾਦਾਰ ਅਤੇ ਸੱਚਾ ਗਵਾਹ ਹੈ, ਜਿਹੜਾ ਪਰਮੇਸ਼ੁਰ ਦੀ ਸਰਿਸ਼ਟ ਦਾ ਮੁੱਢ ਹੈ: ਉਹ ਇਹ ਆਖਦਾ ਹੈ ਮੈਂ ਤੇਰੇ ਕੰਮਾਂ ਨੂੰ ਜਾਣਦਾ ਹਾਂ, ਭਈ ਤੂੰ ਨਾ ਤਾਂ ਠੰਡਾ ਹੈ ਨਾ ਤੱਤਾ। ਮੈਂ ਚਾਹੁੰਦਾ ਸਾਂ ਜੋ ਤੂੰ ਠੰਡਾ ਜਾਂ ਤੱਤਾ ਹੁੰਦਾ। ਸੋ ਤੂੰ, ਸੀਲਗਰਮ ਜੋ ਹੈਂ, ਨਾ ਤੱਤਾ ਨਾ ਠੰਡਾ, ਇਸ ਕਾਰਨ ਮੈਂ ਤੈਨੂੰ ਆਪਣੇ ਮੂੰਹ ਵਿੱਚੋਂ ਉਗਲ ਦਿਆਂਗਾ।"

ਸਾਡੇ ਲਈ ਪਰਮੇਸ਼ੁਰ ਨੂੰ, ਉਸਦੇ ਵਚਨ ਨੂੰ, ਅਤੇ ਜੋ ਕੁਝ ਉਸਨੇ ਸਾਨੂੰ ਦਿੱਤਾ ਹੈ ਅਤੇ ਉਸਦੇ ਪਿੱਛੇ ਚੱਲਣਾ, ਜਾਨਣਾ ਬਹੁਤ ਹੀ ਜ਼ਰੂਰੀ ਹੈ। ਪਰਮੇਸ਼ੁਰ ਨੇ ਇਸਰਾਏਲ ਦੀ ਸੰਤਾਨ ਨੂੰ ਵਾਇਦਾ ਕੀਤਾ ਹੋਇਆ ਦੇਸ਼ ਦਿੱਤਾ ਸੀ, ਪਰ ਉਨ੍ਹਾਂ ਨੂੰ ਇਸ ਲਈ ਲੜਾਈ ਕਰਨੀ ਸੀ। ਉਨ੍ਹਾਂ ਨੂੰ ਅੰਦਰ ਜਾ ਕੇ ਉਸ ਭੂਮੀ ਉੱਤੇ ਕਬਜ਼ਾ ਕਰਨਾ ਸੀ।

ਬਿਨ੍ਹਾਂ ਰੁਕੇ ਪ੍ਰਾਰਥਨਾ ਕਰਨੀ

ਜਦੋਂ ਪੌਲੁਸ ਥੱਸਲੁਨੀਕੀਆਂ ਦੀ ਕਲੀਸਿਆ ਨੂੰ ਲਿਖਦਾ ਹੈ, ਉਹ ਕਹਿੰਦਾ ਹੈ ਕਿ ਉਹ ਬਿਨ੍ਹਾਂ ਰੁਕੇ ਪ੍ਰਾਰਥਨਾ ਕਰਦੇ ਰਹੋ। ਇਹ ਕਿਵੇਂ ਸੰਭਵ ਹੋ ਸਕਦਾ ਹੈ? ਕਿਵੇਂ ਤੁਸੀਂ ਅਤੇ ਮੈਂ ਜੀਵਨ ਦੀਆਂ ਸਧਾਰਨ ਜ਼ਿੰਮੇਵਾਰੀਆਂ ਦਾ ਧਿਆਨ ਨਾ ਰੱਖਦੇ ਹੋਏ।

ਅਸੀਂ ਪ੍ਰਾਰਥਨਾ ਨੂੰ ਆਪਣੀ ਜੀਵਨ ਸ਼ੈਲੀ ਵਿੱਚ ਵਧਾ ਕੇ ਅਜਿਹਾ ਕਰ ਸਕਦੇ ਹਾਂ - ਹਰ ਦਿਨ ਪ੍ਰਾਰਥਨਾ ਲਈ ਸਮਾਂ ਕੱਢ ਕੇ, ਅਤੇ ਆਪਣੇ ਆਤਮਿਆਂ ਨੂੰ ਲਗਾਤਾਰ ਸਾਰਾ ਦਿਨ ਪ੍ਰਾਰਥਨਾ ਕਰਦੇ ਰਹਿਣ ਦੀ ਆਗਿਆ ਦੇਣ ਦੇ ਦੁਆਰਾ।

1 ਥੱਸਲੁਨੀਕੀਆ 5:17 ਨਿੱਤ ਪ੍ਰਾਰਥਨਾ ਕਰੋ।

® *ਲਗਾਤਾਰ*

ਜਦੋਂ ਪਤਰਸ ਨੂੰ ਕੈਦ ਵਿੱਚ ਸੁੱਟਿਆ ਗਿਆ, ਤਾਂ ਬਾਕੀ ਵਿਸ਼ਵਾਸੀ ਲੋਕ ਉਸ ਲਈ ਲਗਾਤਾਰ ਪ੍ਰਾਰਥਨਾ ਕਰਦੇ ਰਹੇ। ਉਨ੍ਹਾਂ ਨੇ ਅਜਿਹਾ ਨਹੀਂ ਕਿਹਾ, "ਕੋਈ ਗੱਲ ਨਹੀਂ, ਜੋ ਕੁਝ ਵੀ ਹੋਵੇਗਾ, ਪਰਮੇਸ਼ੁਰ ਉਹ ਸਭ ਕੁਝ ਜਾਣਦਾ ਹੈ।

ਰਸੂਲਾਂ ਦੇ ਕਰਤੱਬ 12:5 ਸੋ ਕੈਦ ਵਿੱਚ ਪਤਰਸ ਦੀ ਰਾਖੀ ਹੁੰਦੀ ਸੀ, ਪਰ ਕਲੀਸਿਆ ਉਹ ਦੇ ਲਈ ਪਰਮੇਸ਼ੁਰ ਅੱਗੇ ਮਨ ਲਾ ਕੇ ਪ੍ਰਾਰਥਨਾ ਕਰਦੀ ਰਹੀ।

® *ਪ੍ਰਭਾਵਪੂਰਨ, ਉਤਸ਼ਾਹਪੂਰਨ, ਗੰਭੀਰਤਾ ਪੂਰਨ*

ਜਦੋਂ ਯਾਕੂਬ ਸਾਨੂੰ ਕਹਿੰਦਾ ਹੈ ਕਿ ਸਾਨੂੰ ਇੱਕ ਦੂਜੇ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ, ਉਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਏਲੀਆ ਨੇ ਤਨੋਂ ਮਨੋਂ ਹੋ ਕੇ ਪ੍ਰਾਰਥਨਾ ਕੀਤੀ।

ਯਾਕੂਬ 5:16,17ਓ ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ, ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ, ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ। ਏਲੀਯਾਹ ਸਾਡੇ ਵਰਗਾ ਦੁੱਖ ਸੁੱਖ ਭੋਗਣ ਵਾਲਾ ਮਨੁੱਖ ਸੀ, ਅਤੇ ਉਹ ਨੇ ਤਨੋਂ ਮਨੋਂ ਪ੍ਰਾਰਥਨਾ ਕੀਤੀ...

® *ਮੇਹਨਤ*

ਪੌਲੁਸ ਨੇ ਤਨੋਂ ਮਨੋਂ ਹੋ ਕੇ ਮਿਹਨਤ ਨਾਲ ਪ੍ਰਾਰਥਨਾ ਕੀਤੀ। ਯਕੀਨੀ ਤੌਰ ਤੇ, ਇਸ ਮਹਾਨ ਸੇਵਕਾਈ ਨਾਲ, ਅਤੇ ਉਨ੍ਹਾਂ ਕਿਤਾਬਾਂ ਦੇ ਦੁਆਰਾ ਜੋ ਉਸਨੇ ਲਿਖੀਆਂ ਸਨ, ਉਸ ਲਈ ਪ੍ਰਾਰਥਨਾ ਲਈ ਸਮਾਂ ਕੱਢਣਾ ਅਸਾਨ ਨਹੀਂ ਸੀ, ਅਤੇ ਫਿਰ ਵੀ ਉਸਨੇ ਇਹ ਵਚਨ ਲਿਖੇ- "ਹਮੇਸ਼ਾ ਬੜੀ ਲਗਨ ਨਾਲ ਤੁਹਾਡੇ ਲਈ ਪ੍ਰਾਰਥਨਾ ਕਰਦਾ ਹਾਂ।"

ਕੁਲੁੱਸੀਆਂ 4:12 ਇਪਫ੍ਰਾਸ, ਮਸੀਹ ਯਿਸੂ ਦਾ ਦਾਸ ਜਿਹੜਾ ਤੁਹਾਡੇ ਵਿੱਚੋਂ ਹੈ, ਤੁਹਾਡੀ ਸੁੱਖਸਾਂਦ ਪੁੱਛਦਾ ਹੈ, ਅਤੇ ਉਹ ਆਪਣੀਆਂ ਪ੍ਰਾਰਥਨਾ ਵਿੱਚ ਸਦਾ ਤੁਹਾਡੇ ਲਈ ਵੱਡਾ ਯਤਨ ਕਰਦਾ ਹੈ, ਭਈ ਤੁਸੀਂ ਪਰਮੇਸ਼ੁਰ ਦੀ ਸਾਰੀ ਇੱਛਿਆ ਵਿੱਚ ਸਿੱਧ ਅਤੇ ਪੱਕੇ ਹੋ ਕੇ ਟਿਕੇ ਰਹੋ।

® *ਸੰਘਰਸ਼ ਕਰਨਾ*

ਪੌਲੁਸ ਨੇ "ਸੰਘਰਸ਼" ਸ਼ਬਦ ਵਰਤਿਆ ਹੈ। ਪ੍ਰਤਿਯੋਗਤਾ ਕਰਨ ਲਈ ਜ਼ਿਆਦਾ ਕੋਸ਼ਿਸ਼ ਕਰਨਾ ਤਾਕਤ ਲਗਾਉਣਾ, ਜਾਂ ਜੋਸ਼ ਨਾਲ ਲੜਨਾ ਜਾਂ ਸੰਘਰਸ਼ ਕਰਨਾ ਨਹੀਂ ਹੈ। ਪੌਲੁਸ ਕਿਸੇ ਤਰ੍ਹਾਂ ਦੀ ਨੀਮ-ਗਰਮ ਪ੍ਰਾਰਥਨਾ ਨਹੀਂ ਚਾਹੁੰਦਾ ਸੀ, "ਸ਼ਾਇਦ ਜੇਕਰ ਇਹ ਤੁਹਾਡੀ ਮਰਜ਼ੀ ਹੈ।" ਪੌਲੁਸ ਇੱਕ ਯੁੱਧ ਵਿੱਚ ਸੀ ਅਤੇ ਉਸਨੇ ਆਪਣੇ ਭਾਈਆਂ ਅੱਗੇ ਬੇਨਤੀ ਕੀਤੀ ਕਿ ਪ੍ਰਾਰਥਨਾ ਵਿੱਚ ਉਹ ਉਸਦੇ ਨਾਲ ਸੰਘਰਸ਼ ਕਰਨ।

ਰੋਮੀਆਂ 15:30 ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਮਿੱਤ, ਅਰ ਆਤਮਾ ਦੇ ਪ੍ਰੇਮ ਦੇ ਨਮਿੱਤ, ਮੈਂ ਤੁਹਾਡੀ ਮਿੰਨਤ ਕਰਦਾ ਹਾਂ ਜੋ ਤੁਸੀਂ ਪਰਮੇਸ਼ੁਰ ਦੇ ਅੱਗੇ ਮੇਰੇ ਲਈ ਪ੍ਰਾਰਥਨਾ ਕਰਨ ਵਿੱਚ ਮੇਰੇ ਨਾਲ ਯਤਨ ਕਰੋ।

® *ਯਾਤਰਾ*

ਯਾਤਰਾ ਸ਼ਬਦ ਨੂੰ ਬਾਈਬਲ ਦੇ ਕਿੰਗ ਜੇਮਜ਼ ਵਰਜਨ ਵਿੱਚ ਬਹੁਤ ਜ਼ਿਆਦਾ ਵਰਤਿਆ ਗਿਆ ਹੈ, ਫਿਰ ਨਵਿਆਂ ਅਨੁਵਾਦਾਂ ਵਿੱਚ। ਇਸ ਸ਼ਬਦ ਦਾ ਅਨੁਵਾਦ ਕਠੋਰ ਮਿਹਨਤ ਵਿੱਚ ਕੀਤਾ ਗਿਆ, ਜਦੋਂ ਇੱਕ ਔਰਤ ਜਨਮ ਦਿੰਦੀ ਹੈ ਉਨ੍ਹਾਂ ਸਮਿਆਂ ਤੋਂ ਇਲਾਵਾ,

ਜਿਸਦਾ ਅਰਥ ਹੈ ਸਖਤ ਮਿਹਨਤ, ਸਖ਼ਤ ਅਤੇ ਲੰਬੇ ਸਮੇਂ ਤੱਕ ਕੰਮ ਕਰਨਾ। ਪੌਲੁਸ ਰਸੂਲ ਗਲਾਤੀਆਂ ਦੇ ਵਿਸ਼ਵਾਸੀਆਂ ਨੂੰ ਲਿਖਦਾ ਹੈ ਕਿ ਜਦੋਂ ਤੱਕ ਉਨ੍ਹਾਂ ਵਿੱਚ ਮਸੀਹ ਦਾ ਰੂਪ ਨਾ ਬਣ ਜਾਵੇ, ਉਹ ਉਨ੍ਹਾਂ ਲਈ ਜਣਨ ਦੀਆਂ ਪੀੜ੍ਹਾਂ ਨਾਲ ਪੀੜਤ ਹੈ। ਇਹੋ ਇੱਕ ਆਇਤ ਹੈ ਜਿਸਦਾ ਅਰਥ ਪ੍ਰਾਰਥਨਾ ਹੈ ਜਿਵੇਂ ਪ੍ਰਸਵ ਪੀੜਾਂ ਦੂਜੇ ਨੂੰ ਜਨਮ ਦੇਣ ਲਈ ਹੁੰਦੀ ਹੈ ਅਤੇ ਇਹ ਵਿਸ਼ਵਾਸੀਆਂ ਲਈ ਲਿਖਿਆ ਗਿਆ ਹੈ।

ਗਲਾਤੀਆਂ 4:19 ਹੇ ਮੇਰੇ ਬੱਚਿਓ, ਜਿੰਨਾ ਚਿਰ ਤੁਹਾਡੇ ਵਿੱਚ ਮਸੀਹ ਸੂਰਤ ਨਾ ਫੜ ਲੈ ਮੈਨੂੰ ਤੁਹਾਡੇ ਲਈ ਫੇਰ ਪੀੜ੍ਹਾਂ ਲੱਗੀਆਂ ਹੋਈਆਂ ਹਨ।

ਇੱਕ ਵਾਰ ਜਦੋਂ ਜਣਨ ਦੀਆਂ ਪੀੜਾਂ ਸ਼ੁਰੂ ਹੋ ਜਾਂਦੀਆਂ ਹਨ, ਤਾਂ ਉਹ ਤਦ ਤੱਕ ਲੱਗੀਆਂ ਰਹਿੰਦੀਆਂ ਹਨ ਜਦੋਂ ਤੱਕ ਬੱਚਾ ਪੈਦਾ ਨਹੀਂ ਹੋ ਜਾਂਦਾ। ਪ੍ਰਾਰਥਨਾ ਵਿੱਚ ਸੰਘਰਸ਼ ਕਰਨ ਦਾ ਅਰਥ ਹੈ ਲਗਾਤਾਰ ਬੜੀ ਭੁੱਖ-ਪਿਆਸ ਨਾਲ ਕੋਸ਼ਿਸ਼ ਕਰਨਾ ਜਦੋਂ ਤੱਕ ਕਿ ਯੁੱਧ ਜਿੱਤਿਆ ਨਹੀਂ ਜਾਂਦਾ।

® *ਭਾਲ ਕਰਨਾ*

ਸਾਨੂੰ ਪੂਰੇ ਦਿਲ ਨਾਲ ਪਰਮੇਸ਼ੁਰ ਨੂੰ ਭਾਲਣਾ ਚਾਹੀਦਾ ਹੈ। ਮੂਸਾ ਨੇ ਆਪਣੇ ਲੋਕਾਂ ਲਈ ਭਵਿੱਖਬਾਣੀ ਕੀਤੀ ਕਿ ਉਹ ਪੂਰੇ ਦਿਲ ਨਾਲ ਮੈਨੂੰ ਭਾਲਣਗੇ।

ਬਿਵਸਥਾ ਸਾਰ 4:29 "ਫੇਰ ਤੁਸੀਂ ਉੱਥੇ ਯਹੋਵਾਹ ਆਪਣੇ ਪਰਮੇਸ਼ੁਰ ਦੀ ਭਾਲ ਕਰੋਗੇ, ਅਤੇ ਤੁਸੀਂ ਉਹ ਨੂੰ ਪਾਓਗੇ ਜਦ ਆਪਣੇ ਸਾਰੇ ਹਿਰਦੇ ਨਾਲ ਅਤੇ ਆਪਣੇ ਸਾਰੇ ਮਨ ਨਾਲ ਢੂੰਡ ਕਰੋਗੇ।"

ਯਿਰਮਿਯਾਹ ਨੇ ਵੀ ਉਹੀ ਚੀਜ਼ ਬਿਆਨ ਕੀਤੀ।

ਯਿਰਮਿਯਾਹ 29:12,13 ਤਦ ਤੁਸੀਂ ਮੈਨੂੰ ਪੁਕਾਰੋਗੇ ਅਤੇ ਜਾ ਕੇ ਮੈਥੋਂ ਪ੍ਰਾਰਥਨਾ ਕਰੋਗੇ, ਤੇ ਮੈਂ ਤੁਹਾਡੀ ਸੁਣਾਂਗਾ। ਤੁਸੀਂ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਗੇ।

ਦਾਊਦ ਸਹਿਮਤ ਸੀ।

ਜ਼ਬੂਰ 119:2 ਧੰਨ ਉਹ ਹਨ ਜਿਹੜੇ ਉਹ ਦੀਆਂ ਸਾਖੀਆਂ ਨੂੰ ਮੰਨਦੇ, ਅਤੇ ਤਨੋਂ ਮਨੋਂ ਉਹ ਨੂੰ ਭਾਲਦੇ ਹਨ।

ਪ੍ਰਾਰਥਨਾ ਅਤੇ ਵਰਤ

ਕੀ ਅਸੀਂ ਬਹੁਤ ਵਰਤ ਰੱਖੀਏ?

ਕੀ ਵਰਤ ਰੱਖਣਾ ਇੱਕ ਪੁਰਾਣੇ ਨਿਯਮ ਦੇ ਵਾਇਦੇ ਦੇ ਅਨੁਸਾਰ ਹੈ, ਅਤੇ ਹੁਣ ਅਸੀਂ ਦਯਾ ਦੇ ਯੁੱਗ ਵਿੱਚ ਹਾਂ, ਤਾਂ ਸਾਨੂੰ ਇਸਦੀ ਲੋੜ ਨਹੀਂ ਹੈ? ਯਿਸੂ ਨੇ ਕਿਹਾ ਕਿ ਚੇਲੇ ਵਰਤ ਰੱਖਣਗੇ। ਉਸਨੇ ਇਹ ਨਹੀਂ ਕਿਹਾ ਕਿ ਜੇਕਰ।

ਲੂਕਾ 5:35 "ਪਰ ਉਹ ਦਿਨ ਆਉਣਗੇ ਜਦ ਲਾੜਾ ਉਨ੍ਹਾਂ ਕੋਲੋਂ ਅੱਡ ਕੀਤਾ ਜਾਵੇਗਾ, ਤਦ ਉਨ੍ਹੀਂ ਦਿਨੀਂ ਉਹ ਵਰਤ ਰੱਖਣਗੇ।"

ਜਦੋਂ ਦੁਸ਼ਟਾਤਮਾਵਾਂ ਮਿਰਗੀ ਵਾਲੇ ਮੁੰਡੇ ਨੂੰ ਨਹੀਂ ਛੱਡ ਰਹੀਆਂ ਸਨ, ਯਿਸੂ ਮਸੀਹ ਨੇ ਇਸਦਾ ਕਾਰਨ ਦੁਹਰਾ ਹੈ

ਮੱਤੀ 17:20ੳ, 21 ਉਸ ਨੇ ਉਨ੍ਹਾਂ ਨੂੰ ਕਿਹਾ, "ਆਪਣੀ ਘੱਟ ਨਿਹਚਾ ਦੇ ਕਾਰਨ: ... ਪਰ ਇਸ ਤਰ੍ਹਾਂ ਦੀ ਪ੍ਰਾਰਥਨਾ ਅਤੇ ਵਰਤ ਤੋਂ ਬਿਨ੍ਹਾਂ ਨਹੀਂ ਨਿਕਲਦੀ।"

ਵਰਤ ਸੰਬੰਧੀ ਗਲਤ ਵਿਚਾਰ

ਪ੍ਰਾਰਥਨਾ ਸੰਬੰਧੀ ਬੁਰੇ ਉਦੇਸ਼

ਅਸੀਂ ਇਸ ਲਈ ਵਰਤ ਨਹੀਂ ਰੱਖਦੇ ਹਾਂ ਕਿ ਅਸੀਂ ਇਸਦੇ ਰਾਹੀਂ ਇਹ ਕੋਸ਼ਿਸ਼ ਕਰ ਸਕੀਏ ਕਿ ਪਰਮੇਸ਼ੁਰ ਸਾਡੀ ਸੁਣੇ। ਯਸਾਯਾਹ ਇਸ ਤਰ੍ਹਾਂ ਦੇ ਗਲਤ ਕਿਸਮ ਦੇ ਵਰਤ ਬਾਰੇ ਦੱਸਦਾ ਹੈ।

ਯਸਾਯਾਹ 58:3,4 ਅਸਾਂ ਕਿਉਂ ਵਰਤ ਰੱਖਿਆ, 'ਅਤੇ ਤੂੰ ਵੇਖਦਾ ਨਹੀਂ? ਅਸਾਂ ਕਿਉਂ ਆਪਣੀਆਂ ਜਾਨਾਂ ਨੂੰ ਦੁੱਖ ਦਿੱਤਾ, ਅਤੇ ਤੂੰ ਖਿਆਲ ਨਹੀਂ ਕਰਦਾ?'

"ਵੇਖੋ, ਵਰਤ ਦੇ ਦਿਨ ਤੁਸੀਂ ਆਪਣੀ ਖੁਸ਼ੀ ਲੱਭਦੇ ਹੋ, ਅਤੇ ਆਪਣੇ ਸਾਰੇ ਕਾਮਿਆਂ ਨੂੰ ਧੱਕੀ ਫਿਰਦੇ ਹੋ। ਵੇਖੋ ਤੁਸੀਂ ਝਗੜੇ ਰਗੜੇ ਲਈ, ਅਤੇ ਬੁਰਿਆਈ ਦੇ ਹੂਰੇ ਮਾਰਨ ਲਈ ਵਰਤ ਰੱਖਦੇ ਹੋ। ਅੱਜ ਜਿਹੇ ਵਰਤ ਰੱਖਣ ਨਾਲ, ਤੁਸੀਂ ਆਪਣੀ ਅਵਾਜ਼ ਉੱਚਿਆਈ ਤੋਂ ਨਹੀਂ ਸੁਣਾਓਗੇ।"

ਜੇਕਰ ਸਾਡੇ ਜੀਵਨਾਂ ਦੇ ਦੂਜੇ ਖੇਤਰ ਪਰਮੇਸ਼ੁਰ ਦੇ ਮਨ ਭਾਉਂਦੇ ਨਾ ਹੋਣ ਤਾਂ ਅਸੀਂ ਵਰਤ ਨਹੀਂ ਸਕਦੇ ਹਾਂ।

ਪਰਮੇਸ਼ੁਰ ਉਸ ਕਿਸਮ ਦੇ ਵਰਤ ਬਾਰੇ ਦੱਸਦਾ ਹੈ ਜੋ ਉਸਨੂੰ ਪਸੰਦ ਹੈ।

ਯਸਾਯਾਹ 58:6,7 "ਜਿਹੜਾ ਵਰਤ ਮੈਂ ਚੁਣਿਆ ਕੀ ਇਹ ਨਹੀਂ ਹੈ: ਭਈ ਤੁਸੀਂ ਬਦੀ ਦੇ ਬੰਧਨਾਂ ਨੂੰ ਖੋਲ੍ਹੋ, ਅਤੇ ਜੂਲੇ ਦੇ ਬੰਦਾਂ ਨੂੰ ਤੋੜੋ, ਦਬੈਲਾਂ ਨੂੰ ਛੁਡਾਓ, ਅਤੇ ਹਰ ਜੂਲੇ ਨੂੰ ਭੰਨ ਸੁੱਟੋ? ਕੀ ਏਹ ਨਹੀਂ ਭਈ ਤੁਸੀਂ ਆਪਣੀ ਰੋਟੀ ਭੁੱਖਿਆਂ ਨੂੰ ਵੰਡ ਦਿਓ, ਅਤੇ ਬੇਘਰੇ ਮਸਕੀਨਾਂ ਨੂੰ ਆਪਣੇ ਘਰ ਲਿਆਓ, ਜਦ ਤੁਸੀਂ ਨੰਗੇ ਨੂੰ ਵੇਖੋ, ਤਾਂ ਉਸ ਨੂੰ ਕੱਜੋ, ਅਤੇ ਆਪਣੇ ਸਾਥੀਆਂ ਤੋਂ ਆਪਣਾ ਮੂੰਹ ਨਾ ਲੁਕਾਓ?"

ਚਾਰ ਪ੍ਰਕਾਰ ਦੇ ਵਰਤ

ਪਵਿੱਤਰ ਬਾਈਬਲ ਵਿੱਚ ਚਾਰ ਪ੍ਰਕਾਰ ਦੇ ਵਰਤ ਬਾਰੇ ਦੱਸਿਆ ਹੋਇਆ ਹੈ।

® *ਅਧੂਰਾ ਵਰਤ*

ਦਾਨੀਏਲ ਦਾ ਵਰਤ ਇਹ ਸੀ ਕਿ ਸਵਾਦਿਸ਼ਟ ਭੋਜਨ ਨਾ ਖਾਣਾ, ਨਾ ਮੀਟ ਨਾ ਸ਼ਰਾਬ।

ਦਾਨੀਏਲ 10:2,3 ਮੈਂ ਦਾਨੀਏਲ, ਉਨ੍ਹਾਂ ਦਿਨਾਂ ਵਿੱਚ, ਤਿੰਨ ਸਾਤਿਆ ਤੋੜੀ ਸੋਗ ਕਰਦਾ ਰਿਹਾ। ਮੈਂ ਸੁਆਦ ਦੀ ਰੋਟੀ ਨਾ ਖਾਧੀ, ਅਰ ਮੇਰੇ ਮੂੰਹ ਵਿੱਚ ਮਾਸ ਅਰ ਸ਼ਰਾਬ ਨਾ ਪਏ, ਅਤੇ ਮੈਂ ਆਪਣੇ ਉੱਤੇ ਤੇਲ ਨਾ ਮਲਿਆ, ਐਥੋਂ ਤੀਕਰ ਜੋ ਤਿੰਨ ਸਾਤੇ ਪੂਰੇ ਲੰਘ ਗਏ।

® *ਸਧਾਰਨ ਵਰਤ*

ਇਹ ਅਜਿਹਾ ਵਰਤ ਹੈ ਜਿਸ ਵਿੱਚ ਤੁਸੀਂ ਭੋਜਨ ਨਹੀਂ ਖਾਂਦੇ, ਪਰ ਪਾਣੀ ਜਾਂ ਸ਼ਰਬਤ ਪੀਂਦੇ ਹੋ। ਇਹ ਲੰਬੇ ਵਰਤ ਲਈ ਸਧਾਰਨ ਹੈ।

ਯਿਸੂ

ਯਿਸੂ ਮਸੀਹ ਆਤਮਾ ਦੀ ਅਗਵਾਈ ਨਾਲ ਉਜਾੜ ਸਥਾਨ ਵੱਲ ਗਿਆ ਅਤੇ ਉੱਥੇ ਜਾ ਕੇ ਚਾਲੀ ਦਿਨ ਵਰਤ ਰੱਖਿਆ। ਇਸ ਵਰਤ ਦੇ ਸਮੇਂ, ਸਾਨੂੰ ਕਿਹਾ ਗਿਆ ਹੈ ਕਿ ਉਸਨੇ ਕੁਝ ਵੀ ਨਹੀਂ ਖਾਧਾ।

ਲੂਕਾ 4:1,2 ਤਾਂ ਯਿਸੂ ਪਵਿੱਤਰ ਆਤਮਾ ਨਾਲ ਭਰਪੂਰ ਹੋ ਕੇ ਯਰਦਨ ਤੋਂ ਮੁੜਿਆ, ਅਰ ਆਤਮਾ ਦੀ ਅਗਵਾਈ ਨਾਲ ਚਾਲੀਆਂ ਦਿਨਾਂ ਤੋੜੀ ਉਜਾੜ ਵਿੱਚ ਫਿਰਦਾ

ਰਿਹਾ, ਅਤੇ ਸ਼ੈਤਾਨ ਉਹ ਨੂੰ ਪਰਤਾਉਂਦਾ ਸੀ। ਅਰ ਉਨ੍ਹੀਂ ਦਿਨੀਂ ਉਹ ਨੇ ਕੁਝ ਨਾ ਖਾਧਾ, ਅਰ ਜਦ ਉਹ ਦਿਨ ਪੂਰੇ ਹੋ ਗਏ, ਤਾਂ ਉਹ ਨੂੰ ਭੁੱਖ ਲੱਗੀ।

ਅਲੌਕਿਕ ਵਰਤ

ਸਾਨੂੰ ਦੋ ਅਲੌਕਿਕ ਵਰਤਾਂ ਬਾਰੇ ਦੱਸਿਆ ਗਿਆ ਹੈ, ਪਰ ਇਹ ਅੱਜ ਦੇ ਸਮੇਂ ਵਿੱਚ ਸਾਡੇ ਲਈ ਸਧਾਰਨ ਨਮੂਨਾ ਨਹੀਂ ਹੈ।

ਏਲੀਆ

ਏਲੀਆ ਦਾ ਵਰਤ ਵੱਖ ਤਰ੍ਹਾਂ ਦਾ ਸੀ ਉਸਨੂੰ ਅਦੁੱਤੀ ਤਰੀਕੇ ਨਾਲ ਭੋਜਨ ਦਿੱਤਾ ਗਿਆ ਅਤੇ ਫਿਰ ਉਸੇ ਭੋਜਨ ਅਤੇ ਪਾਣੀ ਤੋਂ ਪ੍ਰਾਪਤ ਹੋਈ ਤਾਕਤ ਨਾਲ ਉਹ ਚਾਲੀ ਦਿਨ ਅਤੇ ਚਾਲੀ ਰਾਤਾਂ ਚੱਲਦਾ ਫਿਰਦਾ ਰਿਹਾ।

1 ਰਾਜਿਆਂ 19:5-8 ਤਾਂ ਉਹ ਰਤਮੇ ਦੇ ਰੁੱਖ ਹੇਠ ਲੰਮਾ ਪੈ ਗਿਆ, ਅਤੇ ਉਹ ਸੌਂ ਗਿਆ ਤਾਂ ਵੇਖੋ ਇੱਕ ਦੂਤ ਉਸ ਨੂੰ ਟੁੰਬ ਰਿਹਾ ਸੀ, ਅਤੇ ਆਖਦਾ ਸੀ, "ਕਿ ਉੱਠ ਅਤੇ ਖਾਹ।" ਜਦ ਉਹ ਨੇ ਡਿੱਠਾ, ਤਾਂ ਵੇਖੋ, ਅੰਗਿਆਰਾਂ ਉੱਤੇ ਪੱਕੀ ਹੋਈ ਇੱਕ ਰੋਟੀ, ਅਤੇ ਪਾਣੀ ਦੀ ਇੱਕ ਸੁਰਾਹੀ ਉਸ ਦੇ ਸਰ੍ਹਾਣੇ ਪਈ ਹੋਈ ਸੀ। ਤਾਂ ਉਹ ਖਾ ਪੀ ਕੇ, ਫੇਰ ਲੰਮਾ ਪੈ ਗਿਆ।

ਯਹੋਵਾਹ ਦਾ ਦੂਤ ਉਸ ਦੇ ਕੋਲ ਫੇਰ ਆਇਆ, ਅਤੇ ਉਸ ਨੂੰ ਟੁੰਬ ਕੇ ਆਖਿਆ, "ਉੱਠ ਕੇ ਖਾ ਲੈ, ਕਿਉਂ ਜੋ ਪੰਧ ਤੇਰੇ ਲਈ ਬਹੁਤ ਲੰਮਾ ਹੈ।" ਉਸ ਨੇ ਉੱਠ ਕੇ, ਖਾਧਾ ਅਰ ਪੀਤਾ; ਤਾਂ ਉਹ ਉਸੇ ਭੋਜਨ ਦੇ ਬਲ ਨਾਲ, ਚਾਲੀ ਦਿਨ ਅਤੇ ਚਾਲੀ ਰਾਤਾਂ ਪਰਮੇਸ਼ੁਰ ਦੇ ਹੋਰੇਬ ਪਰਬਤ ਤੀਕ ਤੁਰਿਆ ਗਿਆ।

ਮੂਸਾ

ਮੂਸਾ ਨੇ ਪਹਾੜ ਉੱਤੇ ਚਾਲੀ ਦਿਨ ਅਤੇ ਚਾਲੀ ਰਾਤਾਂ ਵਰਤ ਰੱਖਿਆ ਅਤੇ ਪਰਮੇਸ਼ੁਰ ਨੇ ਉਸਨੂੰ ਅਸਲੀ ਦੱਸ ਹੁਕਮ ਦਿੱਤੇ...

ਬਿਵਸਥਾ ਸਾਰ 9:9 "ਜਦ ਮੈਂ ਪਹਾੜ ਉੱਤੇ ਪੱਥਰ ਦੀਆਂ ਪੱਟੀਆਂ ਲੈਣ ਨੂੰ ਚੜ੍ਹਿਆ, ਅਰਥਾਤ ਉਸ ਨੇਮ ਦੀਆਂ ਪੱਟੀਆਂ ਜਿਹੜਾ ਯਹੋਵਾਹ ਨੇ ਤੁਹਾਡੇ ਨਾਲ ਬੰਨ੍ਹਿਆ ਸੀ ਤਦ ਮੈਂ ਪਹਾੜ ਉੱਤੇ ਚਾਲੀ ਦਿਨ ਅਤੇ ਚਾਲੀ ਰਾਤਾਂ ਰਿਹਾ। ਮੈਂ ਨਾ ਰੋਟੀ ਖਾਧੀ ਨਾ ਪਾਣੀ ਪੀਤਾ।"

ਲੋਕਾਂ ਨੇ ਸੋਨੇ ਦੇ ਵੱਛੇ ਦੀ ਪੂਜਾ ਕੀਤੀ - ਦੱਸ ਹੁਕਮਾਂ ਵਾਲੇ ਪੱਥਰ ਤੋੜੇ ਗਏ ਸਨ - ਅਤੇ ਮੂਸਾ ਹੋਰ ਚਾਲੀ ਦਿਨ ਅਤੇ ਚਾਲੀ ਰਾਤਾਂ ਵਰਤ ਰੱਖਣ ਅਤੇ ਪ੍ਰਾਰਥਨਾ ਕਰਨ ਲਈ ਵਾਪਸ ਪਰਤ ਗਿਆ।

ਬਿਵਸਥਾਸਾਰ 9:18 "ਤਾਂ ਮੈਂ ਅੱਗੇ ਵਾਂਗੂੰ ਯਹੋਵਾਹ ਦੇ ਅੱਗੇ, ਚਾਲੀ ਦਿਨ ਅਤੇ ਚਾਲੀ ਰਾਤਾਂ ਪਿਆ ਰਿਹਾ, ਨਾ ਮੈਂ ਰੋਟੀ ਖਾਧੀ ਨਾ ਮੈਂ ਪਾਣੀ ਪੀਤਾ, ਤੁਹਾਡੇ ਸਾਰੇ ਪਾਪਾਂ ਦੇ ਕਾਰਨ ਜਿਹੜੇ ਤੁਸਾਂ ਕੀਤੇ, ਜਦ ਤੁਸਾਂ ਯਹੋਵਾਹ ਦੀ ਨਿਗਾਹ ਵਿੱਚ ਬੁਰਿਆਈ ਕੀਤੀ ਅਤੇ ਸੋ ਉਸ ਨੂੰ ਗੁੱਸਾ ਚੜ੍ਹਾਇਆ।"

ਮੂਸਾ ਦਾ ਇਹ ਅੱਸੀਆਂ ਦਿਨਾਂ ਦਾ ਵਰਤ ਪਰਮੇਸ਼ੁਰ ਦੀ ਹਜ਼ੂਰੀ ਦੀ ਮਹਿਮਾ ਦੇ ਵਿੱਚ ਹੋਇਆ ਅਤੇ ਇਹ ਇੱਕ ਫੈਲੇ ਹੋਏ ਅੱਜ ਦੇ ਸੰਪੂਰਨ ਵਰਤ ਤੋਂ ਅਲੱਗ ਹੈ।

® *ਸੰਪੂਰਨ ਵਰਤ*

ਸੰਪੂਰਨ ਵਰਤ ਅਕਸਰ ਮਿਆਦ ਵਿੱਚ ਘੱਟ ਹੁੰਦੇ ਹਨ ਅਤੇ ਇਸ ਵਿੱਚ ਤੁਸੀਂ ਕੋਈ ਭੋਜਨ ਜਾਂ ਤਰਲ ਪਦਾਰਥ ਨਹੀਂ ਪੀ ਸਕਦੇ ਹੋ।

ਨੀਨਵਾਹ ਦੇ ਲੋਕ

ਜਦੋਂ ਯੂਨਾਹ ਨੀਨਵਾਹ ਵਿੱਚ ਆਇਆ, ਉਸਦਾ ਸੰਦੇਸ਼ ਇਹ ਸੀ ਕਿ ਚਾਲੀ ਦਿਨਾਂ ਦੇ ਅੰਦਰ ਇਹ ਸ਼ਹਿਰ ਨਾਸ਼ ਹੋਣ ਜਾ ਰਿਹਾ ਹੈ। ਲੋਕਾਂ ਨੇ ਉੱਥੇ ਇੱਕ ਸੰਪੂਰਨ ਵਰਤ ਸ਼ੁਰੂ ਕਰ ਦਿੱਤਾ। ਪਰਮੇਸ਼ੁਰ ਨੇ ਉਨ੍ਹਾਂ ਦੇ ਪਸ਼ਚਾਤਾਪ ਨੂੰ ਵੇਖਿਆ ਅਤੇ ਉਸ ਸ਼ਹਿਰ ਨੂੰ ਨਾਸ਼ ਨਾ ਕੀਤਾ।

ਯੂਨਾਹ 3:7ਅ-10 "ਨਾ ਆਦਮੀ ਨਾ ਪਸ਼ੂ, ਨਾ ਵਗ, ਨਾ ਇੱਜੜ, ਕੁਝ ਚੱਖਣ, ਓਹ ਨਾ ਖਾਣ, ਨਾ ਪਾਣੀ ਪੀਣ। ਪਰ ਆਦਮੀ ਅਰ ਪਸ਼ੂ ਤੱਪੜਾਂ ਨਾਲ ਢੱਕੇ ਹੋਏ ਹੋਣ, ਅਤੇ ਪਰਮੇਸ਼ੁਰ ਦੇ ਅੱਗੇ ਜ਼ੋਰ ਲਾ ਕੇ ਤਰਲੇ ਕਰਨ; ਸਭ ਕੋਈ ਆਪੋ ਆਪਣੇ ਭੈੜੇ ਰਾਹ ਤੋਂ ਅਤੇ ਆਪੋ ਆਪਣੇ ਜ਼ੁਲਮ ਤੋਂ ਜੋ ਉਹ ਕਰ ਰਹੇ ਹਨ ਮੂੰਹ ਮੋੜਨ। ਕੀ ਜਾਣੀਏ ਜੋ ਪਰਮੇਸ਼ੁਰ ਮੁੜੇ, ਅਤੇ ਪਛਤਾਵੇ ਅਤੇ ਆਪਣੇ ਤੱਤੇ ਕ੍ਰੋਧ ਤੋਂ ਹਟੇ, ਭਈ ਅਸੀਂ ਨਾਸ਼ ਨਾ ਹੋਈਏ?"

ਜਦ ਪਰਮੇਸ਼ੁਰ ਨੇ ਓਹਨਾਂ ਦੇ ਕੰਮਾਂ ਨੂੰ ਡਿੱਠਾ, ਕਿ ਉਹ ਆਪਣੇ ਭੈੜੇ ਰਾਹ ਤੋਂ ਮੁੜ ਪਏ ਹਨ; ਤਦ ਪਰਮੇਸ਼ੁਰ ਉਸ ਬੁਰਿਆਈ ਤੋਂ ਪਛਤਾਇਆ ਜੋ ਉਸ ਆਖਿਆ ਸੀ ਕਿ ਉਹ ਓਹਨਾਂ ਨਾਲ ਕਰੇਗਾ, ਅਤੇ ਉਸ ਨੇ ਉਹ ਨਹੀਂ ਕੀਤੀ।

ਰਾਣੀ ਅਸਤਰ ਅਤੇ ਸ਼ੂਸਨ ਦੇ ਸਾਰੇ ਯਹੂਦੀ

ਜਦੋਂ ਰਾਣੀ ਅਸਤਰ ਨੇ ਆਪਣੇ ਲੋਕਾਂ ਦੇ ਨਾਲ ਹੋ ਰਹੇ ਵਰਤਾਵ ਬਾਰੇ ਸੁਣਿਆ, ਤਾਂ ਉਸਨੇ ਕਿਹਾ ਕਿ ਉਹ ਸਾਰੇ ਲੋਕ ਤਿੰਨ ਦਿਨਾਂ ਦਾ ਵਰਤ ਰੱਖਣ ਅਤੇ ਉਹ ਅਤੇ ਉਸਦੀਆਂ ਦਾਸੀਆਂ ਵੀ ਇਸੇ ਤਰ੍ਹਾਂ ਹੀ ਕਰਨਗੇ। ਵਰਤ ਰੱਖਣ ਤੋਂ ਬਾਅਦ, ਉਸਨੂੰ ਰਾਜਾ ਦੇ ਕੋਲ ਜਾਣਾ ਸੀ।

ਅਸਤਰ 4:16 "ਕਿ ਜਾ, ਅਤੇ ਸ਼ੂਸ਼ਨ ਵਿੱਚ ਜਿੰਨ੍ਹੇ ਯਹੂਦੀ ਹਨ, ਉਨ੍ਹਾਂ ਨੂੰ ਇਕੱਠਾ ਕਰ ਅਤੇ ਤੁਸੀਂ ਮੇਰੇ ਲਈ ਵਰਤ ਰੱਖੋ; ਅਤੇ ਤਿੰਨ ਦਿਨ ਤੱਕ ਦਿਨ ਰਾਤ ਨਾ ਕੁਝ ਖਾਣ ਨਾ ਪੀਣ। ਅਤੇ ਮੈਂ ਵੀ ਆਪਣੀਆਂ ਸਹੇਲੀਆਂ ਸਣੇ ਏਵੇਂ ਹੀ ਵਰਤ ਰੱਖਾਂਗੀ। ਅਤੇ ਇਉਂ ਹੀ ਮੈਂ ਪਾਤਸ਼ਾਹ ਦੇ ਕੋਲ ਜਾਵਾਂਗੀ, ਜਿਹੜਾ ਕਾਨੂੰਨ ਦੇ ਅਨੁਸਾਰ ਨਹੀਂ। ਜੇ ਮੈਂ ਮਿਟ ਗਈ ਤਾਂ ਮੈਂ ਮਿਟ ਗਈ।"

ਪੌਲੁਸ

ਪੌਲੁਸ ਦੀ ਯਿਸੂ ਮਸੀਹ ਨਾਲ ਦੰਮਿਸ਼ਕ ਦੇ ਰਾਹ ਉੱਤੇ ਮੁਲਾਕਾਤ ਹੋਣ ਤੋਂ ਬਾਅਦ, ਉਸਨੇ ਇੱਕ ਸੰਪੂਰਨ ਵਰਤ ਰੱਖਿਆ।

ਰਸੂਲਾਂ ਦੇ ਕਰਤੱਬ 9:9 ਅਤੇ ਉਹ ਤਿੰਨ ਦਿਨ ਅੰਨ੍ਹਾ ਰਿਹਾ, ਅਤੇ ਨਾ ਕੁਝ ਖਾਧਾ ਨਾ ਪੀਤਾ।

ਵਰਤ ਰੱਖਣ ਦੇ ਫਾਇਦੇ

® *ਦੁਸ਼ਟਾਤਮਾਵਾਂ ਨੱਠਦੀਆਂ ਹਨ*

ਮੱਤੀ 17:21 ਪਰ ਇਸ ਤਰ੍ਹਾਂ ਦੀ ਪ੍ਰਾਰਥਨਾ ਅਤੇ ਵਰਤ ਤੋਂ ਬਿਨ੍ਹਾਂ ਨਹੀਂ ਨਿਕਲਦੀ।"

® *ਦੇਸ਼ ਤੋਂ ਵਿਨਾਸ਼ ਹੱਟਦਾ ਹੈ।*

ਯੂਨਾਹ 3:10 ਜਦ ਪਰਮੇਸ਼ੁਰ ਨੇ ਓਹਨਾਂ ਦੇ ਕੰਮਾਂ ਨੂੰ ਡਿੱਠਾ, ਕਿ ਉਹ ਆਪਣੇ ਭੈੜੇ ਰਾਹ ਤੋਂ ਮੁੜ ਪਏ ਹਨ; ਤਦ ਪਰਮੇਸ਼ੁਰ ਉਸ ਬੁਰਿਆਈ ਤੋਂ ਪਛਤਾਇਆ ਜੋ ਉਸ ਆਖਿਆ ਸੀ ਕਿ ਉਹ ਓਹਨਾਂ ਨਾਲ ਕਰੇਗਾ, ਅਤੇ ਉਸ ਨੇ ਉਹ ਨਹੀਂ ਕੀਤੀ।

® *ਦਰਸ਼ਨ ਮਿਲਦੇ ਹਨ*

ਦਾਨੀਏਲ 10:5,6 ਅਤੇ ਮੈਂ ਅੱਖੀਆਂ ਉਘਾੜ ਕੇ ਡਿੱਠਾ, ਅਤੇ ਕੀ ਵੇਖਦਾ ਹਾਂ, ਜੋ ਇੱਕ ਮਨੁੱਖ ਸੂਤੀ ਲੀੜੇ ਪਾਏ ਹੋਏ, ਜਿਹ ਦੇ ਲੱਕ ਨਾਲ ਊਫ਼ਾਜ ਦੇ ਕੁੰਦਨ ਸੋਨੇ ਦੀ ਪੇਟੀ ਬੰਨ੍ਹੀ ਹੋਈ ਖਲ੍ਹੋਤਾ ਸੀ। ਉਹ ਦਾ ਸਰੀਰ ਬੈਰੂਜ਼ ਵਰਗਾ ਅਤੇ ਉਹ ਦਾ ਮੂੰਹ ਬਿਜਲੀ ਜਿਹਾ ਸੀ, ਅਤੇ ਉਹ ਦੀਆਂ ਅੱਖੀਆਂ ਦੋ ਜਗਦਿਆਂ ਦੀਵਿਆਂ ਵਰਗੀਆਂ ਸਨ, ਉਸ ਦੀਆਂ ਬਾਂਹਾਂ ਅਤੇ ਉਸ ਦੇ ਪੈਰ ਰੰਗਾਂ ਵਿੱਚ ਲਿਸ਼ਕਦੇ ਪਿੱਤਲ ਜਿਹੇ ਸਨ, ਅਤੇ ਉਸ ਦੀਆਂ ਗੱਲਾਂ ਕਰਨ ਦੀ ਅਵਾਜ਼ ਐਹੋ ਜਿਹੀ ਸੀ ਜਿਵੇਂ ਭੀੜ ਦੀ।

® *ਸਰੀਰਕ ਤੰਦਰੁਸਤੀ ਬਹਾਲ ਹੁੰਦੀ ਹੈ*

ਯਸਾਯਾਹ 58:6-8 "ਜਿਹੜਾ ਵਰਤ ਮੈਂ ਚੁਣਿਆ ਕੀ ਇਹ ਨਹੀਂ ਹੈ; ਭਈ ਤੁਸੀਂ ਬਦੀ ਦੇ ਬੰਧਨਾਂ ਨੂੰ ਖੋਲ੍ਹੋ, ਅਤੇ ਜੂਲੇ ਦੇ ਬੰਦਾਂ ਨੂੰ ਤੋੜੋ, ਦਬੈਲਾਂ ਨੂੰ ਛੁਡਾਓ, ਅਤੇ ਹਰ ਜੂਲੇ ਨੂੰ ਭੰਨ ਸੁੱਟੋ?

ਫੇਰ ਤੇਰਾ ਚਾਨਣ ਫ਼ਜਰ ਵਾਂਗੂੰ ਫੁੱਟ ਨਿੱਕਲੇਗਾ, ਅਤੇ ਤੇਰੀ ਤੰਦਰੁਸਤੀ ਛੇਤੀ ਉੱਘੜ ਪਵੇਗੀ, ਤੇਰਾ ਧਰਮ ਤੇਰੇ ਅੱਗੇ ਅੱਗੇ ਚੱਲੇਗਾ; ਯਹੋਵਾਹ ਦਾ ਪਰਤਾਪ ਤੇਰੇ ਪਿੱਛੇ ਰਾਖਾ ਹੋਵੇਗਾ।"

® *ਘਮੰਡ, ਦੀਨਤਾ ਵਿੱਚ ਬਦਲ ਜਾਂਦਾ ਹੈ*

ਜ਼ਬੂਰ 35:13 ਪਰ ਮੈਂ, ਜਦੋਂ ਉਹ ਬਿਮਾਰ ਸਨ, ਮੇਰਾ ਲਿਬਾਸ ਤੱਪੜ ਦਾ ਸੀ; ਮੈਂ ਵਰਤ ਰੱਖ ਕੇ ਆਪਣੀ ਜਾਨ ਨੂੰ ਦੁੱਖ ਦਿੱਤਾ; ਅਤੇ ਮੇਰੀ ਪ੍ਰਾਰਥਨਾ ਮੇਰੇ ਸੀਨੇ ਨੂੰ ਮੁੜ ਆਈ।

® *ਆਤਮਿਕ ਜਾਗ੍ਰਿਤੀ*

2 ਇਤਿਹਾਸ 7:14 "ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਕੇ, ਪ੍ਰਾਰਥਨਾ ਕਰੇ ਅਤੇ ਮੇਰੇ ਦਰਸ਼ਣ ਦੀ ਚਾਹਵੰਦ ਹੋਵੇ, ਅਤੇ ਆਪਣੇ ਭੈੜੇ ਰਾਹ ਤੋਂ ਮੁੜੇ, ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ, ਅਤੇ ਉਨ੍ਹਾਂ ਦੇ ਦੇਸ਼ ਨੂੰ ਬਹਾਲ ਕਰਾਂਗਾ।"

ਕੀ ਸਾਨੂੰ ਵਰਤ ਰੱਖਣਾ ਜ਼ਰੂਰੀ ਹੈ?

ਆਓ ਅਸੀਂ ਆਪਣੇ ਪ੍ਰਸ਼ਨ ਵੱਲ ਮੁੜੀਏ - ਕੀ ਸਾਨੂੰ ਵਰਤ ਰੱਖਣਾ ਚਾਹੀਦਾ ਹੈ? ਪਵਿੱਤਰ ਸ਼ਾਸਤਰ ਵਿੱਚ ਪਾਏ ਗਏ ਸਾਰੇ ਫਾਇਦਿਆਂ ਨੂੰ ਵੇਖਦੇ ਹੋਏ, ਸਾਨੂੰ ਵਰਤ ਰੱਖਣ ਦੀ ਲੋੜ ਕਿਉਂ ਨਹੀਂ ਹੈ?
ਯਿਸੂ ਨੇ ਸਾਨੂੰ ਕਿਹਾ ਹੈ ਕਿ ਗੁਪਤ ਵਿੱਚ ਵਰਤ ਰੱਖੋ।

ਮੱਤੀ 6:16-18 "ਅਤੇ ਜਾਂ, ਤੁਸੀਂ ਵਰਤ ਰੱਖੋ, ਤਾਂ ਕਪਟੀਆਂ ਵਾਂਗੂੰ ਮੂੰਹ ਉਦਾਸ ਨਾ ਬਣਾਓ, ਕਿਉਂ ਜੋ ਉਹ ਆਪਣੇ ਮੂੰਹ ਇਸ ਲਈ ਵਿਗਾਰਦੇ ਹਨ ਭਈ ਉਹ ਮਨੁੱਖਾਂ ਨੂੰ ਵਰਤੀ ਮਲੂਮ ਹੋਣ। ਮੈਂ ਤੁਹਾਨੂੰ ਸੱਤ ਆਖਦਾ ਹਾਂ, ਭਈ ਉਹ ਆਪਣਾ ਫਲ ਪਾ ਚੁੱਕੇ। ਪਰ ਜਾਂ ਤੂੰ, ਵਰਤ ਰੱਖੇਂ, ਤਾਂ ਆਪਣੇ ਸਿਰ ਉੱਤੇ ਤੇਲ ਲਾ, ਅਤੇ ਆਪਣਾ ਮੂੰਹ ਧੋ, ਤੂੰ ਮਨੁੱਖਾਂ ਨੂੰ ਨਹੀਂ, ਪਰ ਆਪਣੇ ਪਿਤਾ ਨੂੰ ਜਿਹੜਾ ਗੁਪਤ ਹੈ ਵਰਤੀ ਮਲੂਮ ਹੋਵੇ; ਅਤੇ ਤੇਰਾ ਪਿਤਾ ਜਿਹੜਾ ਗੁਪਤ ਵਿੱਚ ਵੇਖਦਾ ਹੈ ਤੈਨੂੰ ਫਲ ਦੇਵੇਗਾ।"

ਵਰਤ ਰੱਖਣ ਲਈ ਪ੍ਰਯੋਗਿਕ ਕਦਮ

ਕੁਝ ਪ੍ਰਯੋਗਿਕ ਚੀਜ਼ਾਂ ਜੋ ਜਾਨਣੀਆਂ ਚਾਹੀਦੀਆਂ ਹਨ ਉਹ ਹਨ:

- ਜਿੰਨਾ ਹੋ ਸਕੇ ਪਾਣੀ ਪੀਓ - ਇਹ ਜ਼ਰੂਰੀ ਹੈ।
- ਕੁਝ ਹੀ ਚੀਜ਼ਾਂ ਦਾ ਵਰਤ ਰੱਖਣ ਲਈ, ਹਲਕਾ ਭੋਜਨ ਖਾਓ ਜਿਵੇਂ ਤਾਜ਼ੇ ਫਲ। ਬਹੁਤ ਵਧੀਆ ਭੋਜਨ ਨਾ ਖਾਓ। ਪਾਣੀ, ਦੁੱਧ ਜਾਂ ਸ਼ਰਬਤ ਪੀਓ, ਤੁਸੀਂ ਸ਼ਾਇਦ

ਮਿਕਸ ਸ਼ਰਬਤ ਦੀ (ਖਾਸ ਤੌਰ ਤੇ ਮਿਟਰਸ) ਅੱਧਾ ਪਾਣੀ ਅਤੇ ਅੱਧਾ ਸ਼ਰਬਤ ਮਿਲਾ ਕੇ ਪੀਣਾ ਚਾਹੀਦਾ ਹੈ।

└ ਤੁਸੀਂ ਕਿੰਨਾ ਲੰਮਾ ਵਰਤ ਰੱਖੋਗੇ ਇਹ ਤੁਹਾਡੇ ਅਤੇ ਪਰਮੇਸ਼ੁਰ ਦੇ ਵਿਚਕਾਰ ਹੈ। ਕਿਉਂਕਿ ਵਰਤ ਰੱਖਣਾ ਇੱਕ ਵਾਇਦਾ, ਇੱਕ ਵਚਨ ... ਹੈ, ਇਸ ਨੂੰ ਹਲਕੀ ਭਾਵਨਾ ਨਾਲ ਨਾ ਲਵੋ। ਵਰਤ ਰੱਖਣ ਲਈ ਸਭ ਤੋਂ ਚੰਗਾ ਹੈ ਕਿ ਇੱਕ ਸਮੇਂ ਦੇ ਭੋਜਨ ਤੋਂ ਵਰਤ ਸ਼ੁਰੂ ਕਰੀਏ, ਜਾਂ ਇੱਕ ਦਿਨ ਸੂਰਜ ਡੁੱਬਣ ਤੋਂ ਸੂਰਜ ਡੁੱਬਣ ਤੱਕ, ਅਤੇ ਜ਼ਿਆਦਾ ਸਮਾਂ ਕੰਮ ਕਰੀਏ।

└ ਇੱਕ ਲੰਬੇ ਵਰਤ ਨੂੰ ਹੌਲੀ-ਹੌਲੀ ਖੋਲ੍ਹੋ, ਪਹਿਲਾਂ ਸ਼ਰਬਤ ਅਤੇ ਅੱਧ-ਕਠੋਰ ਭੋਜਨ ਨਾਲ।

Φ ਸਾਰ-ਇੱਕ ਕਾਮਯਾਬ ਪ੍ਰਾਰਥਨਾ ਦੇ ਜੀਵਨ ਵਿੱਚ ਪ੍ਰਵੇਸ਼ ਕਰਨਾ

ਸਫ਼ਲ ਪ੍ਰਾਰਥਨਾ ਕਰਨ ਲਈ, ਸਾਡੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੀ ਜੀਵਨ-ਸ਼ੈਲੀ ਨੂੰ ਨਿੱਜੀ ਤੌਰ ਤੇ ਪਰਮੇਸ਼ੁਰ ਨੂੰ ਜਾਨਣ ਵਾਲੇ ਬਣੀਏ। ਸਾਡੇ ਲਈ ਜ਼ਰੂਰੀ ਹੈ ਅਸੀਂ ਦ੍ਰਿੜਤਾ ਨਾਲ ਉਸਦਾ ਪਾਲਣ ਕਰੀਏ। ਇਹ ਉਸੇ ਤਰ੍ਹਾਂ ਹੈ ਜਿਵੇਂ ਕਈ ਸਾਲਾਂ ਤੋਂ ਸਾਡੀ ਮਿੱਤਰਤਾ ਹੋਵੇ। ਉਸ ਸਮੇਂ ਦੌਰਾਨ, ਅਸੀਂ ਚੰਗੀ ਤਰ੍ਹਾਂ ਸਮਝ ਜਾਂਦੇ ਹਾਂ ਕਿ ਉਹ ਕੀ ਸੋਚਦਾ ਹੈ, ਕੀ ਮਹਿਸੂਸ ਕਰਦਾ ਹੈ ਅਤੇ ਕਿਸੇ ਹਾਲਤ ਵਿੱਚ ਕਿਹੋ ਜਿਹਾ ਵਿਵਹਾਰ ਕਰਦਾ ਹੈ। ਜਿੰਨਾ ਅਸੀਂ ਪਰਮੇਸ਼ੁਰ ਦਾ ਪਾਲਣ ਕਰਾਂਗੇ ਉਨ੍ਹਾਂ ਹੀ ਚੰਗੇ ਤਰੀਕੇ ਨਾਲ ਅਸੀਂ ਜਾਣ ਸਕਾਂਗੇ ਕਿ ਉਸਦੀ ਇੱਛਾ ਨੂੰ ਕਿਵੇਂ ਪ੍ਰਾਰਥਨਾ ਕੀਤੀ ਜਾ ਸਕਦੀ ਹੈ।

ਪਰਮੇਸ਼ੁਰ ਚਾਹੁੰਦਾ ਹੈ ਕਿ ਲੋਕ ਆਪਣੇ ਆਲੇ-ਦੁਆਲੇ ਦੀਆਂ ਜ਼ਰੂਰਤਾਂ ਦਾ ਧਿਆਨ ਰੱਖਣ-ਦੂਜਿਆਂ ਨੂੰ ਵੀ ਅਸੀਂ ਪਰਮੇਸ਼ੁਰ ਬਾਰੇ ਜਾਣੂ ਕਰਵਾਉਣ ਲਈ ਕਾਮਨਾ ਕਰੀਏ। ਉਸਦੀ ਇੱਛਾ ਹੈ ਕਿ ਉਸਦੇ ਲੋਕ ਬਿਨ੍ਹਾਂ ਰੁਕੇ, ਗੰਭੀਰਤਾ ਪੂਰਵਕ, ਤੇਜ਼ੀ ਨਾਲ, ਅਤੇ ਲਗਾਤਾਰ ਪ੍ਰਾਰਥਨਾ ਕਰਦੇ ਰਹੀਏ। ਉਹ ਉਨ੍ਹਾਂ ਲੋਕਾਂ ਦੀ ਭਾਲ ਕਰਦਾ ਹੈ ਜੋ ਲੱਭਦੇ, ਮਿਹਨਤ ਕਰਦੇ ਅਤੇ ਮਿਹਨਤ ਨਾਲ ਪਰਮੇਸ਼ੁਰ ਦੀ ਇੱਛਾ ਪੂਰੀ ਕਰਨਾ ਚਾਹੁੰਦੇ ਹਨ।

ਪਰਮੇਸ਼ੁਰ ਨੇ ਵਰਤ ਰੱਖਣਾ ਇੱਕ ਮਹਾਨ ਹਥਿਆਰ ਸਾਨੂੰ ਮੁਹੱਈਆ ਕੀਤਾ ਹੈ, ਜਿਸਦੇ ਕਈ ਲਾਭ ਹਨ, ਇੱਕ ਅਜਿਹਾ ਤਰੀਕਾ ਜਿਸਦੇ ਨਾਲ ਸਾਡੀਆਂ ਦੇਹੀਆਂ ਅਤੇ ਆਤਮਾਵਾਂ ਚੇਤਨਾ ਵਿੱਚ ਆਉਂਦੇ ਹਨ ਅਤੇ ਉਸਦੇ ਰਾਜ ਦੇ ਅਧੀਨ ਹੋ ਸਕੀਏ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਸਫਲ ਪ੍ਰਾਰਥਨਾ ਦੇ ਕਿਹੜੇ ਚਾਰ ਕਦਮ ਹਨ? ਉਨ੍ਹਾਂ ਵਿੱਚ ਹਰ ਇੱਕ ਨੂੰ ਥੋੜ੍ਹਾ-ਥੋੜ੍ਹਾ ਦੱਸੋ।

2. ਵਰਤ ਰੱਖਣ ਦੇ ਲਾਭਾਂ ਦੀ ਸੂਚੀ ਬਣਾਓ।

3. ਜੇਕਰ ਤੁਸੀਂ ਪਹਿਲਾਂ ਕਦੀ ਵੀ ਵਰਤ ਨਹੀਂ ਰੱਖਿਆ, ਤਾਂ ਤੁਸੀਂ ਕਿਵੇਂ ਵਰਤ ਸ਼ੁਰੂ ਕਰੋਗੇ, ਤੁਹਾਡੇ ਉਦੇਸ਼ ਕਿਹੜੇ-ਕਿਹੜੇ ਹਨ?

ਵਿਸ਼ਵਾਸ ਦੀ ਅਵਾਜ਼

ਜਾਣ ਪਛਾਣ

ਆਪਣੀਆਂ ਪ੍ਰਾਰਥਨਾ ਦਾ ਉੱਤਰ ਪਾਉਣ ਲਈ ਸਾਨੂੰ ਜ਼ਰੂਰ ਵਿਸ਼ਵਾਸ ਨਾਲ ਪ੍ਰਾਰਥਨਾ ਕਰਨੀ ਚਾਹੀਦੀ ਹੈ। ਤਰਤੀਬ ਵਿੱਚ ਇਸਨੂੰ ਕਰਨ ਦੇ ਲਈ, ਸਾਨੂੰ ਜ਼ਰੂਰ ਸਮਝਣਾ ਚਾਹੀਦਾ ਹੈ ਅਤੇ ਵਿਸ਼ਵਾਸ ਨਾਲ ਭਰੇ ਹੋਏ ਲੋਕਾਂ ਵਾਂਗੂੰ ਹੋਣਾ ਪਵੇਗਾ।

ਅਸੀਂ ਵੇਖਦੇ ਹਾਂ ਨਵੇਂ ਨੇਮ ਵਿੱਚ (ਨਿਹਚਾ) ਸ਼ਬਦ ਇੱਕ ਸੌ ਤੀਹ ਵਾਰ ਤੋਂ ਜ਼ਿਆਦਾ ਆਇਆ ਹੈ। ਸ਼ਬਦ (ਵਿਸ਼ਵਾਸ) ਦੋ ਸੌ ਵੀਹ ਵਾਰ ਤੋਂ ਜ਼ਿਆਦਾ ਆਇਆ ਹੈ।

ਧਰਤੀ ਉੱਤੇ ਆਪਣੀ ਸੇਵਾ ਦੌਰਾਨ, ਯਿਸੂ ਨੇ ਵਿਸ਼ਵਾਸ ਨੂੰ ਅਹਿਮੀਅਤ ਦਿੱਤੀ।

ਉਸਨੇ ਕਿਹਾ,

"ਤੇਰੇ ਵਿਸ਼ਵਾਸ ਨੇ ਤੈਨੂੰ ਚੰਗਾ ਕੀਤਾ।"

"ਤੇਰੇ ਵਿਸ਼ਵਾਸ ਦੇ ਅਨੁਸਾਰ..."

"ਹੇ ਔਰਤ, ਤੇਰਾ ਵਿਸ਼ਵਾਸ ਵੱਡਾ ਹੈ"

"ਜੇਕਰ ਤੁਸੀਂ ਵਿਸ਼ਵਾਸ ਕਰੋ ਅਤੇ ਸ਼ੱਕ ਨਾ ਕਰੋ..."

"ਪਰਮੇਸ਼ੁਰ ਤੇ ਵਿਸ਼ਵਾਸ ਰੱਖੋ।"

ਉਸਨੇ ਇਹ ਵੀ ਕਿਹਾ,

"ਹੇ ਥੋੜ੍ਹੇ ਵਿਸ਼ਵਾਸ ਵਾਲਿਓ..."

"ਤੁਸੀਂ ਸ਼ੱਕ ਕਿਉਂ ਕੀਤਾ"?

"ਆਪਣੇ ਅਵਿਸ਼ਵਾਸ ਦੇ ਕਾਰਨ..."

"ਇਹ ਕੀ ਹੈ ਤੁਸੀਂ ਵਿਸ਼ਵਾਸ ਨਹੀਂ ਕਰਦੇ?"

"ਤੁਹਾਡਾ ਵਿਸ਼ਵਾਸ ਕਿੱਥੇ ਹੈ?"

ਉਸਨੇ ਚੇਲਿਆਂ ਨੂੰ ਕਿਹਾ, "ਮੈਂ ਤੁਹਾਡੇ ਲਈ ਪ੍ਰਾਰਥਨਾ ਕੀਤੀ ਹੈ ਤਾਂ ਜੋ ਤੁਹਾਡਾ ਵਿਸ਼ਵਾਸ ਜਾਂਦਾ ਨਾ ਰਹੇ।"

ਹਰ ਚੀਜ਼ ਤੁਹਾਨੂੰ ਪਰਮੇਸ਼ੁਰ ਵੱਲੋਂ ਮਿਲਦੀ ਹੈ, ਅਸੀਂ ਵਿਸ਼ਵਾਸ ਦੁਆਰਾ ਪ੍ਰਾਪਤ ਕਰਦੇ ਹਾਂ-ਆਪਣੀ ਮੁਕਤੀ, ਪਵਿੱਤਰ ਆਤਮਾ ਵਿੱਚ ਬਪਤਿਸਮਾ, ਧਾਰਮਿਕਤਾ, ਚੰਗਾਈ, ਬਰਕਤਾਂ ਅਲੌਕਿਕ ਬੁੱਧ ਅਤੇ ਗਿਆਨ।

ਵਿਸ਼ਵਾਸ ਬੋਲਦਾ ਹੈ

ਵਿਸ਼ਵਾਸ ਬੋਲਦਾ ਹੈ-ਪਰ ਇਹ ਕੀ ਬੋਲਦਾ ਹੈ

ਪੌਲੁਸ ਰਸੂਲ ਨੇ ਲਿਖਿਆ

ਰੋਮੀਆਂ 10:6ੳ,8 ਪਰ ਉਹ ਧਰਮ ਜੋ ਨਿਹਚਾ ਤੋਂ ਹੈ ਇਉਂ ਕਹਿੰਦਾ ਹੈ... ਪਰ ਕੀ ਆਖਦਾ ਹੈ? "ਬਾਣੀ ਤੇਰੇ ਕੋਲ ਤੇਰੇ ਮੂੰਹ ਅਤੇ ਤੇਰੇ ਮਨ ਵਿੱਚ ਹੈ? (ਇਹ ਤਾਂ ਓਸ ਨਿਹਚਾ ਦੀ ਬਾਣੀ ਹੈ ਜਿਹ ਦਾ ਅਸੀਂ ਪਰਚਾਰ ਕਰਦੇ ਹਾਂ)

ਵਿਸ਼ਵਾਸ ਪਰਮੇਸ਼ੁਰ ਦਾ ਵਚਨ ਬੋਲਦਾ ਹੈ। ਆਪਣੀਆਂ ਪ੍ਰਾਰਥਨਾ ਦਾ ਉੱਤਰ ਪਾਉਣ ਲਈ, ਸਾਨੂੰ ਜ਼ਰੂਰ ਵਿਸ਼ਵਾਸ ਕਰਨਾ ਚਾਹੀਦਾ ਹੈ, ਅਤੇ ਵਿਸ਼ਵਾਸ ਕਰਨ ਲਈ ਸਾਨੂੰ ਉਹਦੇ ਵਚਨ ਨੂੰ ਜਾਣਨ ਅਤੇ ਉਹਦੀ ਅਵਾਜ਼ ਸੁਣਨ ਦੀ ਲੋੜ ਹੈ।

ਸਵਾਲ ਇਹ ਹੈ, "ਸੱਚਾ ਵਿਸ਼ਵਾਸ ਕੀ ਹੈ?"

ਇਸ ਸਵਾਲ ਦੇ ਉੱਤਰ ਤੋਂ ਪਹਿਲਾਂ, ਇਹ ਸਮਝਣਾ ਬਹੁਤ ਜ਼ਰੂਰੀ ਹੈ ਕਿ ਅਸੀਂ ਕਿਵੇਂ ਬਚਾਏ ਗਏ ਹਾਂ।

ਅਸੀਂ ਕੌਣ ਹਾਂ

ਸਰੀਰ, ਪ੍ਰਾਣ ਅਤੇ ਆਤਮਾ

ਅਸੀਂ ਤਿੰਨਾਂ ਹਿੱਸਿਆਂ ਵਿੱਚ ਬਣੇ ਹੋਏ ਹਾਂ

ਸਰੀਰ - ਸਾਡੀਆਂ ਹੱਡੀਆਂ, ਮਾਸ ਅਤੇ ਲਹੂ

ਪ੍ਰਾਣ - ਸਾਡੀ ਬੁੱਧ, ਸਾਡੀ ਇੱਛਾ, ਸਾਡੇ ਹਾਵ-ਭਾਵ

ਆਤਮਾ - ਸਾਡਾ ਜੀਵਨ, ਸਾਡੀ ਸ਼ਖ਼ਸੀਅਤ

ਯਾਕੂਬ ਨੇ ਕਿਹਾ ਆਤਮਾ ਤੋਂ ਬਿਨ੍ਹਾਂ ਸਰੀਰ ਮੁਰਦਾ ਹੈ।

ਯਾਕੂਬ 2:26 ਜਿੱਕੁਰ ਆਤਮਾ ਬਾਝੋਂ ਸਰੀਰ ਮੁਰਦਾ ਹੈ ਤਿੱਕੁਰ ਹੀ ਅਮਲਾ ਬਾਝੋਂ ਨਿਹਚਾ ਮੁਰਦਾ ਹੈ।

ਇਬਰਾਨੀਆਂ ਦੀ ਕਿਤਾਬ ਦਾ ਲੇਖਕ ਪ੍ਰਾਣ ਅਤੇ ਆਤਮਾ ਲਈ ਸੰਕੇਤ ਕਰਦਾ ਹੈ, ਪਰਮੇਸ਼ੁਰ ਦੇ ਵਚਨ ਦੁਆਰਾ ਅਸੀਂ ਪ੍ਰਾਣ ਅਤੇ ਆਤਮਾ ਬੋਲ ਸਕਦੇ ਹਾਂ।

ਇਬਰਾਨੀਆਂ 4:12 ਕਿਉਂਜੋ ਪਰਮੇਸ਼ੁਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰਕੇ ਵਿੰਨ੍ਹ ਸੁੱਟਦਾ ਹੈ ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।

ਪੌਲੁਸ ਨੇ ਥੱਸਲੁਨੀਕੀਆਂ ਵਿੱਚ ਪ੍ਰਾਰਥਨਾ ਕੀਤੀ ਕਿ ਪਰਮੇਸ਼ੁਰ ਆਪ ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰੇ ਅਤੇ ਤੁਹਾਡਾ ਆਤਮਾ, ਪ੍ਰਾਣ, ਅਤੇ ਸਰੀਰ ਸੰਪੂਰਨ ਹੋਵੇ।

1 ਥੱਸਲੁਨੀਕੀਆਂ 5:23 ਅਤੇ ਸ਼ਾਂਤੀ ਦਾਤਾ ਪਰਮੇਸ਼ੁਰ ਆਪੇ ਤੁਹਾਨੂੰ ਪੂਰੀ ਤਰ੍ਹਾਂ ਪਵਿੱਤਰ ਕਰੇ ਅਤੇ ਤੁਹਾਡਾ ਆਤਮਾ ਅਤੇ ਜੀਵ ਅਤੇ ਸਰੀਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਨ ਬਚਿਆ ਰਹੇ।

ਆਤਮਾ ਤੋਂ ਪੈਦਾ ਹੋਏ

ਪਰਮੇਸ਼ੁਰ ਨਾਲ ਸਾਡਾ ਸੰਬੰਧ ਆਤਮਾ ਵਿੱਚ ਹੈ। ਅਸੀਂ ਆਤਮਾ ਵਿੱਚ ਦੁਬਾਰਾ ਪੈਦਾ ਹੋਏ ਹਾਂ, ਸਾਡੇ ਵਿੱਚੋਂ ਕਈ ਪਰਮੇਸ਼ੁਰ ਦੀ ਸੇਵਾ ਕਰਨ ਦੀ ਕੋਸ਼ਿਸ਼ ਕਰਦੇ ਹਨ ਪਰ ਆਪਣੇ ਪ੍ਰਾਣ ਨਾਲ ਉਸਦੀ ਅਰਾਧਨਾ ਅਤੇ ਉਹਦੇ ਅੱਗੇ ਪ੍ਰਾਰਥਨਾ ਕਰਦੇ ਹਨ। ਇਹ ਨਹੀਂ ਹੋ ਸਕਦਾ। ਸਾਨੂੰ ਜ਼ਰੂਰ ਆਤਮਾ ਤੋਂ ਨਵਾਂ ਜਨਮ ਪ੍ਰਾਪਤ ਕਰਨਾ ਪਵੇਗਾ ਅਤੇ ਆਤਮਾ ਵਿੱਚ ਪਰਮੇਸ਼ੁਰ ਦੇ ਨੇੜੇ ਆਉਣਾ ਪਵੇਗਾ।

ਯੂਹੰਨਾ 3:4-6 ਨਿਕੁਦੇਮੁਸ ਨੇ ਉਸ ਨੂੰ ਆਖਿਆ, "ਮਨੁੱਖ ਜਾਂ ਬੁੱਢਾ ਹੋ ਗਿਆ ਤਾਂ ਕਿੱਕੁਰ ਜੰਮ ਸਕਦਾ ਹੈ? ਕੀ ਇਹ ਹੋ ਸਕਦਾ ਜੋ ਉਹ ਆਪਣੀ ਮਾਂ ਦੀ ਕੁੱਖ ਵਿੱਚ ਦੂਈ ਵਾਰ ਜਾਵੇ ਅਤੇ ਜੰਮੇ?"

ਯਿਸੂ ਨੇ ਉੱਤਰ ਦਿੱਤਾ, "ਮੈਂ ਤੈਨੂੰ ਸੱਚ ਸੱਚ ਆਖਦਾ ਹਾਂ ਕਿ ਕੋਈ ਮਨੁੱਖ ਜੇਕਰ ਜਲ ਅਤੇ ਆਤਮਾ ਤੋਂ ਨਾ ਜੰਮੇ ਤਾਂ ਪਰਮੇਸ਼ੁਰ ਦੇ ਰਾਜ ਵਿੱਚ ਵੜ ਨਹੀਂ ਸਕਦਾ। ਜਿਹੜਾ ਸਰੀਰ ਤੋਂ ਜੰਮਿਆ ਉਹ ਸਰੀਰ ਅਤੇ ਜਿਹੜਾ ਆਤਮਾ ਤੋਂ ਜੰਮਿਆ ਉਹ ਆਤਮਾ ਹੈ।"

ਯੂਹੰਨਾ ਸਾਡੇ ਤੇ ਪ੍ਰਗਟ ਕਰਦਾ ਹੈ ਕਿ ਪਰਮੇਸ਼ੁਰ ਆਤਮਾ ਹੈ, ਅਤੇ ਸਿਰਫ਼ ਅਸੀਂ ਆਤਮਾ ਵਿੱਚ ਹੀ ਉਹਦੇ ਨੇੜੇ ਆ ਸਕਦੇ ਹਾਂ।

ਯੂਹੰਨਾ 4:23,24 "ਪਰ ਉਹ ਸਮਾਂ ਆਉਂਦਾ ਹੈ ਸਗੋਂ ਹੁਣੇ ਹੈ ਜੋ ਸੱਚੇ ਭਗਤ ਆਤਮਾ ਅਤੇ ਸੱਚਿਆਈ ਨਾਲ ਪਿਤਾ ਦੀ ਭਗਤੀ ਕਰਨਗੇ ਕਿਉਂਕਿ ਪਿਤਾ ਇਹੋ ਜਿਹੇ ਭਗਤਾਂ ਨੂੰ ਚਾਹੁੰਦਾ ਹੈ। ਪਰਮੇਸ਼ੁਰ ਆਤਮਾ ਹੈ ਅਤੇ ਜੋ ਉਹ ਦੀ ਭਗਤੀ ਕਰਦੇ ਹਨ ਉਨ੍ਹਾਂ ਨੂੰ ਚਾਹੀਦਾ ਹੈ ਭਈ ਉਹ ਆਤਮਾ ਅਤੇ ਸੱਚਿਆਈ ਨਾਲ ਭਗਤੀ ਕਰਨ।"

® *ਨਵੀਂ ਸਰਿਸ਼ਟੀ*

ਆਤਮਾ ਵਿੱਚ ਅਸੀਂ ਨਵੀਂ ਸਰਿਸ਼ਟੀ ਬਣਦੇ ਹਾਂ।

2 ਕੁਰਿੰਥੀਆਂ 5:17 ਸੋ ਜੇ ਕੋਈ ਮਸੀਹ ਵਿੱਚ ਹੈ ਤਾਂ ਉਹ ਨਵੀਂ ਸਰਿਸ਼ਟ ਹੈ। ਪੁਰਾਣੀਆਂ ਗੱਲਾਂ ਬੀਤ ਗਈਆਂ, ਵੇਖੋ, ਉਹ ਨਵੀਆਂ ਹੋ ਗਈਆਂ ਹਨ।

ਪਰਮੇਸ਼ੁਰ ਨਾਲ ਇੱਕ ਆਤਮਾ

ਨਵੇਂ ਜਨਮ ਦੁਆਰਾ, ਅਸੀਂ ਪਰਮੇਸ਼ੁਰ ਨਾਲ ਇੱਕ ਹੋ ਜਾਂਦੇ ਹਾਂ। ਜੋ ਅਸੀਂ ਪਰਮੇਸ਼ੁਰ ਨਾਲ ਜਾਂ ਪਰਮੇਸ਼ੁਰ ਲਈ ਕਰਦੇ ਹਾਂ, ਆਤਮਾ ਵਿੱਚ ਕੀਤਾ ਜਾਣਾ ਚਾਹੀਦਾ ਹੈ। ਆਪਣੀਆਂ ਪ੍ਰਾਰਥਨਾਵਾਂ, ਨੂੰ ਪ੍ਰਭਾਵਸ਼ਾਲੀ ਬਣਾਉਣ ਲਈ, ਸਿਰਫ਼ ਸਧਾਰਨ ਰੂਪ ਵਿੱਚ ਬੁੱਧ ਨਾਲ ਹੀ ਪ੍ਰਾਰਥਨਾ ਨਾ ਕਰੋ, ਉਹ ਸਭ ਆਤਮਾ ਵਿੱਚ ਹੋਣੀਆਂ ਚਾਹੀਦੀਆਂ ਹਨ

1 ਕੁਰਿੰਥੀਆਂ 6:17 ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ।

ਸਾਨੂੰ ਆਪਣੀ ਆਤਮਾ ਨਾਲ ਪਰਮੇਸ਼ੁਰ ਦੀ ਸੇਵਾ ਕਰਨੀ ਚਾਹੀਦੀ ਹੈ ਜਿਵੇਂ ਪੌਲੁਸ ਨੇ ਕੀਤੀ।

ਰੋਮੀਆਂ 1:9ੳ ਕਿਉਂ ਜੋ ਪਰਮੇਸ਼ੁਰ ਜਿਸ ਦੀ ਮੈਂ ਆਪਣੇ ਆਤਮਾ ਨਾਲ ਉਹ ਦੇ ਪੁੱਤਰ ਦੀ ਖੁਸ਼ਖ਼ਬਰੀ ਲਈ ਸੇਵਾ ਕਰਦਾ ਹਾਂ...

ਇਬਰਾਨੀਆਂ ਦੀ ਕਿਤਾਬ ਦੇ ਲੇਖਕ ਨੇ ਦੱਸਿਆ ਕਿ ਅਸੀਂ ਸਿਰਫ਼ ਪਰਮੇਸ਼ੁਰ ਨੂੰ ਤਾਂ ਹੀ ਖੁਸ਼ ਕਰ ਸਕਦੇ ਹਾਂ ਜੇ ਵਿਸ਼ਵਾਸ ਦੁਆਰਾ ਉਹਦੇ ਕੋਲ ਜਾਈਏ।

ਇਬਰਾਨੀਆਂ 11:6 ਅਤੇ ਨਿਹਚਾ ਬਾਝੋਂ ਉਹਦੇ ਮਨ ਨੂੰ ਭਾਉਣਾ ਅਣਹੋਣਾ ਹੈ ਕਿਉਂਕਿ ਜਿਹੜਾ ਪਰਮੇਸ਼ੁਰ ਦੀ ਵੱਲ ਆਉਂਦਾ ਹੈ ਉਹਨੂੰ ਪਰਤੀਤ ਕਰਨੀ ਚਾਹੀਦੀ ਹੈ ਭਈ ਉਹ ਹੈ, ਨਾਲੇ ਇਹ ਭਈ ਉਹ ਆਪਣਿਆਂ ਤਾਲਿਬਾਂ ਦਾ ਫਲ ਦਾਤਾ ਹੈ।

ਸੁਭਾਵਿਕ ਅਤੇ ਅਲੌਕਿਕ ਵਿਸ਼ਵਾਸ

ਸੁਭਾਵਿਕ ਵਿਸ਼ਵਾਸ

ਸ਼ਬਦ ਕੋਸ਼ ਦੱਸਦਾ ਹੈ ਕਿ ਵਿਸ਼ਵਾਸ ਸੱਚਿਆਈ ਵਿੱਚ ਪੱਕਾ ਭਰੋਸਾ ਹੈ ਜਾਂ ਵਿਅਕਤੀ ਦੀ ਵਿਸ਼ਵਾਸਯੋਗਤਾ, ਇੱਕ ਤਰੀਕਾ, ਜਾਂ ਇੱਕ ਗੱਲ ਵਿਸ਼ਵਾਸ ਸਾਡੇ ਪ੍ਰਾਣ ਵਿੱਚ ਸੁਭਾਵਿਕ ਯੋਗਤਾ ਹੈ। ਉਦਾਹਰਨ ਦੇ ਲਈ ਜਦੋਂ ਅਸੀਂ ਕੁਰਸੀ ਤੇ ਬੈਠਦੇ ਹਾਂ, ਸਾਨੂੰ ਵਿਸ਼ਵਾਸ ਹੁੰਦਾ ਹੈ ਕਿ ਇਹ ਸਾਨੂੰ ਸੰਭਾਲ ਲਵੇਗੀ। ਸਾਡੇ ਵਿੱਚੋਂ ਜ਼ਿਆਦਾ ਲੋਕ ਸੁਭਾਵਿਕ ਵਿਸ਼ਵਾਸ ਨਾਲ ਚੱਲਦੇ ਹਨ, ਪਰ ਇਹ ਪਰਮੇਸ਼ੁਰ ਦੇ ਵਿਸ਼ਵਾਸ ਦਾ ਰੂਪ ਨਹੀਂ ਹੈ ਜੋ ਬਾਈਬਲ ਵਿੱਚ ਦੱਸਿਆ ਗਿਆ ਹੈ।

ਅਲੌਕਿਕ ਵਿਸ਼ਵਾਸ

ਅਲੌਕਿਕ ਵਿਸ਼ਵਾਸ ਤਰਕ ਦੇ ਸਬੂਤ ਅਤੇ ਦਿੱਸਣ ਵਾਲੀਆਂ ਚੀਜ਼ਾਂ ਨਾਲ ਰੁਕਦਾ ਨਹੀਂ ਹੈ, ਇਸ ਦੇ ਬਜਾਏ ਇਹ ਪਰਮੇਸ਼ੁਰ ਵਿੱਚ ਸੁਰੱਖਿਅਤ ਵਿਸ਼ਵਾਸ ਉੱਤੇ ਅਧਾਰਿਤ ਹੈ। ਅਲੌਕਿਕ ਵਿਸ਼ਵਾਸ ਸਾਡੀ ਆਤਮਾ ਤੋਂ ਹੈ-ਸਾਡੇ ਸਰੀਰ ਤੋਂ ਨਹੀਂ। ਅਲੌਕਿਕ ਵਿਸ਼ਵਾਸ

ਭਰੋਸਾ ਕਰਕੇ ਬਿਨ੍ਹਾਂ ਕਿਸੇ ਸਵਾਲ ਦੇ ਪਰਮੇਸ਼ੁਰ ਦੇ ਵਚਨ ਤੇ ਅਮਲ ਕਰਨਾ ਹੈ, ਜਾਂ ਕੋਈ ਕਾਰਨ ਨਹੀਂ ਪੁੱਛਣਾ ਚਾਹੀਦਾ।

ਚੰਚਲ ਮਨ

ਯਾਕੂਬ ਨੇ ਉਸ ਵਿਅਕਤੀ ਦਾ ਵਰਣਨ ਕੀਤਾ ਜਿਹੜਾ ਪ੍ਰਾਰਥਨਾ ਕਰਦਾ ਹੈ, ਪਰ ਬਾਅਦ ਵਿੱਚ ਸ਼ੱਕ ਕਰਨਾ ਸ਼ੁਰੂ ਕਰ ਦਿੰਦਾ ਹੈ। ਇਹ ਉਹ ਵਿਅਕਤੀ ਹੈ ਜਿਹੜਾ ਵਿਸ਼ਵਾਸ ਤੋਂ ਵਿਸ਼ਵਾਸ ਵਿੱਚ ਨਹੀਂ ਜਾਂਦਾ, ਇੱਕ ਅੰਤਹੀਨ ਘਟਨਾ-ਚੱਕਰ ਵਿੱਚ। ਅਜਿਹੇ ਪੁਰਖ ਜਾਂ ਇਸਤਰੀ ਸਮੁੰਦਰ ਦੀ ਛੱਲ ਵਰਗੇ ਹਨ ਜਿਨ੍ਹਾਂ ਨੂੰ ਪੌਣ ਉਡਾ ਲੈ ਜਾਂਦੀ ਹੈ।

ਯਾਕੂਬ 1:5,6 ਪਰ ਜੇ ਤੁਹਾਡੇ ਵਿੱਚੋਂ ਕਿਸੇ ਨੂੰ ਬੁੱਧ ਦਾ ਘਾਟਾ ਹੋਵੇ, ਤਾਂ ਉਹ ਪਰਮੇਸ਼ੁਰ ਕੋਲੋਂ ਮੰਗੇ ਜਿਹੜਾ ਸਭਨਾਂ ਨੂੰ ਖੁੱਲ੍ਹੇ ਦਿਲ ਨਾਲ ਬਿਨ੍ਹਾਂ ਉਲਾਂਭੇ ਦੇ ਦਿੰਦਾ ਹੈ, ਤਾਂ ਉਹ ਨੂੰ ਦਿੱਤੀ ਜਾਵੇਗੀ। ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ ਕਿਉਂਜੋ ਭਰਮ ਕਰਨ ਵਾਲਾ ਸਮੁੰਦਰ ਦੀ ਛੱਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ।

ਸ਼ੱਕ ਵਿਸ਼ਵਾਸ ਦਾ ਵਿਰੋਧੀ ਹੈ। ਇਹ ਸੁਭਾਵਿਕ ਮਨ ਦਾ ਕੰਮ ਹੈ। ਸ਼ੱਕ ਦਾ ਅਰਥ ਅਨਿਸ਼ਚਿਤ ਜਾਂ ਦੁਚਿੱਤਾ ਹੋਣਾ ਹੈ; ਅਵਿਸ਼ਵਾਸ ਅਤੇ ਸ਼ੱਕ ਵਿੱਚ ਸ਼ਾਮਿਲ ਹੋਣਾ, ਅਵਿਸ਼ਵਾਸੀ ਵਾਂਗੂੰ ਚੱਲਣਾ, ਅਨਿਸ਼ਚਿਤ ਜਾਂ ਸ਼ੱਕੀ ਹੋਣਾ, ਸਥਿਰਤਾ ਦੀ ਘਾਟ ਹੋਣੀ ਜੋ ਅਕਸਰ ਡਾਵਾਂਡੋਲ ਬਣਾ ਦਿੰਦੀ ਹੈ; ਵਿਸ਼ਵਾਸ ਦੀ ਘਾਟ।

ਇੱਕੋ ਹੀ ਸਮੇਂ ਵਿੱਚ ਅਸੀਂ ਵਿਸ਼ਵਾਸ ਅਤੇ ਸ਼ੱਕ ਦੋਹਾਂ ਵਿੱਚ ਨਹੀਂ ਚੱਲ ਸਕਦੇ। ਇੱਕੋ ਹੀ ਸਮੇਂ ਵਿੱਚ ਵਿਸ਼ਵਾਸ ਵਿੱਚ ਚੱਲਣਾ ਅਤੇ ਚਿੰਤਾ ਕਰਨੀ ਇਹ ਨਹੀਂ ਹੋ ਸਕਦਾ। ਇਹ ਪੂਰੀ ਤਰ੍ਹਾਂ ਇੱਕ ਦੂਜੇ ਦੇ ਵਿਰੋਧੀ ਹਨ।

ਸ਼ੱਕ ਦੇ ਕਾਰਨ

ਵਿਅਕਤੀ ਦੀ ਸ਼ੱਕ ਨਾਲ ਲੜਾਈ ਵਿੱਚ ਮੁੱਖ ਤਿੰਨ ਕਾਰਨ ਹੁੰਦੇ ਹਨ ਜਿਨ੍ਹਾਂ ਨੂੰ ਪਛਾਣਿਆ ਜਾ ਸਕਦਾ ਹੈ ਅਤੇ ਵਿਰੋਧ ਕੀਤਾ ਜਾ ਸਕਦਾ ਹੈ।

Ⓡ *ਖੁਦ ਨੂੰ ਸਮਝਣ ਦੀ ਘਾਟ*

ਖੁਦ ਨੂੰ ਸਮਝਣ ਦੀ ਘਾਟ ਸ਼ੱਕ ਲਈ ਇੱਕ ਵੱਡਾ ਕਾਰਨ ਹੈ। ਆਪਣੇ ਆਪ ਨੂੰ ਸਮਝਣ ਦੀ ਘਾਟ ਸਭ ਤੋਂ ਖ਼ਤਰਨਾਕ ਗੱਲ ਹੈ ਜਦ ਅਸੀਂ ਸੋਚਦੇ ਹਾਂ ਕਿ ਅਸੀਂ ਕੁਝ ਨਹੀਂ ਕਰ ਸਕਦੇ। "ਇਸੇ ਕਾਰਨ ਅਸੀਂ ਜੀਉਂਦੇ ਕੀਤੇ ਗਏ, ਅਤੇ ਇਸੇ ਕਾਰਨ ਅਸੀਂ ਹਾਂ ਇਹ ਅਕਸਰ ਸੁਣਿਆ ਜਾਂਦਾ ਹੈ।

ਕਿਉਂਕਿ, ਮੁਕਤੀ ਵਿੱਚ, ਅਸੀਂ ਨਵੀਂ ਸਰਿਸ਼ਟੀ ਹਾਂ। ਅਤੇ ਪਰਮੇਸ਼ੁਰ ਨਾਲ ਇੱਕ ਆਤਮਾ ਹੈ। ਨਵੀਂ ਸਰਿਸ਼ਟੀ ਦਾ ਪ੍ਰਕਾਸ਼ਨ ਨਾਕਾਰਾਤਮਕ ਸ਼ਖ਼ਸੀਅਤ ਦੀ ਕੋਈ ਜਗ੍ਹਾ ਨਹੀਂ ਰੱਖਦਾ।

ਪੌਲੁਸ ਰਸੂਲ ਦੱਸਦਾ ਹੈ ਜਦੋਂ ਅਸੀਂ ਆਪਣੇ ਪਾਪਾਂ ਵਿੱਚ ਮਰੇ ਹੋਏ ਸੀ, ਪਰਮੇਸ਼ੁਰ ਨੇ ਸਾਡੇ ਨਾਲ ਪਿਆਰ ਕੀਤਾ। ਹੋ ਸਕਦਾ ਸਾਡੇ ਮਾਤਾ-ਪਿਤਾ ਨੇ ਸਾਡੇ ਨਾਲ ਅਜਿਹਾ ਪਿਆਰ ਨਾ ਕੀਤਾ ਹੋਵੇ ਜਿਵੇਂ ਉਨ੍ਹਾਂ ਨੂੰ ਕਰਨਾ ਚਾਹੀਦਾ ਸੀ। ਸ਼ਾਇਦ ਉਨ੍ਹਾਂ ਨੇ ਅਜਿਹੀਆਂ ਗੱਲਾਂ ਆਖੀਆਂ ਹੋਣ ਜਿਹੜੀਆਂ ਤੁਹਾਡੇ ਲਈ ਨਾਕਾਰਾਤਮਕ ਅਤੇ ਦੁੱਖਦਾਈ ਸਨ, ਪਰਮੇਸ਼ੁਰ ਨੇ ਤੁਹਾਡੇ ਨਾਲ ਪਿਆਰ ਕੀਤਾ।

ਅਫ਼ਸੀਆਂ 2:4-6 ਇੱਕੋ ਦੇਹੀ ਅਤੇ ਇੱਕ ਆਤਮਾ ਹੈ ਜਿਵੇਂ ਤੁਸੀਂ ਵੀ ਆਪਣੇ ਸੱਦੇ ਦੀ ਇੱਕੋ ਆਸ ਵਿੱਚ ਸੱਦੇ ਗਏ। ਇੱਕੋ ਪ੍ਰਭੂ, ਇੱਕੋ ਨਿਹਚਾ, ਇੱਕੋ ਬਪਤਿਸਮਾ ਹੈ।

ਇੱਕੋ ਪਰਮੇਸ਼ੁਰ ਅਤੇ ਪਿਤਾ ਸਭਨਾਂ ਦਾ ਹੈ ਜਿਹੜਾ ਸਭਨਾਂ ਦੇ ਉੱਤੇ, ਸਭਨਾਂ ਦੇ ਵਿੱਚ ਅਤੇ ਸਭਨਾਂ ਦੇ ਅੰਦਰ ਹੈ।

ਸਫ਼ਨਯਾਹ ਨਬੀ ਪਰਮੇਸ਼ੁਰ ਦਾ ਸਾਡੇ ਲਈ ਖੁਸ਼ੀ ਮਨਾਉਣਾ ਅਤੇ ਜੈ-ਜੈ ਕਾਰ ਕਰਨ ਦੀ ਖੂਬਸੂਰਤ ਤਸਵੀਰ ਨੂੰ ਬਿਆਨ ਕਰਦਾ ਹੈ।

ਸਫ਼ਨਯਾਹ 3:17 ਯਹੋਵਾਹ ਤੇਰਾ ਪਰਮੇਸ਼ੁਰ ਤੇਰੇ ਵਿੱਚ ਹੈ, ਉਹ ਸਮਰੱਥੀ ਬਚਾਉਣ ਵਾਲਾ ਹੈ। ਉਹ ਅਨੰਦ ਨਾਲੇ ਤੇਰੇ ਉੱਤੇ ਖੁਸ਼ੀ ਕਰੇਗਾ, ਉਹ ਆਪਣਾ ਪ੍ਰੇਮ ਤਾਜਾ ਕਰੇਗਾ, ਉਹ ਤੇਰੇ ਕਾਰਨ ਜੈਕਾਰਿਆਂ ਨਾਲ ਨਿਹਾਲ ਹੋਵੇਗਾ।

ਅਧਿਐਨ ਦੁਆਰਾ ਅਸੀਂ ਖ਼ੁਦ ਨੂੰ ਸਮਝਣ ਦੀ ਘਾਟ ਨਾਲ ਨਿਪਟ ਸਕਦੇ ਹਾਂ, ਘੋਸ਼ਣਾ ਕਰਕੇ, ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰਕੇ ਕਿ ਅਸੀਂ ਮਸੀਹ ਵਿੱਚ ਕੌਣ ਹਾਂ।

® *ਪਾਪ*

ਸ਼ੱਕ ਦਾ ਅਗਲਾ ਕਾਰਨ ਪਾਪ ਹੈ। ਅਕਸਰ, ਪਾਪ ਦੇ ਕਾਰਨ ਅਸੀਂ ਆਪਣੇ ਵਿਵੇਕ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦੇ ਹਾਂ। ਦਿਮਾਗ਼ੀ ਤੌਰ ਤੇ ਅਸੀਂ ਸੋਚਦੇ ਹਾਂ ਕਿ ਪਰਮੇਸ਼ੁਰ ਨਾਲ ਸਾਡਾ ਸੰਬੰਧ ਬਿਲਕੁਲ ਠੀਕ ਹੈ, ਪਰ ਸਾਡੀਆਂ ਆਤਮਾਵਾਂ ਉਹਦੇ ਨਾਲ ਇੱਕ ਹੋਣੀਆਂ ਚਾਹੀਦੀਆਂ ਹਨ। ਸਾਡੀਆਂ ਆਤਮਾਵਾਂ ਜਾਣਦੀਆਂ ਹਨ ਕਿ ਇਹ ਪਾਪ ਹੈ। ਆਪਣੇ ਮਨ ਦੀਆਂ ਗਲਤੀਆਂ ਤੋਂ ਕਾਇਲ ਹੋ ਕੇ, ਅਸੀਂ ਦੁਚਿੱਤੇ ਹੋ ਜਾਂਦੇ ਹਾਂ।

ਯਾਕੂਬ 1:6-8 ਪਰ ਨਿਹਚਾ ਨਾਲ ਮੰਗੇ ਅਤੇ ਕੁਝ ਭਰਮ ਨਾ ਕਰੇ ਕਿਉਂਜੋ ਭਰਮ ਕਰਨ ਵਾਲਾ ਸਮੁੰਦਰ ਦੀ ਛੱਲ ਵਰਗਾ ਹੈ ਜਿਹੜੀ ਪੌਣ ਨਾਲ ਟਕਰਾਈ ਅਤੇ ਉਡਾਈ ਜਾਂਦੀ ਹੈ।

ਇਹੋ ਜਿਹਾ ਮਨੁੱਖ ਨਾ ਸਮਝੇ ਭਈ ਪ੍ਰਭੂ ਕੋਲੋਂ ਮੈਨੂੰ ਕੁਝ ਲੱਭੇਗਾ। ਉਹ ਦੁਚਿੱਤਾ ਮਨੁੱਖ ਹੈ ਜਿਹੜਾ ਆਪਣਿਆਂ ਸਾਰਿਆਂ ਚਲਣਾਂ ਵਿੱਚ ਚੰਚਲ ਹੈ।

1 ਰਾਜਿਆਂ ਵਿੱਚ ਅਸੀਂ ਪੜ੍ਹਦੇ ਹਾਂ,

1 ਰਾਜਿਆਂ 2:4ਅ ਜੇਕਰ ਤੇਰੀ ਸੰਤਾਨ ਆਪਣੇ ਮਾਰਗ ਉੱਤੇ ਧਿਆਨ ਰੱਖੇ ਅਤੇ ਆਪਣੇ ਸਾਰੇ ਮਨ ਆਪਣੀ ਸਾਰੀ ਜ਼ਿੰਦ ਨਾਲ ਮੇਰੇ ਅੱਗੇ ਸੱਚਿਆਈ ਨਾਲ ਤੁਰੇ ਤਾਂ ਮਨੁੱਖ ਦੀ ਇਸਰਾਏਲ ਦੀ ਰਾਜ ਗੱਦੀ ਤੋਂ ਕਦੀ ਕਮੀ ਨਾ ਹੋਵੇਗੀ:

ਉਨ੍ਹਾਂ ਨੇ ਆਪਣੇ ਮਾਰਗਾਂ ਤੇ ਧਿਆਨ ਰੱਖਣਾ ਸੀ ਅਤੇ ਪ੍ਰਭੂ ਦੇ ਸਾਹਮਣੇ ਆਪਣੇ ਸਾਰੇ ਮਨ (ਆਤਮਾ) ਅਤੇ ਆਪਣੀ ਸਾਰੀ ਜਾਨ (ਪ੍ਰਾਣ) ਨਾਲ ਚੱਲਣਾ ਸੀ।

ਸ਼ੱਕ ਨੂੰ ਅੰਦਰ ਆਉਣ ਤੋਂ ਰੋਕਣਾ, ਸਾਨੂੰ ਜ਼ਰੂਰ ਪਾਪ ਨੂੰ ਪਛਾਣ ਕੇ ਮੰਨ ਲੈਣਾ ਚਾਹੀਦਾ ਹੈ। ਤਦ ਇਹ ਮਾਫ਼ ਅਤੇ ਦੂਰ ਕਰ ਦਿੱਤਾ ਜਾਂਦਾ ਹੈ।

1 ਯੂਹੰਨਾ 1:9 ਜੇ ਅਸੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੀਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਪਾਪਾਂ ਨੂੰ ਮਾਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।

® *ਝੂਠ*

ਸ਼ੱਕ ਦਾ ਤੀਜ਼ਾ ਕਾਰਨ ਇੱਕ ਅਜਿਹੀ ਸਮੱਸਿਆ ਹੈ ਜੋ ਅੱਜ ਕੱਲ ਬੜੀ ਪ੍ਰਚੱਲਿਤ ਹੈ ਉਹ ਹੈ-ਬਹੁਤ ਲੋਕ ਸੋਚਦੇ ਹਨ ਕਿ "ਨਿੱਕੇ-ਨਿੱਕੇ ਝੂਠ" ਜਾਂ "ਸਮੂਹਿਕ ਝੂਠ" ਬੋਲਣਾ ਕੋਈ ਬੁਰੀ ਗੱਲ ਨਹੀਂ ਹੈ, ਇਹ ਕਈ ਗੱਲਾਂ ਨੂੰ ਠੀਕ ਕਰਦਾ ਹੈ, ਜਾਂ ਕਈ ਲੋਕਾਂ ਦੀਆਂ ਭਾਵਨਾਵਾਂ ਨੂੰ ਬਚਾਉਂਦਾ ਹੈ।

ਜਿਹੜਾ ਵਿਅਕਤੀ ਝੂਠ ਬੋਲਦਾ ਹੈ, ਉਹ ਸੋਚਦਾ ਹੈ ਕਿ ਹਰ ਕੋਈ ਮੇਰੇ ਵਰਗਾ ਹੀ ਹੈ। ਇਸ ਲਈ ਸਾਰੇ ਝੂਠੇ ਹਨ, ਉਹ ਵਿਸ਼ਵਾਸ ਨਹੀਂ ਕਰ ਸਕਦਾ ਕਿ ਕੋਈ ਸੱਚਾ ਵੀ ਹੋ ਸਕਦਾ ਹੈ। ਇਹ ਝੂਠ ਪਰਮੇਸ਼ੁਰ ਸਾਹਮਣੇ ਪਰਗਟ ਹੋ ਜਾਂਦਾ ਹੈ। ਕਿਉਂਕਿ ਉਨ੍ਹਾਂ ਦੇ ਸ਼ਬਦਾਂ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ, ਉਹ ਪਰਮੇਸ਼ੁਰ ਦੇ ਵਚਨ ਤੇ ਵਿਸ਼ਵਾਸ ਕਰਨ ਦੇ ਯੋਗ ਨਹੀਂ ਹਨ। ਉਹ ਸੋਚ ਸਕਦੇ ਹਨ ਅਤੇ ਆਖ ਸਕਦੇ ਹਨ ਜੋ ਉਹ ਕਰਦੇ ਹਨ, ਪਰ ਹਕੀਕਤ ਵਿੱਚ ਆਪਣੇ ਚਰਿੱਤਰ ਦੇ ਕਾਰਨ ਉਹ ਅਯੋਗ ਹਨ।

ਸੁਲੇਮਾਨ ਪਾਤਸ਼ਾਹ ਨੇ ਸਾਫ਼-ਸਾਫ਼ ਦੱਸਿਆ ਕਿ ਪਰਮੇਸ਼ੁਰ ਝੂਠ ਨੂੰ ਕਿਵੇਂ ਮਹਿਸੂਸ ਕਰਦਾ ਹੈ।

ਕਹਾਉਤਾਂ 6:16-17ਉ ਛੀਆਂ ਵਸਤਾਂ ਨਾਲ ਯਹੋਵਾਹ ਵੈਰ ਰੱਖਦਾ ਹੈ, ਸਗੋਂ ਸੱਤ ਹਨ ਜਿਹੜੀਆਂ ਉਹਦੇ ਜੀਅ ਨੂੰ ਘਿਣਾਉਣੀਆਂ ਲੱਗਦੀਆਂ ਹਨ: ਉੱਚੀਆਂ ਅੱਖਾਂ, ਝੂਠੀ ਜੀਭ...

ਸ਼ੱਕ ਨੂੰ ਅੰਦਰ ਆਉਣ ਤੋਂ ਰੋਕਣਾ, ਸਾਨੂੰ ਇਮਾਨਦਾਰ, ਅਤੇ ਪਰਮੇਸ਼ੁਰ ਦੇ ਭਰੋਸੇਯੋਗ ਬੱਚੇ ਹੋਣ ਲਈ ਆਪਣੇ ਆਪ ਨੂੰ ਸਮਰਪਿਤ ਕਰਨਾ ਚਾਹੀਦਾ ਹੈ।

ਅਸੀਂ ਇਸ ਨੂੰ ਆਪਣੇ ਬੀਤੇ ਹੋਏ ਝੂਠ ਦਾ ਪਰਮੇਸ਼ੁਰ ਅੱਗੇ ਪਾਪ ਦਾ ਇਕਰਾਰ ਕਰਨ ਦੁਆਰਾ ਕਰਦੇ ਹਾਂ। ਪਰ ਨਾਲ ਹੀ, ਝੂਠ ਬੋਲਣ ਦੀ ਆਦਤ ਨੂੰ ਵੀ ਛੱਡਦੇ ਹਾਂ, ਸਾਨੂੰ ਉਸ ਝੂਠ ਦਾ ਵੀ ਇਕਰਾਰ ਕਰਨਾ ਚਾਹੀਦਾ ਹੈ ਜੋ ਅਸੀਂ ਕੋਈ ਨਵੇਂ ਆਦਮੀ ਨਾਲ ਬੋਲਿਆ ਹੋਵੇ। ਇਹ ਹੈਰਾਨੀਜਨਕ ਹੋਵੇਗਾ ਕਿ ਇਸ ਨੂੰ ਕਰਨ ਵਿੱਚ ਅਚਾਨਕ ਰੁਕਾਵਟਾਂ ਸਾਨੂੰ ਸਿਖਾਉਣ ਗਈਆਂ ਕੀ ਬੋਲਣ ਤੋਂ ਪਹਿਲਾਂ ਅਸੀਂ ਸੋਚੀਏ।

ਯਾਕੂਬ 5:16 ਇਸ ਲਈ ਤੁਸੀਂ ਆਪੋਂ ਵਿੱਚੀ ਆਪਣਿਆਂ ਪਾਪਾਂ ਦਾ ਇਕਰਾਰ ਕਰੋ ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।

ਸੱਚਾ ਵਿਸ਼ਵਾਸ ਸੱਚਿਆਈ ਉੱਤੇ ਅਧਾਰਿਤ ਹੈ

ਵਚਨ ਵਿੱਚ ਬਾਰ-ਬਾਰ ਅਸੀਂ "ਸੱਚਿਆਈ" ਵਿੱਚ ਸ਼ਬਦਾਂ ਨੂੰ ਵੇਖਦੇ ਹਾਂ, ਯਹੋਸ਼ੁਆ ਨੇ ਲਿਖਿਆ ਹੈ,

ਯਹੋਸ਼ੁਆ 24:14ਉ "ਹੁਣ ਯਹੋਵਾਹ ਤੋਂ ਡਰੋ ਅਤੇ ਉਸ ਦੀ ਉਪਾਸਨਾ ਸਿੱਧਿਆਈ ਅਤੇ ਸੱਚਿਆਈ ਨਾਲ ਕਰੋ..."

ਸਮੂਏਲ ਨਬੀ ਨੇ ਲਿਖਿਆ,

1 ਸਮੂਏਲ 12:24 "ਸੋ ਨਿਰਾ ਤੁਸੀਂ ਐੱਨਾ ਕਰੋ ਜੋ ਯਹੋਵਾਹ ਕੋਲੋਂ ਡਰੋ ਅਤੇ ਆਪਣੇ ਸਾਰੇ ਮਨ ਨਾਲ ਉਸ ਦੀ ਸੱਚੀ ਭਗਤੀ ਕਰੋ ਅਤੇ ਧਿਆਨ ਕਰੋ ਜੋ ਤੁਹਾਡੇ ਲਈ ਉਹ ਨੇ ਕੇਡੇ ਵੱਡੇ ਕੰਮ ਕੀਤੇ ਹਨ।"

ਸੁਲੇਮਾਨ ਰਾਜੇ ਨੇ ਲਿਖਿਆ ਹੈ,

1 ਰਾਜਾ 3:6ਉ ਤਾਂ ਸੁਲੇਮਾਨ ਨੇ ਆਖਿਆ, "ਤੈਂ ਆਪਣੇ ਦਾਸ ਮੇਰੇ ਪਿਤਾ ਦਾਊਦ ਨਾਲ ਵੱਡੀ ਨੇਕੀ ਕੀਤੀ ਕਿਉਂ ਜੋ ਉਹ ਤੇਰੇ ਸਨਮੁੱਖ ਸੱਚਿਆਈ, ਧਰਮ ਅਰ ਮਨ ਦੀ ਸਿੱਧਿਆਈ ਵਿੱਚ ਤੇਰੇ ਅੱਗੇ ਚੱਲਦਾ ਰਿਹਾ।"

ਹਿਜ਼ਕੀਏਲ ਰਾਜੇ ਨੇ ਪ੍ਰਾਰਥਨਾ ਕੀਤੀ,

2 ਰਾਜਾ 20:3 ਉ "ਹੇ ਯਹੋਵਾਹ, ਮੈਂ ਤੇਰੀ ਮਿੰਨਤ ਕਰਦਾ ਹਾਂ ਚੇਤੇ ਕਰ ਭਈ ਮੈਂ ਕਿਵੇਂ ਵਫ਼ਾਦਾਰੀ ਨਾਲ ਤੇ ਪੂਰੇ ਦਿਲ ਨਾਲ ਤੇਰੇ ਹਜ਼ੂਰ ਚੱਲਦਾ ਰਿਹਾ ਹਾਂ ਅਤੇ ਜੋ ਤੇਰੀ ਨਿਗਾਹ ਵਿੱਚ ਭਲਾ ਹੈ ਓਹੋ ਮੈਂ ਕੀਤਾ ਹੈ।"

ਯੂਹੰਨਾ ਰਸੂਲ ਨੇ ਲਿਖਿਆ,

1 ਯੂਹੰਨਾ 3:18 ਹੇ ਬੱਚਿਓ, ਅਸੀਂ ਗੱਲੀਂ ਅਤੇ ਜ਼ਬਾਨੀ ਨਹੀਂ ਸਗੋਂ ਕਰਨੀ ਅਤੇ ਸੱਚਿਆਈ ਤੋਂ ਪ੍ਰੇਮ ਕਰੀਏ।

ਪਰਮੇਸ਼ੁਰ ਦਾ ਕੰਮ ਸਿਰਫ਼ ਸੱਚਿਆਈ ਵਿੱਚ ਹੀ ਹੋ ਸਕਦਾ ਹੈ।

ਅਸੀਂ ਇਹਨਾਂ ਹਲਾਤਾਂ ਵਿੱਚ ਹਾਂ ਜਿੱਥੇ ਇੰਝ ਲੱਗਦਾ ਹੈ ਜਿਵੇਂ ਲੋਕ "ਨਿਆਂ ਦੇ ਮਤਲਬ ਉੱਤੇ" ਵਿਸ਼ਵਾਸ ਕਰਦੇ ਜਾਪਦੇ ਹਨ। ਉਹ ਆਪਣੀਆਂ ਜ਼ਰੂਰਤਾਂ ਦੇ ਲਈ ਪੈਸਾ ਪ੍ਰਾਪਤ ਕਰਨ ਦੇ ਲਈ ਝੂਠ ਬੋਲਣਗੇ ਇੱਥੋਂ ਤੱਕ ਕਿ ਆਪਣੀਆਂ ਸੇਵਕਾਈਆਂ ਦੇ ਲਈ - ਇਹ ਸੋਚਦੇ ਹੋਏ ਕਿ ਪੈਸਾ "ਇੱਕ ਚੰਗੇ ਕਾਰਨ ਦੇ ਲਈ ਜਾ ਰਿਹਾ ਹੈ।

ਦਾਊਦ ਰਾਜੇ ਨੇ ਲਿਖਿਆ,

ਜ਼ਬੂਰ 34:4 ਮੈਂ ਯਹੋਵਾਹ ਨੂੰ ਭਾਲਿਆ ਅਤੇ ਉਸ ਨੇ ਮੈਨੂੰ ਉੱਤਰ ਦਿੱਤਾ, ਅਤੇ ਮੇਰੀਆਂ ਸਭਨਾਂ ਭੈਜਲਾਂ ਤੋਂ ਮੈਨੂੰ ਛੁਡਾਇਆ।

ਜ਼ਬੂਰ 111:7,8 ਉਹ ਦੇ ਹੱਥਾਂ ਦੇ ਕੰਮ ਸੱਚਿਆਈ ਤੇ ਨਿਆਉਂ ਦੇ ਹਨ, ਉਹ ਦੇ ਫ਼ਰਮਾਨ ਵਫ਼ਾਦਾਰੀ ਦੇ ਹਨ। ਉਹ ਸਦਾ ਹੀ ਅਟੱਲ ਰਹਿਣਗੇ, ਓਹ ਸੱਚਿਆਈ ਤੇ ਸਿੱਧਿਆਈ ਨਾਲ ਕੀਤੇ ਗਏ ਹਨ।

ਪਰਮੇਸ਼ੁਰ ਦਾ ਦਿਆਲੂ ਵਿਸ਼ਵਾਸ

ਇਬਰਾਨੀਆਂ ਦੀ ਕਿਤਾਬ ਦਾ ਲੇਖਕ ਸਾਨੂੰ ਵਿਸ਼ਵਾਸ ਉੱਤੇ ਅਦਭੁੱਤ ਇਬਰਾਨੀਆਂ 11 ਅਧਿਆਇ ਦਿੰਦਾ ਹੈ। ਇਹ ਪੁਰਾਣੇ ਨੇਮ ਦੇ ਸੰਤਾਂ ਦੀ ਵਿਸ਼ਵਾਸ ਯੋਗਤਾ ਦੀ ਬੁਲਾਹਟ ਦੀ ਭੂਮਿਕਾ ਨਿਭਾਉਂਦਾ ਹੈ। ਇਸ ਅਧਿਆਇ ਲਈ ਸਮਾਂ ਕੱਢ ਕੇ ਬਿਨ੍ਹਾਂ ਪੜ੍ਹੇ ਵਿਸ਼ਵਾਸ ਦਾ ਅਧਿਐਨ ਸੰਪੂਰਨ ਨਹੀਂ ਹੋ ਸਕਦਾ।

ਪਰਿਭਾਸ਼ਾ

ਇਬਰਾਨੀਆਂ ਦੀ ਕਿਤਾਬ ਵਿੱਚ, ਅਸੀਂ ਸਿੱਖਦੇ ਹਾਂ ਵਿਸ਼ਵਾਸ ਕੀ ਹੈ।

ਇਬਰਾਨੀਆਂ 11:1,3 ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਬੂਤੀ ਹੈ।

ਨਿਹਚਾ ਨਾਲ ਅਸੀਂ ਜਾਣਦੇ ਹਾਂ ਭਈ ਜਗਤ ਪਰਮੇਸ਼ੁਰ ਦੇ ਫ਼ਰਮਾਨ ਨਾਲ ਸਾਜਿਆ ਗਿਆ ਅਤੇ ਜੋ ਕੁਝ ਵੇਖਣ ਵਿੱਚ ਆਉਂਦਾ ਹੈ ਸੋ ਡਿੱਠੀਆਂ ਹੋਈਆਂ ਵਸਤਾਂ ਤੋਂ ਨਹੀਂ ਬਣਿਆ ਹੈ।

ਯਿਸੂ ਨੇ ਆਪਣਿਆਂ ਚੇਲਿਆਂ ਨੂੰ ਸਿਖਾਇਆ ਕਿ ਉਹ ਪਰਮੇਸ਼ੁਰ ਉੱਤੇ ਵਿਸ਼ਵਾਸ ਕਰਨ। ਬਿਨ੍ਹਾਂ ਸ਼ੱਕ ਦੇ, ਪਰ ਵਿਸ਼ਵਾਸ ਦੇ ਦੁਆਰਾ, ਫਿਰ ਉਹ ਇਸ ਵਿਸ਼ਵਾਸ ਦਾ ਵਰਨਣ ਪਹਾੜ ਨਾਲ ਦੁਆਰਾ ਕਰਦਾ ਹੈ।

ਮਰਕੁਸ 11:22-24 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਪਰਮੇਸ਼ੁਰ ਉੱਤੇ ਨਿਹਚਾ ਰੱਖੋ। ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜੋ ਕੋਈ ਇਸ ਪਹਾੜ ਨੂੰ ਕਹੇ, ਉੱਠ ਅਤੇ ਸਮੁੰਦਰ ਵਿੱਚ ਜਾ ਪਉ ਅਤੇ ਆਪਣੇ ਮਨ ਵਿੱਚ ਭਰਮ ਨਾ ਕਰੇ ਪਰ ਪਰਤੀਤ ਕਰੇ ਕਿ ਜਿਹੜੀਆਂ ਗੱਲਾਂ ਮੈਂ ਆਖਦਾ ਹਾਂ ਓਹ ਹੁੰਦੀਆਂ ਹਨ ਤਾਂ ਉਹ ਦੇ ਲਈ ਹੋ ਜਾਵੇਗਾ। ਇਸ ਲਈ ਮੈਂ ਤੁਹਾਨੂੰ ਆਖਦਾ ਹਾਂ ਕਿ ਜੋ ਕੁਝ ਤੁਸੀਂ ਪ੍ਰਾਰਥਨਾ ਕਰਕੇ ਮੰਗੋ ਪਰਤੀਤ ਕਰੋ ਜੋ ਸਾਨੂੰ ਮਿਲ ਗਿਆ ਤਾਂ ਤੁਹਾਨੂੰ ਮਿਲੇਗਾ।

ਪਰਮੇਸ਼ੁਰ ਵਿਸ਼ਵਾਸ ਨੂੰ ਦਿੰਦਾ ਹੈ

ਘਮੰਡ ਲਈ ਕੋਈ ਕਮਰਾ ਨਾ ਛੱਡਦੇ ਹੋਏ, ਸੱਚਾ ਵਿਸ਼ਵਾਸ ਸਾਨੂੰ ਪਰਮੇਸ਼ੁਰ ਵੱਲੋਂ ਦਿੱਤਾ ਗਿਆ ਹੈ।

ਅਫ਼ਸੀਆਂ 2:8 ਕਿਉਂ ਜੋ ਤੁਸੀਂ ਕਿਰਪਾ ਤੋਂ ਨਿਹਚਾ ਦੇ ਰਾਹੀਂ ਬਚਾਏ ਗਏ ਅਤੇ ਇਹ ਤੁਹਾਡੀ ਵੱਲੋਂ ਨਹੀਂ, ਇਹ ਪਰਮੇਸ਼ੁਰ ਦੀ ਬਖਸ਼ੀਸ਼ ਹੈ।

ਰੋਮੀਆਂ 12:3 ਮੈਂ ਤਾਂ ਓਸ ਕਿਰਪਾ ਤੋਂ ਜਿਹੜੀ ਮੈਨੂੰ ਦਾਨ ਹੋਈ ਤੁਹਾਡੇ ਵਿੱਚੋਂ ਹਰੇਕ ਨੂੰ ਆਖਦਾ ਹਾਂ ਭਈ ਉਹ ਆਪਣੇ ਆਪ ਨੂੰ ਜਿੰਨਾ ਚਾਹੀਦਾ ਹੈ ਉਸ ਨਾਲੋਂ ਵੱਧ ਨਾ ਸਮਝੇ ਸਗੋਂ ਸੁਰਤ ਨਾਲ ਸਮਝੇ ਜਿੱਕੁਰ ਪਰਮੇਸ਼ੁਰ ਨੇ ਮਿਣ ਕੇ ਹਰੇਕ ਨੂੰ ਨਿਹਚਾ ਵੰਡ ਦਿੱਤੀ ਹੈ।

ਸਾਨੂੰ ਸਾਰਿਆਂ ਨੂੰ ਪਰਮੇਸ਼ੁਰ ਨੇ ਵਿਸ਼ਵਾਸ ਦਾ ਇੱਕ ਮਾਪ ਦਿੱਤਾ ਹੈ, ਕੀ ਵਿਸ਼ਵਾਸ ਵੱਧ ਸਕਦਾ ਹੈ, ਜਾਂ ਕੀ ਪਰਮੇਸ਼ੁਰ ਸਾਨੂੰ ਇੱਕੋ ਹੀ ਵੇਲੇ ਜੋ ਸਾਨੂੰ ਜ਼ਰੂਰਤਾਂ ਲਈ ਚਾਹੀਦਾ ਹੈ ਦਿੰਦਾ ਹੈ?

® *ਰਾਈ ਦੇ ਦਾਣੇ ਵਰਗਾ ਵਿਸ਼ਵਾਸ*

ਯਿਸੂ ਚਾਹੁੰਦਾ ਹੈ ਕਿ ਵਿਸ਼ਵਾਸ ਰਾਈ ਦੇ ਦਾਣੇ ਵਰਗਾ ਹੋਵੇ-ਸੰਸਾਰ ਵਿੱਚ ਸਭ ਵਿੱਚ ਸਭ ਤੋਂ ਛੋਟਾ ਦਾਣਾ। ਬਾਅਦ, ਉਸ ਨੇ ਰਾਈ ਦੇ ਦਾਣੇ ਦੇ ਵੱਧਣ ਦੀ ਯੋਗਤਾ ਬਾਰੇ ਦੱਸਿਆ।

ਮੱਤੀ 17:20ਅ... ਸਤ ਆਖਦਾ ਹਾਂ ਕਿ ਜੇ ਤੁਹਾਡੇ ਵਿੱਚ ਇੱਕ ਰਾਈ ਦੇ ਦਾਣੇ ਸਮਾਨ ਨਿਹਚਾ ਹੋਵੇ ਤਾਂ ਤੁਸੀਂ ਇਸ ਪਹਾੜ ਨੂੰ ਕਹੋਗੇ ਜੋ ਐਧਰੋਂ ਹੱਟ ਕੇ ਉਸ ਥਾਂ ਚੱਲਿਆ ਜਾਹ ਅਤੇ ਉਹ ਚੱਲਿਆ ਜਾਵੇਗਾ ਅਤੇ ਤੁਹਾਨੂੰ ਕੋਈ ਕੰਮ ਅਣਹੋਣਾ ਨਾ ਹੋਵੇਗਾ।

ਉਸ ਨੇ ਰਾਈ ਦੇ ਦਾਣੇ ਬਾਰੇ ਦੁਬਾਰਾ ਗੱਲ ਕੀਤੀ।

ਮਰਕੁਸ 4:31,32 "ਉਹ ਇੱਕ ਰਾਈ ਦੇ ਦਾਣੇ ਵਰਗਾ ਹੈ ਕਿ ਜਦ ਜ਼ਮੀਨ ਵਿੱਚ ਬੀਜਿਆ ਜਾਂਦਾ ਹੈ ਜ਼ਮੀਨ ਦੇ ਸਭਨਾਂ ਬੀਆਂ ਨਾਲੋਂ ਛੋਟਾ ਹੈ। ਪਰ ਜਦ ਬੀਜਿਆ ਗਿਆ ਤਦ ਉੱਗਦਾ ਹੈ ਅਤੇ ਸਾਰੀਆਂ ਸਬਜ਼ੀਆਂ ਨਾਲੋਂ ਵੱਡਾ ਹੋ ਜਾਂਦਾ ਹੈ ਅਤੇ ਅਜਿਹੀਆਂ ਵੱਡੀਆਂ ਟਹਿਣੀਆਂ ਫੁੱਟਦੀਆਂ ਹਨ ਜੋ ਅਕਾਸ਼ ਦੇ ਪੰਛੀ ਉਹ ਦੀ ਛਾਇਆ ਵਿੱਚ ਵਸੇਰਾ ਕਰ ਸਕਦੇ ਹਨ।"

ਪੌਲੁਸ ਲਿਖਦਾ ਹੈ ਸਾਡਾ ਵਿਸ਼ਵਾਸ ਵੱਧਦਾ ਹੈ,

2 ਕੁਰਿੰਥੀਆਂ 10:15ਅ... ਪਰ ਸਾਨੂੰ ਆਸ ਹੈ ਭਈ ਜਿਉਂ-ਜਿਉਂ ਤੁਹਾਡੀ ਨਿਹਚਾ ਵਧਦੀ ਜਾਵੇ ਤਿਉਂ-ਤਿਉਂ ਅਸੀਂ ਆਪਣੇ ਹਲਕੇ ਦੇ ਵਿੱਚ ਵਧਾਏ ਜਾਵਾਂਗੇ...

ਰਸੂਲਾਂ ਨੇ ਇਹ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਹੋਰ ਵਿਸ਼ਵਾਸ ਦੀ ਲੋੜ ਹੈ ਇਸ ਲਈ ਉਨ੍ਹਾਂ ਨੇ ਪ੍ਰਾਰਥਨਾ ਕੀਤੀ,

ਲੂਕਾ 17:5ਅ ਸਾਡੀ ਨਿਹਚਾ ਵਧਾ।

ਯਹੂਦਾਹ ਰਸੂਲਾਂ ਨੇ ਆਖਿਆ ਸਾਨੂੰ ਆਪਣੇ ਵਿਸ਼ਵਾਸ ਦੀ ਉਸਾਰੀ ਕਰਨੀ ਚਾਹੀਦੀ ਹੈ।

ਯਹੂਦਾਹ 1:20 ਪਰ ਤੁਸੀਂ ਹੇ ਪਿਆਰਿਓ, ਆਪਣੇ ਆਪ ਨੂੰ ਆਪਣੀ ਅੱਤ ਪਵਿੱਤਰ ਨਿਹਚਾ ਉੱਤੇ ਉਸਾਰੀ ਜਾਓ ਅਤੇ ਪਵਿੱਤਰ ਆਤਮਾ ਵਿੱਚ ਪ੍ਰਾਰਥਨਾ ਕਰਦੇ ਹੋਏ...

ਵਿਸ਼ਵਾਸ, ਸਾਡੇ ਜੀਵਨ ਵਿੱਚ, ਜਿਵੇਂ ਅਸੀਂ ਇਸਨੂੰ ਆਗਿਆ ਦਿੰਦੇ ਹਾਂ ਉਵੇਂ ਇਹ ਮਜ਼ਬੂਤ ਹੋਵੇਗਾ। ਇਹ ਨਿਰਧਾਰਿਤ ਸਮੇਂ ਉੱਤੇ ਰਾਈ ਦੇ ਦਾਣੇ ਵਾਂਗੂ ਵੱਧ ਜਾਵੇਗਾ।

® *ਵਿਸ਼ਵਾਸ ਆਸ ਨਹੀਂ*

ਆਸਾ ਵਿਸ਼ਵਾਸ ਨਹੀਂ ਹੈ। ਆਸ਼ਾ ਪਰਮੇਸ਼ੁਰ ਉੱਤੇ ਆਸ ਹੈ ਕਿ ਉਹ ਆਉਣ ਵਾਲੇ ਸਮੇਂ ਵਿੱਚ ਕਿਰਿਆ ਕਰੇਗਾ, ਵਿਸ਼ਵਾਸ ਹੁਣ ਹੈ। ਜੇਕਰ ਆਸ਼ਾ ਤਬਦੀਲ ਨਾ ਹੋਵੇ, ਤਾਂ ਇਹ ਸਾਨੂੰ ਪ੍ਰਾਪਤ ਕਰਨ ਵਿੱਚ ਚਾਲੂ ਰੱਖੇਗੀ। "ਪਰਮੇਸ਼ੁਰ ਦੇਣ ਜਾ ਰਿਹਾ ਹੈ... ਕਦੇ ਭਵਿੱਖ ਵਿੱਚ," ਅੱਜ ਪ੍ਰਾਪਤ ਕਰਨ ਤੋਂ ਰੋਕ ਰੱਖੇਗੀ।

ਇਹ ਆਖਿਆ ਗਿਆ ਹੈ, "ਆਸ਼ਾ ਸਥਿਤੀ ਨੂੰ ਨਿਰਧਾਰਿਤ ਕਰਦੀ ਹੈ, ਅਤੇ ਵਿਸ਼ਵਾਸ ਨਤੀਜ਼ੇ ਨੂੰ ਲਿਆਉਂਦਾ ਹੈ।

® *ਵਿਸ਼ਵਾਸ ਗਿਆਨ ਨਹੀਂ ਹੈ*

ਗਿਆਨ ਚੰਗਾ ਹੈ। ਗਿਆਨ ਦੇ ਰਾਹੀਂ ਅਸੀਂ ਮਾਨਸਿਕ ਮਨਜ਼ੂਰੀ ਕਰ ਸਕਦੇ ਹਾਂ-ਅਸੀਂ ਆਪਣੇ ਮਨਾਂ ਨੂੰ ਇੱਕਮਤ ਕਰ ਸਕਦੇ ਹਾਂ ਕਿ ਵਚਨ ਸੱਚਾ ਹੈ। ਪਰ ਵਿਸ਼ਵਾਸ ਤੋਂ ਬਿਨ੍ਹਾਂ ਗਿਆਨ ਸਾਡਾ ਜੀਵਨ ਪਰਿਵਰਤਨ ਨਹੀਂ ਕਰੇਗਾ। ਵਿਸ਼ਵਾਸ ਰਾਹੀਂ, ਗਿਆਨ ਅਨੁਭਵ ਬਣ ਜਾਂਦਾ ਹੈ।

ਪੌਲੁਸ ਰਸੂਲ ਨੇ ਲਿਖਿਆ ਹੈ,

1 ਕੁਰਿੰਥੀਆਂ 2:9,14 ਪਰੰਤੂ ਜਿਵੇਂ ਲਿਖਿਆ ਹੋਇਆ ਹੈ, "ਜਿਹੜੀਆਂ ਵਸਤਾਂ ਅੱਖੀਂ ਨਾ ਵੇਖੀਆਂ, ਨਾ ਕੰਨੀ ਸੁਣੀਆਂ, ਨਾ ਇਨਸਾਨ ਦੇ ਮਨ ਵਿੱਚ ਆਈਆਂ, ਜਿਹੜੀਆਂ ਵਸਤਾਂ ਪਰਮੇਸ਼ੁਰ ਨੇ ਆਪਣੇ ਪ੍ਰੇਮੀਆਂ ਲਈ ਤਿਆਰ ਕੀਤੀਆਂ।"

ਪਰ ਪ੍ਰਾਣਿਕ ਮਨੁੱਖ ਪਰਮੇਸ਼ੁਰ ਦੇ ਆਤਮਾ ਦੀਆਂ ਗੱਲਾਂ ਨੂੰ ਕਬੂਲ ਨਹੀਂ ਕਰਦਾ ਕਿਉਂ ਜੋ ਓਸ ਉਸ ਦੇ ਲੇਖੇ ਮੂਰਖਤਾਈ ਹਨ ਅਤੇ ਉਹ ਉਨ੍ਹਾਂ ਨੂੰ ਨਹੀਂ ਜਾਣ ਸਕਦਾ ਇਸ ਲਈ ਜੋ ਆਤਮਿਕ ਰੀਤ ਨਾਲ ਉਨ੍ਹਾਂ ਦੀ ਜਾਂਚ ਕਰੀਦੀ ਹੈ।

ਵਚਨ ਦੁਆਰਾ ਵਿਸ਼ਵਾਸ

ਪੌਲੁਸ ਨੇ ਆਖਿਆ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਨੂੰ ਸੁਣਨ ਦੇ ਦੁਆਰਾ ਆਉਂਦਾ ਹੈ। ਸੱਚਾ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਉੱਤੇ ਅਧਾਰਿਤ ਹੈ। ਸੱਚਾ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਨੂੰ ਉਸ ਸਭ ਤੋਂ ਵੱਧਕੇ ਜਾਣਨਾ ਹੈ ਜੋ ਸੱਚ ਅਸੀਂ ਸੁਣਦੇ ਹਾਂ, ਜਾਂ ਇਹ ਵੇਖਦੇ ਹਾਂ ਕਿ ਇਹ ਪਰਮੇਸ਼ੁਰ ਦੇ ਵਚਨ ਦੇ ਉਲਟ ਹੈ।

ਰੋਮੀਆਂ 10:17 ਸੋ ਪਰਤੀਤ ਸੁਣਨ ਨਾਲ, ਅਤੇ ਸੁਣਨਾ ਮਸੀਹ ਦੇ ਵਚਨ ਤੋਂ ਆਉਂਦਾ ਹੈ।

ਵਿਸ਼ਵਾਸ ਸਾਡੇ ਸੁਣਨ ਦੇ ਵਰਤਾਉ, ਵੇਖਣ ਅਤੇ ਆਤਮਾ ਦੇ ਸਮਝ ਦੇ ਖੇਤਰ ਤੋਂ ਆਉਂਦਾ ਹੈ। ਯਿਸੂ ਨੇ ਉਨ੍ਹਾਂ ਬਾਰੇ ਬੋਲਿਆ ਜੋ ਨਾ ਵੇਖਦੇ, ਨਾ ਸੁਣਦੇ, ਅਤੇ ਨਾ ਹੀ ਸਮਝਦੇ ਹਨ।

ਮੱਤੀ 13:13 ਮੈਂ ਇਸ ਲਈ ਉਨ੍ਹਾਂ ਨਾਲ ਦ੍ਰਿਸ਼ਟਾਂਤਾਂ ਵਿੱਚ ਗੱਲਾਂ ਕਰਦਾ ਹਾਂ ਕਿ ਓਹ ਵੇਖਦੇ ਹੋਏ ਨਹੀਂ ਵੇਖਦੇ ਅਤੇ ਸੁਣਦੇ ਹੋਏ ਨਹੀਂ ਸੁਣਦੇ ਅਤੇ ਨਹੀਂ ਸਮਝਦੇ।"

ਵਿਸ਼ਵਾਸ ਜੋ ਜਿੱਤ ਪਾਉਂਦਾ ਹੈ

ਵਿਸ਼ਵਾਸ ਸਭ ਤੋਂ ਜ਼ਿਆਦਾ ਮਹੱਤਵਪੂਰਨ ਹੈ ਕਿਉਂਕਿ ਇਹ ਸੰਸਾਰ ਉੱਤੇ ਜਿੱਤ ਪਾਵੇਗਾ।

1 ਯੂਹੰਨਾ 5:4 ਕਿਉਂ ਜੋ ਹਰੇਕ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਉਹ ਸੰਸਾਰ ਉੱਤੇ ਫ਼ਤਿਹ ਪਾਉਂਦਾ ਹੈ ਅਤੇ ਫ਼ਤਿਹ ਇਹ ਹੈ ਜਿਹ ਨੇ ਸੰਸਾਰ ਉੱਤੇ ਫ਼ਤਿਹ ਪਾਈ ਅਰਥਾਤ ਸਾਡੀ ਨਿਹਚਾ।

ਸਾਡੇ ਵਿਸ਼ਵਾਸ ਦਾ ਲੇਖਕ

ਯਿਸੂ ਸਾਡੇ ਵਿਸ਼ਵਾਸ ਦਾ ਆਦ ਅਤੇ ਅੱਤ ਹੈ।

ਇਬਰਾਨੀਆਂ 12:2 ਯਿਸੂ ਦੀ ਵੱਲ ਤੱਕਦੇ ਰਹੀਏ ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਆਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।

ਤੁਹਾਡਾ ਵਿਸ਼ਵਾਸ ਕਿੱਥੇ ਹੈ?

ਇੱਕ ਤੂਫ਼ਾਨ ਆਇਆ ਅਤੇ ਕਿਸ਼ਤੀ ਡੁੱਬਣ ਦੇ ਕਿਨਾਰੇ ਤੇ ਸੀ।

ਲੂਕਾ 8:24ਅ, 25ੳ ਉਸ ਨੇ ਉੱਠ ਕੇ ਪੌਣ ਅਤੇ ਪਾਣੀ ਦੀਆਂ ਠਾਠਾਂ ਨੂੰ ਦਬਕਾ ਦਿੱਤਾ ਅਰ ਓਹ ਥੰਮ ਗਈਆਂ ਅਤੇ ਚੈਨ ਹੋ ਗਿਆ। ਫੇਰ ਉਸ ਨੇ ਉਨ੍ਹਾਂ ਨੂੰ ਆਖਿਆ, "ਤੁਹਾਡੀ ਨਿਹਚਾ ਕਿੱਥੇ?"

ਯਿਸੂ ਨੇ ਉਨ੍ਹਾਂ ਨੂੰ ਆਖਿਆ ਸੀ ਕਿ ਆਉ ਦੂਸਰੇ ਪਾਸੇ ਚੱਲੀਏ। ਉਹ ਉਨ੍ਹਾਂ ਨਾਲ ਕਿਸ਼ਤੀ ਵਿੱਚ ਸੀ ਅਤੇ ਤਦ ਹੀ ਤੂਫ਼ਾਨ ਆ ਗਿਆ, ਉਨ੍ਹਾਂ ਨੇ ਇਸ ਨੂੰ ਕੁਦਰਤੀ ਨਜ਼ਰ ਨਾਲ ਵੇਖਿਆ। "ਸੁਆਮੀ ਜੀ, ਸੁਆਮੀ ਜੀ, ਅਸੀਂ ਮਰ ਚੱਲੇ ਹਾਂ।"

ਯਿਸੂ ਨੇ ਜ਼ਰੂਰ ਉਹਨਾਂ ਨੂੰ ਆਖਿਆ, "ਸਾਡਾ ਵਿਸ਼ਵਾਸ ਕਿੱਥੇ ਹੈ?"

ਕੀ ਇਹ ਕੁਦਰਤੀ ਸੀ, ਜਾਂ ਅਲੌਕਿਕ ਰੂਪ ਵਿੱਚ ਸੀ? ਸਾਡੀ ਆਤਮਾ ਵਿੱਚ, ਅਤੇ ਸਾਡੇ ਮੂੰਹ ਵਿੱਚ, ਸਾਡਾ ਵਿਸ਼ਵਾਸ ਪਰਮੇਸ਼ੁਰ ਦੇ ਵਚਨ ਤੇ ਅਧਾਰਿਤ ਹੋਣਾ ਚਾਹੀਦਾ ਹੈ।

ਰੋਮੀਆਂ 10:8 ਪਰ ਕੀ ਆਖਦਾ ਹੈ? ਬਾਣੀ ਤੇਰੇ ਕੋਲ ਤੇਰੇ ਮੂੰਹ ਵਿੱਚ ਅਤੇ ਤੇਰੇ ਮਨ ਵਿੱਚ ਹੈ" (ਇਹ ਤਾਂ ਓਸ ਨਿਹਚਾ ਦੀ ਬਾਣੀ ਹੈ ਜਿਹ ਦਾ ਅਸੀਂ ਪਰਚਾਰ ਕਰਦੇ ਹਾਂ)।

ਵਿਸ਼ਵਾਸ ਦਾ ਤੋਹਫ਼ਾ

ਵਿਸ਼ਵਾਸ ਦੀ ਦਾਤ ਪਵਿੱਤਰ ਆਤਮਾ ਦਾ ਅਲੌਕਿਕ ਤੋਹਫ਼ਾ ਹੈ ਜੋ ਕਿ ਨਿਰਧਾਰਿਤ ਵਿਅਕਤੀ, ਸਮੇਂ ਜਾਂ ਹਲਾਤ ਲਈ ਸਮਝ ਦੇ ਵਚਨ ਨੂੰ ਪ੍ਰਾਪਤ ਕਰਨ ਦੁਆਰਾ ਆਉਂਦਾ ਹੈ। ਇਹ ਪਵਿੱਤਰ ਆਤਮਾ ਦਾ ਸ਼ਕਤੀਸ਼ਾਲੀ ਤੋਹਫ਼ਾ ਹੈ ਜੋ ਸਾਨੂੰ ਚੰਗਾ ਕਰਨ ਅਤੇ ਚਮਤਕਾਰ ਕਰਨ ਦੀ ਸ਼ਕਤੀ ਵਿੱਚ ਚੱਲਣ ਦੀ ਆਗਿਆ ਦਿੰਦਾ ਹੈ।

ਵਿਸ਼ਵਾਸ ਦੇ ਦੁਸ਼ਮਣ

® *ਸਾਨੂੰ ਜ਼ਰੂਰ ਲੜਨਾ ਚਾਹੀਦਾ ਹੈ*

ਪੌਲੁਸ ਤਿਮੋਥਿਉਸ ਨੂੰ ਵਿਸ਼ਵਾਸ ਦੀ ਚੰਗੀ ਲੜਾਈ ਲੜਨ ਦੇ ਲਈ ਉਤਸ਼ਾਹਿਤ ਕਰਦਾ ਹੈ। ਸ਼ਬਦ "ਲੜਾਈ" ਇਸ ਨਤੀਜ਼ੇ ਉੱਤੇ ਪੁੱਜਦਾ ਹੈ ਕਿ ਸਾਡੇ ਵਿਸ਼ਵਾਸ ਦੇ ਦੁਸ਼ਮਣ ਹਨ।

1 ਤਿਮੋਥਿਉਸ 6:12 ਨਿਹਚਾ ਦੀ ਚੰਗੀ ਲੜਾਈ ਲੜ, ਸਦੀਪਕ ਜੀਵਨ ਨੂੰ ਫੜ ਜਿਹ ਦੇ ਲਈ ਤੂੰ ਸੱਦਿਆ ਗਿਆ ਅਤੇ ਤੈਂ ਬਹੁਤਿਆਂ ਗਵਾਹਾਂ ਦੇ ਅੱਗੇ ਪੱਕਾ ਕਰਾਰ ਕੀਤਾ ਸੀ।

® *ਕੁਦਰਤੀ ਗਿਆਨ ਇੰਦਰੀਆਂ*

ਸਾਡੀਆਂ ਕੁਦਰਤੀ ਗਿਆਨ ਇੰਦਰੀਆਂ ਸਾਡੇ ਵਿਸ਼ਵਾਸ ਦੀਆਂ ਸ਼ਕਤੀਸ਼ਾਲੀ ਦੁਸ਼ਮਣ ਹਨ। ਭਰੋਸੇ ਨਾਲ ਅਸੀਂ ਕੀ ਵੇਖਦੇ ਹਾਂ, ਇੱਥੇ, ਪਰਮੇਸ਼ੁਰ ਦੇ ਵਚਨ ਤੇ ਭਰੋਸਾ ਕਰਨ ਤੋਂ ਵੱਧ ਛੂਹਣਾ, ਕੀ ਸਾਨੂੰ ਹਰਾਵੇਗਾ।

ਪਰਮੇਸ਼ੁਰ ਦਾ ਵਚਨ ਭਰੋਸਾ ਹੈ। ਪਰਮੇਸ਼ੁਰ ਉਹ ਕਰੇਗਾ ਜੋ ਉਸ ਦਾ ਵਚਨ ਆਖਦਾ ਹੈ। ਵਚਨਾਂ ਉੱਤੇ ਜੋ ਵਿਸ਼ਵਾਸ ਨਹੀਂ ਕਰਦੇ ਸਾਡੇ ਸਰੀਰ ਵਿੱਚ ਜੋ ਸੰਕੇਤ ਅਸੀਂ ਵੇਖਦੇ ਹਾਂ, ਬਿਨ੍ਹਾਂ ਬਿੱਲ ਦਿੱਤੇ, ਪਰਮੇਸ਼ੁਰ ਦੇ ਵਚਨ ਨੂੰ ਬਦਲੋ ਨਾ। ਪੌਲੁਸ ਨੇ ਇਸ ਬਾਰੇ ਲਿਖਿਆ।

ਰੋਮੀਆਂ 3:3,4ੳ ਫੇਰ ਭਾਵੇਂ ਕਈ ਬੇਵਫ਼ਾ ਨਿਕਲੇ ਤਾਂ ਕੀ ਹੋਇਆ? ਭਲਾ, ਓਹਨਾਂ ਦੀ ਬੇਵਫ਼ਾਈ ਪਰਮੇਸ਼ੁਰ ਦੀ ਵਫ਼ਾਦਾਰੀ ਨੂੰ ਅਵਿਰਥਾ ਕਰ ਸਕਦੀ ਹੈ?

ਸਗੋਂ ਪਰਮੇਸ਼ੁਰ ਸੱਚਾ ਠਹਿਰੇ ਅਤੇ ਹਰ ਮਨੁੱਖ ਝੂਠਾ।

® *ਅਵਿਸ਼ਵਾਸ*

ਅਵਿਸ਼ਵਾਸ ਮਜ਼ਬੂਤ ਦੁਸ਼ਮਣ ਹੈ ਪਰ ਪਰਮੇਸ਼ੁਰ ਦੇ ਵਚਨ ਨੂੰ ਬਦਲ ਨਹੀਂ ਸਕਦਾ। ਇਹ ਸਿਰਫ਼ ਸਾਡੇ ਜੀਵਨ ਵਿੱਚ ਵਚਨ ਨੂੰ ਸੱਚਾ ਹੋਣ ਤੋਂ ਰੋਕੇਗਾ।

ਇਬਰਾਨੀਆਂ ਦਾ ਲੇਖਕ ਆਖਦਾ ਵਿਸ਼ਵਾਸ ਅਣਡਿੱਠ ਵਸਤੂਆਂ ਦਾ ਭਰੋਸਾ ਹੈ ਇਸ ਲਈ ਉਹ ਨੂਹ ਦੀ ਉਦਾਹਰਨ ਦੀ ਵਰਤੋਂ ਕਰਦਾ ਹਾਂ।

ਇਬਰਾਨੀਆਂ 11:1,7 ਹੁਣ ਨਿਹਚਾ ਆਸ ਕੀਤੀਆਂ ਹੋਈਆਂ ਗੱਲਾਂ ਦਾ ਪੱਕਾ ਭਰੋਸਾ ਹੈ ਅਤੇ ਅਣਡਿੱਠ ਵਸਤਾਂ ਦੀ ਸਤੂਤੀ ਹੈ।

ਨਿਹਚਾ ਨਾਲ ਨੂਹ ਨੇ ਪਰਮੇਸ਼ੁਰ ਕੋਲੋਂ ਉਨ੍ਹਾਂ ਵਸਤਾਂ ਦੀ ਖ਼ਬਰ ਪਾ ਕੇ ਜਿਹੜੀਆਂ ਅਜੇ ਅਣਡਿੱਠ ਸਨ ਸਹਮ ਕੇ ਆਪਣੇ ਘਰ ਦੇ ਬਚਾਉ ਲਈ ਕਿਸ਼ਤੀ ਬਣਾਈ ਅਤੇ ਉਸ ਨਿਹਚਾ ਦਾ ਕਾਰਨ ਉਹ ਨੇ ਸੰਸਾਰ ਨੂੰ ਦੋਸ਼ੀ ਠਹਿਰਾਇਆ ਅਤੇ ਉਸ ਧਰਮ ਦਾ ਅਧਿਕਾਰੀ ਹੋਇਆ ਜਿਹੜਾ ਨਿਹਚਾ ਤੋਂ ਹੀ ਹੁੰਦਾ ਹੈ।

ਪੌਲੁਸ ਰਸੂਲ ਵੀ ਅਣਡਿੱਠ ਵਸਤੂਆਂ ਦੀ ਗੱਲ ਕਰਦਾ ਹੈ।

2 ਕੁਰਿੰਥੀਆਂ 4:18 ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ।

® *ਸ਼ੱਕ*

ਥੋਮਸ ਦੇ ਜੀਵਨ ਵਿੱਚ ਕੁਦਰਤ ਤੋਂ ਅਲੌਕਿਕ - ਵਿਸ਼ਵਾਸ ਤੋਂ ਅਵਿਸ਼ਵਾਸ ਦਾ ਵੀ ਸਮੇਂ ਸੀ। ਉਸ ਨੇ ਆਖਿਆ, "ਜਦ ਤੱਕ ਮੈਂ ਨਾ ਵੇਖਾਂ, ਨਾ ਛੂਹਾਂ, ਮੈਂ ਵਿਸ਼ਵਾਸ ਨਹੀਂ ਕਰਾਂਗਾ।"

ਯੂਹੰਨਾ 20:24-29 ਪਰ ਉਨ੍ਹਾਂ ਬਾਰਾਂ ਵਿੱਚੋਂ ਜਿਹੜਾ ਥੋਮਾ ਦੀਦੁਮਸ ਕਰਕੇ ਸੱਦੀਦਾ ਹੈ ਜਾਂ ਯਿਸੂ ਆਇਆ ਤਾਂ ਉਨ੍ਹਾਂ ਦੇ ਨਾਲ ਨਾ ਸੀ। ਤਦ ਹੋਰਨਾਂ ਚੇਲਿਆਂ ਨੇ ਉਸ ਨੂੰ ਕਿਹਾ, "ਅਸਾਂ ਪ੍ਰਭੂ ਨੂੰ ਵੇਖਿਆ ਹੈ!"

ਪਰ ਉਸ ਨੇ ਉਨ੍ਹਾਂ ਨੂੰ ਆਖਿਆ, "ਜਿੰਨਾ ਚਿਰ ਮੈਂ ਉਹ ਦੇ ਹੱਥਾਂ ਵਿੱਚ ਕਿੱਲਾਂ ਦਾ ਨਿਸ਼ਾਨ ਨਾ ਵੇਖਾਂ ਅਤੇ ਕਿੱਲਾਂ ਦੇ ਨਿਸ਼ਾਨ ਵਿੱਚ ਆਪਣੀ ਉਂਗਲ ਨਾ ਵਾੜਾਂ ਅਰ ਉਹ ਦੀ ਵੱਖੀ ਵਿੱਚ ਆਪਣਾ ਹੱਥ ਨਾ ਵਾੜਾਂ ਓਨਾ ਚਿਰ ਮੈਂ ਕਦੇ ਸਤ ਨਾ ਮੰਨਾਂਗਾ।"

ਅੱਠਾਂ ਦਿਨਾਂ ਪਿੱਛੋਂ ਉਹ ਦੇ ਚੇਲੇ ਫੇਰ ਅੰਦਰ ਸਨ ਅਤੇ ਥੋਮਾ ਉਨ੍ਹਾਂ ਦੇ ਨਾਲ ਸੀ। ਬੂਹੇ ਵੱਜੇ ਹੋਏ ਯਿਸੂ ਆਇਆ ਅਤੇ ਵਿਚਕਾਰ ਖਲੋ ਕੇ ਬੋਲਿਆ, "ਤੁਹਾਨੂੰ ਸ਼ਾਂਤੀ ਹੋਵੇ," ਫੇਰ ਉਹ ਨੇ ਥੋਮਾ ਨੂੰ ਆਖਿਆ "ਆਪਣੀ ਉਂਗਲ ਉਰੇ ਕਰ ਅਤੇ ਮੇਰੇ ਹੱਥਾਂ ਨੂੰ ਵੇਖ ਅਤੇ ਆਪਣਾ ਹੱਥ ਉਰੇ ਕਰ ਕੇ ਮੇਰੀ ਵੱਖੀ ਵਿੱਚ ਵਾੜ ਅਤੇ ਬੇਪਰਤੀਤਾ ਨਾ ਹੋ ਸਗੋਂ ਪਰਤੀਤਮਾਨ ਹੋ।"

ਥੋਮਾ ਨੇ ਉਹ ਨੂੰ ਉੱਤਰ ਦਿੱਤਾ, "ਹੇ ਮੇਰੇ ਪ੍ਰਭੂ ਅਤੇ ਮੇਰੇ ਪਰਮੇਸ਼ੁਰ!"

ਯਿਸੂ ਨੇ ਉਸ ਨੂੰ ਆਖਿਆ, ਤੈਂ ਜੋ ਮੈਨੂੰ ਵੇਖਿਆ ਇਸੇ ਕਰਕੇ ਪਰਤੀਤ ਕੀਤੀ ਹੈ? ਧੰਨ ਓਹ ਜਿਨ੍ਹਾਂ ਨਹੀਂ ਵੇਖਿਆ ਤਾਂ ਵੀ ਪਰਤੀਤ ਕਰਦੇ ਹਨ।

ਥੋਮਸ ਨੇ ਵਿਸ਼ਵਾਸ ਕਰਨ ਤੋਂ ਪਹਿਲਾਂ ਜ਼ਖ਼ਮਾਂ ਨੂੰ ਛੂਹਣ ਦੀ ਮੰਗ ਕੀਤੀ, ਇਹ ਸਾਡੇ ਲਈ ਇੱਕ ਉਦਾਹਰਨ ਬਣ ਗਈ ਹੈ ਕਿ ਕੀ ਨਹੀਂ ਕਰਨਾ ਚਾਹੀਦਾ ਹੈ। ਉਸ ਦਿਨ ਤੋਂ ਬਾਅਦ

ਉਹ ਖ਼ੁਸ਼ਖ਼ਬਰੀ ਦਾ ਰਸੂਲ ਬਣ ਗਿਆ ਇੱਕ ਸ਼ਹੀਦ ਦੀ ਮੌਤ ਮਰ ਗਿਆ, ਪਰ ਪੂਰੇ ਇਤਿਹਾਸ ਵਿੱਚ ਉਸ ਨੂੰ ਸ਼ੱਕੀ ਥੋਮਸ ਦੀ ਤਰ੍ਹਾਂ ਦਰਸਾਇਆ ਜਾਂਦਾ ਹੈ।

ਵਿਸ਼ਵਾਸ ਦੀ ਪ੍ਰਾਰਥਨਾ, ਸਹਿਮਤੀ ਅਤੇ ਵਚਨ ਦੀ ਪ੍ਰਾਰਥਨਾ

ਪ੍ਰਭਾਵਸ਼ਾਲੀ ਹੋਣ ਦੇ ਲਈ, ਪ੍ਰਾਰਥਨਾ ਵਿਸ਼ਵਾਸ ਦੇ ਅਧਾਰਿਤ ਹੋਣੀ ਚਾਹੀਦੀ ਹੈ। ਇਹ ਕਾਰਨ ਹੈ ਕਿ ਵਿਸ਼ਵਾਸ ਕੀ ਹੈ, ਉਸ ਦੇ ਅਧਿਐਨ ਲਈ ਅਸੀਂ ਸਮਾਂ ਗੁਜ਼ਾਰਿਆ ਹੈ ਅਤੇ ਕਿਵੇਂ ਇਹ ਕਿਰਿਆ ਕਰਦਾ ਹੈ।

ਵਿਸ਼ਵਾਸ ਦੀ ਪ੍ਰਾਰਥਨਾ

ਯਾਕੂਬ ਵਿਸ਼ਵਾਸ ਦੀ ਪ੍ਰਾਰਥਨਾ ਬਾਰੇ ਗੱਲ ਕਰਦਾ ਹੈ ਜੋ ਰੋਗੀ ਨੂੰ ਬਚਾਉਂਦੀ ਹੈ, ਵਚਨ ਵਿੱਚ ਇਸ ਤਰ੍ਹਾਂ ਦੀ ਪ੍ਰਾਰਥਨਾ ਦੀ ਕਿਸਮ ਇੱਕ ਹੀ ਥਾਂ ਜ਼ਿਕਰ ਕੀਤਾ ਗਿਆ ਹੈ। ਧਿਆਨ ਦਿਉ ਕਿ ਆਦਮੀ ਨੂੰ ਪ੍ਰਾਰਥਨਾ ਦੀ ਲੋੜ ਹੈ, ਜਾਂ ਪ੍ਰਾਰਥਨਾ ਲਈ ਆਖ ਰਿਹਾ ਹੈ। ਇਸ ਤੇ ਧਿਆਨ ਦਿਓ ਕਿ ਸ਼ਾਇਦ ਪਾਪ ਵਿੱਚ ਸ਼ਾਮਿਲ ਹੋਵੇ ਅਤੇ ਮਾਫ਼ੀ ਕਰਨ ਦੀ ਲੋੜ ਹੈ। ਇੱਥੇ ਬਜ਼ੁਰਗ (ਐਲਡਰਜ਼) ਨੂੰ ਸਥਾਨਕ ਕਲੀਸਿਆ ਦਾ ਆਗੂ ਦੇ ਰੂਪ ਵਿੱਚ ਦੱਸਿਆ ਗਿਆ ਜੋ ਆ ਕੇ ਵਿਸ਼ਵਾਸ ਦੀ ਪ੍ਰਾਰਥਨਾ ਕਰਨਗੇ।

ਯਾਕੂਬ 5:14,15 ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਆ ਦੇ ਬਜ਼ੁਰਗਾਂ ਨੂੰ ਸੱਦ ਘੱਲੇ ਅਤੇ ਓਹ ਪ੍ਰਭੂ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ ਅਤੇ ਉਹ ਦੇ ਲਈ ਪ੍ਰਾਰਥਨਾ ਕਰਨ। ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ ਅਤੇ ਪ੍ਰਭੂ ਉਹ ਨੂੰ ਉਠਾ ਖੜ੍ਹਾ ਕਰੇਗਾ, ਅਤੇ ਜੇ ਉਹ ਨੇ ਪਾਪ ਕੀਤੇ ਹੋਣ ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ।

ਵਿਸ਼ਵਾਸ ਦੀ ਪ੍ਰਾਰਥਨਾ ਕੀ ਹੈ? ਇਹ ਵਿਸ਼ਵਾਸ ਦੀ ਪ੍ਰਾਰਥਨਾ ਮਜ਼ਬੂਤ ਰੂਪ ਵਿੱਚ ਪਰਮੇਸ਼ੁਰ ਦੇ ਵਾਇਦੇ ਉੱਤੇ ਅਧਾਰਿਤ ਹੈ। ਇਹ ਖਾਸ ਕਰਕੇ ਦੋ ਜਾਂ ਜ਼ਿਆਦਾ ਦੇ ਸਮਝੋਤੇ ਤੇ ਵੀ ਅਧਾਰਿਤ ਹੈ।

ਜਦੋਂ ਵਿਸ਼ਵਾਸ ਦੀ ਪ੍ਰਾਰਥਨਾ ਕਰ ਲਈ ਜਾਂਦੀ ਹੈ, ਉੱਥੇ ਪਵਿੱਤਰ ਆਤਮਾ ਦਾ ਇੱਕ ਜੋ ਪੂਰਨ ਹੁੰਦਾ ਹੈ। ਪਰਮੇਸ਼ੁਰ ਦੇ ਵਚਨ ਦੀ ਸੱਚਿਆਈ ਕਿਸੇ ਵੀ ਹਲਾਤਾਂ ਜਾਂ ਚਿਨ੍ਹਾਂ ਤੋਂ ਵੱਧਕੇ ਹੈ। ਇਹ ਵਿਸ਼ਵਾਸ ਸਾਡੀ ਆਤਮਾ ਤੋਂ ਹੈ ਮਨਾਂ ਤੋਂ ਨਹੀਂ। ਜਿਸ ਵੀ ਵੇਲੇ ਇਹ ਵਿਸ਼ਵਾਸ ਆਉਂਦਾ ਹੈ, ਅਸੀਂ ਵਿਸ਼ਵਾਸ ਵਿੱਚ ਪਰਮੇਸ਼ੁਰ ਦੇ ਵਚਨ ਵਿੱਚ ਖੜ੍ਹੇ ਹੁੰਦੇ ਹਾਂ ਤਾਂ ਹਰ ਜਿੱਤ ਪ੍ਰਾਪਤ ਕਰਦੇ ਹਾਂ।

ਸਹਿਮਤੀ ਦੀ ਪ੍ਰਾਰਥਨਾ

ਸ਼ਕਤੀ ਅਤੇ ਇਖ਼ਤਿਆਰ ਬਹੁਗੁਣੀ ਹੁੰਦੇ ਹਨ ਜਦੋਂ ਦੋ ਜਾਂ ਇਸ ਤੋਂ ਵੱਧ ਵਿਸ਼ਵਾਸੀ ਗਰੁੱਪ ਸਹਿਮਤੀ ਦੀ ਪ੍ਰਾਰਥਨਾ ਵਿੱਚ ਵਿਸ਼ਵਾਸ ਕਰਦੇ ਹਨ।

ਬਿਵਸਥਾ ਸਾਰ 32:30 ਕਿਵੇਂ ਇੱਕ ਜਣਾ ਹਜ਼ਾਰ ਦੇ ਪਿੱਛੇ ਪਵੇ, ਅਤੇ ਦੋ ਜਣੇ ਇੱਕ ਮਹੈਣ ਨੂੰ ਨਠਾਉਣ, ਜੇ ਉਨ੍ਹਾਂ ਦੀ ਚਟਾਨ ਹੀ ਓਹਨਾਂ ਨੂੰ ਨਾ ਵੇਚ ਦਿੰਦੀ, ਅਤੇ ਯਹੋਵਾਹ ਓਹਨਾਂ ਨੂੰ ਨਾ ਫੜਾ ਦਿੰਦਾ?

ਸਹਿਮਤੀ ਦੀ ਪ੍ਰਾਰਥਨਾ

ਸਹਿਮਤੀ ਦੀ ਪ੍ਰਾਰਥਨਾ ਯਿਸੂ ਦੀ ਸਿੱਖਿਆ ਤੇ ਅਧਾਰਿਤ ਹੈ ਜੋ ਦੋਹਾਂ ਦਾ ਸਹਿਮਤ ਹੋ ਕੇ ਪਰਮੇਸ਼ੁਰ ਤੋਂ ਮੰਗਣਾ ਹੈ।

ਮੱਤੀ 18:19,20 ਫੇਰ ਮੈਂ ਤੁਹਾਨੂੰ ਆਖਦਾ ਹਾਂ, ਜੇ ਤੁਹਾਡੇ ਵਿੱਚੋਂ ਦੋ ਜਣੇ ਧਰਤੀ ਉੱਤੇ ਕਿਸੇ ਕੰਮ ਲਈ ਮਿਲ ਕੇ ਬੇਨਤੀ ਕਰਨ ਤਾਂ ਮੇਰੇ ਪਿਤਾ ਵੱਲੋਂ ਜਿਹੜਾ ਸੁਰਗ

ਵਿੱਚ ਹੈ ਉਨ੍ਹਾਂ ਲਈ ਕੀਤਾ ਜਾਵੇਗਾ। ਕਿਉਂਕਿ ਜਿੱਥੇ ਦੋ ਜਾਂ ਤਿੰਨ ਮੇਰੇ ਨਾਮ ਉੱਤੇ ਇਕੱਠੇ ਹੋਣ ਉੱਥੇ ਮੈਂ ਉਨ੍ਹਾਂ ਦੇ ਵਿਚਕਾਰ ਹਾਂ।

ਸਹਿਮਤ ਹੋਣ ਦੀ ਸਥਿਤੀ ਨੂੰ, ਸਾਨੂੰ ਜ਼ਰੂਰ ਜਾਣਨਾ ਚਾਹੀਦਾ ਹੈ, ਪਰਮੇਸ਼ੁਰ ਦੇ ਵਚਨ ਦਾ ਕੀ ਜਵਾਬ ਹੈ, ਅਤੇ ਇੱਕ ਮੰਨ ਹੋ ਕੇ ਮੰਗੋ। ਉਦਾਹਰਨ ਲਈ, ਅਸੀਂ ਕਿਸੇ ਨਾਲ ਸਹਿਮਤੀ ਦਾ ਪ੍ਰਾਰਥਨਾ ਕਰ ਸਕਦੇ ਜਿਹੜਾ ਆਪਣੀ ਪ੍ਰਾਰਥਨਾ ਦੇ ਵਿਸ਼ੇ ਨੂੰ ਦੱਸਣਾ ਨਹੀਂ ਚਾਹੁੰਦਾ।

® *ਆਪਣੀਆਂ ਪ੍ਰਾਰਥਨਾ ਤੇ ਕੇਂਦ੍ਰਿਤ ਰਹੋ*

ਸ਼ਾਇਦ ਹੋਣ ਵਾਲੇ ਫਾਇਦਿਆਂ ਵਿੱਚੋਂ ਸਹਿਮਤੀ ਦੀ ਪ੍ਰਾਰਥਨਾ ਸਭ ਤੋਂ ਵੱਡਾ ਲਾਭ ਹੈ ਜੋ ਕਈ ਗੱਲਾਂ ਵਿੱਚ ਆਪਣੀਆਂ ਪ੍ਰਾਰਥਨਾ ਤੇ ਕੇਂਦਰਿਤ ਹੋਣ ਦਾ ਕਾਰਨ ਬਣਦਾ ਹੈ। ਅੰਨ੍ਹੇ ਮੰਗਤਿਆਂ ਨੂੰ ਯਾਦ ਰੱਖੋ ਜਿਨ੍ਹਾਂ ਨੇ ਯਿਸੂ ਨੂੰ ਪੁਕਾਰਿਆ ਅਤੇ ਕਿਹਾ, "ਹੇ ਪ੍ਰਭੂ, ਦਾਊਦ ਦਾ ਪੁੱਤਰ ਸਾਡੇ ਤੇ ਦਇਆ ਕਰ।"

ਯਿਸੂ ਨੇ ਕੀ ਉੱਤਰ ਦਿੱਤਾ? "ਤੁਸੀਂ ਕੀ ਚਾਹੁੰਦੇ ਹੋ ਜੋ ਮੈਂ ਤੁਹਾਡੇ ਲਈ ਕਰਾਂ?" ਕੀ ਉਨ੍ਹਾਂ ਨੇ ਪੈਸਾ ਮੰਗਿਆ? ਕੀ ਉਨ੍ਹਾਂ ਨੇ ਨੌਕਰੀ ਮੰਗੀ? ਕੀ ਉਨ੍ਹਾਂ ਨੇ ਚੰਗਾ ਹੋਣਾ ਚਾਹਿਆ? ਉਨ੍ਹਾਂ ਦਾ ਵਿਸ਼ਵਾਸ ਕਿੱਥੇ ਸੀ?

ਆਪਣੀਆਂ ਬੇਨਤੀਆਂ ਵਿੱਚ ਸਾਨੂੰ ਸਪੱਸ਼ਟ ਹੋਣ ਦੀ ਲੋੜ ਹੈ, ਕਿਉਂਕਿ ਇਹ ਜ਼ਿਆਦਾ ਤੋਂ ਜ਼ਿਆਦਾ ਨਤੀਜ਼ੇ ਪ੍ਰਾਪਤ ਕਰਨ ਲਈ ਸਾਡੇ ਵਿਸ਼ਵਾਸ ਨੂੰ ਕੇਂਦਰਿਤ ਕਰਨ ਵਿੱਚ ਮਦਦ ਕਰਦਾ ਹੈ।

® *ਸ਼ੱਕ ਅਤੇ ਅਵਿਸ਼ਵਾਸ ਨੂੰ ਦੂਰ ਕਰੋ*

ਜਦ ਯਿਸੂ ਜੈਰਸ ਦੇ ਘਰ ਗਿਆ, ਛੋਟੀ ਬੱਚੀ ਨੂੰ ਜ਼ਿੰਦਾ ਕਰਨ ਤੋਂ ਪਹਿਲਾਂ ਉਸ ਨੇ ਸਭ ਸ਼ੱਕ ਕਰਨ ਵਾਲਿਆਂ ਨੂੰ ਬਾਹਰ ਕੱਢ ਦਿੱਤਾ।

ਮਰਕੁਸ 5:39-42 ਅਤੇ ਅੰਦਰ ਜਾ ਕੇ ਉਨ੍ਹਾਂ ਨੂੰ ਆਖਿਆ, "ਤੁਸੀਂ ਕਾਹ ਨੂੰ ਰੌਲਾ ਪਾਉਂਦੇ ਅਤੇ ਰੋਂਦੇ ਹੋ? ਕੁੜੀ ਮਰੀ ਨਹੀਂ ਪਰ ਸੁੱਤੀ ਹੋਈ ਹੈ।"

ਤਾਂ ਉਹ ਉਸ ਉੱਤੇ ਹੱਸੇ।

ਪਰ ਉਹ ਸਭਨਾਂ ਨੂੰ ਬਾਹਰ ਕੱਢ ਕੇ ਕੁੜੀ ਦੇ ਮਾਂ ਪਿਉ ਅਤੇ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਜਿੱਥੇ ਕੁੜੀ ਸੀ ਉੱਥੇ ਅੰਦਰ ਗਿਆ। ਅਰ ਉਸ ਨੇ ਕੁੜੀ ਦਾ ਹੱਥ ਫੜ ਕੇ ਉਸ ਨੂੰ ਕਿਹਾ "ਤਲੀਥਾ ਕੂਮੀ" ਜਿਹਦਾ ਅਰਥ ਹੈ "ਹੇ ਕੰਨਿਆ, ਮੈਂ ਤੈਨੂੰ ਆਖਦਾ ਹਾਂ, ਉੱਠ!" ਉਹ ਕੁੜੀ ਝੱਟ ਉੱਠ ਖੜੀ ਹੋਈ ਅਤੇ ਤੁਰਨ ਫਿਰਨ ਲੱਗੀ ਕਿਉਂ ਜੋ ਉਹ ਬਾਰਾਂ ਵਰਿਹਾਂ ਦੀ ਸੀ ਅਤੇ ਓਵੇਂ ਲੋਕ ਵੱਡੇ ਅਚੰਭੇ ਵਿੱਚ ਆਣ ਕੇ ਹੈਰਾਨ ਹੋ ਗਏ।

® *ਇਕੱਠਿਆਂ ਪ੍ਰਾਰਥਨਾ ਕਰੋ*

ਸਭ ਤੋਂ ਪਹਿਲਾਂ ਅਸੀਂ ਇਸ ਗੱਲ ਦਾ ਜ਼ਿਕਰ ਕੀਤਾ ਕਿ ਕੁਝ ਪ੍ਰਾਰਥਨਾ ਦਾ ਉੱਤਰ ਨਹੀਂ ਮਿਲਿਆ ਕਿਉਂਕਿ ਉਨ੍ਹਾਂ ਨੇ ਪ੍ਰਾਰਥਨਾ ਕੀਤੀ ਹੀ ਨਹੀਂ। ਇਹ ਤਦ ਹੁੰਦਾ ਹੈ ਜਦ ਅਸੀਂ ਇਕੱਠਿਆਂ ਪ੍ਰਾਰਥਨਾ ਕਰਨ ਲਈ ਸੁਚੇਤ ਨਹੀਂ ਹੁੰਦੇ। ਪਰਮੇਸ਼ੁਰ ਦੇ ਵਚਨ ਦੇ ਵਾਇਦਿਆਂ ਨੂੰ ਬੋਲਦੇ ਹੋਏ ਹਲਾਤਾਂ ਤੋਂ ਉੱਪਰ ਉੱਠ ਜਾਣਾ ਚਾਹੀਦਾ ਹੈ ਜੋ ਇਸ ਨੂੰ ਲਾਗੂ ਕਰਦੇ ਹਨ। ਅਤੇ ਸਹਿਮਤ ਹੋਵੋ ਕਿ ਅਸੀਂ ਪ੍ਰਾਰਥਨਾ ਕਿਵੇਂ ਕਰਾਂਗੇ? ਇਸੇ ਵਕਤ ਇੱਕ-ਦੂਜੇ ਨਾਲ ਸਹਿਮਤ ਹੋਵਾਂਗੇ। ਇੱਕ ਦੂਜੇ ਨਾਲ ਅਤੇ ਪਰਮੇਸ਼ੁਰ ਦੀ ਇੱਛਾ ਦੁਆਰਾ ਇਹ ਵਿਸ਼ਵਾਸ ਕਰਦੇ ਹੋਏ ਕਿ ਜਿਸ ਗੱਲ ਲਈ ਅਸੀਂ ਇਕੱਠਿਆਂ ਪ੍ਰਾਰਥਨਾ ਕਰਾਂਗੇ ਉਹ ਹੋ ਜਾਵੇਗੀ।

ਇਸਦਾ ਇਹ ਅਰਥ ਨਹੀਂ ਕਿ ਇੱਕ ਵਿਅਕਤੀ ਪ੍ਰਾਰਥਨਾ ਕਰੇ ਅਤੇ ਦੂਜੇ ਸਹਿਮਤ ਹੋ ਜਾਣ। ਦੋ ਜਾਂ ਸਾਰੇ ਸਹਿਮਤ ਹੁੰਦੇ ਹੋਏ ਉਸ ਵਿਸ਼ੇ ਲਈ ਪ੍ਰਾਰਥਨਾ ਕਰਨਗੇ। ਬਾਈਬਲ

ਵਿੱਚ ਕੋਈ ਅਜਿਹੀ ਉਦਾਹਰਨ ਨਹੀਂ ਹੈ ਜਿਸ ਤੋਂ ਪਤਾ ਲੱਗਦਾ ਹੋਵੇ ਕਿ ਪ੍ਰਾਰਥਨਾ ਵਿੱਚ ਇੱਕੋ ਵਿਅਕਤੀ ਅਗਵਾਈ ਕਰੇ, ਅਤੇ ਦੂਜੇ ਸੁਣਨ ਅਤੇ ਸਹਿਮਤ ਹੋ ਜਾਣ।

ਪਰਮੇਸ਼ੁਰ ਦੇ ਵਚਨ ਦੀ ਪ੍ਰਾਰਥਨਾ ਕਰਨੀ

® *ਵਚਨ ਜੀਉਂਦਾ ਹੈ*

ਇਬਰਾਨੀਆਂ ਦੀ ਕਿਤਾਬ ਦਾ ਲੇਖਕ ਸਾਨੂੰ ਦੱਸਦਾ ਹੈ ਕਿ ਪਰਮੇਸ਼ੁਰ ਦਾ ਵਚਨ ਗੁਣਕਾਰ ਅਤੇ ਜੀਉਂਦਾ ਹੈ।

ਇਬਰਾਨੀਆਂ 4:12 ਕਿਉਂ ਜੋ ਪਰਮੇਸ਼ੁਰ ਦਾ ਵਚਨ ਜੀਉਂਦਾ ਅਤੇ ਗੁਣਕਾਰ ਅਤੇ ਹਰੇਕ ਦੋ ਧਾਰੀ ਤਲਵਾਰ ਨਾਲੋਂ ਤਿੱਖਾ ਹੈ ਅਤੇ ਜੀਵ ਅਤੇ ਆਤਮਾ ਨੂੰ ਅਰ ਬੰਦ ਬੰਦ ਅਤੇ ਗੁੱਦੇ ਨੂੰ ਅੱਡੋ ਅੱਡ ਕਰ ਕੇ ਵਿੰਨ੍ਹ ਸੁੱਟਦਾ ਹੈ। ਅਤੇ ਮਨ ਦੀਆਂ ਵਿਚਾਰਾਂ ਅਤੇ ਧਾਰਨਾਂ ਨੂੰ ਜਾਂਚ ਲੈਂਦਾ ਹੈ।

ਯਿਰਮਿਯਾਹ ਨਬੀ ਨੇ ਲਿਖਿਆ ਕਿ ਪਰਮੇਸ਼ੁਰ ਆਪਣੇ ਵਚਨ ਨੂੰ ਪੂਰਾ ਕਰਨ ਲਈ ਜਾਗਦਾ ਰਹਿੰਦਾ ਹੈ।

ਯਿਰਮਿਯਾਹ 1:12 ਤਾਂ ਯਹੋਵਾਹ ਨੇ ਮੈਨੂੰ ਆਖਿਆ, "ਤੈਂ ਚੰਗਾ ਵੇਖਿਆ, ਮੈਂ ਆਪਣੇ ਵਚਨ ਦੇ ਪੂਰਾ ਕਰਨ ਲਈ ਜਾਗਦਾ ਜੋ ਰਹਿੰਦਾ ਹਾਂ"

® *ਹੱਲ ਲਈ ਪ੍ਰਾਰਥਨਾ ਕਰੋ*

ਪਰਮੇਸ਼ੁਰ ਦੇ ਵਚਨ ਦੀ ਪ੍ਰਾਰਥਨਾ ਇੱਕ ਸਭ ਤੋਂ ਸ਼ਕਤੀਸ਼ਾਲੀ ਢੰਗ ਹੈ ਕਿ ਅਸੀਂ ਆਪਣੀਆਂ ਮੁਸ਼ਕਿਲਾਂ ਦੇ ਲਈ ਪ੍ਰਾਰਥਨਾ ਕਰਨੀ ਬੰਦ ਕਰਦੇ ਇਸ ਦੀ ਬਜਾਏ ਹੱਲ ਦੇ ਲਈ ਪ੍ਰਾਰਥਨਾ ਕਰੀਏ।

ਯਸਾਯਾਹ ਨਬੀ ਸਾਨੂੰ ਇੱਕ ਮਹਾਨ ਸੂਝ ਦਿੰਦਾ ਹੋਇਆ ਦੱਸਦਾ ਹੈ ਕਿ ਜਦ ਪਰਮੇਸ਼ੁਰ ਦਾ ਵਚਨ ਆਉਂਦਾ ਹੈ। ਤਦ ਕੀ ਹੁੰਦਾ।

ਯਸਾਯਾਹ 55:11 ਤਿਵੇਂ ਮੇਰਾ ਵਚਨ ਹੋਵੇਗਾ ਜੋ ਮੇਰੇ ਮੂੰਹੋਂ ਨਿੱਕਲਦਾ ਹੈ, ਉਹ ਮੇਰੇ ਵੱਲ ਅਵਿਰਥਾ ਨਹੀਂ ਮੁੜੇਗਾ, ਪਰ ਜੋ ਮੈਂ ਠਾਣਿਆ ਉਸ ਨੂੰ ਪੂਰਾ ਕਰੇਗਾ, ਅਤੇ ਜਿਸ ਲਈ ਮੈਂ ਘੱਲਿਆ, ਉਸ ਵਿੱਚ ਸਫ਼ਲ ਹੋਵੇਗਾ।

ਪਰਮੇਸ਼ੁਰ ਦਾ ਵਚਨ ਵਿਅਰਥ ਨਹੀਂ ਮੁੜੇਗਾ ਅਤੇ ਜਿਸ ਲਈ ਮੈਂ ਘੱਲਿਆ ਉਸ ਵਿੱਚ ਉਹ ਸਫ਼ਲ ਹੋਵੇਗਾ।

ਜਦੋਂ ਅਸੀਂ ਕਿਸੇ ਵਿਸ਼ੇਸ਼ ਸਥਿਤੀ ਲਈ ਪ੍ਰਾਰਥਨਾ ਕਰਦੇ ਹਾਂ ਤਾਂ ਪ੍ਰਾਰਥਨਾ ਕਰਨ ਤੋਂ ਪਹਿਲਾਂ ਸਾਨੂੰ ਪਰਮੇਸ਼ੁਰ ਦੇ ਵਚਨ ਦੇ ਵਾਇਦਿਆਂ ਨੂੰ ਲੱਭਣ ਲਈ ਸਮਾਂ ਗੁਜ਼ਾਰਨਾ ਚਾਹੀਦਾ ਹੈ। ਵਾਇਦਿਆਂ ਦੀ ਕਿਤਾਬ ਇਸ ਲਈ ਲਾਭਦਾਇਕ ਹੋ ਸਕਦੀ ਹੈ। ਪਰਮੇਸ਼ੁਰ ਦੇ ਵਚਨ ਦੇ ਵਾਇਦਿਆਂ ਨੂੰ ਲਿਖਣਾ ਵੀ ਇੱਕ ਚੰਗੀ ਗੱਲ ਹੈ ਕਿ ਜਦ ਅਸੀਂ ਪ੍ਰਾਰਥਨਾ ਕਰੀਏ ਤਾਂ ਉਨ੍ਹਾਂ ਦਾ ਇਸਤੇਮਾਲ ਕਰ ਸਕੀਏ (ਪਰਮੇਸ਼ੁਰ ਨੇ ਕਦੇ ਨਹੀਂ ਕਿਹਾ ਕਿ ਪ੍ਰਾਰਥਨਾ ਕਰਦੇ ਸਮੇਂ ਸਾਨੂੰ ਆਪਣੀਆਂ ਅੱਖਾਂ ਬੰਦ ਕਰਨੀਆਂ ਚਾਹੀਦੀਆਂ ਹਨ। ਇਹ ਸਿਰਫ਼ ਇਸ ਲਈ ਹੈ ਕਿ ਸਾਡਾ ਧਿਆਨ ਇੱਧਰ ਉੱਧਰ ਨਾ ਜਾਵੇ ਤਾਂ ਜੋ ਅਸੀਂ ਪਰਮੇਸ਼ੁਰ ਤੇ ਕੇਂਦਰਿਤ ਹੋ ਸਕੀਏ)।

® *ਚੰਗਿਆਈ ਲਈ*

ਜੇਕਰ ਸਾਨੂੰ ਚੰਗਿਆਈ ਦੀ ਲੋੜ ਹੈ, ਪਰਮੇਸ਼ੁਰ ਨੂੰ ਇਹ ਕਹਿਣ ਦੀ ਲੋੜ ਨਹੀਂ ਕਿ ਤੁਹਾਨੂੰ ਕਿੰਨੀ ਤਕਲੀਫ ਹੈ ਜਾਂ ਡਾਕਟਰ ਨੇ ਕੀ ਆਖਿਆ ਹੈ, ਜਾਂ ਉਨ੍ਹਾਂ ਗੱਲਾਂ ਬਾਰੇ ਜੋ ਅਸੀਂ

ਮੰਨਦੇ ਹਾਂ ਕਿ ਨਹੀਂ ਹੋ ਰਹੀਆਂ ਉਹ ਹੋ ਜਾਣ। ਸਾਡੀ ਪ੍ਰਾਰਥਨਾ ਹੇਠਾਂ ਲਿਖੇ ਹੋਏ ਤਰੀਕੇ ਅਨੁਸਾਰ ਹੋਣੀ ਚਾਹੀਦੀ ਹੈ,

"ਪ੍ਰਭੂ ਮੈਂ ਤੇਰਾ ਧੰਨਵਾਦ ਕਰਦਾ ਹਾਂ ਕਿ ਤੇਰਾ ਵਚਨ ਆਖਦਾ ਹੈ ਯਿਸੂ ਮੇਰੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਮੇਰੀਆਂ ਬਦੀਆਂ ਦੇ ਕਾਰਨ ਕੁਚਲਿਆ ਗਿਆ, ਮੇਰੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ, ਅਤੇ ਉਸ ਦੇ ਮਾਰ ਖਾਣ ਤੋਂ ਮੈਂ ਨਰੋਇਆ ਕੀਤਾ ਗਿਆ। ਧੰਨਵਾਦ ਪ੍ਰਭੂ, ਯਿਰਮਿਯਾਹ ਦੁਆਰਾ ਤੂੰ ਕਿਹਾ ਤੂੰ ਮੈਨੂੰ ਨਰੋਇਆ ਕਰੇਗਾ, ਮੇਰੇ ਫੱਟਾਂ ਨੂੰ ਵੱਲ ਕਰੇਂਗਾ। ਤੇਰਾ ਧੰਨਵਾਦ ਸਾਰੀਆਂ ਗੱਲਾਂ ਤੋਂ ਵੱਧ ਕੇ ਤੇਰੀ ਇਹ ਮਰਜ਼ੀ ਹੈ ਕਿ ਮੈਂ ਭਲਾ ਚੰਗਾ ਰਹਾਂ। ਪ੍ਰਭੂ ਤੇਰਾ ਧੰਨਵਾਦ। ਮੈਂ ਵਿਸ਼ਵਾਸ ਕਰਦਾ ਹਾਂ ਅਤੇ ਇਸੇ ਵਕਤ ਚੰਗਿਆਈ ਦੇ ਪੂਰੇ ਪ੍ਰਕਾਸ਼ਨ ਨੂੰ ਕਬੂਲ ਕਰਦਾ ਹਾਂ।

** ਯਸਾਯਾਹ 53:5 ਯਿਰਮਿਯਾਹ 30:17, 3 ਯੂਹੰਨਾ 2*

® *ਆਪਣੇ ਪਿਆਰਿਆਂ ਲਈ*

ਸ਼ਾਇਦ ਜਿਨ੍ਹਾਂ ਨੂੰ ਸਾਡੇ ਵੱਲੋਂ ਪਿਆਰ ਕੀਤਾ ਜਾਂਦਾ ਹੈ ਉਹ ਪਰਮੇਸ਼ੁਰ ਦੇ ਨੇੜੇ ਨਹੀਂ ਹਨ। ਦੁਬਾਰਾ, ਪਰਮੇਸ਼ੁਰ ਨੂੰ ਇਹ ਕਹਿਣ ਦੀ ਲੋੜ ਨਹੀਂ ਕਿ ਉਹ ਕਿੱਥੇ ਹਨ ਜਾਂ ਉਹ ਕੀ ਕਰ ਰਹੇ ਹਨ। ਅਸੀਂ ਉਨ੍ਹਾਂ ਲਈ ਕਿਵੇਂ ਪ੍ਰਾਰਥਨਾ ਕਰਦੇ ਹਾਂ? ਪਰਮੇਸ਼ੁਰ ਦੇ ਵਚਨ ਦੀ ਪ੍ਰਾਰਥਨਾ ਦੁਆਰਾ।

"ਪਿਤਾ, ਮੈਂ ਧੰਨਵਾਦ ਕਰਦਾ ਹਾਂ ਕਿ ਤੇਰਾ ਵਚਨ ਆਖਦਾ ਹੈ ਕਿ ਤੂੰ ਆਪਣੇ ਵਾਇਦੇ ਦਾ ਪੱਕਾ ਨਹੀਂ ਪਰ ਤੂੰ ਸਾਡੇ ਨਾਲ ਧੀਰਜ ਕਰਦਾ ਹੈ, ਤੂੰ ਨਹੀਂ ਚਾਹੁੰਦਾ ਕਿ ਕੋਈ ਨਾਸ਼ ਹੋਵੇ ਪਰ ਤੇਰੀ ਮਰਜ਼ੀ ਹੈ ਕਿ ਸਭ ਤੌਬਾ ਕਰਨ। ਪਰਮੇਸ਼ੁਰ ਤੂੰ ਨਹੀਂ ਚਾਹੁੰਦਾ ਕਿ ... ਕੋਈ ਨਾਸ਼ ਹੋਵੇ। ਧੰਨਵਾਦ ਤੂੰ ਮੇਰੇ ਨਾਲ ਵਾਇਦਾ ਕੀਤਾ ਜੇਕਰ ਮੈਂ ਯਿਸੂ ਮਸੀਹ ਤੇ ਨਿਹਚਾ ਕਰਾਂਗਾ ਮੈਂ ਅਤੇ ਮੇਰਾ ਘਰਾਣਾ ਬਚਾਇਆ ਜਾਵੇਗਾ। ਪਿਤਾ ਤੇਰਾ ਵਚਨ ਆਖਦਾ ਹੈ ਕਿ ਜੇਕਰ ਅਸੀਂ ਬੱਚੇ ਨੂੰ ਉਹਦਾ ਠੀਕ ਰਾਹ ਸਿਖਾਉਂਦੇ ਹਾਂ, ਤਾਂ ਉਹ ਵੱਡਾ ਹੋ ਕੇ ਵੀ ਉਸ ਤੋਂ ਕਦੇ ਨਹੀਂ ਹੱਟਦਾ। ਮੈਂ ਤੇਰਾ ਧੰਨਵਾਦ ਕਰਦਾ ਹਾਂ..."

** 2 ਪਤਰਸ 3:9 ਰਸੂਲਾਂ ਦੇ ਕਰਤੱਬ 16:31, ਕਹਾਉਤਾਂ 22:6*

® *ਆਰਥਿਕ ਲੋੜਾਂ ਸੰਬੰਧੀ*

ਤੁਸੀਂ ਆਪਣੇ ਬਿੱਲਾਂ ਨੂੰ ਚੈੱਕ ਬੁੱਕ ਦੇ ਨਾਲ ਡੈੱਸਕ ਤੇ ਰੱਖ ਕੇ ਵਿਚਾਰ ਕਰੋ। ਆਪਣੇ ਹੱਥ ਉਨ੍ਹਾਂ ਤੇ ਰੱਖ ਕੇ ਪ੍ਰਾਰਥਨਾ ਕਰਨੀ ਸ਼ੁਰੂ ਕਰੋ।

"ਪਿਤਾ, ਤੂੰ ਇਸ ਬਿੱਲ ਨੂੰ ਅਤੇ ਆਉਣ ਵਾਲੇ ਬਿੱਲਾਂ ਨੂੰ ਜਾਣਦਾ ਹੈ। ਤੈਨੂੰ ਪਤਾ ਹੈ ਕਿ ਕਿੰਨ੍ਹੀ ਰਕਮ ਹੈ ਅਤੇ ਕਦੋਂ ਜਮ੍ਹਾਂ ਕਰਾਉਣੀ ਹੈ। ਮੈਂ ਤੇਰਾ ਧੰਨਵਾਦ ਕਰਦਾ ਹਾਂ, ਪ੍ਰਭੂ ਤੇਰਾ ਵਚਨ ਆਖਦਾ ਹੈ ਜੇਕਰ ਅਸੀਂ ਸਾਰੇ ਦਸਵੰਧ ਤੇਰੇ ਮੋਦੀਖਾਨੇ ਵਿੱਚ ਲਿਆਉਂਦੇ ਹਾਂ ਤਾਂ ਤੂੰ ਅਕਾਸ਼ ਦੀਆਂ ਖਿੜਕੀਆਂ ਖੋਲ੍ਹਦਾ ਹੈ ਭਈ ਸਾਡੇ ਲਈ ਬਰਕਤ ਵਰਾਵੇਂ ਇੱਥੋਂ ਤੀਕ ਕਿ ਉਸ ਦੇ ਲਈ ਥਾਂ ਨਾ ਹੋਵੇਗਾ। ਮੈਂ ਤੇਰੇ ਵਾਇਦੇ ਵਿੱਚ ਪਰਸੰਨ ਹੁੰਦਾ ਹਾਂ ਤੂੰ ਸਾਡੇ ਵਿਰੋਧੀਆਂ ਨੂੰ ਝਿੜਕਦਾ ਹੈ। ਇਹ ਕਿੰਨਾ ਅਦਭੁੱਤ ਹੈ, ਪਰਮੇਸ਼ੁਰ ਤੂੰ ਕਿਹਾ ਅਤੇ ਤੂੰ ਚਾਹੁੰਦਾ ਹੈ ਕਿ ਜਿਵੇਂ ਮੇਰੀ ਜਾਨ ਸੁੱਖ ਸਾਂਦ ਹੈ ਤਿਵੇਂ ਮੈਂ ਸਭਨਾਂ ਗੱਲਾਂ ਵਿੱਚ ਸੁੱਖਸਾਂਦ ਨਾਲ ਅਤੇ ਨਰੋਇਆ ਰਹਾਂ। ਪਿਤਾ ਤੇਰਾ ਵਚਨ ਆਖਦਾ ਹੈ ਕਿ ਤੂੰ ਮੇਰਾ ਅਯਾਲੀ ਹੈ ਮੈਨੂੰ ਥੁੜ੍ਹ ਨਹੀਂ ਹੋਵੇਗੀ। ਪ੍ਰਭੂ ਮੈਂ ਤੇਰਾ ਧੰਨਵਾਦ ਕਰਦਾ ਹਾਂ..."

** ਮਲਾਕੀ 3:10,11 3 ਯੂਹੰਨਾ 2, ਜ਼ਬੂਰ 23:1*

ਅਸੀਂ ਸਰੀਰ, ਪ੍ਰਾਣ, ਅਤੇ ਆਤਮਾ ਹਾਂ, ਅਸੀਂ ਆਤਮਾ ਤੋਂ ਦੁਬਾਰਾ ਪੈਦਾ ਹੋਏ ਹਾਂ, ਅਸੀਂ ਵਿਸ਼ਵਾਸ ਕਰਦੇ ਸੀ, ਪਰ ਇਹ ਵਿਸ਼ਵਾਸ ਸੁਭਾਵਿਕ ਸੀ। ਹੁਣ ਅਸੀਂ ਪਰਮੇਸ਼ੁਰ ਦੇ ਰਾਜ ਵਿੱਚ ਹਾਂ ਅਤੇ ਸਾਡਾ ਵਿਸ਼ਵਾਸ ਅਲੌਕਿਕ ਹੈ। ਸਾਡਾ ਵਿਸ਼ਵਾਸ ਜੋ ਪਰਮੇਸ਼ੁਰ ਦਾ ਵਚਨ ਆਖਦਾ ਹੈ, ਉਸ ਤੇ ਅਧਾਰਿਤ ਹੈ, ਜੋ ਅਸੀਂ ਵੇਖਦੇ ਹਾਂ ਇਹ ਸਾਡੇ ਵਿਸ਼ਵਾਸ ਦਾ ਅਧਾਰ ਨਹੀਂ ਹੈ। ਅਗਾਹਾਂ ਨੂੰ ਅਸੀਂ ਨਾਕਾਰਤਮਕ ਸ਼ਖ਼ਸੀਅਤ ਨਾਲ ਨਹੀਂ ਚੱਲਾਂਗੇ। ਜਿਸ ਤਰ੍ਹਾਂ ਪਰਮੇਸ਼ੁਰ ਸਾਨੂੰ ਵੇਖਦਾ ਹੈ ਅਸੀਂ ਵੀ ਆਪਣੇ ਆਪ ਨੂੰ ਉਸ ਤਰ੍ਹਾਂ ਹੀ ਵੇਖਾਂਗੇ। ਅਗਾਹਾਂ ਨੂੰ ਅਸੀਂ ਪਾਪ ਅਤੇ ਝੂਠ ਅਤੇ ਸ਼ੱਕ ਵਿੱਚ ਜੀਵਨ ਨਹੀਂ ਗੁਜ਼ਾਰਾਂਗੇ।

ਅਸੀਂ ਪਰਮੇਸ਼ੁਰ ਦੇ ਕੀਤੇ ਵਿਸ਼ਵਾਸ ਉੱਤੇ ਅਭਿਆਸ ਕਰਨ ਜਾ ਰਹੇ ਹਾਂ। ਅਸੀਂ ਪਰਮੇਸ਼ੁਰ ਦੇ ਵਚਨ ਵਿੱਚੋਂ ਵਿਸ਼ਵਾਸ ਨੂੰ ਪ੍ਰਾਪਤ ਕਰਾਂਗੇ। ਅਸੀਂ ਫ਼ਤਿਹਮੰਦ ਵਿਸ਼ਵਾਸ ਨੂੰ ਪ੍ਰਾਪਤ ਕਰਾਂਗੇ। ਅਸੀਂ ਵਿਸ਼ਵਾਸ ਦੀ ਪ੍ਰਾਰਥਨਾ ਵਿੱਚ ਦੂਜਿਆਂ ਨਾਲ ਸਹਿਮਤ ਹੋਵਾਂਗੇ ਅਤੇ ਸਹਿਮਤ ਰਹਾਂਗੇ। ਅਸੀਂ ਪਰਮੇਸ਼ੁਰ ਦੇ ਵਚਨ ਦੀ ਪ੍ਰਾਰਥਨਾ ਕਰਾਂਗੇ ਅਤੇ ਅਦਭੁੱਤ ਗੱਲਾਂ ਦਾ ਅਭਿਆਸ ਕਰਾਂਗੇ ਜੋ ਪਰਮੇਸ਼ੁਰ ਸਾਡੇ ਲਈ ਕਰੇਗਾ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਜਿਵੇਂ ਕਿ ਅਸੀਂ ਸਰੀਰ, ਪ੍ਰਾਣ ਅਤੇ ਆਤਮਾ ਬਣੇ ਹੋਏ ਹਾਂ, ਅਸੀਂ ਕਿਵੇਂ ਜਾਣਦੇ ਹਾਂ ਕਿ ਸਾਡਾ ਵਿਸ਼ਵਾਸ ਪ੍ਰਾਣ (ਮਨ, ਇੱਛਾ, ਅਤੇ ਭਾਵਨਾਵਾਂ) ਜਾਂ ਆਤਮਾ ਤੋਂ ਹੈ?

2. ਦਿਆਲੂ ਪਰਮੇਸ਼ੁਰ ਦੇ ਵਿਸ਼ਵਾਸ ਦੀ ਪਰਿਭਾਸ਼ਾ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ।

3. ਵਿਸ਼ਵਾਸ ਦੀ ਪ੍ਰਾਰਥਨਾ ਅਤੇ ਸਹਿਮਤੀ ਦੀ ਪ੍ਰਾਰਥਨਾ ਤੋਂ ਕੀ ਭਾਵ ਹੈ?

4. ਸੰਖੇਪ ਰੂਪ ਵਚਨ ਵਿੱਚੋਂ ਪ੍ਰਾਰਥਨਾ ਦੀ ਉਦਾਹਰਨ ਲਿਖੋ ਜਿਸ ਕਿਸੇ ਦੇ ਪ੍ਰਤੀ ਤੁਸੀਂ ਚਿੰਤਿਤ ਹੋ।

ਅਧਿਕਾਰ ਨਾਲ ਪ੍ਰਾਰਥਨਾ ਕਰਨੀ

ਜਾਣ-ਪਛਾਣ

ਜ਼ਿਆਦਾਤਰ ਪ੍ਰਾਰਥਨਾਵਾਂ ਦਾ ਉੱਤਰ ਨਹੀਂ ਮਿਲਦਾ ਕਿਉਂਕਿ ਅਸੀਂ ਪਰਮੇਸ਼ੁਰ ਅੱਗੇ ਕੁਝ ਕਰਨ ਲਈ ਬੇਨਤੀ ਕਰਦੇ ਹਾਂ। ਸਾਨੂੰ ਧਰਤੀ ਤੇ ਰਹਿਣ ਤੇ ਰਾਜ ਕਰਨ ਲਈ ਬਣਾਇਆ ਗਿਆ ਹੈ ਜਿਵੇਂ ਆਦਮ ਅਤੇ ਹੱਵਾਹ ਨੂੰ ਬਣਾਇਆ ਗਿਆ ਸੀ। ਸਾਡੀ ਧਾਰਨਾ ਹੈ ਕਿ ਸਾਡੀਆਂ ਪ੍ਰਾਰਥਨਾਵਾਂ ਸੰਖੇਪ ਵਿੱਚ ਹੋਣੀਆਂ ਚਾਹੀਦੀਆਂ ਹਨ ਅਤੇ ਜ਼ਿਆਦਾ ਨਹੀਂ ਮੰਗਣਾ ਚਾਹੀਦਾ, ਪਰ ਸੁਣਨਾ ਵੀ ਪ੍ਰਾਰਥਨਾ ਦਾ ਮਹੱਤਵਪੂਰਨ ਭਾਗ ਹੈ। ਜਦ ਅਸੀਂ ਸੁਣਾਂਗੇ, ਤਾਂ ਪਰਮੇਸ਼ੁਰ ਸਾਨੂੰ ਦੱਸੇਗਾ ਕਿ ਕੀ ਕਰਨਾ ਚਾਹੀਦਾ ਹੈ-ਕੀ ਬੋਲਣਾ ਚਾਹੀਦਾ ਹੈ ਕੀ ਹੁਕਮ ਦੇਣਾ ਚਾਹੀਦਾ ਹੈ।

ਪ੍ਰਾਰਥਨਾ ਬੋਲਣਾ ਸੁਣਨਾ ਅਤੇ ਹੁਕਮ ਮੰਨਣਾ ਇਹ ਇਸ ਤਰ੍ਹਾਂ ਦੇ ਅਸੂਲ ਹਨ ਜਿਸ ਤਰ੍ਹਾਂ ਦੇ ਫ਼ੌਜ਼ ਵਿੱਚ ਹੁੰਦੇ ਹਨ। ਜਿੱਥੇ ਫ਼ੌਜ਼ ਦਾ ਕਮਾਂਡਰ ਕੁਝ ਕਰਨ ਦਾ ਹੁਕਮ ਦਿੰਦਾ ਹੈ, ਉਸ ਦਾ ਹੁਕਮ ਸੁਣ ਕੇ ਜੋ ਉਸ ਨੇ ਦਿੱਤਾ ਉਸੇ ਵੇਲੇ ਮੰਨਿਆ ਜਾਂਦਾ ਹੈ।

ਦੂਜੇ ਅਧਿਆਇ ਵਿੱਚ ਅਸੀਂ ਮਨੁੱਖਤਾ ਦੀ ਸ਼ਰਿਸਟੀ ਦਾ ਅਧਿਐਨ ਕੀਤਾ ਸੀ ਅਤੇ ਉਸ ਅਧਿਕਾਰ ਬਾਰੇ ਸਿੱਖਿਆ ਜੋ ਪਰਮੇਸ਼ੁਰ ਨੇ ਉਹਨਾਂ ਨੂੰ ਸੌਂਪਿਆ ਸੀ। ਇਸ ਅਧਿਆਇ ਵਿੱਚ ਅਸੀਂ ਸਿੱਖਾਂਗੇ ਕਿ ਆਪਣੀ ਪ੍ਰਾਰਥਨਾ ਵਾਲੀ ਜ਼ਿੰਦਗੀ ਵਿੱਚ ਕਿਵੇਂ ਲਾਗੂ ਕਰਨਾ ਹੈ ਇਹ ਪਰਮੇਸ਼ੁਰ ਦੀ ਇੱਛਾ ਹੈ ਕਿ ਵਿਸ਼ਵਾਸੀ ਧਰਤੀ ਉੱਤੇ ਜ਼ਿੰਦਗੀ ਬਦਲ ਦੇਣ ਵਾਲੇ ਅਧਿਕਾਰ ਨਾਲ ਸ਼ੁਰੂਆਤ ਕਰਨ। ਉਹ ਅਜਿਹੇ ਪੁਰਖ ਅਤੇ ਇਸਤਰੀਆਂ ਲੱਭ ਰਿਹਾ ਹੈ ਜਿਹੜੇ ਪੂਰੀ ਤਰ੍ਹਾਂ ਉਸ ਦੇ ਅਧਿਕਾਰ ਦੇ ਅਧੀਨ ਹੋ ਕੇ ਚੱਲਣ।

ਅਸਲੀ ਕਦਮ

ਇਸ ਅਧਿਆਇ ਵਿੱਚ, ਅਸੀਂ ਅਧਿਕਾਰ ਨਾਲ ਚੱਲਣ ਲਈ ਅਸਲੀ ਕਦਮਾਂ ਦੀ ਖੋਜ ਕਰਾਂਗੇ ਪਰਮੇਸ਼ੁਰ ਦੇ ਲੋਕ ਇਖ਼ਤਿਆਰ ਵਾਲੀ ਪ੍ਰਾਰਥਨਾ ਕਰ ਸਕਦੇ ਹਨ ਉਹ ਇਹ ਹਨ:

- **ਆਪਣੀ ਇੱਛਾ ਦਾ ਇਨਕਾਰ ਕਰਕੇ ਖਾਲੀ ਭਾਂਡਿਆਂ ਵਾਂਗੂ**
- **ਉਹ ਜਿਹੜੇ ਹਲੀਮ ਦਿਲ ਵਾਲੇ ਸੇਵਕ ਹਨ**

ਪ੍ਰਾਰਥਨਾ ਅਧਿਕਾਰ ਪੂਰਨ ਹੋਣਗੀਆਂ:

- **ਪਰਮੇਸ਼ੁਰ ਵੱਲੋਂ ਚਾਨਣ ਦੇ ਮਿਲੇ ਵਰਦਾਨ ਦੇ ਅਧਾਰਿਤ ਹੈ**
- **ਪਵਿੱਤਰ ਆਤਮਾ ਵੱਲੋਂ ਮਿਲੇ ਵਿਸ਼ਵਾਸ ਦੇ ਵਰਦਾਨ ਨੂੰ ਧੜੱਲੇਦਾਰ ਰੂਪ ਨਾਲ ਬੋਲਣਾ**

ਪ੍ਰਭਾਵਸ਼ਾਲੀ, ਇਖ਼ਤਿਆਰ ਪੂਰਵਕ, ਰਾਜਿਆਂ ਵਾਲੀ ਪ੍ਰਾਰਥਨਾ ਇਸ ਵਿਹਾਰ ਨਾਲ ਨਹੀਂ ਆਉਂਦੀ ਕਿ "ਕੀ ਇਹ ਚੰਗਾ ਕੰਮ ਨਹੀਂ ਹੋਵੇਗਾ।" ਉਦਾਹਰਨ ਦੇ ਲਈ, ਜੇਕਰ ਐਤਵਾਰ ਨੂੰ ਮੀਂਹ ਪੈ ਜਾਵੇ ਤਾਂ ਚੰਗਾ ਨਹੀਂ ਹੋਵੇਗਾ ਕਿਉਂਕਿ ਅਸੀਂ ਚਰਚ ਪਿਕਨਿਕ ਤੇ ਜਾਣਾ ਹੈ।" ਕੁਝ ਲੋਕ ਇਸ ਤਰ੍ਹਾਂ ਵੀ ਆਖਦੇ ਹਨ "ਯਿਸੂ ਦੇ ਨਾਮ ਵਿੱਚ ਮੈਂ ਮੌਸਮ ਨੂੰ ਹੁਕਮ ਦਿੰਦਾ ਹਾਂ ਕਿ ਐਤਵਾਰ ਨੂੰ ਦਿਨ ਸਾਫ਼ ਰਹੇ" ਰੁਕ ਜਾ। ਅਧਿਕਾਰਪੂਰਨ ਪ੍ਰਾਰਥਨਾ ਅਸੀਂ ਕਦੇ ਵੀ ਆਪਣੀ ਮਰਜ਼ੀ ਨਾਲ ਨਹੀਂ ਕਰ ਸਕਦੇ। ਏਲੀਯਾਹ ਨੇ ਤਨੋਂ ਮਨੋਂ ਪ੍ਰਾਰਥਨਾ ਕੀਤੀ ਤਾਂ ਮੀਂਹ ਪੈਣੇ ਬੰਦ ਹੋ ਗਏ ਅਤੇ ਤਦ ਤੱਕ ਵਰਖਾ ਨਾ ਹੋਈ ਜਦ ਤੱਕ ਉਸ ਨੇ ਫਿਰ ਵਰਖਾ

ਹੋਣ ਲਈ ਪ੍ਰਾਰਥਨਾ ਨਾ ਕੀਤੀ, ਪਰ ਉਹ ਪੂਰੀ ਤਰ੍ਹਾਂ ਪਰਮੇਸ਼ੁਰ ਦੀ ਹਿਦਾਇਤ ਦੇ ਅਧੀਨ ਸੀ।

1 ਰਾਜਿਆਂ 17:1 ਤਾਂ ਏਲੀਯਾਹ ਤਿਸ਼ਬੀ ਨੇ ਜੋ ਗਿਲਆਦ ਦੇ ਵਾਸੀਆਂ ਵਿੱਚੋਂ ਸੀ ਅਹਾਬ ਨੂੰ ਆਖਿਆ "ਭਈ ਜੀਉਂਦੇ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਦੀ ਸੌਂਹ ਜਿਹ ਦੇ ਅੱਗੇ ਮੈਂ ਖੜਾ ਹਾਂ, ਇਨ੍ਹਾਂ ਵਰਿਹਾਂ ਵਿੱਚ ਮੇਰੇ ਵਚਨ ਤੋਂ ਬਿਨ੍ਹਾਂ ਨਾ ਤਰੇਲ ਪਵੇਗੀ ਨਾ ਮੀਂਹ।"

ਯਾਕੂਬ ਰਸੂਲ ਨੇ ਉਸ ਸਮੇਂ ਦਾ ਸੰਕੇਤ ਦਿੱਤਾ,

ਯਾਕੂਬ 5:17,18 ਏਲੀਯਾਹ ਸਾਡੇ ਵਰਗਾ ਦੁੱਖ ਸੁੱਖ ਭੋਗਣ ਵਾਲਾ ਮਨੁੱਖ ਸੀ, ਅਤੇ ਉਹ ਨੇ ਤਨੋਂ ਮਨੋਂ ਪ੍ਰਾਰਥਨਾ ਕੀਤੀ ਭਈ ਵਰਖਾ ਨਾ ਹੋਵੇ, ਤਾਂ ਸਾਢੇ ਤਿੰਨਾਂ ਵਰਿਹਾਂ ਤੀਕ ਉਸ ਧਰਤੀ ਉੱਤੇ ਵਰਖਾ ਨਾ ਹੋਈ। ਅਤੇ ਉਸ ਨੇ ਫੇਰ ਪ੍ਰਾਰਥਨਾ ਕੀਤੀ, ਅਤੇ ਅਕਾਸ਼ ਨੇ ਵਰਖਾ ਕੀਤੀ, ਅਤੇ ਧਰਤੀ ਨੇ ਆਪਣੇ ਫਲ ਉਗਾਏ।

ਧਿਆਨ ਕਰੋ ਕਿ ਇੱਥੇ ਪ੍ਰਾਰਥਨਾ ਅਤੇ ਘੋਸ਼ਣਾ ਦੋਵੇਂ ਹਨ। ਉਸਨੇ ਪ੍ਰਾਰਥਨਾ ਕੀਤੀ ਅਤੇ ਪਰਮੇਸ਼ੁਰ ਦੀ ਅਵਾਜ਼ ਨੂੰ ਸੁਣਿਆ ਤਦ ਉਸ ਨੇ ਅਧਿਕਾਰ ਨਾਲ ਐਲਾਨ ਕਰ ਦਿੱਤਾ, "ਇਨ੍ਹਾਂ ਸਾਲਾਂ ਵਿੱਚ ਮੇਰੇ ਬਚਨ ਤੋਂ ਬਿਨ੍ਹਾਂ ਮੀਂਹ ਨਹੀਂ ਪਵੇਗਾ"

ਯਿਸੂ ਸਾਡਾ ਨਮੂਨਾ

ਹਰ ਗੱਲ ਵਿੱਚ ਜੋ ਅਸੀਂ ਕਰਦੇ ਹਾਂ, ਯਿਸੂ, ਆਖਰੀ ਆਦਮ, ਧਰਤੀ ਉੱਤੇ ਸਾਡਾ ਨਮੂਨਾ ਹੋਣਾ ਚਾਹੀਦਾ ਹੈ, ਯਿਸੂ ਨੇ ਉਹ ਸਭ ਕੁਝ ਕੀਤਾ ਜੋ ਪਹਿਲੇ ਆਦਮ ਨੂੰ ਕਰਨ ਲਈ ਬਣਾਇਆ ਸੀ। ਅਸੀਂ ਸੱਚਮੁੱਚ ਆਖ ਸਕਦੇ ਹਾਂ, "ਜੇਕਰ ਯਿਸੂ ਨੇ ਇਹ ਕੀਤਾ ਅਸੀਂ ਵੀ ਇਹ ਕਰ ਸਕਦੇ ਹਾਂ" ਅਸੀਂ ਉਹਦੇ ਨਾਮ ਅਤੇ ਪਵਿੱਤਰ ਆਤਮਾ ਦੀ ਸਮਰੱਥਾ ਦੁਆਰਾ ਇਹ ਕਰ ਸਕਦੇ ਹਾਂ।

ਪਵਿੱਤਰ ਆਤਮਾ ਦੁਆਰਾ ਸ਼ਕਤੀ ਪਾਉਣੀ

ਯਿਸੂ ਨੇ ਤਦ ਤੱਕ ਕੋਈ ਚਮਤਕਾਰ ਨਹੀਂ ਕੀਤਾ ਜਦ ਤੱਕ ਬਪਤਿਸਮਾ ਨਹੀਂ ਲਿਆ ਅਤੇ ਪਵਿੱਤਰ ਆਤਮਾ ਨਹੀਂ ਪਾਇਆ। ਲੂਕਾ ਸਾਨੂੰ ਦੱਸਦਾ ਹੈ

ਲੂਕਾ 4:14-19 ਯਿਸੂ ਆਤਮਾ ਦੀ ਸ਼ਕਤੀ ਵਿੱਚ ਗਲੀਲ ਨੂੰ ਮੁੜਿਆ... ਅਤੇ ਆਪਣੇ ਦਸਤੂਰ ਅਨੁਸਾਰ ਸਬਤ ਦੇ ਦਿਨ, ਸਮਾਜ ਵਿੱਚ ਜਾ ਕੇ ਪੜ੍ਹਨ ਲਈ ਖੜ੍ਹਾ ਹੋਇਆ...

ਅਤੇ ਉਸ ਨੇ ਪੋਥੀ ਖੋਲ੍ਹ ਕੇ ਉਹ ਥਾਂ ਕੱਢਿਆ ਜਿੱਥੇ ਇਹ ਲਿਖਿਆ ਹੋਇਆ ਸੀ "ਪ੍ਰਭੂ ਦਾ ਆਤਮਾ ਮੇਰੇ ਉੱਤੇ ਹੈ, ਇਸ ਲਈ ਜੋ ਉਹ ਨੇ ਮੈਨੂੰ ਮਸਹ ਕੀਤਾ ਭਈ ਗਰੀਬਾਂ ਨੂੰ ਖੁਸ਼ਖ਼ਬਰੀ ਸੁਣਾਵਾਂ। ਓਸ ਮੈਨੂੰ ਘੱਲਿਆ ਹੈ ਕਿ ਬੰਧੂਆਂ ਨੂੰ ਛੁੱਟਣ ਅਤੇ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰਾਂ, ਤੇ ਕੁਚਲਿਆਂ ਹੋਇਆਂ ਨੂੰ ਛੁਡਾਵਾਂ, ਅਤੇ ਪ੍ਰਭੂ ਦੀ ਮਨਜ਼ੂਰੀ ਦੇ ਵਰ੍ਹੇ ਦਾ ਪਰਚਾਰ ਕਰਾਂ।"

ਸਾਨੂੰ ਵੀ ਜ਼ਰੂਰ ਪਵਿੱਤਰ ਆਤਮਾ ਦੀ ਸ਼ਕਤੀ ਪਾਉਣੀ ਚਾਹੀਦੀ ਹੈ।

ਵਿਸ਼ਵਾਸੀਆਂ ਨੂੰ ਅਧਿਕਾਰ ਦਿੱਤਾ

ਧਰਤੀ ਤੇ ਆਪਣੀ ਸੇਵਾ ਦੌਰਾਨ, ਯਿਸੂ ਦਾ ਦੁਸ਼ਟ ਆਤਮਾਵਾਂ ਕਮਜ਼ੋਰੀ ਅਤੇ ਬਿਮਾਰੀ, ਮਨੁੱਖੀ ਸਰੀਰ, ਸਰਿਸ਼ਟੀ, ਕੁਦਰਤੀ ਸ਼ਕਤੀਆਂ, ਅਤੇ ਇੱਥੋਂ ਤੱਕ ਕਿ ਮੌਤ ਤੇ ਵੀ ਅਧਿਕਾਰ ਸੀ। ਅਤੇ ਉਸਨੇ ਇਹ ਅਧਿਕਾਰ ਸਾਨੂੰ ਦੇ ਦਿੱਤਾ ਹੈ।

ਯੂਹੰਨਾ ਦੇ ਅਨੁਸਾਰ ਉਸਨੇ ਕਿਹਾ,

ਯੂਹੰਨਾ 14:12 ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, ਕਿ ਜੋ ਮੇਰੇ ਉੱਤੇ ਨਿਹਚਾ ਕਰਦਾ ਹੈ, ਸੋ ਇਹ ਕੰਮ ਜਿਹੜੇ ਮੈਂ ਕਰਦਾ ਹਾਂ ਉਹ ਭੀ ਕਰੇਗਾ, ਸਗੋਂ ਇਨ੍ਹਾਂ ਨਾਲੋਂ ਵੱਡੇ ਕੰਮ ਕਰੇਗਾ, ਕਿਉਂਜੋ ਮੈਂ ਪਿਤਾ ਦੇ ਕੋਲ ਜਾਂਦਾ ਹਾਂ।"

ਮੱਤੀ ਦੇ ਅਨੁਸਾਰ, ਉਸਨੇ ਕਿਹਾ

ਮੱਤੀ 10:8 "ਰੋਗੀਆਂ ਨੂੰ ਚੰਗਾ ਕਰੋ, ਮੁਰਦਿਆਂ ਨੂੰ ਜਿਵਾਲੋ, ਕੋੜ੍ਹੀਆਂ ਨੂੰ ਸ਼ੁੱਧ ਕਰੋ, ਭੂਤਾਂ ਨੂੰ ਕੱਢੋ। ਤੁਸਾਂ ਮੁਫ਼ਤ ਲਿਆ ਹੈ, ਮੁਫ਼ਤ ਹੀ ਦਿਓ।"

ਲੂਕਾ ਦੇ ਅਨੁਸਾਰ, ਉਸਨੇ ਕਿਹਾ,

ਲੂਕਾ 10:19 "ਵੇਖੋ, ਮੈਂ ਤੁਹਾਨੂੰ ਸੱਪਾਂ ਅਤੇ ਠੂੰਹਿਆਂ ਦੇ ਲਿਤਾੜਨ ਦਾ, ਅਰ ਵੈਰੀ ਦੀ ਸਾਰੀ ਸ਼ਕਤੀ ਉੱਤੇ ਇਖ਼ਤਿਆਰ ਦਿੱਤਾ ਹੈ, ਅਤੇ ਕੋਈ ਵੀ ਚੀਜ਼ ਤੁਹਾਡਾ ਨੁਕਸਾਨ ਨਾ ਕਰੇਗੀ।"

ਯਿਸੂ ਨੇ ਉਹ ਅਧਿਕਾਰ ਵਾਪਿਸ ਲਿਆ ਜੋ ਉਸ ਨੇ ਆਦਮ ਅਤੇ ਹੱਵਾਹ ਤੋਂ ਖੋਇਆ ਸੀ ਅਤੇ ਉਸਨੂੰ ਆਪਣੇ ਪਿੱਛੇ ਚੱਲਣ ਵਾਲਿਆਂ ਨੂੰ – ਵਿਸ਼ਵਾਸੀਆਂ ਨੂੰ – ਅਤੇ ਸਾਨੂੰ ਦਿੱਤਾ।

® *ਦੁਸ਼ਟ ਆਤਮਾਵਾਂ ਉੱਪਰ*

ਯਿਸੂ ਦਾ ਦੁਸ਼ਟ ਆਤਮਾਵਾਂ ਉੱਪਰ ਅਧਿਕਾਰ ਸੀ।

ਮੱਤੀ 8:31,32 ਅਤੇ ਭੂਤਾਂ ਨੇ ਉਹਦੀਆਂ ਮਿੰਨਤਾਂ ਕਰਕੇ ਆਖਿਆ, ਕਿ "ਜੇ ਤੂੰ ਸਾਨੂੰ ਕੱਢਦਾ ਹੈਂ, ਤਾਂ ਸਾਨੂੰ ਸੂਰਾਂ ਦੇ ਇੱਜੜ ਵਿੱਚ ਘੱਲ ਦਿਹ" ਅਤੇ ਉਸ ਨੇ ਉਨ੍ਹਾਂ ਨੂੰ ਆਖਿਆ, "ਜਾਓ।" ਤਾਂ ਉਹ ਨਿੱਕਲ ਕੇ ਸੂਰਾਂ ਵਿੱਚ ਜਾ ਵੜੇ, ਅਤੇ ਵੇਖੋ ਇਹ ਸਾਰਾ ਇੱਜੜ ਢਾਹੇ ਉਤੋਂ ਸਿਰ ਤੋੜ ਭੱਜ ਕੇ ਝੀਲ ਵਿੱਚ ਜਾ ਪਿਆ, ਅਤੇ ਪਾਣੀ ਵਿੱਚ ਡੁੱਬ ਮੋਇਆ।

ਯਿਸੂ ਨੇ ਪਰਮੇਸ਼ੁਰ ਅੱਗੇ ਦੁਸ਼ਟ ਆਤਮਾਵਾਂ ਤੋਂ ਬਚਣ ਲਈ ਪ੍ਰਾਰਥਨਾ ਨਹੀਂ ਕੀਤੀ। ਉਸਨੇ ਕਿਹਾ, "ਜਾਓ"।

® *ਕਮਜ਼ੋਰੀ ਅਤੇ ਬਿਮਾਰੀ ਉੱਪਰ*

ਕੋੜ੍ਹੀ ਯਿਸੂ ਕੋਲ ਆਇਆ ਅਤੇ ਚੰਗਾ ਹੋ ਗਿਆ।

ਮਰਕੁਸ 1:40,41 ਇੱਕ ਕੋੜ੍ਹੀ ਨੇ ਉਹਦੇ ਕੋਲ ਆਣ ਕੇ ਉਹਦੀ, ਮਿੰਨਤ ਕੀਤੀ, ਅਰ ਉਹਦੇ ਗੋਡੇ ਨਿਵਾ ਕੇ ਉਸ ਨੂੰ ਆਖਿਆ "ਜੇ ਤੂੰ ਚਾਹੇਂ ਤਾਂ ਮੈਨੂੰ ਸ਼ੁੱਧ ਕਰ ਸਕਦਾ ਹੈਂ।"

ਅਤੇ ਉਸ ਨੇ, ਤਰਸ ਖਾ ਕੇ, ਆਪਣਾ ਹੱਥ ਲੰਮਾ ਕੀਤਾ ਅਰ ਉਹ ਨੂੰ ਛੋਹ ਕੇ ਕਿਹਾ, "ਮੈਂ ਚਾਹੁੰਦਾ ਹਾਂ ਤੂੰ ਸ਼ੁੱਧ ਹੋ ਜਾ।"

ਯਿਸੂ ਨੇ ਉਸਨੂੰ ਚੰਗਾ ਕਰਨ ਲਈ ਪਰਮੇਸ਼ੁਰ ਅੱਗੇ ਪ੍ਰਾਰਥਨਾ ਨਹੀਂ ਕੀਤੀ। ਉਸਨੇ ਕਿਹਾ "ਚੰਗਾ ਹੋ ਜਾ"

® *ਮਨੁੱਖੀ ਸਰੀਰ ਉੱਪਰ*

ਇੱਕ ਸੁੱਕੇ ਹੱਥ ਵਾਲਾ ਮਨੁੱਖ ਯਿਸੂ ਕੋਲ ਆਇਆ।

ਮਰਕੁਸ 3:3,5ਅ ਉਹ ਨੇ ਉਸ ਸੁੱਕੇ ਹੱਥ ਵਾਲੇ ਮਨੁੱਖ ਨੂੰ ਆਖਿਆ, "ਵਿਚਾਲੇ ਖੜ੍ਹਾ ਹੋ"... "ਆਪਣਾ ਹੱਥ ਲੰਮਾ ਕਰ।" ਤਾਂ ਉਸ ਨੇ ਲੰਮਾ ਕੀਤਾ ਅਤੇ ਉਸ ਦਾ ਹੱਥ ਫੇਰ ਚੰਗਾ ਹੋ ਗਿਆ।

ਫਿਰ ਅਸੀਂ ਉਹੀ ਗੱਲ ਵੇਖਦੇ ਹਾਂ ਕਿ ਯਿਸੂ ਨੇ ਇਹ ਵੱਡਾ ਕੰਮ ਕਰਨ ਲਈ ਪ੍ਰਾਰਥਨਾ ਨਹੀਂ ਕੀਤੀ ਅਤੇ ਇਸ ਮਨੁੱਖ ਦੀ ਅਲੌਕਿਕ ਚੰਗਿਆਈ ਲਈ ਉਸਨੇ ਕਿਹਾ "ਆਪਣਾ ਹੱਥ ਲੰਮਾ ਕਰ"

® *ਸਰਿਸ਼ਟੀ ਉੱਪਰ*

ਯਿਸੂ ਦਾ ਹੰਜ਼ੀਰ ਦੇ ਬਿਰਛ ਉੱਪਰ ਅਧਿਕਾਰ ਸੀ, ਜੋ ਸਰਿਸ਼ਟ ਦਾ ਇੱਕ ਭਾਗ ਸੀ।

ਮੱਤੀ 21:19 ਅਤੇ ਰਸਤੇ ਕੋਲ ਹੰਜ਼ੀਰ ਦਾ ਇੱਕ ਬਿਰਛ ਵੇਖ ਕੇ, ਉਸ ਦੇ ਨੇੜੇ ਗਿਆ ਅਤੇ ਪੱਤਾਂ ਬਿਨ੍ਹਾਂ ਉਸ ਉੱਤੇ ਹੋਰ ਕੁਝ ਨਾ ਲੱਭਿਆ, ਅਤੇ ਉਸ ਨੇ ਉਸ ਨੂੰ ਆਖਿਆ, "ਕਿ ਅੱਜ ਤੋਂ ਲੈ ਕੇ ਤੈਨੂੰ ਕਦੀ ਫਲ ਨਾ ਲੱਗੇ" ਅਤੇ ਹੰਜ਼ੀਰ ਦਾ ਬਿਰਛ ਓਵੇਂ ਸੁੱਕ ਗਿਆ।

® *ਕੁਦਰਤੀ ਸ਼ਕਤੀਆਂ ਉੱਪਰ*

ਯਿਸੂ ਨੇ ਹਵਾ ਅਤੇ ਸਮੁੰਦਰ ਨੂੰ ਵਰਜਿਆ ਅਤੇ ਉਨ੍ਹਾਂ ਨੇ ਉਹੀ ਗੱਲ ਮੰਨੀ।

ਮਰਕੁਸ 4:37-39 ਤਦ ਵੱਡੀ ਅਨ੍ਹੇਰੀ ਅਤੇ ਲਹਿਰਾਂ ਬੇੜੀ ਪੁਰ ਐਥੋਂ ਤੀਕਰ ਲੱਗ ਗਈਆਂ, ਜੋ ਬੇੜੀ ਪਾਣੀ ਨਾਲ ਭਰ ਚੱਲੀ ਸੀ। ਉਹ ਬੇੜੀ ਦੇ ਪਿਛਲੇ ਸਿਰੇ ਵੱਲ, ਇੱਕ ਸਿਰਹਾਣਾ ਰੱਖ ਕੇ ਸੁੱਤਾ ਹੋਇਆ ਸੀ। ਤਦ ਉਨ੍ਹਾਂ ਨੇ ਉਹ ਨੂੰ ਜਗਾਇਆ ਅਤੇ ਉਹ ਨੂੰ ਆਖਿਆ, "ਗੁਰੂ ਜੀ, ਤੈਨੂੰ ਕੋਈ ਫ਼ਿਕਰ ਨਹੀਂ ਜੋ ਅਸੀਂ ਨਸ਼ਟ ਹੋ ਚੱਲੇ ਹਾਂ?"

ਤਦ ਉਹ ਨੇ ਉੱਠ ਕੇ ਪੌਣ ਨੂੰ ਦਬਕਾ ਦਿੱਤਾ ਅਤੇ ਝੀਲ ਨੂੰ ਕਿਹਾ, "ਚੁੱਪ ਕਰ, ਥੰਮ੍ਹ ਜਾਹ।" ਤਾਂ ਪੌਣ ਥੰਮ੍ਹ ਗਈ ਅਤੇ ਵੱਡਾ ਚੈਨ ਹੋ ਗਿਆ।

® *ਮੌਤ ਉੱਪਰ*

ਯਿਸੂ ਲਾਜਰ ਦੀ ਕਬਰ ਉੱਪਰ ਸੀ ਅਤੇ ਉਸਨੇ ਮੌਤ ਉੱਪਰ ਆਪਣੇ ਅਧਿਕਾਰ ਨੂੰ ਵਿਖਾਇਆ।

ਯੂਹੰਨਾ 11:43ਅ, 44 ਇੱਕ ਕਹਿ ਕੇ ਉੱਚੀ ਅਵਾਜ਼ ਮਾਰੀ ਕਿ "ਲਾਜ਼ਰ, ਬਾਹਰ ਆ!" ਉਹ ਜਿਹੜਾ ਮੋਇਆ ਹੋਇਆ ਸੀ ਕਫ਼ਨ ਨਾਲ ਹੱਥ ਪੈਰ ਬੱਧੇ ਹੋਏ ਬਾਹਰ ਨਿੱਕਲ ਆਇਆ, ਅਰ ਉਹ ਦੇ ਮੂੰਹ ਉੱਤੇ ਰੁਮਾਲ ਵਲ੍ਹੇਟਿਆ ਹੋਇਆ ਸੀ, ਯਿਸੂ ਨੇ ਉਨ੍ਹਾਂ ਨੂੰ ਆਖਿਆ, "ਉਹ ਨੂੰ ਖੋਲ੍ਹੋ ਅਤੇ ਜਾਣ ਦਿਓ।"

ਅਧਿਕਾਰ ਦੀ ਅਵਾਜ਼

ਪਿਛਲੇ ਅਧਿਆਇ ਵਿੱਚ ਅਸੀਂ ਵਿਸ਼ਵਾਸ ਦੀ ਅਵਾਜ਼ ਦਾ ਅਧਿਐਨ ਕੀਤਾ। ਹੁਣ ਸਾਨੂੰ ਅਧਿਕਾਰ ਦੀ ਅਵਾਜ਼ ਦਾ ਅਧਿਐਨ ਕਰਨਾ ਚਾਹੀਦਾ ਹੈ। ਤੁਸੀਂ ਵੇਖਿਆ ਕਿ ਉੱਪਰ ਦਿੱਤੀਆਂ ਉਦਾਹਰਨਾਂ ਵਿੱਚ ਯਿਸੂ ਦੇ ਸ਼ਬਦ ਬਹੁਤ ਸੰਖੇਪ ਵਿੱਚ ਸਨ?

ਯਿਸੂ ਨੇ ਕਿਹਾ "ਜਾਓ" "ਤੂੰ ਸ਼ੁੱਧ ਹੋ ਜਾਹ" "ਆਪਣਾ ਹੱਥ ਲੰਮਾ ਕਰ" "ਅੱਜ ਤੋਂ ਲੈ ਕੇ ਤੈਨੂੰ ਕਦੇ ਫਲ ਨਾ ਲੱਗੇ" "ਚੁੱਪ ਕਰ, ਥੰਮ੍ਹ ਜਾਹ।" "ਲਾਜ਼ਰ, ਬਾਹਰ ਆ!"

ਸੂਬੇਦਾਰ

ਜਦ ਸੂਬੇਦਾਰ ਯਿਸੂ ਕੋਲ ਆਇਆ, ਉਸਨੇ ਕਿਹਾ, "ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ।"

ਮੱਤੀ 8:8-10 ਪਰ ਸੂਬੇਦਾਰ ਨੇ ਉੱਤਰ ਦਿੱਤਾ, "ਪ੍ਰਭੂ ਜੀ, ਮੈਂ ਇਸ ਜੋਗ ਨਹੀਂ ਜੋ ਤੂੰ ਮੇਰੀ ਛੱਤ ਦੇ ਹੇਠ ਆਵੇਂ। ਪਰ ਨਿਰਾ ਬਚਨ ਹੀ ਕਰ ਤਾਂ ਮੇਰਾ ਨੌਕਰ ਚੰਗਾ ਹੋ ਜਾਊ। ਕਿਉਂਜੋ ਮੈਂ ਭੀ ਇੱਕ ਮਨੁੱਖ ਦੂਏ ਦੇ ਹੁਕਮ ਵਿੱਚ ਹਾਂ, ਅਤੇ ਸਿਪਾਹੀਆਂ ਨੂੰ ਆਪਣੇ ਇਖ਼ਤਿਆਰ ਵਿੱਚ ਰੱਖਦਾ ਹਾਂ, ਅਰ ਇੱਕ ਨੂੰ ਆਖਦਾ ਹਾਂ, "ਜਾਹ" ਤਾਂ ਉਹ ਜਾਂਦਾ ਹੈ; ਅਤੇ ਦੂਏ ਨੂੰ 'ਆ' ਤਾਂ ਉਹ ਆਉਂਦਾ ਹੈ; ਅਰ ਆਪਣੇ ਚਾਕਰ ਨੂੰ, 'ਇਹ ਕਰ' ਤਾਂ ਉਹ ਕਰਦਾ ਹੈ।"

ਯਿਸੂ ਨੇ ਇਹ ਸੁਣ ਕੇ, ਅਚਰਜ ਮੰਨਿਆ, ਅਤੇ ਉਨ੍ਹਾਂ ਨੂੰ ਜਿਹੜੇ ਮਗਰ ਮਗਰ ਆਉਂਦੇ ਸਨ, ਕਿਹਾ, "ਭਈ ਮੈਂ ਤੁਹਾਨੂੰ ਸੱਤ ਆਖਦਾ ਹਾਂ ਕਿ ਇਸਰਾਏਲ ਵਿੱਚ ਵੀ ਮੈਂ ਐਡੀ ਨਿਹਚਾ ਨਹੀਂ ਵੇਖੀ।"

ਸੂਬੇਦਾਰ ਨੇ ਯਿਸੂ ਦੇ ਅਧਿਕਾਰ ਨੂੰ ਪਛਾਣ ਲਿਆ ਸੀ ਕਿਉਂਕਿ ਉਹ ਆਪ ਵੀ ਅਧਿਕਾਰ ਦੇ ਅਧੀਨ ਸੀ। ਸੂਬੇਦਾਰ ਦੀ ਉਦਾਹਰਨ ਦੀ ਸੰਖੇਪਤਾ ਤੇ ਧਿਆਨ ਦਿਉ - "ਜਾਓ", "ਆਓ", "ਇਹ ਕਰੋ"

ਸੰਖੇਪ ਵਿੱਚ ਰਹੋ

ਅਧਿਕਾਰ ਦੀ ਅਵਾਜ਼ ਸੰਖੇਪ ਵਿੱਚ ਹੁੰਦੀ ਹੈ। ਜ਼ਿਆਦਾ ਵਿਆਖਿਆ ਕਰਨ ਦੀ ਲੋੜ ਨਹੀਂ। ਜ਼ਿਆਦਾ ਹਵਾਲੇ ਦੇਣ ਦੀ ਲੋੜ ਨਹੀਂ।

ਯਿਸੂ ਦੇ ਸ਼ਬਦਾਂ ਨੂੰ ਯਾਦ ਰੱਖੋ:

ਮੱਤੀ 6:7,8 ਅਤੇ ਤੁਸੀਂ ਪ੍ਰਾਰਥਨਾ ਕਰਦਿਆਂ ਹੋਇਆਂ ਪਰਾਈਆਂ ਕੌਮਾਂ ਦੇ ਲੋਕਾਂ ਵਾਂਗਰ ਬਕ ਬਕ ਨਾ ਕਰੋ ਕਿਉਂ ਜੋ ਉਹ ਸਮਝਦੇ ਹਨ ਭਈ ਸਾਡੇ ਬਹੁਤ ਬੋਲਣ ਕਰਕੇ ਸਾਡੀ ਸੁਣੀ ਜਾਵੇਗੀ। ਸੋ ਤੁਸੀਂ ਉਨ੍ਹਾਂ ਵਰਗੇ ਨਾ ਹੋਵੋ, ਕਿਉਂ ਜੋ ਤੁਹਾਡਾ ਪਿਤਾ ਤੁਹਾਡੇ ਮੰਗਣ ਤੋਂ ਪਹਿਲਾਂ ਹੀ ਜਾਣਦਾ ਹੈ ਭਈ ਤੁਹਾਨੂੰ ਕਿਨ੍ਹਾਂ-ਕਿਨ੍ਹਾਂ ਵਸਤਾਂ ਦੀ ਲੋੜ ਹੈ।"

® *ਤੇਰੀਆਂ ਗੱਲਾਂ ਘੱਟ ਹੀ ਹੋਣ*

ਉਪਦੇਸ਼ਕ ਦੀ ਪੋਥੀ ਵਿੱਚ ਅਸੀਂ ਪੜ੍ਹਦੇ ਹਾਂ,

ਉਪਦੇਸ਼ਕ 5:2 ਆਪਣੇ ਮੂੰਹ ਨਾਲ ਕਾਹਲੀ ਨਾ ਕਰ, ਅਤੇ ਤੇਰਾ ਮਨ ਪਰਮੇਸ਼ੁਰ ਦੇ ਸਾਹਮਣੇ ਛੇਤੀ ਨਾਲ ਕੁਝ ਨਾ ਆਖੇ। ਕਿਉਂ ਜੋ ਪਰਮੇਸ਼ੁਰ ਸੁਰਗ ਵਿੱਚ ਹੈ, ਅਤੇ ਤੂੰ ਧਰਤੀ ਉੱਤੇ ਹੈਂ, ਇਸ ਲਈ ਤੇਰੀਆਂ ਗੱਲਾਂ ਘੱਟ ਹੀ ਹੋਣ।

® *ਬਾਈਬਲ ਦੀਆਂ ਉਦਾਹਰਨਾਂ*

ਦਾਨੀਏਲ ਨੇ ਪ੍ਰਾਰਥਨਾ ਕੀਤੀ ਜੋ ਆਪਣੀ ਸੰਖੇਪਤਾ ਵਿੱਚ ਉੱਚ-ਕੋਟੀ ਦੀ ਹੈ।

ਦਾਨੀਏਲ 9:19 "ਹੇ ਪ੍ਰਭੂ, ਸੁਣ! ਹੇ ਪ੍ਰਭੂ, ਬਖਸ਼ ਦੇਹ! ਹੇ ਪ੍ਰਭੂ ਸੁਣ ਲੈ, ਅਤੇ ਕੰਮ ਕਰ! ਹੇ ਮੇਰੇ ਪਰਮੇਸ਼ੁਰ ਆਪਣੇ ਹੀ ਲਈ ਢਿਲ ਨਾ ਲਾ, ਇਸ ਲਈ ਜੋ ਤੇਰਾ ਸ਼ਹਿਰ ਅਤੇ ਤੇਰੀ ਪਰਜਾ ਤੇਰੇ ਨਾਮ ਦੀ ਸਦਾਉਂਦੀ ਹੈ।"

ਮੂਸਾ ਦੀਆਂ ਪ੍ਰਾਰਥਨਾ ਵੀ ਬਹੁਤ ਸੰਖੇਪ ਵਿੱਚ ਸਨ।

ਗਿਣਤੀ 10:35,36 ਤਾਂ ਐਉਂ ਹੋਇਆ, ਭਈ ਜਦ ਸੰਦੂਕ ਦਾ ਕੂਚ ਹੁੰਦਾ ਸੀ, ਤਾਂ ਮੂਸਾ ਆਖਦਾ ਹੁੰਦਾ ਸੀ: "ਹੇ ਯਹੋਵਾਹ! ਉੱਠ, ਅਤੇ ਤੇਰੇ ਵੈਰੀ ਖੇਰੂੰ ਖੇਰੂੰ ਹੋ ਜਾਣ, ਅਤੇ ਤੈਥੋਂ ਘਿਣ ਕਰਨ ਵਾਲੇ ਤੇਰੇ ਅੱਗੋਂ ਨੱਠ ਜਾਣ।"

ਅਤੇ ਜਦ ਠਹਿਰਦਾ ਸੀ, ਤਾਂ ਉਹ ਕਹਿੰਦਾ ਹੁੰਦਾ ਸੀ; ਹੇ ਯਹੋਵਾਹ ਇਸਰਾਏਲ ਦੇ ਲੱਖਾਂ ਹਜ਼ਾਰਾਂ ਵਿੱਚ ਮੁੜ ਆ"

ਏਲੀਯਾਹ ਦੀ ਪ੍ਰਾਰਥਨਾ ਸੰਖੇਪਤਾ ਦੀ ਇੱਕ ਹੋਰ ਉਦਾਹਰਨ ਹੈ ਜਦ ਉਹ ਇੱਕ ਬੱਚੇ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਦਾ ਹੈ।

1 ਰਾਜਿਆਂ 17:21,22 ਤਾਂ ਉਸ ਨੇ ਤਿੰਨ ਵਾਰ ਆਪ ਨੂੰ ਮੁੰਡੇ ਉੱਤੇ ਪਸਾਰਿਆ, ਅਤੇ ਯਹੋਵਾਹ ਨੂੰ ਉੱਚੀ ਦਿੱਤੀ ਆਖਿਆ, "ਹੇ ਯਹੋਵਾਹ ਮੇਰੇ ਪਰਮੇਸ਼ੁਰ, ਮੇਰੀ ਮਿੰਨਤ ਹੈ, ਕਿ ਇਸ ਮੁੰਡੇ ਦੇ ਪ੍ਰਾਣ ਫੇਰ ਉਹ ਦੇ ਵਿੱਚ ਆ ਜਾਣ।"

ਤਾਂ ਯਹੋਵਾਹ ਨੇ ਏਲੀਯਾਹ ਦੀ ਅਵਾਜ਼ ਸੁਣੀ; ਅਤੇ ਮੁੰਡੇ ਦੇ ਪ੍ਰਾਣ ਉਹ ਦੇ ਵਿੱਚ ਫੇਰ ਆ ਗਏ, ਅਤੇ ਉਹ ਜੀ ਉੱਠਿਆ।

ਬਆਲ ਦੇ ਪੁਜਾਰੀਆਂ ਨਾਲ ਏਲੀਯਾਹ ਦਾ ਮੁਕਾਬਲਾ

ਪੰਜਵੇਂ ਅਧਿਆਇ ਵਿੱਚ ਅਸੀਂ ਏਲੀਯਾਹ ਅਤੇ ਬਆਲ ਦੇ ਪੁਜਾਰੀਆਂ ਦੇ ਮੁਕਾਬਲੇ ਬਾਰੇ ਗੱਲ ਕੀਤੀ ਸੀ। ਏਲੀਯਾਹ ਅਧਿਕਾਰ ਨੂੰ ਜਾਣਨ ਵਾਲਾ ਵਿਅਕਤੀ ਸੀ। ਇਸਰਾਏਲ ਦੇ ਲੋਕਾਂ ਨੇ ਵੇਖਿਆ ਜਦ ਬਆਲ ਦੇ ਪੁਜਾਰੀ ਉੱਛਲ ਰਹੇ ਸਨ, ਉੱਚੀ-ਉੱਚੀ ਰੌਲਾ ਪਾ ਰਹੇ ਸਨ, ਅਤੇ ਆਪਣੇ ਆਪ ਨੂੰ ਛੁਰੀਆਂ ਨਾਲ ਵੱਢ ਰਹੇ ਸਨ, ਸਾਰਾ ਦਿਨ ਉਹ ਇਸ ਤਰ੍ਹਾਂ ਕਰਦੇ ਰਹੇ, ਪਰ ਕੁਝ ਨਹੀਂ ਹੋਇਆ

ਏਲੀਯਾਹ ਜਗਵੇਦੀ ਅਤੇ ਭੇਂਟ ਤਿਆਰ ਕਰਨ ਤੋਂ ਬਾਅਦ, ਉਹ ਨੇੜੇ ਆਇਆ ਅਤੇ ਕਿਹਾ ... ਉਸਨੇ ਰੌਲਾ ਨਹੀਂ ਪਾਇਆ - ਉਹ ਉੱਛਲਿਆ ਨਹੀਂ - ਉਸਨੇ ਬੇਨਤੀ ਨਹੀਂ ਕੀਤੀ - ਉਸਨੇ ਆਪਣੇ ਆਪ ਨੂੰ ਵੱਢਿਆ ਨਹੀਂ - ਉਸਨੇ ਸਿਰਫ਼ ਚੌਂਹਠ ਸ਼ਬਦਾਂ ਵਿੱਚ ਪ੍ਰਾਰਥਨਾ ਕੀਤੀ।

1 ਰਾਜਿਆਂ 18:36 ਤਾਂ ਤਕਾਲਾਂ ਦੀ ਭੇਂਟ ਚੜ੍ਹਾਉਣ ਦੇ ਵੇਲੇ ਐਉਂ ਹੋਇਆ, ਕਿ ਏਲੀਯਾਹ ਨਬੀ ਨੇ ਨੇੜੇ ਆ ਕੇ ਆਖਿਆ, "ਹੇ ਯਹੋਵਾਹ ਅਬਰਾਹਾਮ, ਇਸਹਾਕ, ਤੇ ਇਸਰਾਏਲ ਦੇ ਪਰਮੇਸ਼ੁਰ, ਅੱਜ ਮਲੂਮ ਹੋ ਜਾਵੇ ਕਿ ਤੂੰ ਇਸਰਾਏਲ ਵਿੱਚ ਪਰਮੇਸ਼ੁਰ ਹੈ, ਅਤੇ ਮੈਂ ਤੇਰਾ ਦਾਸ ਹਾਂ, ਮੈਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਤੇਰੇ ਵਚਨ ਨਾਲ ਕੀਤਾ ਹੈ। ਮੇਰੀ ਸੁਣ, ਹੇ ਯਹੋਵਾਹ, ਮੇਰੀ ਸੁਣ, ਜੋ ਇਹ ਲੋਕ ਜਾਣਨ ਕਿ ਤੂੰ ਹੀ ਯਹੋਵਾਹ ਪਰਮੇਸ਼ੁਰ ਹੈਂ, ਅਤੇ ਤੈਂ ਉਨ੍ਹਾਂ ਦਾ ਮਨ ਮੋੜ ਲਿਆ ਹੈ।"

ਤਦ ਯਹੋਵਾਹ ਦੀ ਅੱਗ ਆਣ ਪਈ, ਅਤੇ ਉਸ ਨੇ ਹੋਮ ਦੀ ਬਲੀ ਅਰ ਬਾਲਣ ਅਰ ਪੱਥਰਾਂ ਅਰ ਮਿੱਟੀ ਨੂੰ ਸਾੜ ਸੁੱਟਿਆ, ਜੋ ਪਾਣੀ ਖਾਈ ਵਿੱਚ ਸੀ ਉਸ ਨੂੰ ਚੱਟ ਲਿਆ।

ਪਰਮੇਸ਼ੁਰ ਕਿਸਨੂੰ ਇਸਤੇਮਾਲ ਕਰਦਾ ਹੈ

ਹਲੀਮ

ਮੂਸਾਲ ਦਾ ਪਾਲਣ-ਪੋਸ਼ਣ ਫਿਰਾਊਨ ਦੀ ਧੀ ਦੇ ਪੁੱਤਰ ਵਜੋਂ ਹੋਇਆ ਉਹ ਧੰਨ ਅਤੇ ਅਧਿਕਾਰ ਨੂੰ ਜਾਣਦਾ ਸੀ। ਤਾਂ ਉਹ ਜੰਗਲ ਵਿੱਚ ਭੱਜ ਗਿਆ, ਪਰ ਪਰਮੇਸ਼ੁਰ ਨੇ ਬਲਦੀ ਝਾੜੀ ਵਿੱਚੋਂ ਉਸ ਨੂੰ ਦਰਸ਼ਨ ਦਿੱਤਾ। ਮੂਸਾ ਯਕੀਨਨ ਅਧਿਕਾਰ ਵਿੱਚ ਚੱਲਿਆ। ਉਸਨੇ ਮਿਸਰ ਤੇ ਬਿਮਾਰੀਆਂ ਲਿਆਂਦੀਆਂ। ਲਾਲ ਸਮੁੰਦਰ ਨੂੰ ਦੋ ਭਾਗਾਂ ਵਿੱਚ ਕਰ ਦਿੱਤਾ, ਉਸਨੇ ਜੰਗਲ ਵਿੱਚ ਚਟਾਨ ਤੋਂ ਪਾਣੀ ਕੱਢਿਆ। ਪਹਾੜ ਤੇ ਉਸ ਨੇ ਪਰਮੇਸ਼ੁਰ ਨਾਲ ਗੱਲਾਂ ਕੀਤੀਆਂ ਉਹ ਪਰਮੇਸ਼ੁਰ ਦੇ ਬਹੁਤ ਨੇੜੇ ਸੀ ਉਹ ਦੀ ਹਜ਼ੂਰੀ ਨਾਲ ਉਸਦਾ ਮੂੰਹ ਜਲਾਲੀ ਹੋ ਜਾਂਦਾ ਹੈ। ਇਹ ਕੰਮ ਕਰਨ ਤੋਂ ਬਾਅਦ ਕੋਈ ਵੀ ਵਿਅਕਤੀ ਘਮੰਡੀ ਹੋ ਸਕਦਾ ਸੀ ਜਿਹੜੇ ਮੂਸਾ ਨੇ ਕੀਤੇ। ਪਰ ਗਿਣਤੀ ਦੀ ਕਿਤਾਬ ਵਿੱਚ ਅਸੀਂ ਪੜ੍ਹਦੇ ਹਾਂ।

ਗਿਣਤੀ 12:3 (ਅਤੇ ਉਹ ਮਰਦ ਮੂਸਾ ਸਾਰਿਆਂ ਆਦਮੀਆਂ ਨਾਲੋਂ ਜਿਹੜੇ ਪ੍ਰਿਥਵੀ ਉੱਤੇ ਸਨ ਬਹੁਤ ਅਧੀਨ ਸੀ।)

ਕਿਉਂਕਿ ਮੂਸਾ ਬਹੁਤ ਹਲੀਮ ਸੀ, ਇਸ ਲਈ ਪਰਮੇਸ਼ੁਰ ਨੇ ਸਭ ਤੋਂ ਵੱਡੀ ਸ਼ਕਤੀ ਦੇ ਅਧਿਕਾਰ ਦੁਆਰਾ ਇਹ ਸਭ ਕੁਝ ਕਰਨ ਦੀ ਉਸ ਨੂੰ ਆਗਿਆ ਦਿੱਤੀ ਸੀ।

ਸੇਵਕ

ਯਿਸੂ ਨੇ ਕਿਹਾ,

ਮੱਤੀ 20:26,27 "ਤੁਹਾਡੇ ਵਿੱਚ ਅਜਿਹਾ ਨਾ ਹੋਵੇ: ਪਰ ਜੋ ਕੋਈ ਤੁਹਾਡੇ ਵਿੱਚੋਂ ਵੱਡਾ ਹੋਣਾ ਚਾਹੇ, ਸੋ ਤੁਹਾਡਾ ਟਹਿਲੂਆ ਹੋਵੇ। ਅਤੇ ਜੋ ਕੋਈ ਤੁਹਾਡੇ ਵਿੱਚੋਂ ਸਰਦਾਰ ਬਣਿਆ ਚਾਹੇ, ਸੋ ਤੁਹਾਡਾ ਕਾਮਾ ਹੋਵੇ।"

ਮਸੀਹ ਦੀ ਰੀਸ ਕਰਨ ਵਾਲੇ

ਉਹ ਆਖਰੀ ਪਸਾਹ ਦੇ ਤਿਉਹਾਰ ਵਿੱਚ ਸ਼ਾਮਿਲ ਸਨ ਜਦ ਯਿਸੂ-ਪਰਮੇਸ਼ੁਰ ਦਾ ਪੁੱਤਰ-ਭਿਆਨਕ ਧੋਖੇ ਅਤੇ ਸਲੀਬੀ ਦੁੱਖਾਂ ਦਾ ਸਾਹਮਣਾ ਕਰਨ ਜਾ ਰਿਹਾ ਸੀ-ਉਸਨੇ ਚੇਲਿਆਂ ਦੇ ਪੈਰ ਧੋਤੇ। ਭਾਵੇਂ ਯਿਸੂ ਜਾਣਦਾ ਸੀ ਕਿ ਯਹੂਦਾ ਉਸ ਨੂੰ ਧੋਖਾ ਦੇਵੇਗਾ ਤਾਂ ਵੀ ਉਸ ਨੇ ਉਹਦੇ ਪੈਰ ਧੋਤੇ।

ਯਿਸੂ ਆਪਣੇ ਆਪ ਨੂੰ ਅਜਮਾਇਸ਼ ਅਤੇ ਮੌਤ ਲਈ ਦਿਮਾਗ਼ੀ ਤੌਰ ਤੇ ਅਤੇ ਭਾਵਨਾਤਮਿਕ ਤੌਰ ਤੇ ਤਿਆਰ ਕਰ ਰਿਹਾ ਸੀ। ਕਿਉਂਕਿ ਉਸ ਨੇ ਉਹ ਸਾਮ ਚੇਲਿਆਂ ਦੇ ਪੈਰ ਧੋਣ ਵਿੱਚ ਗੁਜਾਰੀ?

ਉਸਨੇ ਸਾਡੇ ਲਈ ਇਸ ਪ੍ਰਸ਼ਨ ਦਾ ਉੱਤਰ ਦਿੱਤਾ। ਉਸਨੇ ਸਾਡੇ ਅੱਗੇ ਇਹ ਨਮੂਨਾ ਰੱਖਿਆ, ਅਤੇ ਜ਼ਰੂਰ, ਇਹ ਸਾਡੇ ਲਈ ਹੀ ਹੈ। ਇਹ ਇਸ ਲਈ ਸੀ ਕਿ ਚੇਲੇ ਇੱਕ ਦੂਜੇ ਦੇ ਸੇਵਕ ਹੋਣ ਅਤੇ ਸਾਨੂੰ ਵੀ ਇੱਕ ਦੂਜੇ ਦੇ ਸੇਵਕ ਬਣਨਾ ਚਾਹੀਦਾ ਹੈ।

ਯੂਹੰਨਾ 13:3-5, 12-15 ਤਦ ਯਿਸੂ ਨੇ, ਇਹ ਜਾਣ ਕੇ ਭਈ ਪਿਤਾ ਨੇ ਸੱਭੋ ਕੁਝ ਮੇਰੇ ਹੱਥ ਵਿੱਚ ਸੌਂਪਿਆ ਹੈ, ਅਤੇ ਮੈਂ ਪਰਮੇਸ਼ਰ ਦੇ ਕੋਲੋਂ ਆਇਆ ਹਾਂ ਅਤੇ ਪਰਮੇਸ਼ੁਰ ਦੇ ਕੋਲ ਜਾਂਦਾ ਹਾਂ, ਖਾਣੇ ਤੋਂ ਉੱਠਿਆ ਅਰ ਆਪਣੇ ਬਸਤਰ ਲਾਹ ਛੱਡੇ, ਅਰ ਪਰਨਾ ਲੈ ਕੇ ਆਪਣਾ ਲੱਕ ਬੰਨ੍ਹਿਆ। ਫੇਰ, ਬਾਟੀ ਵਿੱਚ ਜਲ ਪਾ ਕੇ ਉਹ ਚੇਲਿਆਂ ਦੇ ਪੈਰ ਧੋਣ, ਅਤੇ ਉਸ ਧਰਨੇ ਨਾਲ ਜਿਹੜਾ ਬੱਧਾ ਹੋਇਆ ਸੀ ਪੂੰਝਣ ਲੱਗਾ

ਉਪਰੰਤ ਜਾਂ ਉਹ ਉਨ੍ਹਾਂ ਦੇ ਪੈਰ ਧੋ ਹਟਿਆ, ਅਤੇ ਆਪਣੇ ਬਸਤਰ ਲੈ ਲਏ, ਅਤੇ ਫੇਰ ਬੈਠ ਕੇ ਉਨ੍ਹਾਂ ਨੂੰ ਆਖਿਆ, "ਕੀ ਤੁਸੀਂ ਸਮਝਦੇ ਹੋ ਕਿ ਮੈਂ ਤੁਹਾਡੇ ਨਾਲ ਕੀ ਕੀਤਾ? ਤੁਸੀਂ ਮੈਨੂੰ ਗੁਰੂ ਅਤੇ ਪ੍ਰਭੂ ਕਰਕੇ ਬੁਲਾਉਂਦੇ ਹੋ, ਅਰ ਠੀਕ ਆਖਦੇ ਹੋ, ਕਿਉਂ ਜੋ ਮੈਂ ਹਾਂ।

ਸੋ, ਜੇ ਮੈਂ ਗੁਰੂ ਅਤੇ ਪ੍ਰਭੂ ਹੋ ਕੇ ਤੁਹਾਡੇ ਪੈਰ ਧੋਤੇ, ਤਾਂ ਚਾਹੀਦਾ ਹੈ ਜੋ ਤੁਸੀਂ ਭੀ ਇੱਕ ਦੂਏ ਦੇ ਪੈਰ ਧੋਵੋ। ਇਸ ਲਈ ਜੋ ਮੈਂ ਤੁਹਾਨੂੰ ਇੱਕ ਨਮੂਨਾ ਦੇ ਛੱਡਿਆ ਹੈ, ਤਾਂ ਜੋ ਜਿਵੇਂ ਮੈਂ ਤੁਹਾਡੇ ਨਾਲ ਕੀਤਾ ਤੁਸੀਂ ਵੀ ਤਿਵੇਂ ਹੀ ਕਰੋ।"

ਹਾਜ਼ਿਰ

ਸਾਡਾ ਵੀ ਅਜਿਹਾ ਵਾਤਾਵਰਨ ਹੁੰਦਾ ਹੈ ਜਾਂ ਧੋਖਾ ਵਿਅਕਤੀਆਂ ਅਤੇ ਘਟਨਾਵਾਂ ਦੇ ਆਲੇ-ਦੁਆਲੇ ਹੁੰਦਾ ਹੈ ਜਦ ਅਸੀਂ ਉਨ੍ਹਾਂ ਨੂੰ ਬਾਈਬਲ ਵਿੱਚੋਂ ਪੜ੍ਹਦ ਹਾਂ। ਤਾਂ ਅਸੀਂ ਉਨ੍ਹਾਂ ਨੂੰ ਡਰ ਅਤੇ ਭੈ ਨਾਲ ਮੰਨਦੇ ਹਾਂ। ਸਾਨੂੰ ਇਹ ਕਰਨ ਤੋਂ ਜ਼ਰੂਰ ਰੁਕ ਜਾਣਾ ਚਾਹੀਦਾ ਹੈ ਕਿਉਂਕਿ ਇਹ ਸਾਨੂੰ ਆਪਣੇ ਆਪ ਵਿੱਚ ਅਜਿਹੇ ਕੰਮਾਂ ਦੀ ਕਲਪਨਾ ਕਰਨ ਤੋਂ ਰੋਕਦਾ ਹੈ ਬਾਈਬਲ ਵਿੱਚ ਇਹ ਘਟਨਾਵਾਂ ਪਰਮੇਸ਼ੁਰ ਨੇ ਉਨ੍ਹਾਂ ਦੇ ਜੀਵਨ ਵਿੱਚ ਕੀਤੀਆਂ ਤਾਂ ਜੋ ਉਹ ਸਾਡੇ ਲਈ ਨਮੂਨਾ ਹੋਣ ਅਸੀਂ ਉਨ੍ਹਾਂ ਦੀਆਂ ਵੱਡੀਆਂ ਸਫਲਤਾਵਾਂ ਅਤੇ ਅਸਫਲਤਾਵਾਂ ਪੜ੍ਹੀਏ, ਤਾਂ ਜੋ ਅਸੀਂ ਉਨ੍ਹਾਂ ਨੂੰ ਮਨੁੱਖ ਹੀ ਸਮਝੀਏ, ਆਪਣੇ ਵਾਂਗੂੰ, ਪਰ ਉਹ ਪਰਮੇਸ਼ੁਰ ਦੀ ਸ਼ਕਤੀ ਦੁਆਰਾ ਚਲਦੇ ਸਨ।

ਏਲੀਯਾਹ ਪਰਮੇਸ਼ੁਰ ਦੇ ਸਭ ਤੋਂ ਸ਼ਕਤੀਸ਼ਾਲੀ ਮਨੁੱਖਾਂ ਵਿੱਚੋਂ ਇੱਕ ਸੀ, ਅਤੇ ਯਾਕੂਬ ਰਸੂਲ ਨੇ ਕੁਝ ਬਹੁਤ ਉਤਸਾਹਿਤ ਕਰਨ ਵਾਲੇ ਸ਼ਬਦਾਂ ਨੂੰ ਲਿਖਿਆ ਜਦੋਂ ਉਸ ਨੇ ਕਿਹਾ ਕਿ ਉਹ ਸਾਡੇ ਵਾਂਗੂੰ ਹੀ ਇੱਕ ਮਨੁੱਖ ਸੀ।

ਯਾਕੂਬ 5:17ਓ ਏਲੀਯਾਹ ਸਾਡੇ ਵਰਗਾ ਦੁੱਖ ਸੁੱਖ ਭੋਗਣ ਵਾਲਾ ਮਨੁੱਖ ਸੀ, ਅਤੇ ਉਸ ਨੇ ਤਨੋ ਮਨੋ ਪ੍ਰਾਰਥਨਾ ਕੀਤੀ ਭਈ ਵਰਖਾ ਨਾ ਹੋਵੇ...

ਤਿਆਰ ਭਾਂਡੇ

ਅਸੀਂ ਆਪਣੇ ਆਪ ਨੂੰ ਤਿਆਰ ਕਰ ਸਕਦੇ ਹਾਂ, ਅਤੇ ਆਦਰ ਦੇ ਭਾਂਡੇ ਬਣ ਸਕਦੇ ਹਾਂ, ਆਪਣੇ ਮਾਲਿਕ ਲਈ ਲਾਭਦਾਇਕ ਹਰੇਕ ਭਲੇ ਕੰਮ ਲਈ ਤਿਆਰ।

2 ਤਿਮੋਥਿਉਸ 2:20,21 ਵੱਡੇ ਘਰ ਵਿੱਚ ਨਿਰੇ ਸੋਨੇ ਚਾਂਦੀ ਦੇ ਨਹੀਂ ਪਰ ਕਾਠ ਅਤੇ ਮਿੱਟੀ ਦੇ ਵੀ ਹੁੰਦੇ ਹਨ, ਅਤੇ ਕਈ ਆਦਰ ਦੇ ਅਤੇ ਕਈ ਨਿਰਾਦਰ ਦੇ ਕੰਮ ਲਈ ਹੁੰਦੇ ਹਨ। ਸੋ ਜੇ ਕੋਈ ਆਪਣੇ ਆਪ ਨੂੰ ਇਨ੍ਹਾਂ ਤੋਂ ਸ਼ੁੱਧ ਕਰੇ, ਤਾਂ ਉਹ ਆਦਰ ਦੇ ਕੰਮ ਲਈ ਪਵਿੱਤਰ ਕੀਤਾ ਹੋਇਆ ਹੈ, ਮਾਲਿਕ ਦੇ ਵਰਤਣਯੋਗ, ਅਤੇ ਹਰੇਕ ਚੰਗੇ ਕੰਮ ਲਈ ਤਿਆਰ ਕੀਤਾ ਹੋਇਆ ਭਾਂਡਾ ਹੋਵੇਗਾ।

ਸਮਰੱਥਾ ਲਈ ਯਿਸੂ ਦੇ ਨਾਮ ਵਿੱਚ ਪ੍ਰਾਰਥਨਾ ਕਰੋ

ਸਾਰਿਆਂ ਨਾਮਾਂ ਤੋਂ ਉੱਤਮ ਨਾਮ

ਯਿਸੂ ਦਾ ਨਾਮ ਸਾਰਿਆਂ ਤੋਂ ਉੱਤਮ ਹੈ।

ਫ਼ਿਲਿੱਪੀਆਂ 2:8-11 ਅਤੇ ਮਨੁੱਖ ਦੀ ਸ਼ਕਲ ਵਿੱਚ ਪਰਗਟ ਹੋ ਕੇ, ਆਪਣੇ ਆਪ ਨੂੰ ਨੀਟਿਆਂ ਕੀਤਾ ਅਤੇ ਮੌਤ ਤਾਈਂ, ਸਗੋਂ ਸਲੀਬ ਦੀ ਮੌਤ ਤਾਈਂ ਆਗਿਆਕਾਰ ਬਣਿਆ। ਇਸ ਕਾਰਨ ਪਰਮੇਸ਼ੁਰ ਨੇ ਵੀ ਉਸ ਨੂੰ ਅੱਤ ਉੱਚਿਆਂ ਕੀਤਾ ਅਤੇ ਉਸ ਨੂੰ ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ, ਭਈ ਯਿਸੂ ਦਾ ਨਾਮ ਲੈ ਕੇ ਅਕਾਸ਼ ਉਤਲਿਆ, ਅਤੇ ਧਰਤੀ ਉਤਲਿਆ, ਅਤੇ ਧਰਤੀ ਦੇ ਹੇਠਲਿਆਂ ਵਿੱਚੋਂ ਹਰ ਗੋਡਾ ਨਿਵਾਇਆ ਜਾਵੇ, ਅਤੇ ਹਰ ਪਰਮੇਸ਼ੁਰ ਪਿਤਾ ਦੀ ਵਡਿਆਈ ਲਈ ਮੰਨ ਲਵੇ ਜੋ ਯਿਸੂ ਮਸੀਹ ਪ੍ਰਭੂ ਹੈ।

ਉਹਦੇ ਨਾਮ ਵਿੱਚ ਅਧਿਕਾਰ

ਯਿਸੂ ਨੇ ਆਪਣੇ ਚੇਲਿਆਂ ਨੂੰ ਆਪਣੇ ਨਾਮ ਨੂੰ ਇਸਤੇਮਾਲ ਕਰਨ ਦਾ ਅਧਿਕਾਰ ਦਿੱਤਾ।

ਮਰੁਸ 16:15-18 ਉਸ ਨੇ ਉਨ੍ਹਾਂ ਨੂੰ ਆਖਿਆ, "ਤੁਸੀਂ ਸਾਰੇ ਜਗਤ ਵਿੱਚ ਜਾ ਕੇ ਸਰਬੱਤ ਸਰਿਸ਼ਟ ਦੇ ਸਾਹਮਣੇ ਖੁਸ਼ਖ਼ਬਰੀ ਦਾ ਪਰਚਾਰ ਕਰੋ। ਜਿਹੜਾ ਨਿਹਚਾ ਕਰੇ ਅਤੇ ਬਪਤਿਸਮਾ ਲਵੇ ਉਹ ਬਚਾਇਆ ਜਾਵੇਗਾ; ਪਰ ਜਿਹਵਾ ਪਰਤੀਤ ਨਾ ਕਰੇ ਉਸ ਉੱਤੇ ਸਜ਼ਾ ਦਾ ਹੁਕਮ ਕੀਤਾ ਜਾਵੇਗਾ। ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ-ਨਾਲ ਏਹ ਨਿਸ਼ਾਨ ਹੋਣਗੇ: ਜੋ ਉਹ ਮੇਰਾ ਨਾਮ ਲੈ ਕੇ ਭੂਤਾਂ ਨੂੰ ਕੱਢਣਗੇ; ਓਹ ਨਵੀਆਂ-ਨਵੀਆਂ ਬੋਲੀਆਂ ਬੋਲਣਗੇ; ਉਹ ਸੱਪਾਂ ਨੂੰ ਚੁੱਕ ਲੈਣਗੇ; ਅਤੇ ਜੇ ਕੋਈ ਜ਼ਹਿਰ ਵਾਲੀ ਚੀਜ਼ ਪੀ ਲੈਣ, ਤਾਂ ਉਨ੍ਹਾਂ ਦਾ ਕੁਝ ਨਹੀਂ ਵਿਚਲੇਗਾ; ਉਹ ਰੋਗੀਆਂ ਉੱਤੇ ਹੱਥ ਰੱਖਣਗੇ ਤਾਂ ਉਹ ਚੰਗੇ ਹੋ ਜਾਣਗੇ।"

ਉਹਦੇ ਨਾਮ ਵਿੱਚ ਮੰਗੋ

ਸਾਨੂੰ ਉਹਦੇ ਨਾਮ ਵਿੱਚ ਮੰਗਣ ਦੀ ਲੋੜ ਹੈ

ਯੂਹੰਨਾ 15:16 "ਤੁਸਾਂ ਮੈਨੂੰ ਨਹੀਂ ਚੁਣਿਆ, ਪਰ ਮੈਂ ਤੁਹਾਨੂੰ ਚੁਣਿਆ ਅਤੇ ਤੁਹਾਨੂੰ ਠਹਿਰਾਇਆ ਸੀ ਜੋ ਤੁਸੀਂ ਜਾ ਕੇ ਫਲਦਾਰ ਹੋਵੋ, ਅਤੇ ਤੁਹਾਡਾ ਫਲ ਕਾਇਮ ਰਹੇ, ਤਾਂ ਜੋ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਪਿਤਾ ਤੋਂ ਮੰਗੋ ਸੋ ਉਹ ਤੁਹਾਨੂੰ ਦੇਵੇ।"

ਯੂਹੰਨਾ 14:13,14 "ਅਰ ਤੁਸੀਂ ਮੇਰਾ ਨਾਮ ਲੈ ਕੇ ਜੋ ਕੁਝ ਮੰਗੋਗੇ, ਮੈਂ ਸੋਈ ਕਰਾਂਗਾ, ਤਾਂ ਜੋ ਪੁੱਤਰ ਵਿੱਚ ਪਿਤਾ ਦੀ ਵਡਿਆਈ ਹੋਵੇ। ਜੇ ਤੁਸੀਂ ਮੇਰਾ ਨਾਮ ਲੈ ਕੇ ਮੈਥੋਂ ਕੁਝ ਮੰਗੋਗੇ, ਮੈਂ ਓਹੋ ਕਰਾਂਗਾ।"

ਚਮਤਕਾਰ ਉਹਦੇ ਨਾਮ ਵਿੱਚ ਕੀਤੇ ਗਏ

ਯਿਸੂ ਜਦ ਪਿਤਾ ਕੋਲ ਵਾਪਿਸ ਚਲਾ ਗਿਆ ਉਸ ਤੋਂ ਬਾਅਦ ਚੇਲਿਆਂ ਨੇ ਜੋ ਪਹਿਲਾ ਚਮਤਕਾਰ ਕੀਤਾ ਉਹ ਯਿਸੂ ਦੇ ਨਾਮ ਵਿੱਚ ਸੀ।

ਰਸੂਲਾਂ ਦੇ ਕਰਤੱਬ 3:1-8 ਪਤਰਸ ਅਤੇ ਯੂਹੰਨਾ ਪ੍ਰਾਰਥਨਾ ਕਰਨ ਦੇ ਵੇਲੇ ਤੀਏ ਪਹਿਰ, ਹੈਕਲ ਨੂੰ ਚੱਲੇ ਜਾਂਦੇ ਸਨ। ਅਤੇ ਲੋਕ ਇੱਕ ਜਮਾਂਦਰੂ ਲੰਙੇ ਨੂੰ ਚੁੱਕੀ ਲਈ ਜਾਂਦੇ ਸਨ ਜਿਹ ਨੂੰ ਰੋਜ਼ ਹੈਕਲ ਦੇ ਫਾਟਕ ਕੋਲ ਜਿਹੜਾ ਸੋਹਣਾ ਸੱਦੀਦਾ ਹੈ ਬਹਾਲ ਦਿੰਦੇ ਸਨ, ਭਈ ਉਹ ਹੈਕਲ ਵਿੱਚ ਜਾਣ ਵਾਲਿਆਂ ਤੋਂ ਭਿੱਛਿਆ ਮੰਗੇ; ਜਾਂ ਉਹ ਨੇ ਪਤਰਸ ਅਤੇ ਯੂਹੰਨਾ ਨੂੰ ਹੈਕਲ ਵਿੱਚ ਜਾਂਦਿਆਂ ਵੇਖਿਆ ਤਾਂ ਉਨ੍ਹਾਂ ਤੋਂ ਭਿੱਛਿਆ ਮੰਗੀ।

ਤਦੋਂ ਪਤਰਸ ਨੇ ਯੂਹੰਨਾ ਦੇ ਨਾਲ, ਉਹ ਨੂੰ ਧਿਆਨ ਨਾਲ ਵੇਖ ਕੇ ਆਖਿਆ, ਕਿ "ਸਾਡੀ ਵੱਲ ਵੇਖ"। ਤਾਂ ਉਹ ਨੇ ਉਨ੍ਹਾਂ ਕੋਲੋਂ ਕੁਝ ਲੱਭਣ ਦੀ ਆਸਾ ਕਰਕੇ, ਉਨ੍ਹਾਂ ਵੱਲ ਧਿਆਨ ਕੀਤਾ।

ਪਰ ਪਤਰਸ ਨੇ ਆਖਿਆ, "ਸੋਨਾ ਚਾਂਦੀ ਤਾਂ ਮੇਰੇ ਕੋਲ ਨਹੀਂ ਪਰ ਜੋ ਮੇਰੇ ਕੋਲ ਹੈ ਸੋ ਤੈਨੂੰ ਦਿੰਦਾ ਹਾਂ: ਯਿਸੂ ਨਾਸਰੀ ਦੇ ਨਾਮ ਨਾਲ ਤੁਰ ਫਿਰ।" ਤਾਂ ਉਸ ਨੇ ਉਹ ਦਾ ਸੱਜਾ ਹੱਥ ਫੜ ਕੇ ਉਹ ਨੂੰ ਉਠਾਲਿਆ, ਓਸੇ ਵੇਲੇ ਉਹ ਦੇ ਪੈਰ ਅਤੇ ਗਿੱਟੇ ਤਕੜੇ ਹੋ ਗਏ। ਅਤੇ ਉਹ ਕੁੱਦ ਕੇ ਉੱਠ ਖੜਾ ਹੋਇਆ ਅਤੇ ਤੁਰਨ ਲੱਗਾ ਅਰ ਤੁਰਦਾ, ਅਤੇ ਛਾਲਾਂ ਮਾਰਦਾ, ਅਤੇ ਪਰਮੇਸ਼ੁਰ ਦੀ ਉਸਤਤ ਕਰਦਾ ਹੋਇਆ - ਉਨ੍ਹਾਂ ਨਾਲ ਹੈਕਲ ਵਿੱਚ ਗਿਆ।

ਜਿਸ ਅਧਿਕਾਰ ਨਾਲ ਪਤਰਸ ਬੋਲਿਆ ਉਸ ਤੇ ਧਿਆਨ ਦਿਓ, "ਯਿਸੂ ਦੇ ਨਾਮ ਤੇ, ਉੱਠ ਅਤੇ ਤੁਰ।" ਉਸਨੇ ਉਸ ਮਨੁੱਖ ਨੂੰ ਚੰਗਾ ਕਰਨ ਲਈ ਪਰਮੇਸ਼ੁਰ ਨੂੰ ਨਹੀਂ ਆਖਿਆ।

ਸਭ ਕੁਝ ਓਹਦੇ ਨਾਮ ਵਿੱਚ ਕਰੋ

ਅਸੀਂ ਜੋ ਕੁਝ ਵੀ ਕਰਨਾ ਹੈ ਸਭ ਕੁਝ ਯਿਸੂ ਦੇ ਨਾਮ ਵਿੱਚ ਹੀ ਕਰਨਾ ਹੈ।

ਕੁਲੁੱਸੀਆਂ 3:17 ਅਤੇ ਸਭ ਜੋ ਕੁਝ ਤੁਸੀਂ ਕਰੋ ਭਾਵੇਂ ਬਚਨ ਭਾਵੇਂ ਕਰਮ ਸੱਭੋ ਹੀ ਪ੍ਰਭੂ ਯਿਸੂ ਦੇ ਨਾਮ ਉੱਤੇ ਕਰੋ ਅਰ ਉਹਦੇ ਰਾਹੀਂ ਪਿਤਾ ਪਰਮੇਸ਼ੁਰ ਦਾ ਧੰਨਵਾਦ ਕਰੋ।

ਪ੍ਰਾਰਥਨਾ ਦਾ ਯੁੱਧ

ਯਿਸੂ ਨੇ ਕਿਹਾ ਕਿ ਉਸ ਨੇ ਸਿਰਫ਼ ਉਹੀ ਕੀਤਾ ਜੋ ਉਸ ਨੇ ਪਿਤਾ ਨੂੰ ਕਰਦਿਆਂ ਵੇਖਿਆ

ਯੂਹੰਨਾ 5:19 ਉਪਰੰਤ ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, "ਮੈਂ ਤੁਹਾਨੂੰ ਸੱਚ-ਸੱਚ ਆਖਦਾ ਹਾਂ, ਪੁੱਤਰ ਆਪ ਤੋਂ ਕੁਝ ਨਹੀਂ ਕਰ ਸਕਦਾ, ਪਰ ਜੋ ਕੁਝ ਉਹ ਪਿਤਾ ਨੂੰ ਕਰਦਿਆਂ ਵੇਖਦਾ ਹੈ, ਕਿਉਂਕਿ ਜੋ ਕੰਮ ਉਹ ਕਰਦਾ ਹੈ, ਸੋ ਪੁੱਤਰ ਵੀ ਓਵੇਂ ਹੀ ਕਰਦਾ ਹੈ।"

ਮਹਾਨ ਅਧਿਕਾਰ ਵਿੱਚ ਚੱਲਣ ਲਈ ਜੋ ਪਰਮੇਸ਼ੁਰ ਸਾਡੇ ਲਈ ਰੱਖਦਾ ਹੈ ਅਤੇ ਸੰਸਾਰ ਨੂੰ ਵੀ ਇਸ ਦੀ ਸਖ਼ਤ ਲੋੜ ਹੈ ਸਾਨੂੰ ਸਿਰਫ਼ ਓਹੀ ਕਰਨਾ ਚਾਹੀਦਾ ਹੈ ਜੋ ਪਿਤਾ ਕਰਨ ਲਈ ਆਖਦਾ ਹੈ। ਆਪਣੀਆਂ ਖ਼ਾਹਿਸ਼ਾਂ ਨੂੰ ਦੂਰ ਕਰ ਦਿਉ ਸਾਨੂੰ ਉਨ੍ਹਾਂ ਸਾਰੀਆਂ ਗੱਲਾਂ ਨੂੰ ਜ਼ਰੂਰ ਦੂਰ ਕਰ ਦੇਣਾ ਚਾਹੀਦਾ ਹੈ ਜਿਹੜੀਆਂ ਸਾਨੂੰ ਪਰਮੇਸ਼ੁਰ ਦੀ ਇੱਛਾ ਨੂੰ ਜਾਣਨ ਤੋਂ ਰੋਕਦੀਆਂ ਹਨ।

ਸਾਨੂੰ ਪਰਮੇਸ਼ੁਰ ਦੀ ਸ਼ਕਤੀ ਵਿੱਚ ਚੱਲਣ ਦੀ ਲੋੜ ਹੈ ਜਿਵੇਂ ਯਿਸੂ ਚੱਲਿਆ। ਸਾਨੂੰ ਪਰਮੇਸ਼ੁਰ ਦੀ ਸ਼ਕਤੀ ਦੁਆਰਾ ਪ੍ਰਾਰਥਨਾ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਸਮਝ ਸਕੀਏ ਕਿ ਉਹਦੀ ਮਰਜ਼ੀ ਕੀ ਹੈ।

ਵਿਸ਼ਵਾਸ ਵਿੱਚ, ਸਾਨੂੰ ਵਿਸ਼ਵਾਸ ਦੀ ਅਵਾਜ਼ ਬਣਨ ਦੀ ਲੋੜ ਹੈ ਜੋ ਪਰਮੇਸ਼ੁਰ ਦੀ ਮੌਜੂਦਗੀ ਵਿੱਚ ਉਹਦੀ ਮਰਜ਼ੀ ਨੂੰ ਬੋਲਦੀ ਹੈ।

ਤਿੰਨ ਚੇਤਾਵਨੀਆਂ

ਇਹ ਤਿੰਨ ਚੇਤਾਵਨੀਆਂ ਸਾਨੂੰ ਜ਼ਰੂਰ ਯਾਦ ਰੱਖਣੀਆਂ ਚਾਹੀਦੀਆਂ ਹਨ।

ਪਰਮੇਸ਼ੁਰ ਕਦੇ ਵੀ ਸਾਨੂੰ ਕੁਝ ਅਜਿਹਾ ਕਰਨ ਲਈ ਨਹੀਂ ਕਹੇਗਾ ਜੋ ਉਹਦੇ ਲਿਖੇ ਹੋਏ ਵਚਨ ਦੇ ਵਿਰੋਧ ਵਿੱਚ ਹੋਵੇ।

ਵਚਨ ਪਰਮੇਸ਼ੁਰ ਹੈ ਅਤੇ ਪਰਮੇਸ਼ੁਰ ਕਦੇ ਆਪਣੇ ਆਪ ਦਾ ਵਿਰੋਧ ਨਹੀਂ ਕਰ ਸਕਦਾ

ਯੂਹੰਨਾ 1:1 ਆਦ ਵਿੱਚ ਸ਼ਬਦ ਸੀ, ਅਰ ਸ਼ਬਦ ਪਰਮੇਸ਼ੁਰ ਦੇ ਸੰਗ ਸੀ, ਅਤੇ ਸ਼ਬਦ ਪਰਮੇਸ਼ੁਰ ਸੀ।

ਪਰਮੇਸ਼ੁਰ ਕਦੇ ਸਾਨੂੰ ਕੁਝ ਅਜਿਹਾ ਕਰਨ ਜਾਂ ਬੋਲਣ ਲਈ ਨਹੀਂ ਕਹੇਗਾ ਜੋ ਸਾਡੀ ਆਪਣੀ ਮਹਿਮਾ ਜਾਂ ਲਾਭ ਲਈ ਹੋਵੇ। ਸ਼ੈਤਾਨ ਵੱਲੋਂ ਯਿਸੂ ਦੀਆਂ ਕੀਤੀਆਂ ਅਜ਼ਮਾਇਸ਼ਾਂ ਵਿੱਚੋਂ ਇੱਕ ਇਹ ਹੈ। ਯਿਸੂ ਇੱਕ ਕੰਮ ਕਰਕੇ ਆਪਣੇ ਆਪ ਨੂੰ ਪਰਮੇਸ਼ੁਰ ਦਾ ਪੁੱਤਰ ਸਾਬਿਤ ਕਰ ਸਕਦਾ ਸੀ। ਸਲੀਬੀ ਦੁੱਖ ਉਠਾਉਣ ਨੂੰ ਰੱਦ ਕਰਕੇ ਉਹ ਸੰਸਾਰ ਦਾ ਹਾਕਮ ਬਣ ਸਕਦਾ ਸੀ।

ਮੱਤੀ 4:5,6 ਫੇਰ ਸ਼ੈਤਾਨ ਉਹ ਨੂੰ ਪਵਿੱਤਰ ਸ਼ਹਿਰ ਵਿੱਚ ਨਾਲ ਲੈ ਗਿਆ, ਅਤੇ ਹੈਕਲ ਦੇ ਕਿੰਗਰੇ ਉੱਤੇ ਖੜਾ ਕਰਕੇ ਉਹ ਨੂੰ ਕਿਹਾ, "ਜੇ ਤੂੰ ਪਰਮੇਸ਼ੁਰ ਦਾ ਪੁੱਤਰ ਹੈਂ ਤਾਂ ਆਪਣੇ ਆਪ ਨੂੰ ਹੇਠਾਂ ਡੇਗ ਦੇਹ, ਕਿਉਂ ਜੋ ਲਿਖਿਆ ਹੈ: ਉਹ ਆਪਣੇ ਦੂਤਾਂ ਨੂੰ ਤੇਰੇ ਲਈ ਹੁਕਮ ਦੇਵੇਗਾ, ਉਹ ਤੈਨੂੰ ਹੱਥਾਂ ਉੱਤੇ ਚੁੱਕ ਲੈਣਗੇ, ਮਤੇ ਪੱਥਰ ਨਾਲ ਤੇਰੇ ਪੈਰ ਨੂੰ ਸੱਟ ਲੱਗੇ।"

ਪਰਮੇਸ਼ੁਰ ਸਾਨੂੰ ਕਦੇ ਕਿਸੇ ਵਿਅਕਤੀ ਤੇ ਹਕੂਮਤ ਕਰਨ ਜਾਂ ਕਿਸੇ ਪੁਰਖ ਇਸਤਰੀ ਦੀ ਅਜ਼ਾਦ ਇੱਛਾ ਨੂੰ ਜ਼ਬਰਦਸਤੀ ਦਬਾਉਣ ਲਈ ਨਹੀਂ ਆਖੇਗਾ।

ਇਸ ਸਮੇਂ, ਪਰਮੇਸ਼ੁਰ ਸਾਨੂੰ ਦੁਸ਼ਟ ਆਤਮਾਵਾਂ ਉੱਪਰ ਅਧਿਕਾਰ ਪ੍ਰਾਪਤ ਕਰਨ ਦੀ ਇਜ਼ਾਜਤ ਦੇਵੇਗਾ ਜਿਹੜੇ ਦੂਜਿਆਂ ਨੂੰ ਗੁਲਾਮ ਬਣਾਉਂਦੇ ਹਨ।

ਪਤਾਲ ਦੇ ਫਾਟਕਾਂ ਦਾ ਵੱਸ ਨਾ ਚੱਲੇਗਾ

ਸਾਡੀ ਲੜਾਈ ਦੁਸ਼ਟ ਆਤਮਾ ਦੀ ਸ਼ਕਤੀ ਨਾਲ ਹੈ। ਜਦੋਂ ਪਹਿਲੀ ਵਾਰ ਯਿਸੂ ਨੇ "ਕਲੀਸਿਆ" ਸ਼ਬਦ ਦਾ ਜ਼ਿਕਰ ਕੀਤਾ ਉਹਨੇ ਕਿਹਾ ਕਿ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ। ਇਹ ਫਾਟਕ ਨਰਕ ਦੀਆਂ ਹਕੂਮਤਾਂ ਬਾਰੇ ਦੱਸਦੇ ਹਨ। ਯਿਸੂ ਨੇ ਕਿਹਾ ਕਿ ਦੁਸ਼ਟ ਆਤਮਾਵਾਂ ਦੀਆਂ ਸ਼ਕਤੀਆਂ ਦਾ ਉਹਦੀ ਕਲੀਸਿਆ ਤੇ ਕੋਈ ਵੱਸ ਨਾ ਚੱਲੇਗਾ।

ਮੱਤੀ 16:18 "ਅਤੇ ਮੈਂ ਵੀ ਤੈਨੂੰ ਆਖਦਾ ਹਾਂ ਜੋ ਤੂੰ ਪਤਰਸ ਹੈਂ, ਅਤੇ ਮੈਂ ਇਸ ਪੱਥਰ ਉੱਤੇ ਆਪਣੀ ਕਲੀਸਿਆ ਬਣਾਵਾਂਗਾ, ਅਤੇ ਪਤਾਲ ਦੇ ਫਾਟਕਾਂ ਦਾ ਉਹ ਦੇ ਉੱਤੇ ਕੁਝ ਵੱਸ ਨਾ ਚੱਲੇਗਾ।"

ਬੰਨ੍ਹਣਾ ਅਤੇ ਖੋਲ੍ਹਣਾ

ਯਿਸੂ ਨੇ ਸਾਨੂੰ ਬੰਨ੍ਹਣ ਅਤੇ ਖੋਲ੍ਹਣ ਦੀ ਸ਼ਕਤੀ ਦਿੱਤੀ ਹੈ।

ਮੱਤੀ 16:19 "ਮੈਂ ਸੁਰਗ ਦੇ ਰਾਜ ਦੀਆਂ ਕੁੰਜੀਆਂ ਤੈਨੂੰ ਦਿਆਂਗਾ, ਅਤੇ ਜੋ ਕੁਝ ਤੂੰ ਧਰਤੀ ਉੱਤੇ ਬੰਨ੍ਹੇਂਗਾ ਸੁਰਗ ਵਿੱਚ ਬੰਨ੍ਹਿਆ ਜਾਵੇਗਾ, ਅਤੇ ਜੋ ਕੁਝ ਤੂੰ ਧਰਤੀ ਉੱਤੇ ਖੋਲ੍ਹੇਂਗਾ ਸੁਰਗ ਵਿੱਚ ਖੋਲ੍ਹਿਆ ਜਾਵੇਗਾ।"

ਬੰਨ੍ਹਣ ਦਾ ਅਰਥ ਹੈ ਸ਼ੈਤਾਨ ਜਾਂ ਦੁਸ਼ਟ ਆਤਮਾਵਾਂ ਨੂੰ ਕਿਸੇ ਵਿਸ਼ੇਸ਼ ਸਥਿਤੀ ਲਈ ਅਪਾਹਜ਼ ਕਰ ਦੇਣਾ ਜਿੱਥੇ ਆਤਮਿਕ ਯੁੱਧ ਵਿੱਚ ਪਰਮੇਸ਼ੁਰ ਨੇ ਸਾਡੀ ਅਗਵਾਈ ਕੀਤੀ। ਸਾਨੂੰ ਜ਼ੋਰਾਵਰ ਮਨੁੱਖ ਨੂੰ ਬੰਨ੍ਹਣ ਦੀ ਲੋੜ ਹੈ।

ਮੱਤੀ 12:28,29 "ਪਰ ਜੇ ਮੈਂ ਪਰਮੇਸ਼ੁਰ ਦੇ ਆਤਮਾ ਦੀ ਸਹਾਇਤਾ ਨਾਲ ਭੂਤਾਂ ਨੂੰ ਕੱਢਦਾ ਹਾਂ, ਤਾਂ ਪਰਮੇਸ਼ੁਰ ਦਾ ਰਾਜ ਤੁਹਾਡੇ ਉੱਤੇ ਆ ਪਹੁੰਚਿਆ ਹੈ। ਅਥਵਾ ਕੋਈ ਕਿਸੇ ਜ਼ੋਰਾਵਰ ਦੇ ਘਰ ਵਿੱਚ ਵੜ ਕੇ ਉਹਦਾ ਮਾਲ ਕਿੱਕੁਰ ਲੁੱਟ ਸਕਦਾ ਹੈ, ਜੇ ਪਹਿਲਾਂ ਉਸ ਜ਼ੋਰਾਵਰ ਨੂੰ ਬੰਨ੍ਹ ਨਾ ਲਵੇ? ਤਾਂ ਉਹ ਦਾ ਘਰ ਲੁੱਟੇਗਾ।"

ਯਿਸੂ ਨੇ ਬੰਨ੍ਹਣ ਅਤੇ ਖੋਲ੍ਹਣ ਦੀ ਸਾਨੂੰ ਇੱਕ ਉਦਾਹਰਨ ਦਿੱਤੀ।

ਲੂਕਾ 13:11,12,16 ਅਰ ਵੇਖੋ, ਇੱਕ ਤੀਵੀਂ ਸੀ ਜਿਸਨੂੰ ਅਠਾਰਾਂ ਵਰਿਹਾਂ ਤੋਂ ਮਾਂਦਗੀ ਦਾ ਆਤਮਾ ਚਿੰਬੜਿਆ ਹੋਇਆ ਸੀ, ਅਤੇ ਉਹ ਕੁੱਬੀ ਹੈ ਸੀ ਅਰ ਕਿਸੇ ਤਰ੍ਹਾਂ ਸਿੱਧੀ ਨਹੀਂ ਸੀ ਹੋ ਸਕਦੀ। ਯਿਸੂ ਨੇ ਉਹ ਨੂੰ ਵੇਖ ਕੇ, ਕੋਲ ਸੱਦਿਆ ਅਰ ਉਹ ਨੂੰ ਕਿਹਾ, "ਹੇ ਤ੍ਰੀਮਤ, ਤੂੰ ਆਪਣੀ ਮਾਂਦਗੀ ਤੋਂ ਛੁੱਟ ਗਈ ਹੈਂ।"

"ਫੇਰ ਭਲਾ ਇਹ ਤੀਵੀਂ, ਜੋ ਅਬਰਾਹਾਮ ਦੀ ਧੀ ਹੈ, ਜਿਹ ਨੂੰ ਸ਼ੈਤਾਨ ਨੇ ਵੇਖੋ ਅਠਾਰਾਂ ਵਰਿਹਾਂ ਤੋਂ ਬੰਨ੍ਹ ਰੱਖਿਆ ਹੈ-ਇਹ ਨੂੰ ਸਬਤ ਦੇ ਦਿਨ ਇਸ ਬੰਧਨ ਤੋਂ ਛੁਡਾਉਣਾ ਜੋਗ ਨਹੀਂ ਸੀ?"

ਵਿਸ਼ਵਾਸੀ ਹੋਣ ਦੇ ਨਾਤੇ ਅਸੀਂ ਜਿੱਥੇ ਵੀ ਰਹੇ ਅਤੇ ਪਰਮੇਸ਼ੁਰ ਦੁਆਰਾ ਜਿੱਥੇ ਵੀ ਘੱਲੇ ਗਏ ਉੱਥੇ ਅਸੀਂ ਅਧਿਕਾਰ ਦੀਆਂ ਬਰਕਤਾਂ ਦੇਣ ਦਾ ਕਾਰਨ ਬਣੇ। ਇਨ੍ਹਾਂ ਅਧਿਕਾਰਾਂ ਵਿੱਚ, ਅਸੀਂ ਬੰਨ੍ਹਣ ਜਾਂ ਖੋਲ੍ਹਣ ਦਾ ਅਧਿਕਾਰ ਪ੍ਰਾਪਤ ਕੀਤਾ ਹੈ। ਆਪਣੀਆਂ ਸ਼ਕਤੀਸ਼ਾਲੀ ਅਧਿਕਾਰਪੂਰਨ ਪ੍ਰਾਰਥਨਾ ਦੁਆਰਾ, ਅਸੀਂ ਪਰਮੇਸ਼ੁਰ ਦੀ ਸ਼ਕਤੀ ਅਤੇ ਯੋਗਤਾ ਨੂੰ ਧਰਤੀ ਉੱਤੇ ਕੰਮ ਕਰਨ ਲਈ ਆਖ ਸਕਦੇ ਹਾਂ।

ਹਕੂਮਤਾਂ ਵਿਰੁੱਧ ਸਾਡੀ ਲੜਾਈ

ਸਾਨੂੰ ਹਮੇਸ਼ਾਂ ਯਾਦ ਰੱਖਣਾ ਚਾਹੀਦਾ ਹੈ ਕਿ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਹੈ। ਅਸੀਂ ਅੰਧਘੋਰ ਦੀਆਂ ਸੈਨਾਵਾਂ ਨਾਲ ਲੜਦੇ ਹਾਂ।

ਅਫ਼ਸੀਆਂ 6:12 ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ, ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।

ਕਿਲ੍ਹਿਆਂ ਨੂੰ ਢਾਉਣਾ

ਯਿਸੂ ਦਾ ਨਾਮ, ਯਿਸੂ ਦਾ ਲਹੂ, ਅਤੇ ਪਰਮੇਸ਼ੁਰ ਦਾ ਵਚਨ ਸਾਡੇ ਯੁੱਧ ਦੇ ਹਥਿਆਰ ਹਨ। ਇਹ ਆਤਮਾ ਦੇ ਹਥਿਆਰ ਹਨ, ਅਤੇ ਇਹ ਸ਼ਕਤੀਸ਼ਾਲੀ ਹਨ।

2 ਕੁਰਿੰਥੀਆਂ 10:4,5 ਇਸ ਲਈ ਜੋ ਸਾਡੇ ਯੁੱਧ ਦੇ ਸ਼ਸਤ੍ਰ ਸਰੀਰਕ ਨਹੀਂ ਸਗੋਂ ਪਰਮੇਸ਼ੁਰ ਦੇ ਭਾਣੇ ਕਿਲ੍ਹਿਆਂ ਦੇ ਢਾਹ ਦੇਹ ਲਈ ਡਾਢੇ ਤਕੜੇ ਹਨ, ਸੋ ਅਸੀਂ ਵਹਿਮਾਂ ਨੂੰ ਅਤੇ ਹਰ ਇੱਕ ਉੱਚੀ ਗੱਲ ਨੂੰ ਜਿਹੜੀ ਪਰਮੇਸ਼ੁਰ ਦੇ ਗਿਆਨ ਦੇ ਵਿਰੁੱਧ ਸਿਰ

ਚੁੱਕਦੀ ਹੈ ਢਾਹ ਦਿੰਦੇ ਹਾਂ, ਅਤੇ ਹਰ ਇੱਕ ਖਿਆਲ ਨੂੰ ਬੰਧਨ ਵਿੱਚ ਲਿਆਉਂਦੇ ਹਾਂ ਭਈ ਉਹ ਮਸੀਹ ਦਾ ਆਗਿਆਕਾਰ ਹੋਵੇ।

ਰਾਜ ਨੂੰ ਜ਼ੋਰ ਮਾਰ ਕੇ ਲੈਣਾ

ਆਪਣੀਆਂ ਪ੍ਰਾਰਥਨਾਵਾਂ ਵਿੱਚ, ਸਾਨੂੰ ਪਰਮੇਸ਼ੁਰ ਦੇ ਰਾਜ ਵਿੱਚ ਅੱਗੇ ਵੱਧਣ ਲਈ ਜ਼ੋਰ ਮਾਰਨਾ ਪਵੇਗਾ। ਸਾਨੂੰ ਦਲੇਰੀ ਅਤੇ ਅਧਿਕਾਰ ਨਾਲ ਕਹਿਣ ਦੀ ਲੋੜ ਹੈ, "ਤੇਰਾ ਰਾਜ ਆਵੇ। ਤੇਰੀ ਮਰਜ਼ੀ ਜਿਵੇਂ ਸੁਰਗ ਵਿੱਚ ਪੂਰੀ ਹੁੰਦੀ ਹੈ ਧਰਤੀ ਤੇ ਵੀ ਹੋਵੇ" ਇਹ ਰਾਜਿਆਂ ਵਾਲੀ ਪ੍ਰਾਰਥਨਾ ਹੈ ਜਿਹੜੀ ਸੁਰਗ ਦੇ ਰਾਜ ਅਤੇ ਉਹਦੀ ਮਰਜ਼ੀ ਨੂੰ ਧਰਤੀ ਤੇ ਲਿਆਉਂਦੀ ਹੈ। ਅਸੀਂ ਜ਼ੋਰ ਮਾਰਨ ਵਾਲੇ ਹੋਈਏ ਜਿਹੜੇ ਰਾਜ ਨੂੰ ਖੋਹ ਲੈਂਦੇ ਹਨ।

ਮੱਤੀ 11:12 "ਅਤੇ ਯੂਹੰਨਾ ਬਪਤਿਸਮਾ ਦੇਣ ਵਾਲੇ ਦੇ ਦਿਨਾਂ ਤੋਂ ਹੁਣ ਤੋੜੀ ਸੁਰਗ ਦੇ ਰਾਜ ਉੱਤੇ ਜ਼ੋਰ ਮਾਰਿਆ ਜਾਂਦਾ ਹੈ, ਅਤੇ ਜ਼ੋਰ ਮਾਰਨ ਵਾਲੇ ਉਸ ਨੂੰ ਖੋਹ ਲੈਂਦੇ ਹਨ।"

ਯਿਸੂ ਉਡੀਕ ਕਰ ਰਿਹਾ ਹੈ

ਜ਼ਬੂਰਾਂ ਵਿੱਚ ਦਾਊਦ ਨੇ ਭਵਿੱਖਬਾਣੀ ਕੀਤੀ,

ਜ਼ਬੂਰ 110:1 ਯਹੋਵਾਹ ਦਾ ਮੇਰੇ ਪ੍ਰਭੂ ਲਈ ਵਾਕ ਇਹ ਵਾਕ ਹੈ, "ਕਿ ਤੂੰ ਮੇਰੇ ਸੱਜੇ ਪਾਸੇ ਬੈਠ, ਜਦ ਤੀਕੁਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰ ਦਿਆਂ।"

ਮੱਤੀ, ਮਰਕੁਸ, ਅਤੇ ਲੂਕਾ ਸਾਰੇ ਯਿਸੂ ਨੂੰ ਦਾਊਦ ਦੇ ਸ਼ਬਦਾਂ ਦਾ ਹਵਾਲਾ ਦਿੰਦੇ ਹੋਏ ਦੱਸਦੇ ਹਨ।

ਲੂਕਾ 20:42,43 "ਕਿਉਂ ਜੋ ਦਾਊਦ ਜ਼ਬੂਰ ਦੇ ਪੁਸਤਕ ਵਿੱਚ ਆਪੇ ਕਹਿੰਦਾ ਹੈ, ਭਈ ਪ੍ਰਭੂ ਨੇ ਮੇਰੇ ਪ੍ਰਭੂ ਨੂੰ ਆਖਿਆ, "ਤੂੰ ਮੇਰੇ ਸੱਜੇ ਪਾਸੇ ਬੈਠ, ਜਦ ਤੀਕਰ ਮੈਂ ਤੇਰੇ ਵੈਰੀਆਂ ਨੂੰ ਤੇਰੇ ਪੈਰ ਰੱਖਣ ਦੀ ਚੌਂਕੀ ਨਾ ਕਰਾਂ।"

ਪਵਿੱਤਰ ਆਤਮਾ ਦੇ ਦਿਨ ਪਵਿੱਤਰ ਆਤਮਾ ਦੀ ਸ਼ਕਤੀ ਦੇ ਆਉਣ ਤੋਂ ਬਾਅਦ, ਪਤਰਸ ਨੇ ਆਪਣੇ ਪਹਿਲੇ ਸੰਦੇਸ਼ ਦਾ ਪਰਚਾਰ ਕੀਤਾ ਅਤੇ ਤਿੰਨ ਹਜ਼ਾਰ ਲੋਕ ਕਲੀਸੀਆ ਵਿੱਚ ਸ਼ਾਮਿਲ ਹੋ ਗਏ। ਇਸ ਸੰਦੇਸ਼ ਵਿੱਚ ਪਤਰਸ ਨੇ ਵੀ ਦਾਊਦ ਦਾ ਹਵਾਲਾ ਦਿੱਤਾ (ਰਸੂਲਾਂ ਦਾ ਕਰਤੱਬ 2:34,35)।

ਇਬਰਾਨੀਆਂ ਦੀ ਕਿਤਾਬ ਦਾ ਲੇਖਕ ਦਾਊਦ ਦੀ ਇਸ ਭਵਿੱਖਬਾਣੀ ਦਾ ਹਵਾਲਾ ਦਿੰਦਾ ਹੈ।

ਇਬਰਾਨੀਆਂ 10:12-13 ਪਰ ਇਹ ਪਾਪਾਂ ਦੇ ਬਦਲੇ ਇੱਕੋ ਬਲੀਦਾਨ ਸਦਾ ਲਈ ਚੜ੍ਹਾ ਕੇ, ਪਰਮੇਸ਼ੁਰ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ, ਅਤੇ ਇਦੋਂ ਅੱਗੇ ਉਡੀਕ ਕਰਦਾ ਹੈ ਜੋ ਉਹ ਦੇ ਵੈਰੀ ਉਹ ਦੇ ਪੈਰ ਰੱਖਣ ਦੀ ਚੌਂਕੀ ਕੀਤੇ ਜਾਣ।

ਇਹ ਛੇ ਵਾਰ ਸਾਡਾ ਧਿਆਨ ਇਸ ਸੱਚਾਈ ਵੱਲ ਖਿੱਚਦਾ ਹੈ। ਕਿਉਂ?

ਅਸੀਂ ਜਾਣਦੇ ਹਾਂ ਕਿ ਯਿਸੂ ਸਵਰਗ ਵਿੱਚ ਸਾਡੇ ਲਈ ਸਫ਼ਾਰਸ਼ ਕਰ ਰਿਹਾ ਹੈ, ਕੀ ਅਸੀਂ ਵੀ ਇਹ ਸਮਝਦੇ ਹਾਂ ਜੋ ਉਹ ਸਾਡੀ ਉਡੀਕ ਕਰ ਰਿਹਾ ਹੈ ਕਿ ਅਸੀਂ ਕੁਝ ਕਰੀਏ? ਉਹ ਉਡੀਕ ਕਰ ਰਿਹਾ ਹੈ ਜੋ ਉਹਦੇ ਵੈਰੀ ਉਹਦੇ ਪੈਰ ਰੱਖਣ ਦੀ ਚੌਂਕੀ ਬਣ ਜਾਣ - ਉਹ ਦੇ ਪੈਰ੍ਹਾਂ ਦੇ ਅਧੀਨ ਕੀਤੇ ਜਾਣ।

Φ ਸਾਰ – ਅਧਿਕਾਰ ਨਾਲ ਪ੍ਰਾਰਥਨਾ ਕਰਨੀ

ਸਲੀਬ ਤੇ, ਯਿਸੂ ਨੇ ਉੱਚੀ ਅਵਾਜ਼ ਨਾਲ ਪੁਕਾਰਿਆ, "ਪੂਰਾ ਹੋਇਆ।"

ਯਿਸੂ ਨੇ ਮਨੁੱਖਜਾਤੀ ਦੇ ਪਾਪਾਂ ਦੀ ਕੀਮਤ ਅਦਾ ਕਰ ਦਿੱਤੀ ਹੈ।

ਯਿਸੂ ਨੇ, ਆਪਣਾ ਲਹੂ ਵਹਾਉਣ ਦੁਆਰਾ, ਸਾਨੂੰ ਸਰ੍ਹਾ ਦੇ ਸਰਾਪ ਤੋਂ ਛੁਡਾਇਆ।

ਯਿਸੂ ਨੇ ਸਾਡੇ ਅਧਿਕਾਰ ਨੂੰ ਵਾਪਿਸ ਲਿਆ।

ਹੁਣ, ਯਿਸੂ ਉਡੀਕ ਕਰ ਰਿਹਾ ਹੈ ਕਿ ਉਹਦੇ ਵੈਰੀ ਉਹਦੇ ਪੈਰ ਰੱਖਣ ਦੀ ਚੌਂਕੀ ਬਣਨ।
ਉਸਨੇ ਸਾਨੂੰ ਆਪਣਾ ਨਾਮ ਦਿੱਤਾ ਹੈ। ਉਸਨੇ ਸਾਨੂੰ ਪਵਿੱਤਰ ਆਤਮਾ ਦੀ ਸ਼ਕਤੀ ਦਿੱਤੀ ਹੈ।

ਉਸਨੇ ਸਾਨੂੰ ਅਧਿਕਾਰ ਦਿੱਤਾ ਹੈ। ਹੁਣ, ਇਹ ਸਾਡਾ ਹੈ

ਪ੍ਰਾਰਥਨਾ ਦੁਆਰਾ, ਸਾਨੂੰ ਜ਼ੋਰ ਮਾਰ ਕੇ ਪਰਮੇਸ਼ੁਰ ਦੇ ਰਾਜ ਨੂੰ ਲਿਆਉਣਾ ਹੋਵੇਗਾ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਪ੍ਰਸ਼ਨ 8:8 ਵਿੱਚ, ਸੂਬੇਦਾਰ ਨੇ ਯਿਸੂ ਨੂੰ ਕਿਉਂ ਕਿਹਾ ਕਿ ਉਸਨੂੰ ਉਹਦੇ ਨੌਕਰ ਨੂੰ ਠੀਕ ਕਰਨ ਲਈ ਉਹਦੇ ਘਰ ਆਉਣ ਦੀ ਲੋੜ ਨਹੀਂ ਹੈ, ਪਰ ਤੁਸੀਂ ਸਿਰ ਵਚਨ ਹੀ ਬੋਲੋ ਤਾਂ ਜੋ ਉਹ ਚੰਗਾ ਹੋ ਜਾਵੇਗਾ? ਅੱਜ ਕਿਵੇਂ ਇਹ ਸਾਡੇ ਲਈ ਇੱਕ ਨਮੂਨਾ ਹੈ?

2. ਇਹ ਪ੍ਰਾਰਥਨਾ ਦੇ ਕਿਹੋ ਜਿਹੇ ਸ਼ਬਦ ਹਨ, "ਜਾਓ" "ਆਓ" "ਉੱਠ ਅਤੇ ਚੰਗਾ ਹੋ ਜਾਹ।"

3. ਤੁਸੀਂ ਕਿਵੇਂ ਜਾਣਦੇ ਹੋ ਕਿ ਪਰਮੇਸ਼ੁਰ ਤੁਹਾਨੂੰ ਇੱਕ ਅਧਿਕਾਰ ਪੂਰਨ ਪ੍ਰਾਰਥਨਾ ਕਰਨ ਲਈ ਪ੍ਰਕਾਸ਼ਨ ਦੇ ਰਿਹਾ ਹੈ?

ਅਧਿਆਇ ਨੌਵਾਂ

ਪਰਮੇਸ਼ੁਰ ਦੇ ਦਿਲ ਦੀ ਅਵਾਜ਼

ਜਾਣ-ਪਛਾਣ

ਪੂਰੀ ਬਾਈਬਲ ਦੁਆਰਾ ਪਰਮੇਸ਼ੁਰ ਦੇ ਦਿਲ ਦੀ ਅਵਾਜ਼ ਪ੍ਰਗਟ ਹੁੰਦੀ ਹੈ ਜੋ ਆਪਣੇ ਲੋਕਾਂ ਨੂੰ ਸਿਫ਼ਾਰਸ਼ ਕਰਨ ਲਈ ਪੁਕਾਰਦੀ ਹੈ। ਹਿਜ਼ਕੀਏਲ ਦੇ ਸ਼ਬਦਾਂ ਤੋਂ ਇਸ ਦਾ ਪਤਾ ਲੱਗਦਾ ਹੈ ਜਦ ਉਸਨੇ ਇਹ ਲਿਖਿਆ ਕਿ ਕਿਵੇਂ ਪਰਮੇਸ਼ੁਰ ਨੇ ਸਿਫ਼ਾਰਸ਼ ਕਰਨ ਲਈ ਕਿਸੇ ਆਦਮੀ ਨੂੰ ਲੱਭਿਆ ਪਰ ਕੋਈ ਨਾ ਮਿਲਿਆ।

ਹਿਜ਼ਕੀਏਲ 22:30 "ਮੈਂ ਉਨ੍ਹਾਂ ਵਿੱਚ ਭਾਲ ਕੀਤੀ ਕਿ ਕੋਈ ਅਜਿਹਾ ਆਦਮੀ ਲੱਭੇ ਜੋ ਕੰਧ ਬਣਾਵੇ, ਅਤੇ ਉਸ ਧਰਤੀ ਦੇ ਲਈ ਉਸ ਦੇ ਝਰਨੇ ਵਿੱਚ ਮੇਰੇ ਮੂਹਰੇ ਖਲੋਵੇ, ਤਾਂ ਜੋ ਮੈਂ ਉਹ ਨੂੰ ਨਾ ਉਜਾੜਾਂ, ਪਰ ਕੋਈ ਨਾ ਲੱਭਿਆ।"

ਇਤਿਹਾਸ ਦੀ ਕਿਤਾਬ ਵਿੱਚ ਆਪਣੇ ਲੋਕਾਂ ਲਈ ਪਰਮੇਸ਼ੁਰ ਦੇ ਦਿਲ ਦੀ ਅਵਾਜ਼ ਹੈ ਕਿ ਉਹ ਦੂਜਿਆਂ ਲਈ ਸਿਫ਼ਾਰਸ਼ ਕਰਨ। ਉਸ ਨੇ ਕਿਹਾ ਕਿ ਜੇਕਰ ਉਹ ਆਪਣੇ ਆਪ ਨੂੰ ਅਧੀਨ ਕਰਨ, ਬੁਰਿਆਈ ਤੋਂ ਮੁੜ ਕੇ ਪ੍ਰਾਰਥਨਾ ਕਰਨ ਅਤੇ ਉਹ ਉਨ੍ਹਾਂ ਦੇ ਦੇਸ਼ ਨੂੰ ਚੰਗਿਆਂ ਕਰੇ।

2 ਇਤਿਹਾਸ 7:14 "ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਪ੍ਰਾਰਥਨਾ ਕਰੇ, ਅਤੇ ਮੇਰੇ ਦਰਸ਼ਨ ਦੀ ਚਾਹਵੰਦ ਹੋਵੇ, ਅਤੇ ਆਪਣੇ ਭੈੜੇ ਰਾਹ ਤੋਂ ਮੁੜੇ, ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾ ਕਰਾਂਗਾ ਅਤੇ ਉਨ੍ਹਾਂ ਦੇ ਦੇਸ਼ ਨੂੰ ਬਹਾਲ ਕਰ ਦਿਆਂਗਾ।"

ਯਿਸੂ ਨੇ ਚੇਲਿਆਂ ਨੂੰ ਆਖਿਆ ਕਿ ਫਸਲ ਤਾਂ ਬਹੁਤ ਹੈ ਪਰ ਵਾਢੇ ਥੋੜ੍ਹੇ ਹਨ। ਉਨ੍ਹਾਂ ਨੇ ਕੀ ਕਰਨਾ ਸੀ? ਪ੍ਰਾਰਥਨਾ।

ਲੂਕਾ 10:2 ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, "ਫਸਲ ਤਾਂ ਬਹੁਤ ਹੈ ਪਰ ਵਾਢੇ ਥੋੜ੍ਹੇ ਹਨ, ਇਸ ਲਈ ਤੁਸੀਂ ਫਸਲ ਦੇ ਮਾਲਕ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਫਸਲ ਵੱਢਣ ਨੂੰ ਵਾਢੇ ਘੱਲ ਦੇਵੇ।"

ਬਾਈਬਲ ਵਿੱਚ ਦੂਜੀਆਂ ਪ੍ਰਾਰਥਨਾ ਨਾਲੋਂ ਕਿਸੇ ਲਈ ਸਿਫ਼ਾਰਸ਼ ਕਰਨ ਦੇ ਜ਼ਿਆਦਾ ਹਵਾਲੇ ਮਿਲਦੇ ਹਨ। ਅਧਿਕਾਰ ਦੀਆਂ ਪ੍ਰਾਰਥਨਾ ਅਕਸਰ ਅਲੌਕਿਕ ਗਿਆਨ ਤੇ ਅਧਾਰਿਤ ਹੁੰਦੀਆਂ ਹਨ ਜੋ ਦੂਜਿਆਂ ਲਈ ਸਿਫਾਰਸ਼ ਕਰਨ ਦੁਆਰਾ ਮਿਲਦਾ ਹੈ।

ਪ੍ਰਾਰਥਨਾ ਦੀ ਪਹਿਲੀ ਉਦਾਹਰਨ ਅੱਯੂਬ ਦੀ ਕਿਤਾਬ ਵਿੱਚ ਸਿਫ਼ਾਰਸ਼ਾਂ ਨਾਲ ਸ਼ੁਰੂ ਹੁੰਦੀ ਹੈ। ਪਰਿਵਾਰ ਦੇ ਮੁੱਖੀ ਆਪਣੇ ਪਰਿਵਾਰ ਲਈ ਸਿਫ਼ਾਰਸ਼ ਕਰਦੇ ਸਨ। ਦੇਸ਼ ਦੇ ਧਾਰਮਿਕ ਆਗੂਆਂ ਨੇ ਦੇਸ਼ ਅਤੇ ਲੋਕਾਂ ਲਈ ਸਿਫ਼ਾਰਸ਼ ਕੀਤੀ। ਯਾਜਕਾਂ ਨੇ ਸਿਫ਼ਾਰਸ਼ ਕੀਤੀ। ਯਿਸੂ ਨੇ ਸਿਫ਼ਾਰਸ਼ ਕੀਤੀ। ਰਸੂਲਾਂ ਨੇ ਸਿਫ਼ਾਰਸ਼ ਕੀਤੀ। ਇਸੇ ਰੀਤ ਨੂੰ ਬਰਕਰਾਰ ਰੱਖਦੇ ਹੋਏ ਸਾਨੂੰ ਵੀ ਮਸੀਹੀ ਭੈਣ ਭਰਾਵਾਂ ਲਈ, ਸਰਕਾਰੀ ਅਗੂਆਂ ਲਈ, ਅਤੇ ਮਸੀਹ ਦੀ ਦੇਹ ਵਿੱਚ ਦੇ ਆਗੂਆਂ ਲਈ ਸਿਫ਼ਾਰਸ਼ ਕਰਨੀ ਚਾਹੀਦੀ ਹੈ।

ਸਿਫ਼ਾਰਸ਼ ਦੀ ਪਰਿਭਾਸ਼ਾ

ਸਿਫ਼ਾਰਸ਼ ਦਾ ਅਰਥ ਕਿਸੇ ਦੂਜੇ ਲਈ ਪਰਮੇਸ਼ੁਰ ਦੇ ਅੱਗੇ ਜਾਣਾ ਹੈ ਇੱਥੋਂ ਤੱਕ ਕਿ ਉਸ ਦੀ ਜਗ੍ਹਾ ਤੇ ਆਪਣੇ ਆਪ ਨੂੰ ਰੱਖਣਾ। ਸੱਚੀ ਸਿਫ਼ਾਰਸ਼ ਸਾਡੀ ਅੰਦਰਲੀ ਇਨਸਾਨੀਅਤ ਤੋਂ ਨਿਕਲਦੀ ਹੈ। ਇਹ ਪਰਮੇਸ਼ੁਰ ਨਾਲ ਗੂੜ੍ਹਾ ਵਿਅਕਤੀਗਤ ਸੰਬੰਧ ਰੱਖਣ ਨਾਲ ਹੁੰਦਾ ਹੈ। ਅਤੇ ਅਸੀਂ ਉਹਦੇ ਸੰਬੰਧਾਂ ਨੂੰ ਅਤੇ ਉਹਦੀਆਂ ਖ਼ਾਹਿਸ਼ਾਂ ਨੂੰ ਮਹਿਸੂਸ ਕਰ ਸਕਦੇ ਹਾਂ,

ਅਤੇ ਤਦ, ਉਹ ਅਗਵਾਈ ਕਰਦਾ ਹੈ, ਅਤੇ ਆਪਣੀ ਸ਼ਕਤੀ ਦੂਜਿਆਂ ਦੇ ਜੀਵਨ ਵਿੱਚ ਘੱਲਦਾ ਹੈ।

ਸਿਫ਼ਾਰਸ਼ ਲੋਕਾਂ ਲਈ ਕੀਤੀ ਜਾਂਦੀ ਹੈ ਅਤੇ ਇਹ ਹਰ ਵਿਸ਼ਵਾਸੀ ਦੀ ਯਾਜਕਾਈ ਸੇਵਾ ਹੋਣੀ ਚਾਹੀਦੀ ਹੈ।

ਵਿਲਸਨ ਮੈਮਬੋਲੀਓ ਨੇ ਲਿਖਿਆ, "ਸਿਫ਼ਾਰਸ਼ ਕਰਨ ਵਾਲੇ ਪਰਮੇਸ਼ੁਰ ਅਤੇ ਮਨੁੱਖ ਜਾਂ ਲੋਕਾਂ ਦੇ ਸਮੂਹ ਦੇ ਵਿਚਕਾਰ ਖਲੋਂਦੇ ਹਨ ਜਿਨ੍ਹਾਂ ਲਈ ਸਿਫ਼ਾਰਸ਼ ਕੀਤੀ ਜਾਂਦੀ ਹੈ। ਉਹ ਆਪਣੀਆਂ ਲੋੜਾਂ ਨੂੰ ਭੁੱਲ ਗਏ ਹਨ ਅਤੇ ਆਪਣੀ ਪਹਿਚਾਣ ਵਿਅਕਤੀਗਤ ਜਾਂ ਸਮੂਹਿਕ ਆਤਮਿਕ ਯੁੱਧ ਦੇ ਨਾਲ ਕਰਾਉਂਦੇ ਹਨ ਅਤੇ ਉਨ੍ਹਾਂ ਲਈ ਪ੍ਰਾਰਥਨਾ ਕਰਦੇ ਹਨ। ਉਹ ਦੂਜਿਆਂ ਦੀ ਤਕਲੀਫ਼ ਨੂੰ ਇਸ ਤਰ੍ਹਾਂ ਮਹਿਸੂਸ ਕਰਦੇ ਹਨ ਜਿਵੇਂ ਉਨ੍ਹਾਂ ਨੂੰ ਆਪ ਹੋ ਰਹੀ ਹੋਵੇ। ਦੂਜੇ ਲੋਕਾਂ ਲਈ ਪ੍ਰਾਰਥਨਾ ਕਰਨ ਵਿੱਚ ਉਨ੍ਹਾਂ ਨੂੰ ਖੁਸ਼ੀ ਮਹਿਸੂਸ ਹੁੰਦੀ ਹੈ। ਸਿਫ਼ਾਰਸ਼ ਕਰਨ ਵਾਲਿਆਂ ਦਾ ਦਿਲ ਖੁਸ਼ੀ ਨਾਲ ਭਰਿਆ ਹੋਇਆ ਹੁੰਦਾ ਹੈ ਜਦੋਂ ਉਹ ਦੂਜਿਆਂ ਲਈ ਪ੍ਰਾਰਥਨਾ ਕਰਦੇ ਹਨ ਉਨ੍ਹਾਂ ਦੇ ਦਿਲ ਵਿੱਚ ਅੰਦਰੂਨੀ ਆਤਮਿਕ ਸ਼ਕਤੀ ਹੁੰਦੀ ਹੈ। ਪਰਮੇਸ਼ੁਰ ਉਨ੍ਹਾਂ ਤੋਂ ਪ੍ਰਸੰਨ ਹੁੰਦਾ ਹੈ। ਸਿਫ਼ਾਰਸ਼ ਕਰਨ ਵਾਲੇ ਪੁਰਖ ਅਤੇ ਇਸਤਰੀਆਂ ਉੱਪਰ ਪਰਮੇਸ਼ੁਰ ਇੱਕ ਪਰਿਵਾਰ, ਕਲੀਸਿਆ ਅਤੇ ਦੇਸ਼ ਲਈ ਆਪਣੇ ਭੇਤ ਅਤੇ ਯੋਜਨਾਵਾਂ ਪਰਗਟ ਕਰਦਾ ਹੈ।"

ਸ਼ੀਟਿੰਗ ਵਿੱਚ ਗੌਡ ਤੋਂ ਲਿਆ ਗਿਆ–ਪ੍ਰਾਰਥਨਾ ਦਾ ਸਭ ਤੋਂ ਡੂੰਘਾ ਅਰਥ। *ਪ੍ਰਾਰਥਨਾ ਅਤੇ ਸ਼ਬਦ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਕੀਤਾ ਗਿਆ, ਨੇਰੋਬੀ, ਕੀਨੀਆ, ਅਫ਼ਰੀਕਾ।*

ਸਿਫ਼ਾਰਸ਼ ਦੇ ਅਮਲੀ ਕਦਮ

ਜਦ ਤੁਸੀਂ ਦੂਜਿਆਂ ਲਈ ਸਿਫ਼ਾਰਸ਼ ਕਰਦੇ ਹੋ ਤੁਹਾਨੂੰ ਛੇ ਬੁਨਿਆਦੀ ਕਦਮਾਂ ਨੂੰ ਯਾਦ ਰੱਖਣਾ ਚਾਹੀਦਾ ਹੈ।

- **ਸਪੱਸ਼ਟ ਹੋਵੋ, ਉਦੇਸ਼ ਰਹਿਤ ਪ੍ਰਾਰਥਨਾ ਨਾ ਕਰੋ।**

- **ਪਰਮੇਸ਼ੁਰ ਦੇ ਵਾਇਦਿਆਂ ਦੀ ਭਾਲ ਕਰੋ ਜਿਹੜੇ ਉਸ ਜ਼ਰੂਰਤ ਲਈ ਢੁੱਕਵੇਂ ਹੋਣ ਅਤੇ ਤੁਹਾਡੀ ਪ੍ਰਾਰਥਨਾ ਉਨ੍ਹਾਂ ਤੇ ਅਧਾਰਿਤ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਤੁਹਾਡੀਆਂ ਪ੍ਰਾਰਥਨਾ ਪਰਮੇਸ਼ੁਰ ਦੀ ਮਰਜ਼ੀ ਅਨੁਸਾਰ ਹੀ ਹੋਣਗੀਆਂ।**

- **ਆਪਣੇ ਦੁਆਰਾ ਪਵਿੱਤਰ ਆਤਮਾ ਨੂੰ ਪ੍ਰਾਰਥਨਾ ਕਰਨ ਦਿਉ।**

- **ਤੁਹਾਡੀ ਪ੍ਰਾਰਥਨਾ ਦਾ ਅਧਾਰ ਵਿਅਕਤੀ ਦੀ ਭਲਿਆਈ ਤੇ ਅਧਾਰਿਤ ਨਾ ਹੋਵੇ। ਉਨ੍ਹਾਂ ਵਿੱਚੋਂ ਕੁਝ ਵੀ ਉਨ੍ਹਾਂ ਦਾ ਆਪਣਾ ਨਹੀਂ ਹੈ। ਧਾਰਮਿਕਤਾ ਮਸੀਹ ਵਿੱਚ ਵਿਸ਼ਵਾਸ ਦੀ ਸਥਿਤੀ ਤੇ ਅਧਾਰਿਤ ਹੈ। ਹਮੇਸ਼ਾ ਸਿਫ਼ਾਰਸ਼ ਕਰਨ ਦਾ ਅਧਿਕਾਰ ਪਰਮੇਸ਼ੁਰ ਦੀ ਕਿਰਪਾ ਅਤੇ ਦਇਆ ਨੂੰ ਬਣਾਉ।**

- **ਪ੍ਰਾਰਥਨਾ ਵਿੱਚ ਲੋਕਾਂ ਨੂੰ ਨਿਯੰਤਰਣ ਕਰਨ ਦੀ ਕੋਸ਼ਿਸ਼ ਨਾ ਕਰੋ ਨਾ ਉਨ੍ਹਾਂ ਨੂੰ ਹੁਕਮ ਸੁਣਾਓ। ਪਰਮੇਸ਼ੁਰ ਕਦੇ ਕਿਸੇ ਦੀ ਅਜ਼ਾਦ ਇੱਛਾ ਨੂੰ ਦਬਾਵੇਗਾ ਨਹੀਂ ਅਤੇ ਤੁਹਾਨੂੰ ਅਜਿਹਾ ਕਰਨ ਦੀ ਆਗਿਆ ਨਹੀਂ ਹੈ।**

- **ਕਦੇ ਨਾ ਕਰੋ–ਹੌਂਸਲਾ ਨਾ ਹਾਰੋ।**

ਸ਼ੈਤਾਨ ਦੀ ਯੁੱਧ ਕਲਾ

ਸ਼ੈਤਾਨ ਹਰ ਵਿਸ਼ਵਾਸੀ ਤੇ ਹਮਲਾ ਕਰਨ ਦੀ ਯੋਜਨਾ ਬਣਾਉਂਦਾ ਹੈ ਜਿਹੜੇ ਪਰਮੇਸ਼ੁਰ ਦੀ ਪ੍ਰੇਰਣਾ ਦੁਆਰਾ ਦੂਜਿਆਂ ਲਈ ਸਿਫ਼ਾਰਸ਼ ਕਰਦੇ ਹਨ। ਜੋ ਪਰਮੇਸ਼ੁਰ ਪ੍ਰਗਟ ਕਰਦਾ ਹੈ

ਉਹ ਉਸ ਨੂੰ ਤੋੜਨ-ਮਰੋੜਨ ਦੀ ਕੋਸ਼ਿਸ਼ ਕਰਦਾ ਹੈ ਅਤੇ ਸਿਫ਼ਾਰਸ਼ ਕਰਨ ਵਾਲੇ ਪੁਰਖ ਇਸਤਰੀਆਂ ਨੂੰ ਮਹਿਸੂਸ ਕਰਾਉਂਦਾ ਹੈ ਕਿ ਉਹ ਪਰਮੇਸ਼ੁਰ ਦੇ ਰਾਹ ਆਗੂਆਂ ਨੂੰ ਸਿਖਾਉਣ ਵਾਲੇ ਹਨ। ਉਹ ਸਿਫ਼ਾਰਸ਼ ਕਰਨ ਵਾਲਿਆਂ ਨੂੰ ਇਸ ਤਰ੍ਹਾਂ ਧੋਖਾ ਦੇਣ ਦੀ ਕੋਸ਼ਿਸ਼ ਕਰਦਾ ਹੈ ਕਿ ਉਹ ਅਗਵਾਈ ਕਰਨ ਦੇ ਚਾਹਵੰਦ ਹੋ ਜਾਣ ਅਤੇ ਅਧੀਨ ਨਾ ਰਹਿਣ।

ਇੱਕ ਸਿਫ਼ਾਰਸ਼ ਕਰਨ ਵਾਲੇ ਨੂੰ ਜ਼ਰੂਰ ਦੋਸ਼ ਲਗਾਉਣ ਵਾਲੇ ਵਿਵਹਾਰ ਤੋਂ ਆਪਣੀ ਰੱਖਵਾਲੀ ਕਰਨੀ ਚਾਹੀਦੀ ਹੈ, ਅਤੇ ਨਿੰਦਾ ਕਰਨ ਵਾਲੀ ਜਾਂ ਹੁਕਮ ਚਲਾਉਣ ਵਾਲੀ ਆਤਮਾ ਤੋਂ ਬਚਣਾ ਚਾਹੀਦਾ ਹੈ।

ਸਿਫ਼ਾਰਸ਼ ਕਰਨ ਦੀਆਂ ਬਾਈਬਲ ਵਿੱਚੋਂ ਉਦਾਹਰਨਾਂ

ਬਾਈਬਲ ਦੀਆਂ ਉਦਾਹਰਨਾਂ ਨੂੰ ਸਿੱਖਣਾ ਸਿਫ਼ਾਰਸ਼ ਕਰਨ ਲਈ ਸਭ ਤੋਂ ਵਧੀਆ ਤਰੀਕਾ ਹੈ।

ਯਿਸੂ ਸਾਡੇ ਲਈ ਸਿਫ਼ਾਰਸ਼ ਕਰਦਾ ਹੈ

ਯਿਸੂ ਹਮੇਸ਼ਾ ਸਾਡੇ ਲਈ ਸਭ ਤੋਂ ਉੱਤਮ ਨਮੂਨਾ ਹੈ

® *ਸਾਡਾ ਮਹਾਂ ਯਾਜਕ*

ਪੁਰਾਣੇ ਨੇਮ ਦੇ ਯਾਜਕ ਸਿਫ਼ਾਰਸ਼ ਕਰਨ ਵਾਲਿਆਂ ਦੀ ਤਸਵੀਰ ਹਨ। ਉਹ ਮਨੁੱਖ ਅਤੇ ਪਰਮੇਸ਼ੁਰ ਦੇ ਵਿਚਕਾਰ ਖੜ੍ਹੇ ਹੁੰਦੇ ਸਨ, ਲੋਕਾਂ ਦੇ ਪਾਪਾਂ ਲਈ ਕੁਰਬਾਨੀ ਚੜ੍ਹਾਉਂਦੇ ਸਨ। ਯਿਸੂ ਸਾਡਾ ਮਹਾਂਯਾਜਕ ਹੈ ਅਤੇ ਦੂਜਿਆਂ ਲਈ ਪ੍ਰਾਰਥਨਾ ਕਰਨ ਲਈ ਸਾਡਾ ਨਮੂਨਾ ਹੈ ਕਿਉਂਕਿ ਉਹ ਸਿਫ਼ਾਰਸ਼ ਕਰਨ ਲਈ ਸਦਾ ਜੀਉਂਦਾ ਹੈ।

ਇਬਰਾਨੀਆਂ 7:25 ਇਸ ਲਈ ਉਹ ਉਨ੍ਹਾਂ ਦਾ ਜਿਹੜੇ ਉਹ ਦੇ ਰਾਹੀਂ ਪਰਮੇਸ਼ੁਰ ਦੇ ਕੋਲ ਆਉਂਦੇ ਹਨ ਪੂਰਾ ਨਿਸਤਾਰਾ ਕਰ ਸਕਦਾ ਹੈ ਕਿਉਂ ਜੋ ਉਹ ਉਨ੍ਹਾਂ ਦੀ ਸਿਫ਼ਾਰਸ਼ ਕਰਨ ਨੂੰ ਸਦਾ ਜੀਉਂਦਾ ਹੈ।

® *ਸਾਡਾ ਵਕੀਲ ਜਾਂ ਸਿਫ਼ਾਰਸ਼ ਕਰਨ ਵਾਲਾ*

ਸ਼ਬਦ-ਕੋਸ਼ ਦੱਸਦਾ ਹੈ ਕਿ ਵਕੀਲ ਉਹ ਹੁੰਦਾ ਹੈ ਜੋ ਬੋਲਦਾ ਹੈ, ਹੱਕ ਵਿੱਚ ਬੇਨਤੀ ਕਰਦਾ ਹੈ, ਜਾਂ ਹੱਕ ਵਿੱਚ ਸਬੂਤ ਦਿੰਦਾ ਹੈ, ਉਹ ਜਿਹੜਾ ਦੂਜੇ ਦੇ ਲਈ ਬੇਨਤੀ ਕਰਦਾ ਹੈ: ਸਮਰਥਨ ਕਰਨ ਵਾਲਾ ਜਾਂ ਬਚਾਉਣ ਵਾਲਾ। ਯਿਸੂ ਸਾਡੇ ਲਈ ਸਭ ਕੁਝ ਹੈ।

1 ਯੂਹੰਨਾ 2:1 ਹੇ ਮੇਰੇ ਬੱਚਿਓ, ਮੈਂ ਇਹ ਗੱਲਾਂ ਤੁਹਾਨੂੰ ਇਸ ਲਈ ਲਿਖਦਾ ਹਾਂ ਭਈ ਤੁਸੀਂ ਪਾਪ ਨਾ ਕਰੋ, ਅਤੇ ਜੇ ਕੋਈ ਪਾਪ ਕਰੇ, ਤਾਂ ਪਿਤਾ ਦੇ ਕੋਲ ਸਾਡਾ ਇੱਕ ਸਹਾਇਕ ਹੈ, ਅਰਥਾਤ ਯਿਸੂ ਮਸੀਹ ਜਿਹੜਾ ਧਰਮੀ ਹੈ।

® *ਪਰਮੇਸ਼ੁਰ ਦੇ ਦਿਲ ਦੀ ਅਵਾਜ਼ ਪ੍ਰਗਟ ਕਰਦਾ ਹੈ।*

ਯਿਸੂ ਦੇ ਜੀਵਨ ਵਿੱਚ ਅਸੀਂ ਦੋ ਉਦਾਹਰਨਾਂ ਵੇਖਦੇ ਹਾਂ ਜੋ ਪਰਮੇਸ਼ੁਰ ਦੇ ਦਿਲ ਦੀ ਅਵਾਜ਼ ਨੂੰ ਪ੍ਰਗਟ ਕਰਦੀਆਂ ਹਨ। ਪਹਿਲੀ ਜਦ ਯਿਸੂ ਯਰੂਸ਼ਲਮ ਦੇ ਲੋਕਾਂ ਲਈ ਰੋਇਆ

ਲੂਕਾ 13:34 "ਹੇ ਯਰੂਸ਼ਲਮ, ਯਰੂਸ਼ਲਮ, ਤੂੰ ਜੋ ਨਬੀਆਂ ਨੂੰ ਕਤਲ ਕਰਦਾ ਹੈਂ ਅਤੇ ਉਨ੍ਹਾਂ ਨੂੰ ਜਿਹੜੇ ਤੇਰੇ ਕੋਲ ਘੱਲੇ ਹੋਏ ਹਨ ਪਥਰਾਉ ਕਰਦਾ ਹੈਂ। ਮੈਂ ਕਿੰਨੀ ਵਾਰੀ ਚਾਹਿਆ ਜੋ ਤੇਰੇ ਬਾਲਕਾਂ ਨੂੰ ਉਸੇ ਤਰ੍ਹਾਂ ਇਕੱਠਾ ਕਰਾਂ, ਜਿਸ ਤਰ੍ਹਾਂ, ਕੁੱਕੜੀ ਆਪਣੇ ਬੱਚਿਆਂ ਨੂੰ ਖੰਭਾਂ ਹੇਠ ਇਕੱਠੇ ਕਰਦੀ ਹੈ, ਪਰ ਤੁਸਾਂ ਨਾ ਚਾਹਿਆ।"

ਧਿਆਨ ਦਿਉ ਕਿ ਯਿਸੂ ਨੇ ਆਪਣੇ ਮਹਾਨ ਪਿਆਰ ਲਈ ਉਨ੍ਹਾਂ ਨੂੰ ਨਿਯੰਤਰਣ ਨਹੀਂ ਕੀਤਾ। ਉਸਨੇ ਕਿਹਾ "ਪਰ ਤੁਸਾਂ ਨਾ ਚਾਹਿਆ"

ਦੂਜੀ ਮਹਾਨ ਘਟਨਾ ਤਦ ਵਾਪਰੀ ਜਦ ਯਿਸੂ ਸਲੀਬ ਤੇ ਲਟਕਿਆ ਹੋਇਆ ਸੀ।

ਲੂਕਾ 23:33ੳ, 34ੳ ਅਤੇ ਜਾਂ ਉਸ ਥਾਂ ਪਹੁੰਚੇ ਜੋ ਕਲਵਰੀ ਕਹਾਉਂਦਾ ਹੈ, ਤਾਂ ਉਹ ਨੂੰ ਉੱਥੇ ਸਲੀਬ ਤੇ ਚੜ੍ਹਾਇਆ... ਤਦ ਯਿਸੂ ਨੇ ਆਖਿਆ, ਹੇ ਪਿਤਾ, ਉਨ੍ਹਾਂ ਨੂੰ ਮਾਫ਼ ਕਰ, ਕਿਉਂ ਜੋ ਓਹ ਨਹੀਂ ਜਾਣਦੇ ਭਈ ਕੀ ਕਰਦੇ ਹਨ।"

ਯਿਸੂ ਨੇ ਜੋ ਕੀਤਾ ਉਸ ਨੂੰ ਰੱਦ ਕਰਨ ਦਾ ਜੇਕਰ ਕਿਸੇ ਕੋਲ ਅਧਿਕਾਰ ਸੀ ਤਾਂ ਉਹ ਸਨ ਯਰੂਸ਼ਲਮ ਦੇ ਲੋਕਾਂ ਨੇ ਜਿਨ੍ਹਾਂ ਨਬੀਆਂ ਦਾ ਕਤਲ ਕੀਤਾ ਅਤੇ ਪਰਚਾਰਕਾਂ ਨੂੰ ਪਥਰਾਉ ਕੀਤਾ, ਪਰ ਯਿਸੂ ਇਹੋ ਚਾਹੁੰਦਾ ਸੀ ਕਿ ਉਨ੍ਹਾਂ ਨੂੰ ਖੰਭਾਂ ਹੇਠ ਸੰਭਾਲੇ। ਜਦੋਂ ਉਸਨੂੰ ਸਲੀਬ ਵੀ ਦੇ ਰਹੇ ਸੀ, ਉਹਦੀ ਪ੍ਰਾਰਥਨਾ ਸੀ, "ਪਿਤਾ, ਇਨ੍ਹਾਂ ਨੂੰ ਮਾਫ਼ ਕਰ।"

ਸਾਡਾ ਦੂਜਿਆਂ ਲਈ ਸਿਫ਼ਾਰਸ਼ ਕਰਨਾ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਸ਼ੈਤਾਨ ਦੀਆਂ ਸਾਜ਼ਿਸ਼ਾਂ ਦੇ ਸ਼ਿਕਾਰ ਨਾ ਹੋਈਏ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਜਦ ਪਰਮੇਸ਼ੁਰ ਸਾਨੂੰ ਦੱਸਦਾ ਹੈ ਕਿ ਗਲਤ ਕੀ ਕੁਝ ਹੈ, ਸਾਨੂੰ ਕਿਸੇ ਤੇ ਦੋਸ਼ ਲਗਾਉਣ ਜਾਂ ਕਿਸੇ ਦੀ ਨਿੰਦਾ ਕਰਨ ਦੀ ਲੋੜ ਨਹੀਂ, ਇਸ ਦੀ ਬਜਾਏ ਸਾਨੂੰ ਇਹ ਗਿਆਨ ਸਿਫ਼ਾਰਸ਼ ਕਰਨ ਵਿੱਚ ਲਗਾਉਣਾ ਚਾਹੀਦਾ ਹੈ।

ਅੱਯੂਬ ਨੇ ਸਿਫ਼ਾਰਸ਼ ਕੀਤੀ

ਅੱਯੂਬ ਬਾਈਬਲ ਦੀ ਸਭ ਤੋਂ ਪੁਰਾਣੀ ਕਿਤਾਬ ਮੰਨੀ ਜਾਂਦੀ ਹੈ। ਅੱਯੂਬ ਇੱਕ ਸਿਫ਼ਾਰਸ਼ ਕਰਨ ਵਾਲਾ ਵਿਅਕਤੀ ਸੀ।

ਜਦ ਅੱਯੂਬ ਤੇ ਬਿਪਤਾ ਆਈ, ਉਹਦੇ ਮਿੱਤਰ ਆਏ, ਪਰ ਉਨ੍ਹਾਂ ਨੇ ਉਹਦਾ ਬੁਰਾ ਸੋਚਿਆ, ਉਹਦੀ ਨਿੰਦਾ ਕੀਤੀ ਅਤੇ ਆਪਣਿਆਂ ਮਨਾਂ ਵਿੱਚ ਸੋਚ-ਵਿਚਾਰ ਕੀਤੀ ਕਿ ਕਿਉਂ ਇਹ ਭਿਆਨਕ ਘਟਨਾਵਾਂ ਵਾਪਰੀਆਂ ਹਨ, ਉਹ ਉਸਨੂੰ ਹੌਂਸਲਾ ਦੇਣ ਆਏ, ਪਰ ਉਹਦੀ ਨਿੰਦਾ ਕਰਨ ਲਈ ਉੱਥੇ ਰੁਕ ਗਏ।

ਜਦ ਅਜ਼ਮਾਇਸ਼ ਦਾ ਸਮਾਂ ਬੀਤ ਗਿਆ, ਪਰਮੇਸ਼ੁਰ ਨੇ ਉਨ੍ਹਾਂ ਨੂੰ ਹੋਮ ਦੀ ਬਲੀ ਚੜ੍ਹਾਉਣ ਦਾ ਹੁਕਮ ਦਿੱਤਾ, ਅਤੇ ਆਪਣੇ ਆਪ ਨੂੰ ਹਲੀਮ ਕਰਕੇ ਉਸ ਵਿਅਕਤੀ ਕੋਲ ਜਾਣ ਲਈ ਆਖਿਆ ਜਿਸਦੀ ਉਨ੍ਹਾਂ ਨੇ ਨਿੰਦਾ ਕੀਤੀ ਸੀ ਤਾਂ ਜੋ ਉਹ ਉਨ੍ਹਾਂ ਲਈ ਸਿਫ਼ਾਰਸ਼ ਕਰੇ।

ਅੱਯੂਬ 42:8-10 "ਸੋ ਹੁਣ, ਆਪਣੇ ਲਈ ਸੱਤ ਬਲਦ ਅਤੇ ਸੱਤ ਛੱਤਰੇ ਲਓ, ਅਤੇ ਮੇਰੇ ਦਾਸ ਅੱਯੂਬ ਕੋਲ ਚੱਲੋ, ਅਤੇ ਆਪਣੇ ਲਈ ਹੋਮ ਦੀ ਬਲੀ ਚੜ੍ਹਾਓ; ਅਤੇ ਮੇਰਾ ਦਾਸ ਅੱਯੂਬ ਤੁਹਾਡੇ ਲਈ ਪ੍ਰਾਰਥਨਾ ਕਰੇਗਾ। ਮੈਂ ਤਾਂ ਉਹ ਨੂੰ ਮੰਨਾਂਗਾ, ਭਈ ਮੈਂ ਤੁਹਾਡੇ ਨਾਲ ਤੁਹਾਡੀ ਮੂਰਖਤਾਈ ਅਨੁਸਾਰ ਨਾ ਕਰਾਂ; ਕਿਉਂ ਜੋ ਤੁਸੀਂ ਮੇਰੇ ਵਿਖੇ ਸੱਚ ਨਹੀਂ ਬੋਲੇ, ਜਿਵੇਂ ਮੇਰਾ ਦਾਸ ਅੱਯੂਬ ਬੋਲਿਆ।"

ਤਾਂ ਅਲੀਫ਼ਜ਼ ਤੇਮਾਨੀ, ਬਿਲਦਦ ਸੂਹੀ ਅਤੇ ਸੋਫ਼ਰ ਨਅਮਾਤੀ ਗਏ ਅਤੇ ਜਿਵੇਂ ਯਹੋਵਾਹ ਉਨ੍ਹਾਂ ਨੂੰ ਬੋਲਿਆ ਸੀ ਤਿਵੇਂ ਹੀ ਕੀਤਾ; ਅਤੇ ਯਹੋਵਾਹ ਨੇ ਅੱਯੂਬ ਦੀਆਂ ਗੱਲਾਂ ਨੂੰ ਮੰਨ ਲਿਆ।

ਜਦੋਂ ਅੱਯੂਬ ਆਪਣੇ ਮਿੱਤਰਾਂ ਲਈ ਪ੍ਰਾਰਥਨਾ ਕਰ ਚੁੱਕਾ ਤਾਂ ਯਹੋਵਾਹ ਨੇ ਅੱਯੂਬ ਦੇ ਨਸੀਬਾਂ ਨੂੰ ਬਹਾਲ ਕਰ ਦਿੱਤਾ। ਅਤੇ ਜੋ ਕੁਝ ਅੱਯੂਬ ਦੇ ਕੋਲ ਸੀ ਯਹੋਵਾਹ ਨੇ ਦੁਗਣਾ ਕਰ ਦਿੱਤਾ।

® *ਸਾਡਾ ਨਮੂਨਾ*

ਅੱਯੂਬ ਸਿਫ਼ਾਰਸ਼ ਕਰਨ ਵਾਲਿਆਂ ਲਈ ਇੱਕ ਅਦਭੁੱਤ ਨਮੂਨਾ ਹੈ। ਉਹ ਆਪਣੇ ਪਰਿਵਾਰ ਲਈ ਸਿਫ਼ਾਰਸ਼ ਕਰਦਾ ਸੀ। ਉਸਨੇ ਆਪਣੇ ਪਰਿਵਾਰ ਲਈ ਪ੍ਰਾਰਥਨਾ ਕੀਤੀ। ਜਦ ਬੁਰਾ ਸਮਾਂ ਆਇਆ ਅਤੇ ਉਹ ਪਰਮੇਸ਼ੁਰ ਦੇ ਕੰਮ ਸਮਝ ਨਾ ਸਕਿਆ, ਫਿਰ ਵੀ ਉਸਨੇ ਆਪਣੇ ਆਪ ਨੂੰ ਵਿਸ਼ੇਸ਼ ਸਥਿਤੀ ਲਈ ਤਿਆਰ ਕੀਤਾ। ਇਸ ਸਮੇਂ ਦੌਰਾਨ, ਉਹ ਨੇ ਲਿਖਿਆ,

ਅੱਯੂਬ 13:15 ਵੇਖੋ ਉਹ ਮੈਨੂੰ ਵੱਢ ਸੁੱਟੇਗਾ, ਮੈਨੂੰ ਆਸਾ ਨਹੀਂ, ਤਾਂ ਵੀ ਮੈਂ ਆਪਣੀਆਂ ਚਾਲਾਂ ਲਈ ਉਹ ਦੇ ਅੱਗੇ ਬਹਿਸ ਕਰਾਂਗਾ।"

ਭਾਵੇਂ ਉਹ ਦੇ ਮਿੱਤਰ ਉਸ ਦੇ ਬੁਰੇ ਸਮੇਂ ਲਈ ਉਸ ਦੀ ਨਿੰਦਾ ਕਰ ਰਹੇ ਸਨ, ਉਸ ਨੇ ਉਨ੍ਹਾਂ ਨੂੰ ਮਾਫ਼ ਕੀਤਾ ਅਤੇ ਉਨ੍ਹਾਂ ਲਈ ਸਿਫ਼ਾਰਸ਼ ਕੀਤੀ। ਤਦ ਪਰਮੇਸ਼ੁਰ ਨੇ ਜੋ ਕੁਝ ਉਹਦਾ ਨੁਕਸਾਨ ਹੋਇਆ ਸੀ ਉਸ ਨਾਲੋਂ ਦੋ ਗੁਣਾ ਬਰਕਤ ਦਿੱਤੀ।

ਅੱਯੂਬ ਨੇ ਆਪਣੇ ਮਿੱਤਰਾਂ ਨੂੰ ਇਸ ਲਈ ਮਾਫ਼ ਨਹੀਂ ਕੀਤਾ ਜੋ ਉਸ ਨੂੰ ਦੋ ਗੁਣਾ ਬਰਕਤ ਮਿਲ ਸਕੇ। ਕਿਉਂਕਿ ਵਚਨ ਦੱਸਦਾ ਹੈ ਕਿ ਪਰਮੇਸ਼ੁਰ ਨੇ ਉਸਦੇ ਨੁਕਸਾਨ ਤੋਂ ਉਸ ਨੂੰ ਬਹਾਲ ਕੀਤਾ ਜਦ ਉਸ ਨੇ ਆਪਣੇ ਮਿੱਤਰਾਂ ਲਈ ਪ੍ਰਾਰਥਨਾ ਕੀਤੀ। ਮਹਾਨ ਬਰਕਤਾਂ ਤਦ ਆਉਂਦੀਆਂ ਹਨ ਜਦ ਅਸੀਂ ਆਪਣੇ ਵੈਰੀਆਂ ਨੂੰ ਮਾਫ਼ ਕਰਦੇ ਹਾਂ ਅਤੇ ਉਨ੍ਹਾਂ ਲਈ ਸਿਫ਼ਾਰਸ਼ ਕਰਦੇ ਹਾਂ।

ਅਬਰਾਹਾਮ ਨੇ ਸਿਫ਼ਾਰਸ਼ ਕੀਤੀ

ਜਦ ਪਰਮੇਸ਼ੁਰ ਸਦੂਮ ਅਤੇ ਅਮੂਰਾਹ ਨੂੰ ਨਾਸ਼ ਕਰਨ ਜਾ ਰਿਹਾ ਸੀ, ਉਹ ਪਹਿਲਾ ਅਬਰਾਹਾਮ ਕੋਲ ਆਇਆ।

ਉਤਪਤ 18:17,18 ਤਾਂ ਯਹੋਵਾਹ ਨੇ ਆਖਿਆ, "ਮੈਂ ਅਬਰਾਹਾਮ ਤੋਂ ਉਹ ਜੋ ਮੈਂ ਕਰਨ ਨੂੰ ਹਾਂ ਕਿਉਂ ਲੁਕਾਵਾਂ, ਅਬਰਾਹਾਮ ਇੱਕ ਵੱਡੀ ਅਰ ਬਲਵੰਤ ਕੌਮ ਹੋਵੇਗਾ, ਅਰ ਧਰਤੀ ਦੀਆਂ ਸਾਰੀਆਂ ਕੌਮਾਂ ਉਸ ਤੋਂ ਬਰਕਤ ਪਾਉਣਗੀਆਂ?'

ਤਦ ਪ੍ਰਭੂ ਨੇ ਉਸਦੇ ਆਪਣੇ ਸਵਾਲ ਦਾ ਉੱਤਰ ਦਿੱਤਾ।

ਉਤਪਤ 18:19-21 "ਕਿਉਂਕਿ ਮੈਂ ਉਹਨੂੰ ਜਾਣ ਲਿਆ ਹੈ ਤਾਂ ਜੋ ਉਹ ਆਪਣੇ ਪੁੱਤਰਾਂ ਨੂੰ ਅਰ ਆਪਣੇ ਘਰਾਣੇ ਨੂੰ ਆਪਣੇ ਪਿੱਛੇ ਆਗਿਆ ਦੇਵੇ, ਅਤੇ ਉਹ ਧਰਮ ਅਤੇ ਨਿਆਉਂ ਕਰਦੇ ਹੋਏ ਯਹੋਵਾਹ ਦੇ ਰਾਹ ਦੀ ਪਾਲਣਾ ਕਰਨ, ਅਤੇ ਯਹੋਵਾਹ ਅਬਰਾਹਾਮ ਲਈ ਜੋ ਕੁਝ ਉਹ ਉਸਦੇ ਸੰਬੰਧ ਵਿੱਚ ਬੋਲਿਆ ਹੈ ਪੂਰਾ ਕਰੇ।"

ਉਪਰੰਤ ਯਹੋਵਾਹ ਨੇ ਆਖਿਆ, "ਸਦੂਮ ਅਤੇ ਅਮੂਰਾਹ ਦਾ ਰੌਲਾ ਬਹੁਤ ਵੱਧ ਗਿਆ ਹੈ ਅਰ ਉਹਨਾਂ ਦਾ ਪਾਪ ਵੀ ਬਹੁਤ ਭਾਰੀ ਹੈ, ਤਾਂ ਮੈਂ ਉੱਤਰ ਕੇ ਵੇਖਾਂਗਾ ਕਿ ਉਨ੍ਹਾਂ ਨੇ ਉਸ ਰੌਲੇ ਅਨੁਸਾਰ ਜੋ ਮੇਰੇ ਕੋਲ ਆਇਆ ਹੈ, ਸਭ ਕੁਝ ਕੀਤਾ ਹੈ ਅਰ ਜੇ ਨਹੀਂ, ਤਾਂ ਮੈਂ ਜਾਵਾਂਗਾ।"

ਅਬਰਾਹਾਮ ਨੇ ਸਿਫ਼ਾਰਸ਼ ਕੀਤੀ, "ਪ੍ਰਭੂ ਕੀ ਤੂੰ ਪੰਜਾਹ ਧਰਮੀਆਂ ਦੇ ਕਾਰਨ ਸ਼ਹਿਰ ਨੂੰ ਮਾਫ਼ ਕਰੇਗਾ-ਪੰਜਤਾਲੀਆਂ ਦੇ ਕਾਰਨ-ਚਾਲੀਆਂ ਦੇ ਕਾਰਨ-ਤੀਹਾਂ ਦੇ ਕਾਰਨ-ਵੀਹਾਂ ਦੇ ਕਾਰਨ-ਦਸਾਂ ਦੇ ਕਾਰਨ?"

ਅਤੇ ਪਰਮੇਸ਼ੁਰ ਸਹਿਮਤ ਹੋ ਗਿਆ, "ਮੈਂ ਉਹਨਾਂ ਦਸਾਂ ਦੇ ਕਾਰਨ ਨਸ਼ਟ ਨਹੀਂ ਕਰਾਂਗਾ।"

ਸ਼ਹਿਰਾਂ ਨੂੰ ਨਾਸ਼ ਕਰਨ ਤੋਂ ਪਹਿਲਾਂ ਪਰਮੇਸ਼ੁਰ ਨੇ ਅਬਰਾਹਾਮ ਨਾਲ ਕਿਉਂ ਗੱਲ ਕੀਤੀ?

ਹਕੀਕਤ ਵਿੱਚ ਪਰਮੇਸ਼ੁਰ ਨੇ ਮਨੁੱਖ ਨੂੰ ਆਗਿਆ ਦਿੱਤੀ ਉਹਦੇ ਦਿੱਤੇ ਹੋਏ ਅਧਿਕਾਰ ਵਿੱਚ ਚੱਲਦੇ ਹੋਏ ਸਿਰਫ਼ ਦਸਾਂ ਵਿਅਕਤੀ ਦਾ ਇੱਕ ਸਤਰ ਠਹਿਰਾਇਆ ਜਾਵੇ-ਤਾਂ ਜੋ ਸ਼ਹਿਰਾਂ ਲਈ ਜੀਉਂਦੇ ਰਹਿਣ ਦਾ ਕਾਰਨ ਹੋਵੇ।

ਦੂਤ ਦੇ ਸ਼ਬਦਾਂ ਤੋਂ ਅਸੀਂ ਅਬਰਾਹਾਮ ਦੀ ਸਿਫ਼ਾਰਸ਼ ਦੀ ਅਹਿਮੀਅਤ ਨੂੰ ਵੇਖ ਸਕਦੇ ਹਾਂ।

ਉਤਪਤ 19:22ੳ "ਛੇਤੀ ਕਰ, ਓਥੇ ਨੂੰ ਭੱਜ। ਕਿਉਂਕਿ ਮੈਂ ਕੁਝ ਨਹੀਂ ਕਰ ਸਕਦਾ ਜਦ ਤੱਕ ਤੂੰ ਓਥੇ ਨਾ ਜਾਵੇ।"

® *ਸਾਡਾ ਨਮੂਨਾ*

ਕੁਝ ਸਾਲ ਪਹਿਲਾਂ ਅਬਰਾਹਾਮ ਅਤੇ ਲੂਤ ਅਲੱਗ-ਅਲੱਗ ਹੋਏ ਸਨ। ਅਬਰਾਹਾਮ ਅਤੇ ਲੂਤ ਦੇ ਲੋਕਾਂ ਦਾ ਆਪਸ ਵਿੱਚ ਝਗੜਾ ਹੋਇਆ ਸੀ। ਲੂਤ ਨੂੰ ਚੌਣ ਕਰਨ ਦਾ ਮੌਕਾ ਮਿਲਿਆ ਅਤੇ ਉਸ ਨੇ ਆਪਣੇ ਲਈ ਸਭ ਤੋਂ ਵਧੀਆ ਚੌਣ ਕੀਤੀ। ਤਦ ਲੂਤ ਨੇ ਸਦੂਮ ਅਤੇ ਅਮੂਰਾਹ ਨੂੰ ਰਹਿਣ ਲਈ ਚੁਣਿਆ, ਪਾਪ ਦੇ ਸ਼ਹਿਰ। ਜੋ ਕੁਝ ਲੂਤ ਨਾਲ ਵਾਪਰ ਰਿਹਾ ਸੀ ਉਸ ਵਿੱਚ ਉਹਦੀ ਆਪਣੀ ਗਲਤੀ ਸੀ। ਇਹ ਉਸ ਦੀ ਚੌਣ ਦਾ ਨਤੀਜ਼ਾ ਸੀ ਪਰ ਕੀ ਅਬਰਾਹਾਮ ਨੇ ਇਹ ਸੋਚਿਆ, ਜਾਂ ਕੀ ਉਸ ਦੇ ਲੂਤ ਅਤੇ ਉਹਨਾਂ ਦੋਹਾਂ ਸ਼ਹਿਰਾਂ ਦੇ ਲਈ ਸਿਫ਼ਾਰਸ਼ ਕੀਤੀ।

ਮੂਸਾ ਨੇ ਸਿਫ਼ਾਰਸ਼ ਕੀਤੀ

ਜਦ ਇਸਰਾਏਲੀਆਂ ਨੇ ਭਿਆਨਕ ਪਾਪ ਕੀਤਾ, ਤਦ ਮੂਸਾ ਪਹਾੜ ਉੱਤੇ ਪਰਮੇਸ਼ੁਰ ਦੇ ਨਾਲ ਸੀ। ਉਹਨਾਂ ਨੇ ਇੱਕ ਸੋਨੇ ਦਾ ਵੱਛਾ ਬਣਾਇਆ ਅਤੇ ਪਰਮੇਸ਼ੁਰ ਵਾਂਗੂ ਉਸ ਦੀ ਪੂਜਾ ਕੀਤੀ।

ਕੂਚ 32:7-10 ਤਾਂ ਯਹੋਵਾਹ ਨੇ ਮੂਸਾ ਨੂੰ ਫਰਮਾਇਆ, "ਹਠਾੜ ਨੂੰ ਜਾਹ! ਕਿਉਂਕਿ ਤੇਰੇ ਲੋਕ ਜਿਨ੍ਹਾਂ ਨੂੰ ਤੂੰ ਮਿਸਰ ਦੇਸ਼ ਤੋਂ ਉਤਾਹਾਂ ਲਿਆਇਆ ਹੈ ਭ੍ਰਿਸ਼ਟ ਹੋ ਗਏ ਹਨ। ਉਹ ਉਸ ਰਾਹ ਤੋਂ ਛੇਤੀ ਨਾਲ ਫਿਰ ਗਏ ਹਨ ਜਿਹ ਦਾ ਮੈਂ ਉਨ੍ਹਾਂ ਨੂੰ ਹੁਕਮ ਦਿੱਤਾ ਸੀ। ਅਤੇ ਉਨ੍ਹਾਂ ਨੇ ਢਾਲ ਕੇ ਆਪਣੇ ਲਈ ਇੱਕ ਵੱਛਾ ਬਣਾਇਆ, ਅਤੇ ਉਹ ਉਹਦੇ ਅੱਗੇ ਮੱਥਾ ਟੇਕਿਆ ਅਤੇ ਉਹਦੇ ਅੱਗੇ ਭੇਂਟ ਚੜ੍ਹਾ ਕੇ ਉਨ੍ਹਾਂ ਨੂੰ ਆਖਿਆ, ਹੇ ਇਸਰਾਏਲ, ਇਹ ਹੈ ਤੇਰਾ ਦੇਵਤਾ, ਜਿਹੜਾ ਤੈਨੂੰ ਮਿਸਰ ਦੇਸ਼ ਤੋਂ ਉਤਾਹਾਂ ਲੈ ਆਇਆ। ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ, "ਮੈਂ ਇਨ੍ਹਾਂ ਲੋਕਾਂ ਨੂੰ ਡਿੱਠਾ ਹੈ, ਵੇਖ ਇਹ ਲੋਕ ਹਠੀ ਹਨ।"

ਧਿਆਨ ਦਿਉ ਕਿ ਪਰਮੇਸ਼ੁਰ ਨੇ ਅਗਾਹਾਂ ਨੂੰ ਉਨ੍ਹਾਂ ਨੂੰ ਆਪਣੇ ਲੋਕ ਨਹੀਂ ਆਖਿਆ।

"ਹੁਣ ਤੂੰ ਮੈਨੂੰ ਇਕੱਲਾ ਹੋਣ ਦੇਹ, ਤਾਂ ਜੋ ਮੇਰਾ ਕ੍ਰੋਧ ਉਨ੍ਹਾਂ ਦੇ ਵਿਰੁੱਧ ਭੜਕੇ ਅਰ ਮੈਂ ਉਹਨਾਂ ਨੂੰ ਭਸਮ ਕਰ ਸੁੱਟਾਂ। ਅਤੇ ਮੈਂ ਤੈਥੋਂ ਇੱਕ ਵੱਡੀ ਕੌਮ ਬਣਾਵਾਂਗਾ।"

"ਮੂਸਾ ਹੁਣ ਤੂੰ ਮੈਨੂੰ ਇਕੱਲਾ ਹੋਣ ਦੇਹ, ਤਾਂ ਜੋ ਮੈਂ ਉਹਨਾਂ ਨੂੰ ਭਸਮ ਕਰ ਸੁੱਟਾਂ!" ਪਰਮੇਸ਼ੁਰ ਨੇ ਕਿਉਂ ਕਿਹਾ, "ਮੈਨੂੰ ਇਕੱਲਾ ਹੋਣ ਦੇ?"

ਪਰਮੇਸ਼ੁਰ ਦੇ ਸਦੀਪਕ ਉਦੇਸ਼ ਵਿੱਚ, ਉਸ ਨੇ ਮਨੁੱਖ ਜਾਤੀ ਨੂੰ ਆਪਣੇ ਸਰੂਪ ਉੱਤੇ ਬਣਾਇਆ ਸੀ ਅਤੇ ਉਸ ਨੂੰ ਧਰਤੀ ਅਤੇ ਜੋ ਕੁਝ ਧਰਤੀ ਤੇ ਸੀ ਸਭਨਾਂ ਉੱਤੇ ਅਧਿਕਾਰ ਦਿੱਤਾ। ਮੂਸਾ ਦੁਆਰਾ ਪਰਮੇਸ਼ੁਰ ਨੂੰ ਲੋਕਾਂ ਦਾ ਨਾਸ਼ ਕਰਨ ਤੋਂ ਰੋਕਿਆ ਗਿਆ। ਮੂਸਾ ਸਿਫ਼ਾਰਸ਼ ਕਰਨ ਵਾਲਾ ਸੀ, ਪਰਮੇਸ਼ੁਰ ਦੇ ਦਿੱਤੇ ਹੋਏ ਅਧਿਕਾਰ ਦਾ ਇਸਤੇਮਾਲ ਕਰਦੇ ਹੋਏ ਉਸਨੇ ਪਰਮੇਸ਼ੁਰ ਨੂੰ "ਵੱਖਰਾ ਨਹੀਂ ਹੋਣ ਦਿੱਤਾ" ਕਿਉਂਕਿ ਉਸ ਨੇ ਇਸਰਾਏਲੀਆਂ ਲਈ ਪ੍ਰਾਰਥਨਾ ਕੀਤੀ।

® *ਮੂਸਾ ਦੇ ਦਿਲ ਦੀ ਅਵਾਜ਼*

"ਆਪਣੀ ਪੋਥੀ ਵਿੱਚੋਂ ਮੈਨੂੰ ਮਿਟਾ ਸੁੱਟ"

ਪਰਮੇਸ਼ੁਰ ਨੇ ਕਿਹਾ ਕਿ ਉਹ ਇਸਰਾਏਲੀਆਂ ਨੂੰ ਨਾਸ਼ ਕਰ ਦੇਵੇਗਾ। ਉਸ ਸਮੇਂ ਮੂਸਾ ਦਾ ਦਿਲ ਦੀ ਦਰਦ ਹੱਦੋਂ ਵੱਧ ਕੇ ਸੀ ਜੋ ਸਾਡੀ ਸਮਝ ਤੋਂ ਬਾਹਰ ਹੈ। ਉਹਦੇ ਦਿਲ ਦੀ ਅਵਾਜ਼ ਕੀ ਸੀ? "ਪ੍ਰਭੂ ਹੁਣ ਤੂੰ ਉਨ੍ਹਾਂ ਦਾ ਪਾਪ ਮਾਫ਼ ਕਰ ਨਹੀਂ ਤਾਂ ਆਪਣੀ ਪੋਥੀ ਵਿੱਚੋਂ ਜਿਹੜੀ ਤੂੰ ਲਿਖੀ ਹੈ ਮੇਰਾ ਨਾਮ ਮਿਟਾ ਸੁੱਟੀਂ।"

ਕੂਚ 32:32 "ਹੁਣ, ਤੂੰ ਉਨ੍ਹਾਂ ਦਾ ਪਾਪ ਮਾਫ਼ ਕਰੀਂ–ਅਰ ਜੇ ਨਹੀਂ ਤਾਂ ਆਪਣੀ ਪੋਥੀ ਵਿੱਚੋਂ ਜਿਹੜੀ ਤੈਂ ਲਿਖੀ ਹੈ ਮੈਨੂੰ ਮਿਟਾ ਸੁੱਟੀਂ।"

ਪਰਮੇਸ਼ੁਰ ਸਹਿਮਤ ਹੋ ਗਿਆ ਕਿ ਇਸਰਾਏਲੀ ਜੀਉਂਦੇ ਰਹਿਣ ਪਰ ਉਸ ਨੇ ਕਿਹਾ, "ਮੈਂ ਤੁਹਾਡੇ ਨਾਲ ਉਤਾਹਾਂ ਨਾ ਜਾਵਾਂਗਾ।"

ਕੂਚ 33:2ੳ, 3ਅ "ਅਰ ਮੈਂ ਤੇਰੇ ਅੱਗੇ ਇੱਕ ਦੂਤ ਘੱਲਾਂਗਾ... ਪਰ ਮੈਂ ਤੁਹਾਡੇ ਨਾਲ ਉਤਾਹਾਂ ਨਾ ਜਾਵਾਂਗਾ, ਕਿਉਂ ਜੋ ਤੁਸੀਂ ਹਾਠੇ ਲੋਕ ਹੋ ਮਤੇ ਮੈਂ ਤੁਹਾਨੂੰ ਰਾਹ ਵਿੱਚ ਭਸਮ ਕਰ ਦਿਆਂ।"

"ਸਾਨੂੰ ਇੱਥੇ ਰਹਿਣ ਦਿਹ!"

ਜਦ ਪਰਮੇਸ਼ੁਰ ਨੇ ਮੂਸਾ ਨੂੰ ਆਖਿਆ ਕਿ ਅਗਾਹਾਂ ਨੂੰ ਉਹ ਦੀ ਹਜ਼ੂਰੀ ਉਨ੍ਹਾਂ ਦੇ ਨਾਲ ਨਹੀਂ ਜਾਵੇਗੀ, ਮੂਸਾ ਦੇ ਦਿਲ ਦੀ ਅਵਾਜ਼ ਸੀ, "ਸਾਨੂੰ ਇੱਥੇ ਰਹਿਣ ਦਿਹ"! ਮੂਸਾ ਉਸ ਦੀ ਹਜ਼ੂਰੀ ਤੋਂ ਬਿਨ੍ਹਾਂ ਅਗਾਹਾਂ ਨਹੀਂ ਵੱਧਣਾ ਚਾਹੁੰਦਾ ਸੀ।

ਕੂਚ 33:15 ਫੇਰ ਉਸ ਆਖਿਆ, "ਜੇ ਤੇਰੀ ਹਜ਼ੂਰੀ ਸਾਡੇ ਸੰਗ ਨਹੀਂ ਜਾਂਦੀ ਤਾਂ ਸਾਨੂੰ ਇਥੋਂ ਉਤਾਹਾਂ ਨਾ ਲੈ ਜਾਵੀਂ।"

® *ਸਾਡਾ ਨਮੂਨਾ*

ਕਿੰਨਾ ਅਦਭੁੱਤ ਸਾਡੇ ਲਈ ਮੂਸਾ ਦੀ ਸਿਫ਼ਾਰਸ਼ ਦਾ ਨਮੂਨਾ ਹੈ। ਲੋਕ ਆਗੂ ਬਣਨ ਲਈ ਉਸ ਦੇ ਨਾਲ ਲੜ ਚੁੱਕੇ ਸਨ। ਉਨ੍ਹਾਂ ਨੇ ਹਰ ਮਿਲੇ ਮੌਕੇ ਦਾ ਵਿਰੋਧ ਕੀਤਾ। ਇੱਥੋਂ ਤੱਕ ਉਨ੍ਹਾਂ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਹੁਣ ਪਰਮੇਸ਼ੁਰ ਨੇ ਆਖਿਆ ਕਿ ਉਹ ਉਨ੍ਹਾਂ ਦਾ ਨਾਸ਼ ਕਰਨ ਜਾ ਰਿਹਾ ਹੈ। ਮੂਸਾ ਦੀ ਵੰਸ਼ਾਵਲੀ ਤੋਂ ਪਰਮੇਸ਼ੁਰ ਇੱਕ ਨਵੀਂ ਕੌਮ ਪੈਦਾ ਕਰੇਗਾ। ਉਹ ਮੂਸਾ ਦੀ ਅੰਸ਼ ਹੋਵੇਗੀ ਜੋ ਪਰਮੇਸ਼ੁਰ ਦੇ ਚੁਣੇ ਹੋਏ ਹੋਣਗੇ। ਉਹ ਦੇ ਬੱਚੇ ਅਤੇ ਉਨ੍ਹਾਂ ਦੇ ਬੱਚੇ ਇਸਰਾਏਲ ਦੀ ਨਵੀਂ ਕੌਮ ਹੋਵੇਗੀ। ਪਾਪ ਨਾਲ ਭਰੇ ਲੋਕਾਂ ਦੀ ਤਬਾਹੀ ਨੇ ਉਨ੍ਹਾਂ ਦੀ ਪਰਮੇਸ਼ੁਰ ਤੋਂ ਸੁਣਨ ਦੀ ਯੋਗਤਾ ਅਤੇ ਅਗਵਾਈ ਕਰਨ ਦੀ ਕਾਬਲੀਅਤ ਦੀ ਪੁਸ਼ਟੀ ਕਰਨੀ ਸੀ। ਇਸ ਗੱਲ ਨੇ ਪੁਸ਼ਟੀ ਕਰਨੀ ਸੀ ਕਿ ਉਹ ਹਰ ਸਥਿਤੀ ਵਿੱਚ ਖਰਾ ਨਿੱਕਲਿਆ।

ਇਹ ਸਭ ਕੁਝ ਸਵੀਕਾਰ ਕਰਨ ਦੀ ਬਜਾਏ, ਮੂਸਾ ਨੇ ਲੋਕਾਂ ਲਈ ਸਿਫ਼ਾਰਸ਼ ਕੀਤੀ, ਉਹਦੀ ਸਿਫਾਰਸ਼ ਦੁਆਰਾ ਲੋਕਾਂ ਨੂੰ ਜੀਉਂਦੇ ਰਹਿਣ ਦਾ ਮੌਕਾ ਮਿਲਿਆ।

ਹਿਜ਼ਕੀਏਲ ਦਾ ਦਾਅਵਾ

ਹਿਜ਼ਕੀਏਲ ਦੇ ਦਿਨਾਂ ਵਿੱਚ, ਪਰਮੇਸ਼ੁਰ ਨੇ ਸਿਫ਼ਾਰਸ਼ ਕਰਨ ਲਈ ਮਨੁੱਖ ਨੂੰ ਭਾਲਿਆ–ਝਰਨੇ ਵਿੱਚ ਖਲੋ ਕੇ ਸਿਫ਼ਾਰਸ਼ ਕਰਨ ਵਾਲੇ ਮਨੁੱਖ ਨੂੰ ਭਾਲਿਆ,–ਪਰ ਕੋਈ ਨਾ ਲੱਭਿਆ। ਹਿਜ਼ਕੀਏਲ ਦੇ ਦੁਆਰਾ ਪ੍ਰਭੂ ਨੇ ਇਸਰਾਏਲ ਦੀ ਕੌਮ ਦੇ ਵਿਰੁੱਧ ਭਿਆਨਕ ਦਾਅਵਾ ਕੀਤਾ ਜਿਹੜਾ ਸਾਡੇ ਦਿਨ ਅਤੇ ਸਾਡੇ ਸਮੇਂ ਲਈ ਬਹੁਤ ਸੱਚਾ ਹੈ। ਇੱਥੇ ਅਸੀਂ ਸਭ ਕੁਝ ਜੋੜ ਚੁੱਕੇ ਹਾਂ।

ਹਿਜ਼ਕੀਏਲ 22:23–31 ਯਹੋਵਾਹ ਦਾ ਬਚਨ ਮੇਰੇ ਕੋਲ ਆਇਆ, ਕਿ ਹੇ ਆਦਮੀ ਦੇ ਪੁੱਤਰ, ਉਹ ਨੂੰ ਆਖ, 'ਤੂੰ ਉਹ ਧਰਤੀ ਹੈਂ ਜਿਹੜੀ ਸ਼ੁੱਧ ਨਹੀਂ ਕੀਤੀ ਗਈ ਅਤੇ ਜਿਸ ਉੱਤੇ ਕ੍ਰੋਧ ਦੇ ਦਿਨ ਵਿੱਚ ਵਰਖਾ ਨਹੀਂ ਹੋਈ।'

® *ਨਬੀਆਂ ਦੀ ਸਾਜਿਸ਼*

"ਉਹ ਦੇ ਵਿੱਚ ਉਹ ਦੇ ਨਬੀਆਂ ਨੇ ਗੋਸ਼ਟੀ ਕੀਤੀ, ਗੱਜਣ ਵਾਲੇ ਬੱਬਰ ਸ਼ੇਰ ਵਾਂਗਰ ਸ਼ਿਕਾਰ ਨੂੰ ਫੜਦਿਆਂ ਉਹ ਜੀਆਂ ਨੂੰ ਖਾ ਗਏ ਹਨ; ਉਹ ਖਜ਼ਾਨੇ ਅਤੇ ਵੱਡਮੁੱਲੀਆਂ ਵਸਤਾਂ ਨੂੰ ਖੋਹ ਲੈਂਦੇ ਹਨ; ਉਨ੍ਹਾਂ ਨੇ ਉਸ ਵਿੱਚ ਢੇਰ ਵਿਧਵਾ ਬਣਾ ਦਿੱਤੀਆਂ ਹਨ।

® *ਯਾਜਕਾਂ ਨੇ ਕਾਨੂੰਨ ਭ੍ਰਿਸ਼ਟ ਕੀਤਾ ਗਿਆ,*
ਪਵਿੱਤਰ ਚੀਜ਼ਾਂ ਦੀ ਬੇਪਤੀ ਕੀਤੀ ਗਈ,
ਪਵਿੱਤਰ ਅਤੇ ਅਪਵਿੱਤਰ ਬਾਰੇ ਸਿਖਾਇਆ ਨਹੀਂ ਗਿਆ

"ਉਹ ਦੇ ਯਾਜਕਾਂ ਨੇ ਮੇਰੀ ਬਿਵਸਥਾ ਨੂੰ ਭੰਨਿਆ; ਅਤੇ ਮੇਰੀਆਂ ਪਵਿੱਤਰ ਵਸਤੂਆਂ ਨੂੰ ਪਲੀਤ ਕੀਤਾ ਹੈ, ਉਨ੍ਹਾਂ ਨੇ ਪਵਿੱਤਰ ਅਤੇ ਅਪਵਿੱਤਰ ਵਿੱਚ ਕੁਝ ਭੇਤ ਨਹੀਂ ਰੱਖਿਆ; ਅਤੇ ਅਸ਼ੁੱਧ ਤੇ ਸ਼ੁੱਧ ਵਿੱਚ ਫ਼ਰਕ ਨਹੀਂ ਜਾਣਿਆ ਅਤੇ ਮੇਰੇ ਸ਼ਬਦਾਂ ਤੋਂ ਉਨ੍ਹਾਂ ਨੇ ਅੱਖਾਂ ਫੇਰ ਲਈਆਂ, ਸੋ ਮੈਂ ਉਨ੍ਹਾਂ ਵਿੱਚ ਪਲੀਤ ਹੋਇਆ।

® *ਰਾਜਨੀਤਿਕ ਆਗੂ ਬਘਿਆੜ ਵਾਂਗੂੰ*

"ਉਹਦੇ ਸਰਦਾਰ ਉਹਦੇ ਵਿੱਚ ਸ਼ਿਕਾਰ ਨੂੰ ਫੜਨ ਵਾਲੇ ਬਘਿਆੜਾਂ ਵਾਂਗਰ ਹਨ, ਜੋ ਬੇਈਮਾਨੀ ਦੇ ਲਾਭ ਦੇ ਲਈ ਲਹੂ ਵਹਾਉਂਦੇ ਅਤੇ ਜੀਵਾਂ ਨੂੰ ਨਾਸ਼ ਕਰਦੇ ਹਨ।

® *ਭਵਿੱਖਬਾਣੀ ਕਰਦੇ ਹੋਏ, ਨਬੀਆਂ ਨੇ ਝੂਠੇ ਦਰਸ਼ਨ ਵੇਖੇ*

"ਅਤੇ ਉਹ ਦੇ ਨਬੀ ਉਨ੍ਹਾਂ ਦੇ ਲਈ ਕੱਚੀ ਲੇਂਬੀ ਕਰਦੇ ਹਨ, ਝੂਠੇ ਦਰਸ਼ਣ ਵੇਖਦੇ, ਅਤੇ ਝੂਠੇ ਫਾਲ ਕੱਢਦੇ ਹਨ, ਅਤੇ ਆਖਦੇ ਹਨ ਕਿ ਪ੍ਰਭੂ ਯਹੋਵਾਹ ਨੇ ਇਉਂ ਫਰਮਾਇਆ ਹੈ, ਜਦੋਂ ਕਿ ਯਹੋਵਾਹ ਨੇ ਨਹੀਂ ਫਰਮਾਇਆ।"

® *ਲੋਕ ਬੁਰੇ ਹੋ ਚੁੱਕੇ ਸਨ*

"ਇਸ ਦੇਸ਼ ਦੇ ਲੋਕਾਂ ਨੇ ਅੱਤਿਆਚਾਰ ਅਤੇ ਲੁੱਟਮਾਰ ਕੀਤੀ ਹੈ ਅਤੇ ਮਸਕੀਨਾਂ ਤੇ ਕੰਗਾਲਾਂ ਨੂੰ ਦੁੱਖ ਦਿੱਤਾ ਹੈ, ਅਤੇ ਪਰਦੇਸੀਆਂ ਤੇ ਨਾਹੱਕ ਜ਼ਬਰ ਕੀਤਾ,

® *ਪਰਮੇਸ਼ੁਰ ਨੇ ਇੱਕ ਮਨੁੱਖ ਦੀ ਭਾਲ ਕੀਤੀ*

"ਮੈਂ ਉਨ੍ਹਾਂ ਵਿੱਚ ਭਾਲ ਕੀਤੀ ਕਿ ਕੋਈ ਅਜਿਹਾ ਆਦਮੀ ਲੱਭੇ ਜੋ ਕੰਧ ਬਣਾਵੇ, ਅਤੇ ਉਸ ਧਰਤੀ ਦੇ ਲਈ ਉਸ ਦੇ ਝਰਨੇ ਵਿੱਚ ਮੇਰੇ ਮੂਹਰੇ ਖਲੋਵੇ, ਤਾਂ ਜੋ ਮੈਂ ਉਹ ਨੂੰ ਨਾ ਉਜਾੜਾਂ, ਪਰ ਕੋਈ ਨਾ ਲੱਭਿਆ। ਇਸ ਲਈ ਮੈਂ ਆਪਣਾ ਕਹਿਰ ਉਨ੍ਹਾਂ ਉੱਤੇ ਵਹਾਇਆ, ਅਤੇ ਆਪਣੇ ਕ੍ਰੋਧ ਦੀ ਅੱਗ ਨਾਲ ਉਨ੍ਹਾਂ ਦਾ ਮੁਕਾ ਦਿੱਤਾ; ਅਤੇ ਮੈਂ ਉਨ੍ਹਾਂ ਦੀ ਕਰਨੀ ਨੂੰ ਉਨ੍ਹਾਂ ਦੇ ਸਿਰ ਦਿੱਤਾ," ਪ੍ਰਭੂ ਯਹੋਵਾਹ ਦਾ ਵਾਕ ਹੈ।

ਅਬਰਾਹਾਮ ਨੇ ਸਦੂਮ ਅਤੇ ਅਮੂਰਾਹ ਸ਼ਹਿਰਾਂ ਲਈ ਸਿਫ਼ਾਰਸ਼ ਕੀਤੀ। ਮੂਸਾ ਨੇ ਇਸਰਾਏਲੀਆਂ ਲਈ ਸਿਫ਼ਾਰਸ਼ ਕੀਤੀ। ਹਿਜ਼ਕੀਏਲ ਦੇ ਸਮੇਂ ਵਿੱਚ ਪਰਮੇਸ਼ੁਰ ਕਿਸੇ ਇੱਕ ਸਿਫ਼ਾਰਸ਼ ਕਰਨ ਵਾਲੇ ਦੀ ਭਾਲ ਕਰ ਰਿਹਾ ਸੀ ਕਿ ਉਹ ਝਰਨੇ ਵਿੱਚ ਖਲੋ ਕੇ ਆਪਣੇ ਦੇਸ਼ ਲਈ ਸਿਫ਼ਾਰਸ਼ ਕਰੇ - ਪਰ ਕੋਈ ਨਾ ਮਿਲਿਆ। ਪਰਮੇਸ਼ੁਰ ਅੱਜ ਵੀ ਸਿਫ਼ਾਰਸ਼ ਕਰਨ ਵਾਲਿਆਂ ਨੂੰ ਭਾਲ ਰਿਹਾ ਹੈ - ਕਿ ਉਹ ਝਰਨੇ ਵਿੱਚ ਖਲੋ ਕੇ ਆਪਣੇ ਪਿਆਰਿਆਂ ਲਈ, ਕਲੀਸਿਆਵਾਂ ਲਈ, ਨਬੀਆਂ ਲਈ, ਯਾਜਕਾਂ ਲਈ, ਅਤੇ ਆਪਣੇ ਰਾਜਨੀਤਿਕ ਆਗੂਆਂ ਲਈ ਸਿਫ਼ਾਰਸ਼ ਕਰ ਸਕਣ।

ਆਤਮਿਕ ਆਗੂਆਂ ਲਈ

ਸਾਨੂੰ ਖ਼ੁਸ਼ਖ਼ਬਰੀ ਦੇ ਸੇਵਕਾਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ। ਜੇਕਰ ਇੱਕ ਆਗੂ ਡਿੱਗ ਜਾਵੇ ਤਾਂ ਸ਼ੈਤਾਨ ਬਹੁਤ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ, ਉਨ੍ਹਾਂ ਦੇ ਵਿਰੋਧ ਵਿੱਚ ਹੋ ਰਹੀ ਲੜਾਈ ਬਹੁਤ ਸ਼ਕਤੀਸ਼ਾਲੀ। ਸਾਨੂੰ ਆਪਣੇ ਆਤਮਿਕ ਆਗੂਆਂ ਲਈ ਲਗਾਤਾਰ ਪ੍ਰਾਰਥਨਾ ਕਰਦੇ ਰਹਿਣਾ ਚਾਹੀਦਾ ਹੈ।

® *ਸੇਵਕਾਈ ਦਲੇਰੀ ਨਾਲ ਹੋਣ ਲਈ*

ਪੌਲੁਸ ਨੇ ਅਫ਼ਸੀਆਂ ਦੇ ਵਿਸ਼ਵਾਸੀਆਂ ਨੂੰ ਪ੍ਰਾਰਥਨਾ ਕਰਨ ਲਈ ਆਖਿਆ ਤਾਂ ਕਿ ਉਹ ਦਲੇਰੀ ਨਾਲ ਬੋਲ ਸਕੇ। ਸਾਨੂੰ ਆਪਣੇ ਆਗੂਆਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ।

ਅਫ਼ਸੀਆਂ 6:19 ਅਤੇ ਮੇਰੇ ਲਈ ਵੀ, ਭਈ ਜਦ ਮੈਂ ਆਪਣਾ ਮੂੰਹ ਖੋਲ੍ਹਾਂ ਤਾਂ ਅਜਿਹਾ ਬੋਲਣਾ ਮੈਨੂੰ ਦਿੱਤਾ ਜਾਵੇ, ਕਿ ਮੈਂ ਦਲੇਰੀ ਨਾਲ ਖ਼ੁਸ਼ਖ਼ਬਰੀ ਦਾ ਭੇਤ ਖੋਲ੍ਹ ਦਿਆਂ...

® *ਦਰਵਾਜ਼ੇ ਖੁੱਲ੍ਹਣ ਲਈ*

ਉਸਨੇ ਕੁਲੁੱਸੀਆਂ ਦੇ ਵਿਸ਼ਵਾਸੀਆਂ ਨੂੰ ਪ੍ਰਾਰਥਨਾ ਕਰਨ ਲਈ ਆਖਿਆ ਕਿ ਉਹ ਦੇ ਲਈ ਦਰਵਾਜ਼ੇ ਖੁੱਲ੍ਹ ਸਕਣ। ਅੱਜ ਸਾਨੂੰ ਵੀ ਪ੍ਰਾਰਥਨਾ ਕਰਨ ਦੀ ਲੋੜ ਹੈ।

ਕੁਲੁੱਸੀਆਂ 4:3ਉ ਨਾਲੇ ਸਾਡੇ ਲਈ ਭੀ ਪ੍ਰਾਰਥਨਾ ਕਰੋ, ਭਈ ਪਰਮੇਸ਼ੁਰ ਸਾਡੇ ਲਈ ਬਾਣੀ ਲਈ ਬੂਹਾ ਖੋਲ੍ਹੇ, ਤਾਂ ਜੋ ਅਸੀਂ ਮਸੀਹ ਦੇ ਭੇਤ ਦਾ ਵਰਣਨ ਕਰੀਏ...

® *ਤਾਂਕਿ ਵਚਨ ਵਡਿਆਇਆ ਜਾਵੇ ਬੁਰੇ ਮਨੁੱਖਾਂ ਤੋਂ ਬਚਾਏ ਜਾਈਏ*

ਉਸ ਨੇ ਥੱਸਲੁਨੀਕੀਆਂ ਨੂੰ ਪ੍ਰਾਰਥਨਾ ਕਰਨ ਲਈ ਆਖਿਆ ਕਿ ਉਨ੍ਹਾਂ ਵਿੱਚ ਪ੍ਰਭੂ ਦਾ ਵਚਨ ਫੈਲਰੇ ਅਤੇ ਉਨ੍ਹਾਂ ਦੁਆਰਾ ਵਡਿਆਇਆ ਜਾਵੇ ਅਤੇ ਉਹ ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚੇ ਰਹਿਣ। ਇਹ ਇੱਕ ਹੋਰ ਤਰੀਕਾ ਹੈ ਜਿਸ ਨਾਲ ਅਸੀਂ ਆਪਣੇ ਆਤਮਿਕ ਆਗੂਆਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ।

2 ਥੱਸਲੁਨੀਕੀਆਂ 3:1,2ਉ ਮੁੱਕਦੀ ਗੱਲ, ਹੇ ਭਰਾਵੋ, ਸਾਡੇ ਲਈ ਪ੍ਰਾਰਥਨਾ ਕਰੋ ਭਈ ਪ੍ਰਭੂ ਦਾ ਵਚਨ ਫੈਲਰੇ ਅਤੇ ਵਡਿਆਇਆ ਜਾਵੇ, ਜਿਵੇਂ ਤੁਹਾਡੇ ਵਿੱਚ ਵੀ ਹੈ, ਅਤੇ ਇਹ ਭਈ ਅਸੀਂ ਪੁੱਠੇ ਅਤੇ ਬੁਰੇ ਮਨੁੱਖਾਂ ਤੋਂ ਬਚਾਏ ਜਾਈਏ...

® *ਸਨਮਾਣ ਪੂਰਣ ਜੀਉਣ ਦੇ ਲਈ*

ਇਬਰਾਨੀਆਂ ਦੇ ਲੇਖਕ ਨੇ ਉਨ੍ਹਾਂ ਨੂੰ ਪ੍ਰਾਰਥਨਾ ਕਰਨ ਲਈ ਆਖਿਆ ਤਾਂ ਕਿ ਉਹ ਸ਼ੁੱਧ ਅੰਤਹਕਰਨ ਨਾਲ ਸਨਮਾਨਪੂਰਣ ਉਮਰ ਬਤੀਤ ਕਰ ਸਕਣ। ਅੱਜ ਸਾਡੀ ਵੀ ਅਜਿਹੀ ਪ੍ਰਾਰਥਨਾ ਹੋਣੀ ਚਾਹੀਦੀ ਹੈ।

ਇਬਰਾਨੀਆਂ 13:18 ਸਾਡੇ ਲਈ ਪ੍ਰਾਰਥਨਾ ਕਰੋ; ਕਿਉਂ ਜੋ ਸਾਨੂੰ ਨਿਹਚਾ ਹੈ ਭਈ ਸਾਡਾ ਅੰਤਹਕਰਨ ਸ਼ੁੱਧ ਹੈ, ਅਤੇ ਅਸੀਂ ਸਾਰੀਆਂ ਗੱਲਾਂ ਵਿੱਚ ਨੇਕੀ ਨਾਲ ਉਮਰ ਬਤੀਤ ਕਰਨੀ ਚਾਹੁੰਦੇ ਹਾਂ।

® *ਸਾਡੀ ਜ਼ਿੰਮੇਵਾਰੀ*

ਮਸੀਹ ਦੀ ਦੇਹ ਦੇ ਆਗੂ ਬਾਰੇ ਇੱਕ ਖ਼ਬਰ ਸੀ ਜੋ ਪਾਪ ਵਿੱਚ ਡਿੱਗ ਚੁੱਕਾ ਸੀ। ਲੋਕ ਸਾਨੂੰ ਸਥਿਤੀ ਬਾਰੇ ਪੁੱਛ ਰਹੇ ਸਨ। ਉਹ ਬਹੁਤ ਨਿਰਾਸ਼ ਸਨ। ਇਸ ਬਾਰੇ ਮੈਂ ਪ੍ਰਭੂ ਨਾਲ ਗੱਲ ਕਰ ਰਿਹਾ ਸੀ। ਕਿਵੇਂ ਮੈਂ ਲੋਕਾਂ ਦੀ ਮਦਦ ਕਰ ਸਕਦਾ ਹਾਂ? ਪਰਮੇਸ਼ੁਰ ਦਾ ਉਨ੍ਹਾਂ

ਲਈ ਅਤੇ ਮੇਰੇ ਲਈ ਇੱਕੋ ਉੱਤਰ ਸੀ। "ਤੁਸੀਂ ਉਸ ਨੂੰ ਵੇਖਿਆ। ਤੁਸੀਂ ਉਸ ਤੋਂ ਪ੍ਰਾਪਤ ਕੀਤਾ, ਪਰ ਤੁਸੀਂ ਕਿੰਨੀ ਵਾਰ ਉਹਦੇ ਲਈ ਪ੍ਰਾਰਥਨਾ ਕੀਤੀ?" ਕਾਫੀ ਸਾਲ ਪਹਿਲਾਂ ਪਰਮੇਸ਼ੁਰ ਨੇ ਮੇਰੇ ਨਾਲ ਇਹ ਗੱਲਾਂ ਕੀਤੀਆਂ ਪਰ ਮੈਂ ਹੁਣ ਤੱਕ ਵੀ ਉਨ੍ਹਾਂ ਨੂੰ ਨਹੀਂ ਭੁੱਲਿਆ ਹਾਂ। ਮਸੀਹ ਦੀ ਦੇਹ ਦੇ ਆਗੂਆਂ ਅਤੇ ਰਾਜਨੀਤਿਕ ਆਗੂਆਂ ਲਈ ਪ੍ਰਾਰਥਨਾ ਕਰਨੀ ਸਾਡੀ ਜ਼ਿੰਮੇਵਾਰੀ ਹੈ।

ਰਾਜਨੀਤਿਕ ਆਗੂਆਂ ਲਈ

ਸਾਨੂੰ ਆਪਣੇ ਆਗੂਆਂ ਲਈ ਪ੍ਰਾਰਥਨਾ ਕਰਨ ਦੀ ਲੋੜ ਹੈ ਤਾਂ ਜੋ ਅਸੀਂ ਚੈਨ ਅਤੇ ਸੁੱਖ ਨਾਲ ਉਮਰ ਭੋਗੀਏ।

1 ਤਿਮੋਥਿਉਸ 2:1-4 ਸੋ ਮੈਂ ਸਭ ਤੋਂ ਪਹਿਲਾਂ ਇਹ ਤਗੀਦ ਕਰਦਾ ਹਾਂ ਜੋ ਬੇਨਤੀਆਂ, ਪ੍ਰਾਰਥਨਾਂ, ਅਰਦਾਸਾਂ, ਅਤੇ ਧੰਨਵਾਦ ਸਭਨਾਂ ਮਨੁੱਖਾਂ ਲਈ ਕੀਤੇ ਜਾਣ, ਪਾਤਸ਼ਾਹਾਂ ਅਤੇ ਸਭਨਾਂ ਮਰਾਤਬੇ ਵਾਲਿਆਂ ਦੇ ਲਈ, ਭਈ ਅਸੀਂ ਪੂਰੀ ਭਗਤੀ ਅਤੇ ਗੰਭੀਰਤਾਈ ਵਿੱਚ ਚੈਨ ਅਤੇ ਸੁੱਖ ਨਾਲ ਉਮਰ ਭੋਗੀਏ। ਸਾਡੇ ਮੁਕਤੀਦਾਤੇ ਪਰਮੇਸ਼ੁਰ ਦੇ ਹਜ਼ੂਰ ਇਹੋ ਭਲਾ ਅਤੇ ਪਰਵਾਨ ਹੈ, ਜੋ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਉਹ ਸੱਚ ਤੇ ਗਿਆਨ ਤੀਕ ਪਹੁੰਚਣ।

ਜਿਹੜੇ ਆਦਮੀ ਅਤੇ ਔਰਤਾਂ ਦੇਸ਼ ਲਈ ਪ੍ਰਾਰਥਨਾ ਕਰਦੇ ਹਨ ਉਹ ਉਨ੍ਹਾਂ ਨਾਲੋਂ ਜ਼ਿਆਦਾ ਪ੍ਰਭਾਵਸ਼ਾਲੀ ਹੁੰਦੇ ਹਨ ਜਿਹੜੇ ਸਰਕਾਰ ਵਿੱਚ ਕੰਮ ਕਰ ਰਹੇ ਹਨ। ਪਰਮੇਸ਼ੁਰ ਆਪਣੇ ਲੋਕਾਂ ਦੀ ਅਵਾਜ਼ ਸੁਣੇਗਾ।

2 ਇਤਿਹਾਸ 7:13,14 ਜੇ ਮੈਂ ਕਦੇ ਅਕਾਸ਼ ਨੂੰ ਬੰਦ ਕਰ ਦਿਆਂ ਕਿ ਮੀਂਹ ਨਾ ਪਵੇ, ਯਾ ਸਲਾ ਨੂੰ ਹੁਕਮ ਦਿਆਂ ਕਿ ਦੇਸ਼ ਨੂੰ ਚੱਟ ਲਵੇ, ਯਾ ਆਪਣੀ ਪਰਜਾ ਦੇ ਵਿੱਚ ਬਵਾ ਘੱਲਾਂ, ਅਤੇ ਜੇ ਮੇਰੀ ਪਰਜਾ ਜੋ ਮੇਰੇ ਨਾਮ ਤੇ ਅਖਵਾਉਂਦੀ ਹੈ ਅਧੀਨ ਹੋ ਕੇ ਪ੍ਰਾਰਥਨਾ ਕਰੇ, ਅਤੇ ਮੇਰੇ ਦਰਸ਼ਣ ਦੀ ਚਾਹਵੰਦ ਹੋਵੇ, ਅਤੇ ਆਪਣੇ ਭੈੜੇ ਰਾਹ ਤੋਂ ਮੁੜੇ, ਤਾਂ ਮੈਂ ਸੁਰਗ ਉੱਤੋਂ ਸੁਣ ਕੇ ਉਨ੍ਹਾਂ ਦੇ ਪਾਪ ਖਿਮਾਂ ਕਰਾਂਗਾ ਅਤੇ ਉਨ੍ਹਾਂ ਦੇ ਦੇਸ਼ ਨੂੰ ਬਹਾਲ ਕਰ ਦਿਆਂਗਾ।

ਸ਼ਹਿਰਾਂ ਲਈ ਜਿੱਥੇ ਅਸੀਂ ਰਹਿੰਦੇ ਹਾਂ

ਸਾਨੂੰ ਸ਼ਹਿਰਾਂ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਿੱਥੇ ਅਸੀਂ ਰਹਿੰਦੇ ਹਾਂ ਅਤੇ ਅਜਿਹਾ ਕਰਨ ਨਾਲ ਸ਼ਾਂਤੀ ਆਉਂਦੀ ਹੈ।

ਯਿਰਮਿਯਾਹ 29:7 ਅਤੇ ਉਸ ਸ਼ਹਿਰ ਲਈ ਸ਼ਾਂਤੀ ਭਾਲੋ ਜਿੱਥੇ ਮੈਂ ਤੁਹਾਨੂੰ ਅਸੀਰ ਕਰ ਕੇ ਘੱਲਿਆ ਹੈ, ਅਤੇ ਉਸ ਦੇ ਕਾਰਨ ਯਹੋਵਾਹ ਅੱਗੇ ਪ੍ਰਾਰਥਨਾ ਕਰੋ, ਕਿਉਂ ਜੋ ਉਹਦੀ ਸ਼ਾਂਤੀ ਵਿੱਚ ਤੁਹਾਡੀ ਸ਼ਾਂਤੀ ਹੈ।

ਉਨ੍ਹਾਂ ਲਈ ਜਿਹੜੇ ਸਾਨੂੰ ਸਤਾਉਂਦੇ ਹਨ

ਜਦ ਅਸੀਂ ਉਨ੍ਹਾਂ ਲਈ ਪ੍ਰਾਰਥਨਾ ਕਰਦੇ ਹਾਂ ਜਿਹੜੇ ਸਾਨੂੰ ਨੁਕਸਾਨ ਪਹੁੰਚਾਉਂਦੇ ਹਨ, ਅਸੀਂ ਜਾਣਦੇ ਹਾਂ ਕਿ ਅਸੀਂ ਸੱਚਮੁੱਚ ਉਨ੍ਹਾਂ ਨੂੰ ਮਾਫ਼ ਕਰ ਦਿੱਤਾ ਹੈ।

ਮੱਤੀ 5:44 "ਪਰ ਮੈਂ ਤੁਹਾਨੂੰ ਆਖਦਾ ਹਾਂ, ਭਈ ਆਪਣੇ ਵੈਰੀਆਂ ਨਾਲ ਪਿਆਰ ਕਰੋ, ਅਤੇ ਜੋ ਤੁਹਾਨੂੰ ਸਤਾਉਣ ਉਨ੍ਹਾਂ ਲਈ ਪ੍ਰਾਰਥਨਾ ਕਰੋ,

ਲੂਕਾ 6:28 'ਜੋ ਤੁਹਾਨੂੰ ਸਰਾਪ ਦੇਣ, ਉਨ੍ਹਾਂ ਨੂੰ ਆਸੀਸ ਦਿਉ। ਜੋ ਤੁਹਾਡੀ ਪਤ ਲਾਹੁਣ ਉਨ੍ਹਾਂ ਦੇ ਲਈ ਪ੍ਰਾਰਥਨਾ ਕਰੋ।'

ਦੇਸ਼ ਦੀ ਵਾਢੀ ਲਈ

ਯਿਸੂ ਨੇ ਚੇਲਿਆਂ ਨੂੰ ਮਜ਼ਦੂਰਾਂ ਲਈ ਪ੍ਰਾਰਥਨਾ ਕਰਨ ਨੂੰ ਕਿਹਾ ਅਤੇ ਤਦ ਉਸਨੇ ਉਨ੍ਹਾਂ ਨੂੰ ਵਾਢੀ ਲਈ ਭੇਜਿਆ। ਜਦ ਅਸੀਂ ਗੰਭੀਰਤਾਪੂਰਵਕ ਜ਼ਰੂਰਤਾਂ ਲਈ ਸਿਫ਼ਾਰਸ਼ ਕਰਦੇ ਹਾਂ, ਬਹੁਤ ਵਾਰ ਪਰਮੇਸ਼ੁਰ ਸਾਡੇ ਦੁਆਰਾ ਉੱਤਰ ਦਿੰਦਾ ਹੈ।

ਲੂਕਾ 10:2 ਤਾਂ ਉਸ ਨੇ ਉਨ੍ਹਾਂ ਨੂੰ ਆਖਿਆ, "ਫ਼ਸਲ ਤਾਂ ਬਹੁਤ ਹੈ, ਪਰ ਵਾਢੇ ਥੋੜ੍ਹੇ ਹਨ, ਇਸ ਲਈ ਤੁਸੀਂ ਫ਼ਸਲ ਦੇ ਮਾਲਕ ਅੱਗੇ ਬੇਨਤੀ ਕਰੋ ਜੋ ਉਹ ਆਪਣੀ ਫ਼ਸਲ ਵੱਢਣ ਨੂੰ ਵਾਢੇ ਘੱਲ ਦੇਵੇ।"

ਜ਼ਬੂਰ 2:8 ਮੈਥੋਂ ਮੰਗ, ਅਤੇ ਮੈਂ ਕੌਮਾਂ ਤੇਰੀ ਮੀਰਾਸ, ਅਤੇ ਧਰਤੀ ਦੇ ਕੰਢੇ ਤੇਰੀ ਮਿਲਖ ਕਰ ਦਿਆਂਗਾ।

ਇਸਰਾਏਲ ਲਈ

ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਲਈ ਪ੍ਰਾਰਥਨਾ ਕਰਨ ਦੇ ਨਾਲ ਵਿਸ਼ੇਸ਼ ਬਰਕਤ ਜੁੜੀ ਹੋਈ ਹੈ, ਅਤੇ ਉਹਦਾ ਮਕਸੱਦ ਜੋ ਉਨ੍ਹਾਂ ਲਈ ਹੈ ਉਸ ਵਿੱਚ ਜਲਦੀ ਕਰਨ ਦੁਆਰਾ।

ਜ਼ਬੂਰ 122:6,7 ਯਰੂਸ਼ਲਮ ਦੀ ਸਲਾਮਤੀ ਮੰਗੋ: "ਤੇਰੇ ਪ੍ਰੇਮੀ ਨਿਹਾਲ ਹੋਣਗੇ। ਤੇਰੀ ਫ਼ਸੀਲ ਦੇ ਅੰਦਰ ਸਲਾਮਤੀ ਹੋਵੇ, ਤੇਰੇ ਮਹਿਲਾਂ ਵਿੱਚ ਨਿਹਾਲਤਾ।"

ਨਵੇਂ ਬਚਾਏ ਗਏ ਲੋਕਾਂ ਲਈ

ਸਾਨੂੰ ਉਨ੍ਹਾਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਜਿਹੜੇ ਮਸੀਹ ਦੇ ਪਿੱਛੇ ਚੱਲਦੇ ਹਨ।

1 ਥੱਸਲੁਨੀਕੀਆਂ 3:9,10 ਉਸ ਸਾਰੇ ਅਨੰਦ ਲਈ ਜਿਸ ਕਰਕੇ ਅਸੀਂ ਆਪਣੇ ਪਰਮੇਸ਼ੁਰ ਦੇ ਅੱਗੇ ਤੁਹਾਡੇ ਕਾਰਨ ਅਨੰਦ ਕਰਦੇ ਹਾਂ, ਅਸੀਂ ਤੁਹਾਡੇ ਵਿਖੇ ਕਿਹੜੇ ਮੂੰਹ ਨਾਲ ਪਰਮੇਸ਼ੁਰ ਦਾ ਧੰਨਵਾਦ ਕਰੀਏ, ਅਸੀਂ ਰਾਤ ਦਿਨ ਅਤਯੰਤ ਬੇਨਤੀ ਕਰਦੇ ਰਹਿੰਦੇ ਹਾਂ ਜੋ ਤੁਹਾਡਾ ਦਰਸ਼ਣ ਕਰੀਏ ਅਤੇ ਤੁਹਾਡੀ ਨਿਹਚਾ ਦਾ ਘਾਟਾ ਪੂਰਾ ਕਰ ਦੇਈਏ?

ਸਾਰੇ ਸੰਤਾਂ ਲਈ

ਸਾਨੂੰ ਬਚਾਏ ਗਏ ਸਭ ਲੋਕਾਂ ਲਈ ਪ੍ਰਾਰਥਨਾ ਕਰਨੀ ਚਾਹੀਦੀ ਹੈ ਜੋ ਸੰਸਾਰ ਦੇ ਅਲੱਗ-ਅਲੱਗ ਕੋਨਿਆਂ ਵਿੱਚ ਰਹਿ ਰਹੇ ਹਨ

ਅਫ਼ਸੀਆਂ 6:18 ਅਤੇ ਸਾਰੀ ਪ੍ਰਾਰਥਨਾ ਅਤੇ ਬੇਨਤੀ ਨਾਲ ਹਰ ਸਮੇਂ ਆਤਮਾ ਵਿੱਚ ਪ੍ਰਾਰਥਨਾ ਕਰਦੇ ਰਹੋ, ਅਤੇ ਇਹ ਦੇ ਨਮਿੱਤ ਸਾਰਿਆਂ ਸੰਤਾਂ ਲਈ ਬਹੁਤ ਤਕੜਾਈ ਅਤੇ ਬੇਨਤੀ ਨਾਲ ਜਾਗਦੇ ਰਹੋ।

ਇੱਕ ਦੂਜੇ ਲਈ

ਯਾਕੂਬ 5:16 ਇਸ ਲਈ ਤੁਸੀਂ ਆਪੋ ਵਿੱਚੀਂ ਆਪਣਿਆਂ ਪਾਪਾਂ ਦਾ ਇਕਰਾਰ ਕਰੋ, ਅਤੇ ਇੱਕ ਦੂਏ ਲਈ ਪ੍ਰਾਰਥਨਾ ਕਰੋ, ਭਈ ਤੁਸੀਂ ਨਰੋਏ ਹੋ ਜਾਓ। ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।

ਬਿਮਾਰਾਂ ਲਈ

ਯਾਕੂਬ 5:14,15 ਕੀ ਤੁਹਾਡੇ ਵਿੱਚ ਕੋਈ ਮਾਂਦਾ ਹੈ? ਤਾਂ ਕਲੀਸਿਆ ਦੇ ਬਜ਼ੁਰਗਾਂ ਨੂੰ ਸੱਦ ਘੱਲੇ, ਅਤੇ ਉਹ ਪ੍ਰਭੂ ਦਾ ਨਾਮ ਲੈ ਕੇ ਉਹ ਨੂੰ ਤੇਲ ਝੱਸਣ, ਅਤੇ ਉਹ ਦੇ ਲਈ ਪ੍ਰਾਰਥਨਾ ਕਰਨ। ਅਤੇ ਪ੍ਰਾਰਥਨਾ ਜਿਹੜੀ ਨਿਹਚਾ ਨਾਲ ਹੋਵੇ ਓਸ ਬਿਮਾਰ ਨੂੰ ਬਚਾਵੇਗੀ, ਅਤੇ ਪ੍ਰਭੂ ਉਸ ਨੂੰ ਉਠਾ ਖੜਾ ਕਰੇਗਾ। ਅਤੇ ਜੇ ਉਹ ਨੇ ਪਾਪ ਕੀਤੇ ਹੋਣ, ਤਾਂ ਉਹ ਨੂੰ ਮਾਫ਼ ਕੀਤੇ ਜਾਣਗੇ।

ਡਿੱਗਿਆ ਹੋਇਆਂ ਲਈ

ਦੋਸ਼ ਲਗਾਉਣ ਜਾਂ ਨਿੰਦਾ ਕਰਨ

ਡਿੱਗਿਆਂ ਹੋਇਆਂ ਲਈ ਦੋਸ਼ ਲਗਾਉਣ ਜਾਂ ਨਿੰਦਾ ਕਰਨ ਜਾਂ ਉਨ੍ਹਾਂ ਤੇ ਤਰਸ ਕਰਨ ਦੀ ਬਜਾਏ, ਸਾਨੂੰ ਉਨ੍ਹਾਂ ਲਈ ਪ੍ਰਾਰਥਨਾ ਚਾਹੀਦੀ ਹੈ।

ਗਲਾਤੀਆਂ 6:1,2 ਹੇ ਭਰਾਓ, ਜੇ ਕੋਈ ਮਨੁੱਖ ਕਿਸੇ ਅਪਰਾਧ ਵਿੱਚ ਫੜਿਆ ਵੀ ਜਾਵੇ, ਤਾਂ ਤੁਸੀਂ ਜਿਹੜੇ ਆਤਮਕ ਹੋ ਅਜਿਹੇ ਮਨੁੱਖ ਨੂੰ ਨਰਮਾਈ ਦੇ ਸੁਭਾਅ ਨਾਲ ਸੁਧਾਰੋ, ਅਤੇ ਤੂੰ ਆਪਣੇ ਆਪ ਵੱਲ ਧਿਆਨ ਰੱਖ ਮਤੇ ਤੂੰ ਵੀ ਪਰਤਾਵੇ ਵਿੱਚ ਪਵੇਂ। ਤੁਸੀਂ ਇੱਕ ਦੂਏ ਦੇ ਭਾਰ ਚੁੱਕ ਲਓ, ਅਤੇ ਇਉਂ ਮਸੀਹ ਦੀ ਸ਼ਰਾ ਨੂੰ ਪੂਰਿਆਂ ਕਰੋ।

ਬੰਧੂਆਂ ਲਈ

ਇਬਰਾਨੀਆਂ ਵਿੱਚ ਅਸੀਂ ਪੜ੍ਹਦੇ ਹਾਂ ਕਿ ਅਸੀਂ ਬੰਧੂਆਂ ਨੂੰ ਇਉਂ ਚੇਤੇ ਰੱਖੀਏ ਜਿਵੇਂ ਅਸੀਂ ਉਨ੍ਹਾਂ ਦੇ ਨਾਲ ਬੰਧਨ ਵਿੱਚ ਪਏ ਹੋਏ ਹਾਂ। ਇਹ ਆਮ ਪ੍ਰਾਰਥਨਾ ਤੋਂ ਕਿਤੇ ਵੱਧ ਕੇ ਹੈ।

ਇਬਰਾਨੀਆਂ 13:3 ਬੰਧੂਆਂ ਨੂੰ ਇਉਂ ਚੇਤੇ ਰੱਖੋ, ਭਈ ਜਾਣੋ ਤੁਸੀਂ ਓਹਨਾਂ ਦੇ ਨਾਲ ਬੰਧਨ ਵਿੱਚ ਪਏ ਹੋਏ ਹੋ, ਅਤੇ ਓਹਨਾਂ ਨੂੰ ਜਿਹੜੇ ਜ਼ਬਰੀ ਝੱਲਦੇ ਹਨ, ਚੇਤੇ ਰੱਖੋ ਇਹ ਜਾਣ ਕੇ ਭਈ ਤੁਸੀਂ ਆਪ ਵੀ ਸਰੀਰ ਵਾਲੇ ਹੋ।

ਆਪਣੇ ਆਪ ਲਈ

ਆਪਣੇ ਆਪ ਲਈ ਪ੍ਰਾਰਥਨਾ ਕਰਨੀ ਸੁਆਰਥੀਪਨ ਨਹੀਂ ਹੈ, ਕਿਉਂਕਿ ਜਦ ਅਸੀਂ ਬਰਕਤਾਂ ਪ੍ਰਾਪਤ ਕਰਦੇ ਹਾਂ, ਤਦ ਦੂਜਿਆਂ ਲਈ ਬਰਕਤ ਦਾ ਕਾਰਨ ਬਣਦੇ ਹਾਂ।

1 ਇਤਿਹਾਸ 4:10 ਅਤੇ ਯਅਬੇਸ ਨੇ ਇਸਰਾਏਲ ਦੇ ਪਰਮੇਸ਼ੁਰ ਅੱਗੇ ਬੇਨਤੀ ਕਰਕੇ ਆਖਿਆ, "ਕਾਸ਼ ਕਿ, ਤੂੰ ਮੈਨੂੰ ਸੱਚਮੁੱਚ ਬਰਕਤ ਦਿੰਦਾ, ਤੇ ਮੇਰੀਆਂ ਹੱਦਾਂ ਨੂੰ ਵਧਾਉਂਦਾ, ਤੇ ਤੇਰਾ ਹੱਥ ਮੇਰੇ ਨਾਲ ਰਹਿੰਦਾ, ਅਤੇ ਤੂੰ ਮੈਨੂੰ ਬੁਰਿਆਈ ਤੋਂ ਬਚਾਉਂਦਾ, ਤਾਂ ਜੋ ਉਹ ਮੈਨੂੰ ਦੁੱਖ ਨਾ ਦੇਵੇ!" ਅਤੇ ਪਰਮੇਸ਼ੁਰ ਨੇ ਉਹ ਦੀਆਂ ਭਾਉਣੀਆਂ ਪੂਰੀਆਂ ਕੀਤੀਆਂ।

Φ ਸਾਰ-ਪਰਮੇਸ਼ੁਰ ਦੇ ਦਿਲ ਦੀ ਅਵਾਜ਼

ਪਰਮੇਸ਼ੁਰ ਹਰ ਪੁਰਖ, ਇਸਤਰੀ ਅਤੇ ਬੱਚੇ ਨਾਲ ਪਿਆਰ ਕਰਦਾ ਹੈ। ਉਹ ਦੀ ਇੱਛਾ ਹੈ ਕਿ ਸਭ ਲੋਕ ਉਸਨੂੰ ਜਾਣਨ। ਅਸੀਂ ਉਹ ਨੂੰ ਹੋਰ ਜਾਣੀਏ ਅਤੇ ਉਸ ਨਾਲ ਸਮਾਂ ਗੁਜ਼ਾਰੀਏ ਹਾਂ, ਤਾਂ ਅਸੀਂ ਆਪਣੇ ਆਲੇ-ਦੁਆਲੇ ਦੇ ਲੋਕਾਂ ਲਈ ਪਰਮੇਸ਼ੁਰ ਦੇ ਦਿਲ ਦੀ ਅਵਾਜ਼ ਨੂੰ ਹੋਰ ਜ਼ਿਆਦਾ ਸਮਝਾਂਗੇ।

ਅੱਯੂਬ ਦੀ ਕਿਤਾਬ ਬਾਈਬਲ ਦੀ ਸਭ ਤੋਂ ਪੁਰਾਣੀ ਕਿਤਾਬ ਮੰਨੀ ਜਾਂਦੀ ਹੈ। ਇਹ ਲੱਗਭੱਗ ਅਬਰਾਹਾਮ ਦੇ ਸਮੇਂ ਵਿੱਚ ਲਿਖੀ ਗਈ, ਮੂਸਾ ਅਤੇ ਹਿਜ਼ਕੀਏਲ ਕੁਝ ਅਜਿਹੇ ਨਾਮ ਹਨ ਜੋ ਇਹ ਪ੍ਰਗਟ ਕਰਦੇ ਹਨ। ਅੱਜ, ਯਿਸੂ ਸਾਡੇ ਲਈ ਸਿਫ਼ਾਰਸ਼ ਕਰ ਰਿਹਾ ਹੈ, ਉਹ ਸਾਡਾ ਮਹਾਂਯਾਜਕ ਅਤੇ ਵਕੀਲ ਹੈ, ਅਤੇ ਸਾਡੇ ਲਈ ਸਦਾ ਦਾ ਨਮੂਨਾ ਹੈ।

ਪਰਮੇਸ਼ੁਰ ਦੇ ਲੋਕਾਂ ਨੂੰ ਪੁਰਖ ਅਤੇ ਇਸਤਰੀਆਂ ਨੂੰ ਆਪਣੇ ਪਰਿਵਾਰ, ਆਪਣੇ ਮਿੱਤਰਾਂ, ਆਪਣੀ ਕਲੀਸਿਆ, ਆਪਣੇ ਗੁਆਂਢੀਆਂ, ਆਪਣੇ ਸ਼ਹਿਰਾਂ, ਰਾਜ ਅਤੇ ਦੇਸ਼ਾਂ ਲਈ ਪ੍ਰਾਰਥਨਾ ਕਰਨ ਵਾਲੇ ਬਣਨ ਦੀ ਲੋੜ ਹੈ ਜੋ ਅਜੇ ਤੱਕ ਬਦਲੇ ਨਹੀਂ ਹਨ। ਅਸੀਂ ਸਭ ਪਰਮੇਸ਼ੁਰ ਦੇ ਦਿਲ ਦੀ ਅਵਾਜ਼ ਦੇ ਜ਼ਵਾਬਦੇਹ ਹਾਂ ਅਤੇ ਪਰਮੇਸ਼ੁਰ ਅਤੇ ਪਾਪੀ ਮਨੁੱਖਾਂ ਦੇ ਵਿਚਕਾਰ ਖਲੋਣ ਵਾਲੇ, ਅਤੇ ਸਾਨੂੰ ਪਰਮੇਸ਼ੁਰ ਦੀ ਸ਼ਕਤੀ ਨੂੰ ਉਨ੍ਹਾਂ ਦੇ ਜੀਵਨਾਂ ਵਿੱਚ ਲਿਆਉਣ ਵਾਲੇ ਬਣਨ ਦੀ ਲੋੜ ਹੈ।

ਸਾਨੂੰ ਜ਼ਰੂਰ ਬਿਨ੍ਹਾਂ ਰੁਕੇ, ਹਰ ਸਮੇਂ ਆਪਣੇ ਆਲੇ-ਦੁਆਲੇ ਦੀਆਂ ਜ਼ਰੂਰਤਾਂ ਲਈ ਸਿਫ਼ਾਰਸ਼ ਕਰਨ ਵਿੱਚ ਸਮਾਂ ਗੁਜ਼ਾਰਨਾ ਚਾਹੀਦਾ ਹੈ। ਅੱਜ ਇਹ ਮਸੀਹਾਂ ਦੀ ਦੇਹ ਦੇ ਲਈ ਸਭ ਤੋਂ ਵੱਡੀ ਬੁਲਾਹਟ ਹੈ-ਤਾਂ ਜੋ ਆਪਣੇ ਆਲੇ-ਦੁਆਲੇ ਦੀਆਂ ਚੀਜ਼ਾਂ ਨੂੰ ਸੰਭਾਲਣ ਲਈ ਸਿਫ਼ਾਰਸ਼ ਕੀਤੀ ਜਾਵੇ। ਪਵਿੱਤਰ ਆਤਮਾ ਵਿੱਚ ਉਨ੍ਹਾਂ ਲਈ ਪ੍ਰਾਰਥਨਾ ਕਰੀਏ ਤਦ ਪਰਮੇਸ਼ੁਰ ਤੁਹਾਡੀ ਆਪਣੀ ਭਾਸ਼ਾ ਵਿੱਚ ਪ੍ਰਾਰਥਨਾ ਕਰਨ ਲਈ ਤੁਹਾਡੀ ਅਗਵਾਈ ਕਰੇਗਾ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਸਿਫ਼ਾਰਸ਼ ਦੀ ਪਰਿਭਾਸ਼ਾ ਲਿਖੋ।

2. ਸਿਫ਼ਾਰਸ਼ ਦੇ ਛੇ ਅਮਲੀ ਕਦਮ ਕਿਹੜੇ ਹਨ?

3. ਕਿਹੜੀਆਂ ਤਿੰਨ ਗੱਲਾਂ ਲਈ ਸਿਫ਼ਾਰਸ਼ ਕਰਨ ਨੂੰ ਪਰਮੇਸ਼ੁਰ ਤੁਹਾਡੀ ਅਗਵਾਈ ਕਰ ਰਿਹਾ ਹੈ। ਪਰਮੇਸ਼ੁਰ ਦੇ ਵਚਨ ਦੇ ਵਾਇਦੇ ਲਿਖੋ ਜਿਨ੍ਹਾਂ ਤੇ ਤੁਸੀਂ ਖੜ੍ਹੇ ਹੋ ਸਕਦੇ ਹੋ

ਅਧਿਆਇ ਦਸ

""ਜੇ ਤੁਸੀਂ ਮੇਰੇ ਵਿੱਚ ਬਣੋ ਰਹੋ"

ਯਿਸੂ ਨੇ ਆਖਿਆ,

ਯੂਹੰਨਾ 15:7 ਜੇ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ, ਤਾਂ ਜੋ ਚਾਹੋ ਮੰਗੋ, ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।

ਇਹ ਸਾਡੀਆਂ ਪ੍ਰਾਰਥਨਾਵਾਂ ਦੇ ਲਈ ਪਰਮੇਸ਼ੁਰ ਦਾ ਅਦਭੁੱਤ ਵਾਇਦਾ ਹੈ, ਪਰ ਇਹ ਪੂਰੀ ਤਰ੍ਹਾਂ ਸ਼ਰਤਾਂ ਤੇ ਨਿਰਭਰ ਕਰਦਾ ਹੈ। ਇਸ ਤੋਂ ਪਹਿਲਾਂ ਕਿ ਅਸੀਂ ਆਪਣੀ ਇੱਛਾ ਅਨੁਸਾਰ ਕੁਝ ਮੰਗੀਏ ਸਾਨੂੰ ਜ਼ਰੂਰਤ ਹੈ ਕਿ ਅਸੀਂ ਉਹ ਦੇ ਵਚਨ ਵਿੱਚ ਬਣੇ ਰਹੀਏ। ਆਓ ਵਾਪਿਸ ਚੱਲੀਏ ਅਤੇ ਉਸ ਪੈਰ੍ਹੇ ਉੱਤੇ ਸੋਚ-ਵਿਚਾਰ ਕਰੀਏ ਜਿਸ ਦੀ ਸਮਾਪਤੀ ਇਸ ਅਦਭੁੱਤ ਵਾਇਦੇ ਨਾਲ ਹੁੰਦੀ ਹੈ।

ਯੂਹੰਨਾ 15:4-7 "ਤੁਸੀਂ ਮੇਰੇ ਵਿੱਚ ਰਹੋ, ਅਤੇ ਮੈਂ ਤੁਹਾਡੇ ਵਿੱਚ। ਜਿਸ ਪਰਕਾਰ ਟਹਿਣੀ ਜੇ ਉਹ ਅੰਗੂਰ ਦੀ ਬੇਲ ਵਿੱਚ ਨਾ ਰਹੇ, ਆਪਣੇ ਆਪ ਫਲ ਨਹੀਂ ਦੇ ਸਕਦੀ, ਇਸੇ ਪਰਕਾਰ ਤੁਸੀਂ ਵੀ ਜੇ ਮੇਰੇ ਵਿੱਚ ਨਾ ਰਹੋ ਫਲ ਨਹੀਂ ਦੇ ਸਕਦੇ।"

"ਅੰਗੂਰ ਦੀ ਬੇਲ ਮੈਂ ਹਾਂ, ਤੁਸੀਂ ਟਹਿਣੀਆਂ ਹੋ। ਜੋ ਮੇਰੇ ਵਿੱਚ ਰਹਿੰਦਾ ਹੈ, ਅਤੇ ਮੈਂ ਉਸ ਵਿੱਚ, ਸੋਈ ਬਹੁਤਾ ਫਲ ਦਿੰਦਾ ਹੈ; ਕਿਉਂ ਜੋ ਮੈਥੋਂ ਵੱਖਰੇ ਹੋ ਕੇ ਤੁਸੀਂ ਕੁਝ ਨਹੀਂ ਕਰ ਸਕਦੇ।"

"ਜੇ ਕੋਈ ਮੇਰੇ ਵਿੱਚ ਨਾ ਰਹੇ, ਤਾਂ ਉਹ ਟਹਿਣੀ ਦੀ ਨਿਆਈਂ ਬਾਹਰ ਸੁੱਟਿਆ ਜਾਂਦਾ ਅਤੇ ਸੁੱਕ ਜਾਂਦਾ ਹੈ; ਅਰ ਲੋਕ ਉਨ੍ਹਾਂ ਨੂੰ ਇਕੱਠਿਆਂ ਕਰ ਕੇ ਅੱਗ ਵਿੱਚ ਝੋਕਦੇ ਹਨ, ਅਤੇ ਉਹ ਸਾੜੀਆਂ ਜਾਂਦੀਆਂ ਹਨ।"

"ਜੇ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ, ਤਾਂ ਜੋ ਚਾਹੋ ਮੰਗੋ, ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।"

ਹਕੀਕਤ ਵਿੱਚ ਕਿਵੇਂ ਅਸੀਂ ਮਸੀਹ ਵਿੱਚ ਬਣੇ ਰਹਿੰਦੇ ਹਾਂ? ਬੁਨਿਆਦੀ ਤੌਰ ਤੇ ਦਿਨ ਪ੍ਰਤੀ ਦਿਨ, ਕਿਵੇਂ ਪੂਰਾ ਹੁੰਦਾ ਹੈ?

ਉਸ ਵਿੱਚ ਬਣੇ ਰਹਿਣ ਨਾਲ

ਮੂਸਾ ਪਰਮੇਸ਼ੁਰ ਨੂੰ ਜਾਣਦਾ ਸੀ। ਮੂਸਾ ਪਰਮੇਸ਼ੁਰ ਦਾ ਮਿੱਤਰ ਸੀ। ਜਦ ਇਸਰਾਏਲੀਆਂ ਨੇ ਸੋਨੇ ਦਾ ਵੱਡਾ ਬਣਾ ਕੇ ਉਹਦੀ ਪੂਜਾ ਕਰਨ ਦਾ ਭਿਆਨਕ ਪਾਪ ਕੀਤਾ ਤਦ ਜੋ ਕਦਮ ਮੂਸਾ ਨੇ ਚੁੱਕੇ ਉਨ੍ਹਾਂ ਤੋਂ ਬਹੁਤ ਕੁਝ ਸਿੱਖਣ ਦੀ ਲੋੜ ਹੈ। ਉਹ ਦਾ ਵਿਵਹਾਰ ਲੋਕਾਂ ਨੂੰ ਸਜ਼ਾ ਦੇਣਾ ਨਹੀਂ ਸੀ - ਪਰ ਉਹ ਦੇ ਸ਼ਿਕਵੇ ਦੀ ਪੀੜ੍ਹ ਸਾਡੀ ਸਮਝ ਤੋਂ ਬਾਹਰ ਹੈ।

ਪਾਪ ਦੇ ਕਾਰਨ, ਪਰਮੇਸ਼ੁਰ ਦਾ ਪਰਤਾਪ ਇਸਰਾਏਲ ਦੇ ਡੇਹਰੇ ਤੋਂ ਜਾਂਦਾ ਰਿਹਾ। ਪਰਮੇਸ਼ੁਰ ਉਨ੍ਹਾਂ ਦੇ ਨਾਲ ਨਹੀਂ ਰਿਹਾ, ਕਿਉਂਕਿ ਉਸ ਨੇ ਉਨ੍ਹਾਂ ਨੂੰ ਭਸਮ ਕੀਤਾ। ਪਰਮੇਸ਼ੁਰ ਬਦਲਿਆ ਨਹੀਂ ਹੈ। ਪਰਮੇਸ਼ੁਰ ਪਾਪ ਦੇ ਨਾਲ ਇਕੱਠਿਆਂ ਨਹੀਂ ਰਹਿ ਸਕਦਾ। ਇਹ ਉਹ ਦੇ ਸੁਭਾਅ ਦੇ ਵਿਰੋਧ ਵਿੱਚ ਹੈ।

ਬਹੁਤ ਲੋਕ ਆਪਣੇ ਆਪ ਨੂੰ ਅਤੇ ਦੂਜਿਆਂ ਨੂੰ ਧੋਖਾ ਦਿੰਦੇ ਹਨ ਜਦ ਉਹ ਇਹ ਸੋਚਦੇ ਹਨ ਕਿ ਉਨ੍ਹਾਂ ਦੇ ਪਾਪ ਕਿਰਪਾ ਨਾਲ ਢੱਕੇ ਜਾਂਦੇ ਹਨ? ਕੋਈ ਗੱਲ ਨਹੀਂ ਜੋ ਮਰਜ਼ੀ ਕਰੀ ਜਾਈਏ, ਪਰਮੇਸ਼ੁਰ ਉਨ੍ਹਾਂ ਨੂੰ ਮਾਫ਼ ਕਰੇਗਾ ਅਤੇ ਸਭ ਕੁਝ ਪਹਿਲਾਂ ਵਾਂਗੂ ਠੀਕ ਚੱਲੇਗਾ। ਇਹ ਸੱਚਿਆਈ ਨਹੀਂ ਹੈ। ਯਿਸੂ ਨੇ ਕਿਹਾ,

ਮੱਤੀ 6:24ਓ ਕੋਈ ਮਨੁੱਖ ਦੋ ਮਾਲਕਾਂ ਦੀ ਸੇਵਾ ਨਹੀਂ ਕਰ ਸਕਦਾ ਕਿਉਂ ਜੋ ਇੱਕ ਨਾਲ ਵੈਰ ਅਤੇ ਦੂਏ ਨਾਲ ਪ੍ਰੀਤ ਰੱਖੇਗਾ ਯਾ ਇੱਕ ਨਾਲ ਮਿਲਿਆ ਰਹੇਗਾ ਅਤੇ ਦੂਏ ਨੂੰ ਤੁੱਛ ਜਾਣੇਗਾ।

ਡੇਹਰੇ ਤੋਂ ਬਾਹਰ ਆ ਜਾਓ

ਲੋਕਾਂ ਦੇ ਪਾਪ ਦੇ ਕਾਰਨ, ਪਰਮੇਸ਼ੁਰ ਨੇ ਆਪਣੇ ਆਪ ਨੂੰ ਅਲੱਗ ਕਰ ਲਿਆ, ਅਤੇ ਤੁਰੰਤ, ਮੂਸਾ ਨੇ ਵੀ ਇਸੇ ਤਰ੍ਹਾਂ ਕੀਤਾ। ਸਰੀਰਕ ਤੌਰ ਤੇ ਉਹ ਨੇ ਆਪਣਾ ਤੰਬੂ ਡੇਹਰੇ ਤੋਂ ਬਾਹਰ ਲਾਇਆ। ਉਸ ਨੇ ਆਪਣੇ ਆਪ ਨੂੰ ਪਾਪ ਦਾ ਭਾਈਵਾਲ ਨਹੀਂ ਬਣਾਇਆ। ਉਸ ਨੇ ਤਰਸ ਨਹੀਂ ਖਾਧਾ ਨਾ ਉਸ ਨੇ ਲੋਕਾਂ ਨਾਲ ਪਿਆਰ ਕੀਤਾ। ਉਸ ਨੇ ਸਿਰਫ਼ ਆਪਣਾ ਸਦੀਪਕ ਜੀਵਨ ਉਨ੍ਹਾਂ ਦੀ ਵੰਸ਼ਾਵਲੀ ਲਈ ਰੱਖਿਆ ਸੀ। ਉਸ ਨੇ ਆਪਣੇ ਆਪਨੂੰ ਵੱਖਰਾ ਕੀਤਾ ਤਾਂ ਜੋ ਉਹ ਪਰਮੇਸ਼ੁਰ ਨਾਲ ਖੁੱਲ੍ਹ ਕੇ ਗੱਲ ਕਰ ਸਕੇ।

ਕੂਚ 33:7ਓ 9.11ਓ ਮੂਸਾ ਇੱਕ ਤੰਬੂ ਲੈ ਕੇ ਡੇਰੇ ਤੋਂ ਬਾਹਰ ਅਤੇ ਦੂਰ ਲਾ ਲੈਂਦਾ ਸੀ।

ਅਤੇ ਐਉਂ ਸੀ ਭਈ ਜਾਂ ਮੂਸਾ ਤੰਬੂ ਦੇ ਵਿੱਚ ਵੜ ਜਾਂਦਾ ਸੀ ਤਾਂ ਬੱਦਲ ਦਾ ਥੰਮ੍ਹ ਉੱਤਰਦਾ ਸੀ ਅਤੇ ਤੰਬੂ ਦੇ ਬੂਹੇ ਉੱਤੇ ਖਲੋ ਜਾਂਦਾ ਸੀ ਤਾਂ ਯਹੋਵਾਹ ਮੂਸਾ ਨਾਲ ਗੱਲ ਕਰਦਾ ਸੀ।

ਤਾਂ ਯਹੋਵਾਹ ਮੂਸਾ ਨਾਲ ਆਹਮੋ ਸਾਹਮਣੇ ਗੱਲਾਂ ਕਰਦਾ ਸੀ, ਜਿਵੇਂ ਕੋਈ ਮਨੁੱਖ ਆਪਣੇ ਸੱਜਣ ਨਾਲ ਬੋਲਦਾ ਹੈ।

ਅੱਜ, ਪਾਪ ਦੇ ਕਾਰਨ ਪਰਮੇਸ਼ੁਰ ਜ਼ਿਆਦਾਤਰ ਵਿਅਕਤੀਆਂ, ਸੇਵਕਾਈਆਂ ਅਤੇ ਕਲੀਸਿਆਵਾਂ ਤੋਂ ਅਲੱਗ ਹੋ ਚੁੱਕਾ ਹੈ। ਪਰਮੇਸ਼ੁਰ ਮੂਸਾ ਵਰਗੇ ਮਨੁੱਖਾਂ ਨੂੰ ਭਾਲ ਰਿਹਾ ਹੈ, ਜਿਹੜੇ ਡੇਹਰੇ ਤੋਂ ਬਾਹਰ ਚਲੇ ਜਾਣ। ਉਹ ਅਜਿਹੇ ਵਿਅਕਤੀਆਂ ਨੂੰ ਭਾਲ ਰਿਹਾ ਹੈ ਜਿਹੜੇ ਉਹ ਦੇ ਨਾਲ ਡੂੰਘਾ ਵਿਅਕਤੀਗਤ ਸੰਬੰਧ ਰੱਖਣ। ਉਹ ਅਜਿਹੇ ਵਿਅਕਤੀਆਂ ਨੂੰ ਭਾਲ ਰਿਹਾ ਹੈ ਜਿਹੜੇ ਸਮਝਣ ਕਿ ਉਹ ਕੌਣ ਹੈ ਜੋ ਉਹਦੀ ਪ੍ਰਾਰਥਨਾ ਅਤੇ ਅਰਾਧਨਾ ਕਰਨ। ਉਹ ਉਨ੍ਹਾਂ ਨੂੰ ਭਾਲ ਰਿਹਾ ਹੈ ਜਿਹੜੇ ਸਾਰੀਆਂ ਮੁਸ਼ਕਿਲਾਂ ਇੱਕ ਪਾਸੇ ਰੱਖ ਕੇ ਆਪਣੀ ਦੋੜ ਦੌੜਦੇ ਹਨ।

ਇਬਰਾਨੀਆਂ 12:1-4 ਉਪਰੰਤ ਜਦੋਂ ਗਵਾਹਾਂ ਦੇ ਐਨੇ ਵੱਡੇ ਬੱਦਲ ਨੇ ਸਾਨੂੰ ਘੇਰਿਆ ਹੋਇਆ ਹੈ, ਤਾਂ ਆਓ ਅਸੀਂ ਵੀ ਹਰੇਕ ਭਾਰ, ਅਤੇ ਉਸ ਪਾਪ ਨੂੰ ਜਿਹੜਾ ਸਹਿਜ ਨਾਲ ਸਾਨੂੰ ਫਸਾ ਲੈਂਦਾ ਹੈ, ਪਰੇ ਸੁੱਟ ਕੇ ਉਸ ਦੌੜ ਵਿੱਚ ਜੋ ਸਾਡੇ ਸਾਹਮਣੇ ਪਈ ਹੋਈ ਹੈ ਸਬਰ ਨਾਲ ਦੌੜੀਏ, ਅਤੇ ਯਿਸੂ ਦੀ ਵੱਲ ਤੱਕਦੇ ਰਹੀਏ। ਜਿਹੜਾ ਨਿਹਚਾ ਦਾ ਕਰਤਾ ਅਤੇ ਸੰਪੂਰਨ ਕਰਨ ਵਾਲਾ ਹੈ, ਜਿਹ ਨੇ ਉਸ ਅਨੰਦ ਨਮਿੱਤ ਜੋ ਉਹ ਦੇ ਅੱਗੇ ਧਰਿਆ ਹੋਇਆ ਸੀ ਲਾਜ ਨੂੰ ਤੁੱਛ ਜਾਣ ਕੇ ਸਲੀਬ ਦਾ ਦੁੱਖ ਝੱਲਿਆ ਅਤੇ ਪਰਮੇਸ਼ੁਰ ਦੇ ਸਿੰਘਾਸਣ ਦੇ ਸੱਜੇ ਪਾਸੇ ਬਿਰਾਜਮਾਨ ਹੋਇਆ।

ਤੁਸੀਂ ਉਹ ਨੂੰ ਸੋਚੋ ਜਿਹ ਨੇ ਆਪਣੇ ਉੱਤੇ ਪਾਪੀਆਂ ਦੀ ਐਡੀ ਲਾਗਬਾਜ਼ੀ ਸਹਿ ਲਈ ਭਈ ਨਾ ਹੋਵੇ ਜੋ ਤੁਸੀਂ ਅੱਕ ਕੇ ਆਪਣੇ ਜੀ ਵਿੱਚ ਢਿੱਲੇ ਪੈ ਜਾਓ। ਤੁਸੀਂ ਪਾਪ ਨਾਲ ਲੜਦੇ ਹੋਏ ਅਜੇ ਲਹੂ ਦੇ ਵਹਾਏ ਜਾਣ ਤੀਕੁਰ ਸਾਹਮਣਾ ਨਹੀਂ ਕੀਤਾ।

ਇੱਕ ਕੀਮਤ ਜੋ ਦਿੱਤੀ ਜਾਵੇ

ਨਵੇਂ ਜਨਮ ਵਿੱਚ ਅਸੀਂ ਪਰਮੇਸ਼ੁਰ ਨਾਲ ਇੱਕ ਆਤਮਾ ਹੋ ਜਾਂਦੇ ਹਾਂ।

1 ਕੁਰਿੰਥੀਆਂ 6:17 ਪਰ ਜੋ ਕੋਈ ਪ੍ਰਭੂ ਨਾਲ ਮਿਲਿਆ ਹੋਇਆ ਹੈ ਸੋ ਉਹ ਦੇ ਨਾਲ ਇੱਕ ਆਤਮਾ ਹੈ।

ਪਰਮੇਸ਼ੁਰ ਨਾਲ ਇੱਕ ਆਤਮਾ ਹੋਣ ਲਈ ਕੀਮਤ ਅਦਾ ਕੀਤੀ ਗਈ ਹੈ-ਉਸ ਵਿੱਚ ਬਣੇ ਰਹਿਣ ਲਈ।

ਪੌਲੁਸ ਰਸੂਲ ਨੇ ਲਿਖਿਆ ਕਿ ਸਾਨੂੰ ਉਹਨਾਂ ਵਿੱਚੋਂ ਬਾਹਰ ਨਿਕਲਣਾ ਹੈ ਅਤੇ ਅਲੱਗ ਰਹਿਣਾ ਹੈ।

2 ਕੁਰਿੰਥੀਆਂ 6:16,17 ਅਤੇ ਪਰਮੇਸ਼ੁਰ ਦੀ ਹੈਕਲ ਨੂੰ ਮੂਰਤੀਆਂ ਨਾਲ ਕੀ ਵਾਸਤਾ ਹੈ? ਅਸੀਂ ਤਾਂ ਅਕਾਲ ਪੁਰਖ ਦੀ ਹੈਕਲ ਹਾਂ। ਜਿਵੇਂ ਪਰਮੇਸ਼ੁਰ ਨੇ ਬਚਨ ਕੀਤਾ: "ਮੈਂ ਉਹਨਾਂ ਵਿੱਚ ਵਾਸ ਕਰਾਂਗਾ ਅਤੇ ਫਿਰਿਆ ਕਰਾਂਗਾ। ਮੈਂ ਉਹਨਾਂ ਦਾ ਪਰਮੇਸ਼ੁਰ ਹੋਵਾਂਗਾ, ਅਤੇ ਉਹ ਮੇਰੀ ਪਰਜਾ ਹੋਣਗੇ।" ਇਸ ਲਈ "ਉਹਨਾਂ ਵਿੱਚੋਂ ਨਿਕਲ ਆਓ ਅਤੇ ਅੱਡ ਹੋਵੋ ਪ੍ਰਭੂ ਆਖਦਾ ਹੈ। ਅਤੇ ਕਿਸੇ ਭ੍ਰਿਸ਼ਟ ਵਸਤ ਨੂੰ ਹੱਥ ਨਾ ਲਾਉ ਮੈਂ ਤੁਹਾਨੂੰ ਕਬੂਲ ਕਰ ਲਵਾਂਗਾ।

ਪ੍ਰਾਰਥਨਾ ਅਤੇ ਸਤੂਤੀ ਵਿੱਚ ਬਣੇ ਰਹਿਣਾ

ਪ੍ਰਾਰਥਨਾ ਦਾ ਕੀ ਨਮੂਨਾ ਹੈ ਕਿਵੇਂ ਅਸੀਂ ਲਗਾਤਾਰ ਪ੍ਰਾਰਥਨਾ ਕਰ ਸਕਦੇ ਹਾਂ ਅਤੇ ਸਾਡੇ ਸ਼ਬਦ ਵੀ ਥੋੜ੍ਹੇ ਹੋਣ? ਕੀ ਅਸੀਂ ਗੋਡਿਆਂ ਭਾਰ ਹੋ ਕੇ, ਆਪਣੀਆਂ ਅੱਖਾਂ ਬੰਦ ਕਰ ਕੇ ਆਖਦੇ ਹਾਂ? "ਪ੍ਰਭੂ, ਸਾਡੇ ਤੇ ਪ੍ਰਗਟ ਕਰ ਕੇ ਅਸੀਂ ਪ੍ਰਾਰਥਨਾ ਕਿਵੇਂ ਕਰੀਏ।"

ਸਰੀਰਕ ਅਵਸਥਾ

ਸਾਡੀ ਸਰੀਰਕ ਅਵਸਥਾ ਮਹੱਤਵਪੂਰਨ ਨਹੀਂ ਹੈ ਅਸੀਂ ਸ਼ਾਂਤੀ ਨਾਲ ਖਲੋ ਸਕਦੇ ਹਾਂ, ਗੋਡਿਆਂ ਭਾਰ ਹੋ ਸਕਦੇ ਹਾਂ ਜਾਂ ਫਰਸ ਤੇ ਮੂੰਹ ਭਾਰ ਲੰਮੇ ਪੈ ਸਕਦੇ ਹਾਂ। ਆਪਣੀਆਂ ਅੱਖਾਂ ਨੂੰ ਬੰਦ ਕਰ ਸਕਦੇ ਹਾਂ ਜਾਂ ਉਨ੍ਹਾਂ ਨੂੰ ਖੋਲ੍ਹ ਕੇ ਰੱਖ ਸਕਦੇ ਹਾਂ। ਅਸੀਂ ਆਪਣੀ ਇੱਕ ਕਾਪੀ ਲੈ ਕੇ ਮੇਜ਼ ਤੇ ਬੈਠ ਸਕਦੇ ਹਾਂ। ਅਸੀਂ ਗੁਪਤ ਵਿੱਚ ਆਪਣੇ ਕਮਰੇ ਵਿੱਚ ਬੈਠ ਸਕਦੇ ਹਾਂ। ਅਸੀਂ ਜ਼ੋਰ-ਜ਼ੋਰ ਨਾਲ ਬੋਲ ਕੇ ਪ੍ਰਾਰਥਨਾ ਕਰ ਸਕਦੇ ਹਾਂ। ਅਸੀਂ ਸ਼ਾਂਤੀ ਪੂਰਵਕ ਪ੍ਰਾਰਥਨਾ ਕਰ ਸਕਦੇ ਹਾਂ। ਅਸੀਂ ਘੰਟਿਆਂ ਜਾਂ ਮਿੰਟਾਂ ਵਿੱਚ ਪ੍ਰਾਰਥਨਾ ਕਰ ਸਕਦੇ ਹਾਂ।

ਪਰਮੇਸ਼ੁਰ ਵਿੱਚ ਵਿਚਿਤ੍ਰਤਾ ਦਾ ਪਰਮੇਸ਼ੁਰ ਹੈ। ਜੋ ਮੇਰੇ ਲਈ ਠੀਕ ਹੋ ਸਕਦਾ ਉਹ ਤੁਹਾਡੇ ਲਈ ਠੀਕ ਨਾ ਹੋਵੇ। ਜੋ ਅੱਜ ਠੀਕ ਹੈ, ਹੋ ਸਕਦਾ ਉਹ ਕੱਲ੍ਹ ਠੀਕ ਨਾ ਹੋਵੇ। ਇੱਕ ਅਵਸਥਾ ਸਾਡੇ ਲਈ ਸਭ ਤੋਂ ਵਧੀਆ ਹੋ ਸਕਦੀ ਹੈ ਜਦੋਂ ਅਸੀਂ ਸਿਫਾਰਸ਼ ਕਰ ਰਹੇਹਾਂ, ਅਤੇ ਦੂਜੀ ਜਦ ਅਸੀਂ ਲੜਾਈ ਵਿੱਚ ਜਾਂਦੇ ਹਾਂ।

ਆਪਣੇ ਆਪ ਨੂੰ ਇੱਕ "ਸੰਦੂਕ ਵਿੱਚ ਬੰਦ" ਨਾ ਕਰੋ। ਜੇਕਰ ਤੁਹਾਡੀ ਆਪਣੇ ਕਮਰੇ ਵਿੱਚ ਹੀ ਪ੍ਰਾਰਥਨਾ ਕਰਨ ਦੀ ਆਦਤ ਹੈ, ਤਦ ਕੀ ਹੋਵੇਗਾ ਜਦ ਟ੍ਰੈਫਿਕ ਦੇ ਕਾਰਨ ਤੁਹਾਨੂੰ ਦੇਰ ਹੁੰਦੀ ਹੈ ਜਾਂ ਆਪਣੇ ਘਰ ਦੀ ਸਫ਼ਾਈ ਕਰਦੇ ਤਾਂ ਤੁਸੀਂ ਆਪਣਾ ਖ਼ੂਬਸੂਰਤ ਅਤੇ ਲਾਭਦਾਇਕ ਸਮਾਂ ਬਰਬਾਦ ਕਰੋਗੇ।

ਸਾਡੀ ਸਰੀਰਕ ਅਵਸਥਾ ਮਹੱਤਵਪੂਰਨ ਹੈ ਤਾਂ ਜੋ ਅਸੀਂ ਆਪਣੇ ਪੂਰੇ ਦਿਲ ਨਾਲ ਪ੍ਰਾਰਥਨਾ ਕਰ ਸਕੀਏ। ਅਸੀਂ ਆਪਣੇ ਸਰੀਰਾਂ ਨੂੰ ਆਪਣੀਆਂ ਆਤਮਾਵਾਂ ਉੱਤੇ ਰਾਜ ਕਰਨ ਦੀ ਪ੍ਰਵਾਨਗੀ ਨਹੀਂ ਦੇ ਸਕਦੇ।

ਉਹਦੀ ਹਜ਼ੂਰੀ ਵਿੱਚ ਦਾਖਲ ਹੋਵੋ

ਅਸੀਂ ਪ੍ਰਾਰਥਨਾ ਵਿੱਚ ਦਾਖਲ ਹੁੰਦੇ ਹਾਂ ਇਸੇ ਤਰ੍ਹਾਂ ਅਰਾਧਨਾ ਵਿੱਚ ਦਾਖਲ ਹੁੰਦੇ ਹਾਂ - ਮਿਲਾਪ ਵਾਲੇ ਤੰਬੂ ਦਾ ਨਮੂਨਾ ਲੈ ਕੇ ਉਹਦੀ ਹਜ਼ੂਰੀ ਵਿੱਚ ਜਾਂਦੇ ਹਾਂ ਦਾਊਦ ਨੇ ਪਰਮੇਸ਼ੁਰ ਦੀ ਹਜ਼ੂਰੀ ਵਿੱਚੋਂ ਤਰੱਕੀ ਆਉਣ ਦੀ ਗੱਲ ਕੀਤੀ।

ਜ਼ਬੂਰ 100:4 ਧੰਨਵਾਦ ਕਰਦੇ ਹੋਏ ਉਹਦੇ ਫਾਟਕਾਂ ਦੇ ਅੰਦਰ, ਅਤੇ ਉਸਤਤ ਕਰਦੇ ਹੋਏ ਉਹਦੇ ਦਰਬਾਰ ਵਿੱਚ ਆਉ। ਉਹਦਾ ਧੰਨਵਾਦ ਕਰੋ ਅਤੇ ਉਹਦੇ ਨਾਮ ਨੂੰ ਮੁਬਾਰਕ ਆਖੋ।

ਅਸੀਂ ਧੰਨਵਾਦ ਕਰਦੇ ਹੋਏ ਉਹਦੇ ਫਾਟਕਾਂ ਦੇ ਅੰਦਰ ਠਹਿਰ ਸਕਦੇ ਹਾਂ ਜਾਂ ਉਸਤਤ ਕਰਦੇ ਹੋਏ ਉਹਦੇ ਦਰਬਾਰ ਵਿੱਚ ਜਾ ਸਕਦੇ ਹਾਂ। ਅਸੀਂ ਅੱਤ ਪਵਿੱਤਰ ਸਥਾਨ, ਪਰਮੇਸ਼ੁਰ ਦੇ ਸਿੰਘਾਸਣ ਦੀ ਜਗ੍ਹਾ ਤੇ ਵੀ ਜਾ ਸਕਦੇ ਹਾਂ ਜਦ ਅਸੀਂ ਉਹਦੇ ਨਾਮ ਨੂੰ ਮੁਬਾਰਕ ਆਖਦੇ ਹਾਂ। ਸਾਡੀਆਂ ਬੇਨਤੀਆਂ, ਸਾਡੀਆਂ ਲੋੜਾਂ, ਸਾਡੇ ਪ੍ਰਾਰਥਨਾ ਨਿਵੇਦਨ ਧੰਨਵਾਦ ਕਰਦੇ ਸਮੇਂ ਸਾਡੇ ਮਨ ਵਿੱਚ ਹੀ ਹੁੰਦੇ ਹਨ ਅਤੇ ਸਾਡੀ ਸਤੂਤੀ ਦੇ ਸਮੇਂ ਵਿੱਚ ਵੀ, ਪਰ ਜਦ ਅਸੀਂ ਸਵਰਗ ਦੇ ਸਿੰਘਾਸਣ ਦੀ ਜਗ੍ਹਾ ਤੇ ਪਹੁੰਚਦੇ ਹਾਂ ਤਦ ਆਪਣੀਆਂ ਸਾਰੀਆਂ ਲੋੜਾਂ ਭੁੱਲ ਜਾਂਦੇ ਹਾਂ ਅਤੇ ਜੋ ਉਹ ਹੈ ਉਸਦੇ ਲਈ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ।

ਅਸੀਂ ਓਨਾ ਕੁ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਆਉਂਦੇ ਹਾਂ ਜਿੰਨੀ ਕੁ ਸਾਡੀ ਆਉਣ ਦੀ ਚਾਹਤ ਹੁੰਦੀ ਹੈ - ਪਰ ਉਹਦੀ ਹਜ਼ੂਰੀ ਵਿੱਚ ਪਾਪ ਨਹੀਂ ਠਹਿਰ ਸਕਦਾ।

ਅਸੀਂ ਧੰਨਵਾਦ ਕਿਵੇਂ ਕਰਦੇ ਹਾਂ? ਅਸੀਂ ਸਤੂਤੀ ਕਿਵੇਂ ਕਰਦੇ ਹਾਂ? ਅਸੀਂ ਉਹਦੀ ਅਰਾਧਨਾ ਕਿਵੇਂ ਕਰਦੇ ਹਾਂ? ਜਦ ਤੁਸੀਂ ਅਗਲੇ ਭਾਗ ਵਿੱਚ ਅਧਿਐਨ ਕਰ ਆਉ ਤਾਂ ਤੁਹਾਡੀਆਂ ਆਤਮਾਵਾਂ ਪਰਮੇਸ਼ੁਰ ਤੱਕ ਪਹੁੰਚਣੀਆਂ ਚਾਹੀਦੀਆਂ ਹਨ। ਤਜ਼ਰਬਿਆਂ ਦੁਆਰਾ ਧੰਨਵਾਦ, ਸਤੂਤੀ ਅਤੇ ਅਰਾਧਨਾ ਕਰਨੀ ਸਿੱਖੋ।

ਧੰਨਵਾਦ ਦੇਣਾ

ਧੰਨਵਾਦ ਦੇ ਸ਼ਬਦ ਬੋਲਣੇ ਧੰਨਵਾਦ ਦਾ ਇੱਕ ਕੰਮ ਹੈ; ਸ਼ੁਕਰਗੁਜ਼ਾਰੀ ਦਾ ਇੱਕ ਪ੍ਰਗਟਾਵਾ ਹੈ; ਜੋ ਉਸ ਨੇ ਕੀਤਾ ਹੈ ਉਸ ਲਈ ਪਰਮੇਸ਼ੁਰ ਦੀ ਪ੍ਰਸੰਸਾ ਕਰਨੀ। ਇਹ ਵਿਸ਼ਵਾਸੀਆਂ ਦੇ ਦਿਲਾਂ ਵਿੱਚ ਉੱਠਣ ਵਾਲਾ ਪ੍ਰਸੰਸਾ ਦਾ ਪ੍ਰਗਟਾਵਾ ਹੈ ਜੋ ਸਾਰੀਆਂ ਆਸੀਸਾਂ ਅਤੇ ਬਰਕਤਾਂ ਲਈ ਉੱਠਦਾ ਹੈ ਜੋ ਪਰਮੇਸ਼ੁਰ ਨੇ ਸਾਨੂੰ ਅਤੇ ਹੋਰਨਾਂ ਵਿਸ਼ਵਾਸੀਆਂ ਨੂੰ ਦਿੱਤੀਆਂ ਹਨ। ਧੰਨਵਾਦ ਉਹਦੇ ਵਿੱਚ ਬਣੇ ਰਹਿਣ ਦਾ ਕਾਰਨ ਬਣਦਾ ਹੈ।

ਧੰਨਵਾਦ ਆਪਣੀਆਂ ਜ਼ਰੂਰਤਾਂ ਲਈ ਪਰਮੇਸ਼ੁਰ ਨਾਲ ਗੱਲਾਂ ਕਰਨਾ ਨਹੀਂ ਹੈ। ਕਿਸੇ ਅਗਿਆਤ ਵਿਸ਼ਵਾਸੀ ਨੇ ਕਿਹਾ, "ਜਦ ਪ੍ਰਾਰਥਨਾ ਸੁਣੀ ਜਾਂਦੀ ਹੈ, ਧੰਨਵਾਦ ਅਤੇ ਸਤੂਤੀ ਕਰਨੀ ਨਾ ਭੁੱਲੋ। ਇਹ ਪ੍ਰਗਟ ਹੈ ਕਿ ਜੇਤੂ ਵੈਰੀ ਦੁਬਾਰਾ ਨਾਸ਼ੁਕਰੇ ਦਿਲ ਤੇ ਹਮਲਾ ਕਰਦਾ ਹੈ।"

ਪੌਲੁਸ ਰਸੂਲ ਨੇ ਲਿਖਿਆ,

2 ਕੁਰਿੰਥੀਆਂ 9:15 ਧੰਨਵਾਦ ਹੈ ਪਰਮੇਸ਼ੁਰ ਦਾ ਉਹ ਦੇ ਉਸ ਦਾਨ ਲਈ ਜਿਹੜਾ ਕਹਿਣ ਤੋਂ ਬਾਹਰ ਹੈ।

ਦਾਊਦ ਦੇ ਨਾਲ ਧੰਨਵਾਦ ਕਰੋ ਜਿਵੇਂ ਉਹ ਨੇ ਲਿਖਿਆ,

ਜ਼ਬੂਰ 118:1 ਯਹੋਵਾਹ ਦਾ ਧੰਨਵਾਦ ਕਰੋ, ਭਈ ਉਹ ਭਲਾ ਹੈ। ਉਹ ਦੀ ਦਯਾ ਤਾਂ ਸਦੀਪਕ ਹੈ।

ਜ਼ਬੂਰ 107:8 ਕਾਸ਼ ਕਿ ਉਹ ਯਹੋਵਾਹ ਦੀ ਦਯਾ ਦਾ ਧੰਨਵਾਦ ਕਰਦੇ, ਅਤੇ ਆਦਮ ਵੰਸ਼ੀਆਂ ਲਈ ਉਹਦੇ ਅਚਰਜ ਕੰਮਾਂ ਦਾ।

ਦੁੱਖ ਦੇ ਸਮੇਂ ਵਿੱਚ ਪਰਮੇਸ਼ੁਰ ਦੀ ਕਿਰਪਾ ਦੁਆਰਾ, ਅਸੀਂ ਉਹਦਾ ਧੰਨਵਾਦ ਕਰ ਸਕਦੇ ਹਾਂ। ਅਸੀਂ ਮੁਸ਼ਕਿਲ ਅਜ਼ਮਾਇਸ਼ਾਂ ਦਾ ਸਾਹਮਣਾ ਕਰਦੇ ਹੋਏ ਵੀ ਯਿਸੂ ਦਾ ਧੰਨਵਾਦ ਅਤੇ ਸਤੂਤੀ ਕਰ ਸਕਦੇ ਹਾਂ। ਪਤਰਸ ਰਸੂਲ ਨੇ ਲਿਖਿਆ

1 ਪਤਰਸ 1:6,7 ਇਹ ਦੇ ਵਿੱਚ ਤੁਸੀਂ ਵੱਡਾ ਅਨੰਦ ਕਰਦੇ ਹੋ, ਭਾਵੇਂ ਹੁਣ ਥੋੜਾ ਕੁ ਚਿਰ, ਜੇਕਰ ਲੋੜੀਂਦਾ ਹੋਵੇ, ਤਾਂ ਭਾਂਤ ਭਾਂਤ ਦੇ ਪਰਤਾਵਿਆਂ ਨਾਲ ਦੁਖੀ ਹੋਏ ਹੋ, ਤਾਂ ਜੋ ਤੁਹਾਡੀ ਪਰਖੀ ਹੋਈ ਨਿਹਚਾ, ਜਿਹੜੀ ਨਾਸ ਹੋਣ ਵਾਲੇ ਸੋਨੇ ਨਾਲੋਂ ਭਾਵੇਂ ਉਹ ਅੱਗ ਵਿੱਚ ਤਾਇਆ ਵੀ ਜਾਵੇ ਅੱਤ ਭਾਰੇ ਮੁੱਲ ਦੀ ਹੈ, ਯਿਸੂ ਮਸੀਹ ਦੇ ਪਰਗਟ ਹੋਣ ਦੇ ਸਮੇਂ ਉਸਤਤ ਮਹਿਮਾ ਅਤੇ ਆਦਰ ਦੇ ਯੋਗ ਨਿੱਕਲੇ।

ਧੰਨਵਾਦ ਸਾਨੂੰ ਵਿਸ਼ਵਾਸ ਅਤੇ ਉਤਸ਼ਾਹ ਨਾਲ ਭਰਦਾ ਹੈ। ਇਹ ਸਾਡੀਆਂ ਪ੍ਰਾਰਥਨਾ ਦੇ ਉੱਤਰਾਂ ਦੀ ਗਤੀ ਵਧਾਉਂਦਾ ਹੈ। ਪਰਮੇਸ਼ੁਰ ਲਈ ਪ੍ਰਾਰਥਨਾ ਦੇ ਰੂਪ ਵਿੱਚ ਜ਼ਬੂਰਾਂ ਨੂੰ ਪੜ੍ਹਦੇ ਹੋਏ ਧੰਨਵਾਦ ਕਰਨ ਵਿੱਚ ਸਮਾਂ ਗੁਜ਼ਾਰਨਾ ਇੱਕ ਬਹੁਤ ਵਧੀਆ ਤਰੀਕਾ ਹੈ।

ਸਤੂਤੀ

ਪਰਮੇਸ਼ੁਰ ਵਿੱਚ ਬਣੇ ਰਹਿਣ ਲਈ ਦੂਜਾ ਤਰੀਕਾ ਹੈ ਉਹਦੀ ਸਤੂਤੀ ਕਰਨੀ। ਸਤੂਤੀ ਪ੍ਰਸੰਸਾ ਜਾਂ ਉਸਤਤ ਦੀ ਪਹੁੰਚ ਦਾ ਪ੍ਰਗਟਾਵਾ ਹੈ। ਇਸ ਦਾ ਅਰਥ ਉਸਤਤ ਜਾਂ ਵਡਿਆਈ ਲਈ ਉਸ ਦੀ ਮਹਿਮਾ ਕਰਨੀ ਹੈ ਜੋ ਉਸ ਨੇ ਸਾਡੇ ਲਈ ਕੀਤਾ।

ਦਾਊਦ ਸਤੂਤੀ ਦੀ ਅਹਿਮੀਅਤ ਨੂੰ ਜਾਣਦਾ ਸੀ ਕਿਉਂਕਿ ਉਹ ਪਰਮੇਸ਼ੁਰ ਦੀ ਸਤੂਤੀ ਕਰਨ ਵਾਲਾ ਸੀ। ਆਓ ਦਾਊਦ ਨਾਲ ਸਤੂਤੀ ਕਰਦੇ ਹੋਏ ਕੁਝ ਸਮਾਂ ਗੁਜ਼ਾਰੀਏ।

ਹਾਲੈਲੂਯਾਹ
ਯਹੋਵਾਹ ਦੇ ਨਾਮ ਦੀ ਉਸਤਤ ਕਰੋ;
ਹੇ ਯਹੋਵਾਹ ਦੇ ਸੇਵਕੋ ਉਸਤਤ ਕਰੋ! ਜ਼ਬੂਰ 135:1
ਮੈਂ ਹਰ ਵੇਲੇ ਯਹੋਵਾਹ ਨੂੰ ਮੁਬਾਰਕ ਆਖਾਂਗਾ;
ਉਸ ਦੀ ਉਸਤਤ ਸਦਾ ਮੇਰੇ ਮੂੰਹ ਵਿੱਚ ਹੋਵੇਗੀ। ਜ਼ਬੂਰ 34:1
ਪਰ ਅਸੀਂ ਯਹੋਵਾਹ ਨੂੰ ਮੁਬਾਰਕ ਆਖਾਂਗੇ,
ਹੁਣ ਤੋਂ ਲੈ ਕੇ ਸਦੀਪਕਾਲ ਤੀਕ! ਹਾਲੈਲੂਯਾਹ ਜ਼ਬੂਰ 115:18
ਕਾਸ਼, ਕਿ ਉਹ ਯਹੋਵਾਹ ਲਈ ਉਹ ਦੀ ਦਯਾ ਦਾ ਧੰਨਵਾਦ ਕਰਦੇ,
ਅਤੇ ਆਦਮ ਵੰਸ਼ੀਆਂ ਲਈ ਉਹਦੇ ਅਚਰਜ ਕੰਮਾਂ ਦਾ।
ਓਹ ਪਰਜਾ ਦੀ ਸਭਾ ਵਿੱਚ ਉਹ ਨੂੰ ਵਡਿਆਉਣ,
ਅਤੇ ਬਜ਼ੁਰਗਾਂ ਦੀ ਬੈਠਕ ਵਿੱਚ ਉਹ ਦੀ ਉਸਤਤ ਕਰਨ। ਜ਼ਬੂਰ 107:31,32
ਅਕਾਸ਼ ਅਤੇ ਧਰਤੀ ਉਹ ਦੀ ਉਸਤਤ ਕਰਨ,
ਸਮੁੰਦਰ ਵੀ ਅਤੇ ਜੋ ਕੁਝ ਉਹਦੇ ਵਿੱਚ ਚੱਲਦਾ ਫਿਰਦਾ ਹੈ। ਜ਼ਬੂਰ 69:34
ਹਾਲੈਲੂਯਾਹ
ਅਕਾਸ਼ੋ ਯਹੋਵਾਹ ਦੀ ਉਸਤਤ ਕਰੋ;
ਉੱਚਿਆਈਆਂ ਵਿੱਚ ਉਹ ਦੀ ਉਸਤਤ ਕਰੋ।
ਹੇ ਉਹ ਦੇ ਸਾਰੇ ਦੂਤੋਂ ਉਹ ਦੀ ਉਸਤਤ ਕਰੋ;
ਹੇ ਉਹ ਦੀਓ ਸਾਰੀਓ ਸੈਨਾਵੋ ਉਹ ਦੀ ਉਸਤਤ ਕਰੋ।
ਹੇ ਸੂਰਜ, ਤੇ ਚੰਦ, ਉਹ ਦੀ ਉਸਤਤ ਕਰੋ।
ਹੇ ਸਾਰੇ ਰੌਸ਼ਨ ਤਾਰਿਓ, ਉਹ ਦੀ ਉਸਤਤ ਕਰੋ।
ਹੇ ਅਕਾਸ਼ਾਂ ਦੇ ਅਕਾਸ਼ੋ, ਉਹ ਦੀ ਉਸਤਤ ਕਰੋ।
ਨਾਲੇ ਪਾਣੀ ਜਿਹੜੇ ਅਕਾਸ਼ਾਂ ਦੇ ਉੱਤੇ ਹਨ।

ਏਹ ਯਹੋਵਾਹ ਦੇ ਨਾਮ ਦੀ ਉਸਤਤ ਕਰਨ,

ਕਿਉਂ ਜੋ ਉਸ ਹੁਕਮ ਦਿੱਤਾ ਅਤੇ ਉਹ ਉਤਪੰਨ ਹੋਏ। ਜ਼ਬੂਰ 148:1-5

ਹਾਲੈਲੂਯਾਹ

ਉਹ ਦੇ ਪਵਿੱਤਰ ਸਥਾਨ ਵਿੱਚ ਪਰਮੇਸ਼ੁਰ ਦੀ ਉਸਤਤ ਕਰੋ;

ਉਹ ਦੀ ਸ਼ਕਤੀ ਦੇ ਅੰਬਰ ਵਿੱਚ ਉਹ ਦੀ ਉਸਤਤ ਕਰੋ।

ਉਹ ਦੀ ਸਮਰੱਥਾ ਦੇ ਕੰਮਾਂ ਦੇ ਕਾਰਨ ਉਹ ਦੀ ਉਸਤਤ ਕਰੋ,

ਉਹ ਦੀ ਅਤਯੰਤ ਮਹਾਨਤਾ ਦੇ ਜੋਗ ਉਹ ਦੀ ਉਸਤਤ ਕਰੋ।

ਤੁਰ੍ਹੀ ਦੀ ਫੂਕ ਨਾਲ ਉਹ ਦੀ ਉਸਤਤ ਕਰੋ,

ਸਿਤਾਰ ਤੇ ਬਰਬਤ ਨਾਲ ਉਹ ਦੀ ਉਸਤਤ ਕਰੋ।

ਤਬਲੇ ਅਤੇ ਨਿਰਤਕਾਰੀ ਨਾਲ ਉਹ ਦੀ ਉਸਤਤ ਕਰੋ,

ਤਾਰੇ ਵਾਲੇ ਵਾਜਿਆਂ ਤੇ ਬੰਸਰੀਆਂ ਨਾਲ ਉਹ ਦੀ ਉਸਤਤ ਕਰੋ।

ਸਪੱਸ਼ਟ ਸੁਰ ਵਾਲੀ ਝਾਂਜ ਨਾਲ ਉਹ ਦੀ ਉਸਤਤ ਕਰੋ,

ਛਣਕਣ ਵਾਲੀ ਝਾਂਜ ਨਾਲ ਉਹ ਦੀ ਉਸਤਤ ਕਰੋ।

ਸਾਰੇ ਪ੍ਰਾਣੀਓ, ਯਹੋਵਾਹ ਦੀ ਉਸਤਤ ਕਰੋ।

ਹਾਲੈਲੂਯਾਹ। ਜ਼ਬੂਰ 150:1-6

ਅਰਾਧਨਾ

ਅਰਾਧਨਾ ਇਸ ਧਰਤੀ ਤੇ ਉਹਦੇ ਵਿੱਚ ਰਹਿਣ ਦਾ ਸਭ ਤੋਂ ਉੱਪਰਲਾ ਸਤਰ ਹੈ। ਜਦ ਅਸੀਂ ਪਰਮੇਸ਼ੁਰ ਦੀ ਸੱਚੀ ਹਜ਼ੂਰੀ ਵਿੱਚ ਆਉਂਦੇ ਹਾਂ ਇਹ ਅਰਾਧਨਾ ਹੈ। ਇਹ ਪਰਮੇਸ਼ੁਰ ਦੇ ਸਿੰਘਾਸਣ ਦੀ ਜਗ੍ਹਾ ਤੋਂ ਆਉਂਦੀ ਹੈ।

ਅਰਾਧਨਾ ਸ਼ਬਦ ਦਾ ਅਰਥ ਹੈ ਪਰਮੇਸ਼ੁਰ ਲਈ ਡਰ ਵਾਲਾ ਸੁਭਾਅ ਅਤੇ ਕੰਮ। ਅਰਾਧਨਾ ਬਹੁਤ ਹਲੀਮਗੀ ਅਤੇ ਡਰ ਨਾਲ ਅੰਦਰੂਨੀ ਆਤਮਾ ਦੁਆਰਾ ਉਹ ਦੇ ਅੱਗੇ ਝੁਕਣਾ ਹੈ। ਜੋ ਪਰਮੇਸ਼ੁਰ ਹੈ ਉਸਦੇ ਲਈ ਸੱਚੀ ਅਰਾਧਨਾ ਪਿਆਰ ਭਰੇ ਦਿਲ ਵਿੱਚੋਂ ਉਹਦੀ ਵਡਿਆਈ ਲਈ ਨਿੱਕਲਦੀ ਹੈ।

ਜਦ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ, ਅਸੀਂ ਪਰਮੇਸ਼ੁਰ ਦੇ ਯੋਗ ਉਹਦਾ ਆਦਰ ਕਰਦੇ ਹਾਂ ਅਤੇ ਪਰਮੇਸ਼ੁਰ ਨੂੰ ਸਭ ਤੋਂ ਜ਼ਿਆਦਾ ਅਹਿਮੀਅਤ ਦਿੰਦੇ ਹਾਂ। ਜਦ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ, ਅਸੀਂ ਉਹਦੇ ਗੁਣਾਂ ਦੀ ਪ੍ਰਸ਼ੰਸਾ ਕਰਦੇ ਹਾਂ ਅਤੇ ਉਹਦੇ ਨਾਮ ਦੀ ਸ੍ਰੇਸ਼ਠਤਾ ਦਾ ਆਦਰ ਕਰਦੇ ਹਾਂ। ਅਸੀਂ ਦਾਊਦ ਨਾਲ ਸਹਿਮਤ ਹੁੰਦੇ ਹਾਂ ਜਿਵੇਂ ਉਸ ਨੇ ਲਿਖਿਆ,

ਜ਼ਬੂਰ 34:1,3 ਮੈਂ ਹਰ ਵੇਲੇ ਯਹੋਵਾਹ ਨੂੰ ਮੁਬਾਰਕ ਆਖਾਂਗਾ: ਉਸ ਦੀ ਉਸਤਤ ਸਦਾ ਮੇਰੇ ਮੂੰਹ ਵਿੱਚ ਹੋਵੇਗੀ... ਮੇਰੇ ਨਾਲ ਰਲ ਕੇ ਯਹੋਵਾਹ ਦੀ ਵਡਿਆਈ ਕਰੋ, ਰਲ ਮਿਲ ਕੇ ਅਸੀਂ ਯਹੋਵਾਹ ਦੇ ਨਾਮ ਨੂੰ ਸਲਾਹੀਏ।

ਜ਼ਬੂਰ 148:13 ਏਹ ਯਹੋਵਾਹ ਦੇ ਨਾਮ ਦੀ ਉਸਤਤ ਕਰਨ, ਕਿਉਂ ਜੋ ਇਕੱਲਾ ਉਸੇ ਦਾ ਨਾਮ ਮਹਾਨ ਹੈ; ਉਸ ਦਾ ਤੇਜ਼ ਧਰਤੀ ਤੇ ਅਕਾਸ਼ ਦੇ ਉੱਪਰ ਹੈ।

ਜ਼ਬੂਰ 8:1 ਹੇ ਯਹੋਵਾਹ ਸਾਡੇ ਪ੍ਰਭੂ ਸਾਰੀ ਧਰਤੀ ਉੱਤੇ ਤੇਰਾ ਨਾਮ ਕਿੱਡਾ ਹੀ ਸ਼ਾਨਦਾਰ ਹੈ, ਜਿਹਨੇ ਆਪਣੇ ਤੇਜ ਨੂੰ ਅਕਾਸ਼ ਉੱਤੇ ਰੱਖਿਆ ਹੈ।

ਅਰਾਧਨਾ ਬਹੁਤ ਮਧੁਰ ਹੋ ਸਕਦੀ ਹੈ। ਅਸੀਂ ਪ੍ਰਭੂ ਯਿਸੂ ਦੀ ਸਤੂਤੀ ਕਰ ਸਕਦੇ ਹਾਂ, ਜਿਸਨੇ ਆਪਣੇ ਅਣਮੋਲ ਲਹੂ ਨਾਲ ਪਰਮੇਸ਼ੁਰ ਲਈ ਸਾਨੂੰ ਛੁਡਾਇਆ ਜਦੋਂ ਅਸੀਂ ਉਹਦੀ

ਅਰਾਧਨਾ ਕਰਦੇ ਹਾਂ ਅਸੀਂ ਉਹ ਦੇ ਅੱਗੇ ਝੁਕ ਕੇ ਇਹ ਆਖਦੇ ਹੋਏ ਸਵਰਗੀ ਸੈਨਾ ਵਿੱਚ ਸ਼ਾਮਿਲ ਹੋ ਸਕਦੇ ਹਾਂ।

ਪਰਕਾਸ਼ ਦੀ ਪੋਥੀ 5:12 ਅ "ਲੇਲਾ ਜਿਹੜਾ ਕੋਹਆ ਗਿਆ ਸੀ ਸਮਰੱਥਾ ਧਨ ਬੁੱਧ, ਸ਼ਕਤੀ ਮਾਣ ਮਹਿਮਾ ਅਤੇ ਧੰਨਵਾਦ ਲੈਣ ਦੇ ਯੋਗ ਹੈ।"

ਸ਼ਬਦਾਂ ਤੋਂ ਬਿਨ੍ਹਾਂ ਵੀ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰ ਸਕਦੇ ਹਾਂ। ਖਾਮੋਸ਼ ਰਹਿ ਕੇ, ਅਸੀਂ ਪਰਮੇਸ਼ੁਰ ਦੀ ਮਹਾਨਤਾ ਅਤੇ ਸ੍ਰੇਸ਼ਠਤਾ ਤੇ ਧਿਆਨ ਕਰ ਸਕਦੇ ਹਾਂ। ਅੱਯੂਬ ਵਿੱਚ ਅਸੀਂ ਪੜ੍ਹਦੇ,

ਅੱਯੂਬ 37:14 "ਹੇ ਅੱਯੂਬ: ਇਸ ਵੱਲ ਕੰਨ ਲਾ, ਖੜਾ ਹੋ ਅਤੇ ਪਰਮੇਸ਼ੁਰ ਦੇ ਅਚੰਭਿਆਂ ਨੂੰ ਗੌਹ ਨਾਲ ਸੋਚ।"

ਅਸੀਂ ਉਸ ਦੀ ਸਰਿਸ਼ਟੀ ਦੇ ਅਦਭੁੱਤ ਕੰਮਾਂ ਦੁਆਰਾ ਪਰਮੇਸ਼ੁਰ ਦੀ ਅਰਾਧਨਾ ਕਰ ਸਕਦੇ ਹਾਂ। ਅਸੀਂ ਉੱਚੇ ਉੱਚੇ ਪਹਾੜ ਅਤੇ ਸਮੁੰਦਰ ਦੀਆਂ ਠਾਠਾਂ ਮਾਰਦੀਆਂ ਲਹਿਰਾਂ, ਤਾਰਿਆਂ ਦੇ ਸਮੂਹ ਜੋ ਰਾਤ ਵੇਲੇ ਅਕਾਸ਼ ਨੂੰ ਖ਼ੂਬਸੂਰਤ ਬਣਾਉਂਦੇ ਹਨ, ਉਨ੍ਹਾਂ ਤੋਂ ਹੈਰਾਨ ਹੋ ਸਕਦੇ ਹਾਂ, ਕਿੰਨਾ ਸੁਹਾਵਨਾ ਹੈ ਜਿਸਨੇ ਇਸ ਮਹਾਨ ਗੀਤ ਦੀ ਪ੍ਰੇਰਣਾ ਦਿੱਤੀ।

ਹੇ ਪ੍ਰਭੂ ਮੇਰੇ ਪਰਮੇਸ਼ੁਰ,
ਜਦ ਮੈਂ ਅਦਭੁੱਤ ਕੰਮਾਂ ਵਿੱਚ ਤੇਰੇ ਹੱਥਾਂ ਦੇ ਬਣੇ ਹੋਏ,
ਸਾਰੇ ਸੰਸਾਰ ਤੇ ਧਿਆਨ ਕਰਦਾ ਹਾਂ।
ਮੈਂ ਤਾਰੇ ਵੇਖਦਾ ਹਾਂ,
ਮੈਂ ਗਰਜਦੇ ਬੱਦਲਾਂ ਨੂੰ ਸੁਣਦਾ ਹਾਂ,
ਤੇਰੀ ਸ਼ਕਤੀ ਸਰਿਸ਼ਟੀ ਦੁਆਰਾ ਪ੍ਰਗਟ ਹੁੰਦੀ ਹੈ,
ਤਦ ਮੇਰੇ ਮੁਕਤੀਦਾਤੇ ਪਰਮੇਸ਼ੁਰ ਤੇਰੇ ਲਈ ਮੇਰੀ ਆਤਮਾ ਗਾਉਂਦੀ ਹੈ
ਤੇਰੇ ਕੰਮ ਕਿੰਨ੍ਹੇ ਮਹਾਨ ਹਨ। ਤੇਰੇ ਕੰਮ ਕਿੰਨ੍ਹੇ ਮਹਾਨ ਹਨ।

ਧੰਨਵਾਦ ਅਤੇ ਅਰਾਧਨਾ ਦੇ ਉੱਪਰ ਦਿੱਤੇ ਭਾਗ ਵਿਲਸ਼ਨ ਮੈਮਬੋਲੀਓ ਦੁਆਰਾ ਲਿਖੇ ਗਏ ***ਪਰਮੇਸ਼ੁਰ ਨਾਲ ਮਿਲਾਪ – ਪ੍ਰਾਰਥਨਾ ਦੇ ਸਭ ਤੋਂ ਡੂੰਘੇ ਅਰਥ*** *ਵਿੱਚੋਂ ਲਏ ਗਏ ਹਨ।*

ਪ੍ਰਾਰਥਨਾ ਅਤੇ ਸਤੂਤੀ ਦੀ ਸ਼ਕਤੀ

ਦੋ ਗੱਲਾਂ ਹਨ ਜਿਨ੍ਹਾਂ ਦੇ ਕਰਨ ਨੂੰ ਸਾਨੂੰ ਲਗਾਤਾਰ ਹੁਕਮ ਦਿੱਤਾ ਜਾਂਦਾ ਹੈ, ਸਾਨੂੰ ਲਗਾਤਾਰ ਪ੍ਰਾਰਥਨਾ ਅਤੇ ਪਰਮੇਸ਼ੁਰ ਦੀ ਸਤੂਤੀ ਕਰਨ ਲਈ ਆਖਿਆ ਜਾਂਦਾ ਹੈ।

ਯਿਸੂ ਨੇ ਕਿਹਾ,

ਲੂਕਾ 18:1 ਅ... ਸਦਾ ਪ੍ਰਾਰਥਨਾ ਵਿੱਚ ਲੱਗਿਆ ਰਹਿਣਾ...

ਲੂਕਾ 21:36ੳ ਪਰ ਬੇਨਤੀ ਕਰਦਿਆਂ, ਹਰ ਵੇਲੇ ਜਾਗਦੇ ਰਹੋ ...

ਪੌਲੁਸ ਨੇ ਲਿਖਿਆ,

ਰੋਮੀਆਂ 1:9ਅ ... ਜੋ ਮੈਂ ਕਿੱਕੁਰ ਹਰ ਵੇਲੇ ਆਪਣੀਆਂ ਪ੍ਰਾਰਥਨਾ ਵਿੱਚ ਤੁਹਾਨੂੰ ਯਾਦ ਕਰਦਾ ਹਾਂ...

1 ਥੱਸਲੁਨੀਕੀਆਂ 2:13 ੳ ਇਸ ਕਾਰਨ ਅਸੀਂ ਵੀ ਨਿੱਤ ਪਰਮੇਸ਼ੁਰ ਦਾ ਧੰਨਵਾਦ ਕਰਦੇ ਹਾਂ...

2 ਤਿਮੋਥਿਉਸ 1:3 ਅ... ਜਦ ਮੈਂ ਆਪਣੀਆਂ ਬੇਨਤੀਆਂ ਵਿੱਚ ਨਿੱਤ ਤੈਨੂੰ ਚੇਤੇ ਕਰਦਾ ਹਾਂ...

2 ਥੱਸਲੁਨੀਕੀਆਂ 1:11ੳ ਇਸੇ ਕਰਕੇ ਅਸੀਂ ਤੁਹਾਡੇ ਲਈ ਸਦਾ ਪ੍ਰਾਰਥਨਾ ਕਰਦੇ ਰਹਿੰਦੇ ਹਾਂ...

1 ਥੱਸਲੁਨੀਕੀਆਂ 5:16-18 ਸਦਾ ਅਨੰਦ ਰਹੋ, ਨਿੱਤ ਪ੍ਰਾਰਥਨਾ ਕਰੋ, ਹਰ ਹਾਲ ਵਿੱਚ ਧੰਨਵਾਦ ਕਰੋ; ਕਿਉਂਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ੁਰ ਦੀ ਇਹੋ ਇੱਛਾ ਹੈ।

ਕਿਵੇਂ ਅਸੀਂ ਇੱਕੋ ਸਮੇਂ ਦੋ ਗੱਲਾਂ ਕਰ ਸਕਦੇ ਹਾਂ ਜਦ ਤੱਕ ਉਹ ਇੱਕੋ ਜਿਹੀਆਂ ਨਾ ਹੋਣ?

ਸਾਨੂੰ ਦੱਸਿਆ ਜਾਂਦਾ ਹੈ ਕਿ ਜੇਕਰ ਅਸੀਂ ਹਰ ਸਵੇਰ ਨੂੰ ਕਸਰਤ ਕਰਦੇ ਹਾਂ ਤਾਂ ਸਾਡੀ ਪਾਚਣ-ਪ੍ਰਣਾਲੀ ਤੇਜ਼ ਹੋਵੇਗੀ ਅਤੇ ਜਦ ਅਸੀਂ ਆਪਣੇ ਡੈੱਸਕ ਤੇ ਵੀ ਬੈਠੇ ਹੋਏ ਹੋਵਾਂਗੇ ਤਦ ਵੀ ਸਾਡਾ ਸਰੀਰ ਕਸਰਤ ਦੇ ਲਾਭ ਪ੍ਰਾਪਤ ਕਰੇਗਾ। ਪ੍ਰਾਰਥਨਾ ਅਤੇ ਸਤੂਤੀ ਦਾ ਵੀ ਸਾਡੀਆਂ ਆਤਮਾਵਾਂ ਵਿੱਚ ਇਸੇ ਤਰ੍ਹਾਂ ਅਸਰ ਹੁੰਦਾ ਹੈ। ਜੇਕਰ ਅਸੀਂ ਪ੍ਰਾਰਥਨਾ ਅਤੇ ਸਤੂਤੀ ਲਈ ਆਪਣਾ ਸਮਾਂ ਅਲੱਗ ਕਰਦੇ ਹਾਂ, ਤਾਂ ਸਾਡੀਆਂ ਆਤਮਾਵਾਂ ਪੂਰਾ ਦਿਨ ਪ੍ਰਾਰਥਨਾ ਅਤੇ ਸਤੂਤੀ ਕਰਦੀਆਂ ਰਹਿਣਗੀਆਂ।

ਯਹੋਸ਼ਾਫ਼ਾਟ ਤਿੰਨ ਫ਼ੌਜ਼ਾਂ ਦਾ ਸਾਹਮਣਾ ਕਰਦਾ ਹੈ

ਯਹੋਸ਼ਾਫ਼ਾਟ ਸਾਡੇ ਲਈ ਪ੍ਰਾਰਥਨਾ ਅਤੇ ਸਤੂਤੀ ਦੀ ਬਹੁਤ ਵਧੀਆ ਉਦਾਹਰਨ ਹੈ। ਤਿੰਨ ਦੇਸ਼ਾਂ ਦੇ ਰਾਜੇ ਉਹਦੇ ਵਿਰੁੱਧ ਆ ਗਏ ਸਨ ਅਤੇ ਸੁਭਾਵਿਕ ਤੌਰ ਨਾਲ ਉਹਦੀ ਸਥਿਤੀ ਨਿਰਸਾਜਨ ਸੀ। ਯਹੋਸ਼ਾਫਾਟ ਨੇ ਪ੍ਰਭੂ ਨੂੰ ਭਾਲਿਆ ਅਤੇ ਰੋਜਾ ਰੱਖ ਕੇ ਪ੍ਰਾਰਥਨਾ ਕੀਤੀ।

® *ਉਸਨੇ ਪ੍ਰਾਰਥਨਾ ਕੀਤੀ*

2 ਇਤਿਹਾਸ 20:3, 5-12 ਤਾਂ ਯਹੋਸ਼ਾਫਾਟ ਭੈ ਖਾ ਕੇ, ਯਹੋਵਾਹ ਅੱਗੇ ਬੇਨਤੀ ਕੀਤੀ ਤੇ ਵਰਤ ਲਈ ਸਾਰੇ ਯਹੂਦਾਹ ਵਿੱਚ ਡੌਂਡੀ ਪਿਟਵਾਈ।

ਤਦ ਯਹੋਸ਼ਾਫਾਟ ਖਲੋਤਾ... ਅਤੇ ਕਿਹਾ: "ਹੇ ਯਹੋਵਾਹ ਸਾਡੇ ਪਿਉ ਦਾਦਿਆਂ ਦੇ ਪਰਮੇਸ਼ੁਰ, ਕੀ ਤੂੰ ਅਕਾਸ਼ ਦੇ ਉੱਤੇ ਪਰਮੇਸ਼ੁਰ ਨਹੀਂ, ਅਤੇ ਤੂੰ ਸਾਰੀਆਂ ਕੌਮਾਂ ਦੇ ਰਾਜਾ ਉੱਤੇ ਰਾਜ ਨਹੀਂ ਕਰਦਾ, ਤੇਰੇ ਹੱਥ ਵਿੱਚ ਏਨੀ ਸ਼ਕਤੀ ਹੈ, ਕਿ ਕੋਈ ਤੇਰਾ ਟਾਕਰਾ ਨਹੀਂ ਕਰ ਸਕਦਾ?

"ਹੇ ਸਾਡੇ ਪਰਮੇਸ਼ੁਰ ਕੀ ਤੂੰ ਹੀ ਇਸ ਧਰਤੀ ਦੇ ਵਸਨੀਕਾਂ ਨੂੰ ਆਪਣੀ ਪਰਜਾ ਇਸਰਾਏਲ ਦੇ ਅੱਗੋਂ ਕੱਢ ਕੇ, ਆਪਣੇ ਮਿੱਤਰ ਅਬਰਾਹਾਮ ਦੀ ਅੰਸ ਨੂੰ ਸਦਾ ਲਈ ਨਹੀਂ ਦੇ ਦਿੱਤਾ?

"ਸੋ ਓਹ ਇਸ ਵਿੱਚ ਵੱਸਦੇ ਹਨ, ਅਤੇ ਉਨ੍ਹਾਂ ਨੇ ਤੇਰੇ ਨਾਮ ਲਈ ਇੱਕ ਪਵਿੱਤਰ ਅਸਥਾਨ ਐਉਂ ਆਖ ਕੇ, ਬਣਾਇਆ ਹੈ, "ਕਿ ਜਦ ਕੋਈ ਬਦੀ ਸਾਡੇ ਉੱਤੇ ਆ ਪਵੇ, ਜਿਵੇਂ ਤਲਵਾਰ, ਜਾਂ ਨਿਆਉਂ ਜਾਂ ਬਵਾ, ਜਾਂ ਕਾਲ, ਅਤੇ ਜੇ ਅਸੀਂ ਇਸ ਭਵਨ ਦੇ ਅੱਗੇ ਤੇਰੀ ਹਜ਼ੂਰੀ ਖੜ੍ਹੇ ਹੋਈਏ (ਕਿਉਂ ਜੋ ਤੇਰਾ ਨਾਮ ਇਸ ਭਵਨ ਵਿੱਚ ਹੈ) ਅਤੇ ਆਪਣੀ ਔਕੜ ਦੇ ਸਮੇਂ ਤੇਰੇ ਅੱਗੇ ਫਰਿਆਦ ਕਰੀਏ ਤਾਂ ਤੂੰ ਸੁਣ ਲਵੇਂ, ਅਤੇ ਬਚਾ ਦੇਵੇ।'

"ਹੁਣ ਤੂੰ, ਵੇਖ ਕੇ ਅੰਮੋਨੀ ਅਰ ਮੋਆਬੀ, ਅਰ ਸੇਈਰ ਪਹਾੜ ਦੇ ਲੋਕ ਜਿਨ੍ਹਾਂ ਤੋਂ ਤੈਂ ਇਸਰਾਏਲ ਨੂੰ ਜਦ ਉਹ ਮਿਸਰ ਤੋਂ ਨਿੱਕਲ ਕੇ ਆ ਰਹੇ ਸਨ ਹੱਲਾ ਨਾ ਕਰਨ ਦਿੱਤਾ, ਸਗੋਂ ਉਹ ਉਨ੍ਹਾਂ ਵੱਲੋਂ ਮੁੜ ਗਏ ਅਤੇ ਉਨ੍ਹਾਂ ਦਾ ਨਾਸ਼ ਨਾ ਕੀਤਾ - ਵੇਖ, ਉਹ ਸਾਨੂੰ ਕਿਹੋ ਜਿਹਾ ਬਦਲਾ ਦਿੰਦੇ ਹਨ ਭਈ ਸਾਨੂੰ ਕਿਹੋ ਜਿਹਾ ਬਦਲਾ ਦਿੰਦੇ ਹਨ ਭਈ ਸਾਨੂੰ ਉਸ ਦੇਸ਼ ਵਿੱਚੋਂ ਜਿਹੜਾ ਤੈਂ ਸਾਨੂੰ ਮਿਲਖ ਵਿੱਚ ਦਿੱਤਾ ਸੀ ਕੱਢਣ ਲਈ ਆ ਰਹੇ ਹਨ।

"ਹੇ ਸਾਡੇ ਪਰਮੇਸ਼ੁਰ, ਕੀ ਤੂੰ ਇਨ੍ਹਾਂ ਦਾ ਨਿਆਉਂ ਨਹੀਂ ਕਰੇਗਾ? ਕਿਉਂ ਜੋ ਉਸ ਵੱਡੇ ਦਲ ਦੇ ਅੱਗੇ ਜੋ ਸਾਡੇ ਵਿਰੁੱਧ ਆ ਰਿਹਾ ਹੈ ਸਾਡੀ ਕੁਝ ਤਾਕਤ ਨਹੀਂ; ਅਤੇ ਨਾ

ਅਸੀਂ ਇਹ ਜਾਣਦੇ ਹਾਂ ਕਿ ਕੀ ਕਰੀਏ। ਪਰ ਸਾਡੀਆਂ ਅੱਖਾਂ ਤੇਰੇ ਵੱਲ ਲੱਗੀਆਂ ਰਹੀਆਂ ਹਨ।"

ਉਹ ਦੀ ਪ੍ਰਾਰਥਨਾ ਦੀ ਲੜੀ ਉੱਤੇ ਧਿਆਨ ਦਿਉ। ਪਰਮੇਸ਼ੁਰ ਕੌਣ ਸੀ ਅਤੇ ਉਸਨੇ ਜੋ ਕੀਤਾ ਸੀ ਉਸ ਨੂੰ ਪਛਾਣਦੇ ਹੋਏ ਉਹਨੇ ਪ੍ਰਾਰਥਨਾ ਕਰਨੀ ਸ਼ੁਰੂ ਕੀਤੀ। ਉਸਨੇ ਦ੍ਰਿੜਤਾਪੂਰਵਕ ਕਿਹਾ "ਪ੍ਰਭੂ ਤੂੰ ਸਾਨੂੰ ਇਹ ਦੇਸ਼ ਦਿੱਤਾ। ਅਸੀਂ ਤੇਰਾ ਹੁਕਮ ਮੰਨਿਆ ਜਦ ਅਸੀਂ ਇਨ੍ਹਾਂ ਨਿਵਾਸੀਆਂ ਨੂੰ ਜੀਉਂਦਾ ਰੱਖਿਆ; ਉਸਨੇ ਸੱਚੇ ਇਕਰਾਰ ਨਾਲ ਸਮਾਪਤੀ ਕੀਤੀ, "ਅਸੀਂ ਨਹੀਂ ਜਾਣਦੇ ਕੀ ਕਰਨਾ ਹੈ, ਪਰ ਸਾਡੀਆਂ ਅੱਖਾਂ ਤੇਰੇ ਵੱਲ ਲੱਗੀਆਂ ਹਨ।"

® *ਪਰਮੇਸ਼ੁਰ ਨੇ ਉੱਤਰ ਦਿੱਤਾ*

ਤਦ ਪ੍ਰਭੂ ਨੇ ਯਹਜ਼ੀਏਲ ਦੇ ਦੁਆਰਾ ਉੱਤਰ ਦਿੱਤਾ

2 ਇਤਿਹਾਸ 20:15ਅ-17 "ਕੀ ਤੁਸੀਂ ਇਸ ਵੱਡੇ ਦਲ ਦੇ ਕਾਰਨ ਨਾ ਡਰੋ ਨਾ ਘਾਬਰੋ, ਕਿਉਂਜੋ ਇਹ ਲੜਾਈ ਤੁਹਾਡੀ ਨਹੀਂ ਸਗੋਂ ਪਰਮੇਸ਼ੁਰ ਦੀ ਹੈ। ਤੁਸੀਂ ਕੱਲ ਉਨ੍ਹਾਂ ਦਾ ਟਾਕਰਾ ਕਰਨ ਲਈ ਹੇਠਾਂ ਜਾਣਾ। ਵੇਖੋ ਉਹ ਸੀਸ ਦੀ ਚੜ੍ਹਾਈ ਵੱਲੋਂ ਆ ਰਹੇ ਹਨ, ਤੁਸੀਂ ਉਨ੍ਹਾਂ ਨੂੰ ਯਰੂਏਲ ਦੀ ਉਜਾੜ ਦੇ ਸਾਹਮਣੇ ਵਾਦੀ ਦੇ ਸਿਰੇ ਉੱਤੇ ਪਾਓਗੇ।

'ਤੁਹਾਨੂੰ ਇਸ ਥਾਂ ਲੜਨਾ ਨਹੀਂ ਪਵੇਗਾ, ਹੇ ਯਹੂਦਾਹ ਅਤੇ ਯਰੂਸ਼ਲਮ, ਤੁਸੀਂ ਪਾਲ ਬੰਨ੍ਹ ਕੇ, ਚੁੱਪ ਚਾਪ ਖਲੋਤੇ ਰਹਿਣਾ ਅਤੇ ਯਹੋਵਾਹ ਦਾ ਬਚਾਉ ਜਿਹੜਾ ਤੁਹਾਡੇ ਲਈ ਹੈ ਵੇਖਣਾ।" ਨਾ ਡਰੋ, ਨਾ ਘਾਬਰੋ: ਕੱਲ੍ਹ ਉਨ੍ਹਾਂ ਦੇ ਟਾਕਰੇ ਲਈ ਚੱਲਣਾ ਕਿਉਂ ਜੋ ਯਹੋਵਾਹ ਤੁਹਾਡੇ ਅੰਗ ਸੰਗ ਹੈ।"

® *ਪਾਲਾ ਵਿੱਚ ਖਲੋ ਜਾਓ*

ਯਹਜ਼ੀਏਲ ਨੇ ਕਿਹਾ "ਤੁਸੀਂ ਪਾਲਾ ਬੰਨ੍ਹ ਕੇ ਚੁੱਪ ਚਾਪ ਖਲੋਤੇ ਰਹਿਣਾ ਅਤੇ ਯਹੋਵਾਹ ਦੇ ਬਚਾਉ ਨੂੰ ਵੇਖਣਾ।" ਉਹ ਅਤੇ ਦੂਜੇ ਲੋਕ ਕਿਵੇਂ ਪਾਲਾ ਵਿੱਚ ਖਲੋਤੇ? ਉਨ੍ਹਾਂ ਨੇ ਧਰਤੀ ਤੱਕ ਆਪਣੇ ਸਿਰਾਂ ਨੂੰ ਝੁਕਾਇਆ ਅਤੇ ਪ੍ਰਭੂ ਦੀ ਅਰਾਧਨਾ ਕੀਤੀ ਅਤੇ ਖੜ੍ਹੇ ਹੋ ਕੇ ਯਹੋਵਾਹ ਦੀ ਉਸਤਤ ਕਰਨ ਲੱਗੇ।

2 ਇਤਿਹਾਸ 20:18,19 ਤਾਂ ਯਹੋਸ਼ਾਫ਼ਾਟ ਸਿਰ ਨਿਵਾ ਕੇ ਧਰਤੀ ਉੱਤੇ ਝੁਕਿਆ, ਅਤੇ ਸਾਰੇ ਯਹੂਦਾਹ ਅਤੇ ਯਰੂਸ਼ਲਮ ਦੇ ਲੋਕਾਂ ਨੇ ਯਹੋਵਾਹ ਦੇ ਅੱਗੇ ਡਿੱਗ ਕੇ ਉਹ ਨੂੰ ਮੱਥਾ ਟੇਕਿਆ, ਅਤੇ ਕਹਾਥੀਆਂ ਤੇ ਕੋਰਾਹੀਆਂ ਦੇ ਲੇਵੀ ਖੜੇ ਹੋ ਕੇ ਵੱਡੀ ਉੱਚੀ ਅਵਾਜ਼ ਨਾਲ ਯਹੋਵਾਹ ਇਸਰਾਏਲ ਦੇ ਪਰਮੇਸ਼ੁਰ ਦੀ ਉਸਤਤ ਕਰਨ ਲੱਗੇ।

® *ਯਹੋਵਾਹ ਤੇ ਭਰੋਸਾ ਰੱਖ*

ਅਗਲੀ ਸਵੇਰ ਯਹੋਸ਼ਾਫ਼ਾਟ ਨੇ ਪ੍ਰਭੂ ਦੇ ਵਚਨ ਦਾ ਐਲਾਨ ਕੀਤਾ। ਉਸਨੇ ਬਾਰ-ਬਾਰ ਆਪਣੀਆਂ ਮੁਸ਼ਕਿਲਾਂ ਨੂੰ ਨਹੀਂ ਦੁਹਰਾਇਆ, ਉਸਨੇ ਵਿਸ਼ਵਾਸ ਕਰਨ ਲਈ ਲੋਕਾਂ ਨੂੰ ਪ੍ਰੇਰਣਾ ਦਿੱਤੀ, ਅਤੇ ਸੈਨਾ ਦੇ ਅੱਗੇ, ਗਵੱਈਆਂ ਅਤੇ ਸਤੂਤੀ ਕਰਨ ਵਾਲਿਆਂ ਨੂੰ ਮੁਕੱਰਰ ਕੀਤਾ।

2 ਇਤਿਹਾਸ 20:20,21 ਅਤੇ ਓਹ ਸਾਹਜਰੇ ਹੀ ਉੱਠ ਕੇ ਤਕੋਅ ਦੀ ਉਜਾੜ ਵਿੱਚ ਚੱਲੇ ਗਏ; ਅਤੇ ਉਨ੍ਹਾਂ ਨੇ ਜਾਣ ਲੱਗਿਆ, ਯਹੋਸ਼ਾਫਾਟ ਨੇ ਖਲੋ ਕੇ ਆਖਿਆ, "ਹੇ ਯਹੂਦਾਹ ਤੇ ਯਰੂਸ਼ਲਮ ਦੇ ਵਸਨੀਕੋ ਸੁਣੋ; ਆਪਣੇ ਪਰਮੇਸ਼ੁਰ ਯਹੋਵਾਹ ਦੇ ਉੱਤੇ ਭਰੋਸਾ ਰੱਖੋ, ਤਾਂ ਤੁਸੀਂ ਕਾਇਮ ਰਹੋਗੇ ਉਸ ਦੇ ਨਬੀਆਂ ਉੱਤੇ ਵਿਸ਼ਵਾਸ ਕਰੋ, ਤਾਂ ਤੁਸੀਂ ਸਫ਼ਲ ਹੋਵੋਗੇ।"

® *ਗਾਓ ਅਤੇ ਪ੍ਰਭੂ ਦੀ ਸਤੂਤੀ ਕਰੋ*

ਜਦ ਉਸ ਨੇ ਆਪਣੀ ਪਰਜਾ ਨਾਲ ਸਲਾਹ ਕਰ ਲਈ, ਤਾਂ ਉਨ੍ਹਾਂ ਯਹੋਵਾਹ ਲਈ ਗਵੱਯਾਂ ਨੂੰ ਮੁਕੱਰਰ ਕੀਤਾ, ਅਤੇ ਸੈਨਾ ਦੇ ਮੁਹਰੇ ਮੁਹਰੇ ਚੱਲ ਕੇ ਪਵਿੱਤਰ ਬਸਤ੍ਰਾਂ ਵਿੱਚ ਉਸਤਤ ਕਰਨ ਅਤੇ ਆਖਣ; "ਯਹੋਵਾਹ ਦਾ ਧੰਨਵਾਦ ਕਰੋ, ਉਹ ਦੀ ਦਯਾ ਜੋ ਸਦਾ ਦੀ ਹੈ।"

ਜਦ ਉਹ ਗਾਉਣ ਅਤੇ ਪ੍ਰਭੂ ਦੀ ਸਤੂਤੀ ਕਰਨ ਲੱਗੇ, ਪਰਮੇਸ਼ੁਰ ਨੇ ਦੁਸ਼ਮਣਾਂ ਦੇ ਵਿਰੁੱਧ ਘਾਤ ਲਗਾ ਕੇ ਬਿਠਾਇਆ। ਦੁਸ਼ਮਣਾਂ ਦੀ ਸੈਨਾ ਆਪਸ ਵਿੱਚ ਇੱਕ ਦੂਜੇ ਵੱਲ ਮੁੜੀ ਅਤੇ ਇੱਕ ਦੂਜੇ ਨੂੰ ਨਾਸ਼ ਕੀਤਾ।

® *ਦੁਸ਼ਮਨ ਆਪਣੇ ਆਪ ਹਾਰ ਗਏ*

2 ਇਤਹਾਸ 20:22,24 ਜਦ ਉਹ ਗਾਉਣ ਅਤੇ ਉਸਤਤ ਕਰਨ ਲੱਗੇ, ਤਾਂ ਯਹੋਵਾਹ ਨੇ ਅੰਮੋਨੀਆਂ, ਅਤੇ ਮੋਆਬੀਆਂ, ਅਤੇ ਸਈਰ ਪਰਬਤ ਦੇ ਵਸਨੀਕਾਂ ਉੱਤੇ, ਜਿਹੜੇ ਯਹੂਦਾਹ ਉੱਤੇ ਚੜ੍ਹੇ ਆਉਂਦੇ ਸਨ; ਛਹਿ ਵਾਲਿਆਂ ਨੂੰ ਬਿਠਾ ਦਿੱਤਾ ਸੋ ਉਹ ਮਾਰੇ ਗਏ।

ਅਤੇ ਜਦ ਯਹੂਦਾਹ ਨੇ ਉਜਾੜ ਦੇ ਬੁਰਜ ਉੱਤੇ ਪੁੱਜ ਕੇ, ਉਸ ਵੱਡੇ ਦਲ ਨੂੰ ਡਿੱਠਾ; ਤਾਂ ਵੇਖੋ, ਉਨ੍ਹਾਂ ਦੀਆਂ ਲੋਥਾਂ ਧਰਤੀ ਉੱਤੇ ਪਈਆਂ ਸਨ ਅਤੇ ਕੋਈ ਨਾ ਬਚਿਆ।

ਏਲੀਯਾਹ ਅਤੇ ਬਆਲ ਦੇ ਪੁਜਾਰੀ

ਇਹ ਸ਼ਕਤੀ ਦਾ ਸਭ ਤੋਂ ਵੱਡਾ ਸਪੱਸ਼ਟੀਕਰਨ ਸੀ ਜਦ ਅਕਾਸ਼ੋਂ ਅੱਗ ਆਈ ਏਲੀਯਾਹ ਦੀ ਭੇਂਟ ਨੂੰ ਭਸਮ ਕਰ ਦਿੱਤਾ। ਏਲੀਯਾਹ ਦੀ ਪ੍ਰਾਰਥਨਾ ਨੂੰ ਯਾਦ ਰੱਖੋ ਜਦ ਉਸ ਦਾ ਮੁਕਾਬਲਾ ਬਆਲ ਦੇ ਪੁਜਾਰੀਆਂ ਨਾਲ ਹੋਇਆ ਸੀ?

1 ਰਾਜਿਆਂ 18:36ਅ, 37 "ਹੇ ਯਹੋਵਾਹ ਅਬਰਾਹਾਮ ਇਸਹਾਕ ਤੇ ਇਸਰਾਏਲ ਦੇ ਪਰਮੇਸ਼ੁਰ, ਅੱਜ ਮਲੂਮ ਹੋ ਜਾਵੇ ਕਿ ਤੂੰ ਇਸਰਾਏਲ ਵਿੱਚ ਪਰਮੇਸ਼ੁਰ ਹੈਂ ਅਤੇ ਮੈਂ ਤੇਰਾ ਦਾਸ ਹਾਂ ਅਤੇ ਮੈਂ ਇਨ੍ਹਾਂ ਸਾਰੀਆਂ ਗੱਲਾਂ ਨੂੰ ਤੇਰੇ ਬਚਨ ਨਾਲ ਕੀਤਾ ਹੈ। ਮੇਰੀ ਸੁਣ ਹੇ ਯਹੋਵਾਹ ਮੇਰੀ ਸੁਣ ਜੋ ਇਹ ਲੋਕ ਜਾਣਨ ਕਿ ਤੂੰ ਹੀ ਯਹੋਵਾਹ ਪਰਮੇਸ਼ੁਰ ਹੈਂ ਅਤੇ ਤੈਂ ਉਨ੍ਹਾਂ ਦਾ ਮਨ ਮੋੜ ਲਿਆ ਹੈ"

ਪਰਮੇਸ਼ੁਰ ਕੌਣ ਸੀ ਉਸਨੂੰ ਪਛਾਣਦੇ ਹੋਏ ਏਲੀਯਾਹ ਨੇ ਸ਼ੁਰੂਆਤ ਕੀਤੀ, ਅਤੇ ਉਸ ਨੂੰ ਯਾਦ ਕਰਕੇ ਕਿ ਉਹ ਆਗਿਆਕਾਰੀ ਵਿੱਚ ਚੱਲਦਾ ਸੀ। ਉਸ ਨੇ ਉਨ੍ਹਾਂ ਪੁਜਾਰੀਆਂ ਨੂੰ ਜੋ ਉਹਦੇ ਵਿਰੋਧ ਵਿੱਚ ਸਨ ਕੁਝ ਨਹੀਂ ਕਿਹਾ। ਉਸ ਨੇ ਮੁਸ਼ਕਿਲਾਂ ਲਈ ਪ੍ਰਾਰਥਨਾ ਨਹੀਂ ਕੀਤੀ। ਉਸਨੇ ਅਕਾਸ਼ੋਂ ਅੱਗ ਆਉਣ ਅਤੇ ਭੇਂਟ ਨੂੰ ਭਸਮ ਕਰਨ ਲਈ ਵੀ ਨਹੀਂ ਕਿਹਾ। ਏਲੀਯਾਹ ਦਾ ਪਰਮੇਸ਼ੁਰ ਵਿੱਚ ਅਜਿਹਾ ਵਿਸ਼ਵਾਸ ਸੀ ਕਿ ਉਹ ਜਾਣਦਾ ਸੀ ਕਿ ਉਹ ਸਭ ਗੱਲਾਂ ਵਿੱਚ ਬਹੁਤ ਸਾਵਧਾਨ ਸੀ। ਏਲੀਯਾਹ ਨੇ ਉੱਪਰ ਦਿੱਤੀ ਹੋਈ ਸਧਾਰਨ ਪ੍ਰਾਰਥਨਾ ਕੀਤੀ, ਅਤੇ ਪਰਮੇਸ਼ੁਰ ਨੇ ਉੱਤਰ ਦਿੱਤਾ।

ਮੱਛੀ ਦੇ ਢਿੱਡ ਤੋਂ ਧੰਨਵਾਦ

ਸਾਡੇ ਕੋਲ ਯੂਨਾਹ ਦੀ ਪ੍ਰਾਰਥਨਾ ਹੈ ਜੋ ਉਸ ਨੇ ਮੱਛੀ ਦੇ ਢਿੱਡ ਤੋਂ ਕੀਤੀ ਇਹ ਸਭ ਤੋਂ ਸੱਚੀਆਂ ਅਤੇ ਦਿਲਾਂ ਨੂੰ ਛੂਹ ਲੈਣ ਵਾਲੀਆਂ ਪ੍ਰਾਰਥਨਾ ਵਿੱਚੋਂ ਇੱਕ ਹੈ ਜੋ ਅਕਸਰ ਅਸੀਂ ਪੜ੍ਹਦੇ ਹਾਂ। ਯੂਨਾਹ ਨੇ ਪ੍ਰਾਰਥਨਾ ਕੀਤੀ ਤੇ ਮੱਛੀ ਨੇ ਉਸ ਦੇਸ਼ ਤੇ ਉਸ ਨੂੰ ਉੱਗਲ ਦਿੱਤਾ ਜਿੱਥੇ ਪਰਮੇਸ਼ੁਰ ਨੇ ਉਸ ਨੂੰ ਘੱਲਣਾ ਸੀ। ਇਹ ਸ਼ਕਤੀ ਦਾ ਪ੍ਰਗਟਾਵਾ ਹੈ।

ਯੂਨਾਹ 2:1-9 ਤਦ ਯੂਨਾਹ ਨੇ ਮੱਛੀ ਦੇ ਢਿੱਡ ਵਿੱਚ ਯਹੋਵਾਹ ਆਪਣੇ ਪਰਮੇਸ਼ੁਰ ਕੋਲ ਇਉਂ ਪ੍ਰਾਰਥਨਾ ਕੀਤੀ। ਮੈਂ ਆਪਣੀ ਔਖਿਆਈ ਵਿੱਚ ਯਹੋਵਾਹ ਨੂੰ ਪੁਕਾਰਿਆ,

ਅਤੇ ਉਹ ਨੇ ਮੈਨੂੰ ਉੱਤਰ ਦਿੱਤਾ। ਮੈਂ ਪਤਾਲ ਦੇ ਢਿੱਡ ਵਿੱਚੋਂ ਦੁਹਾਈ ਦਿੱਤੀ ਤੈਂ ਮੇਰੀ ਅਵਾਜ਼ ਸੁਣੀ।

ਤੈਂ ਮੈਨੂੰ ਡੂੰਘਾਣ ਵਿੱਚ, ਸਮੁੰਦਰ ਦੀ ਤਹਿ ਵਿੱਚ ਸੁੱਟਿਆ ਅਤੇ ਹੜ੍ਹਾਂ ਨੇ ਮੈਨੂੰ ਘੇਰ ਲਿਆ; ਤੇਰੀਆਂ ਸਾਰੀਆਂ ਲਹਿਰਾਂ ਅਤੇ ਤਰੰਗ ਮੇਰੇ ਉੱਤੋਂ ਲੰਘ ਗਏ। ਤਦ ਮੈਂ ਆਖਿਆ, ਮੈਂ ਤੇਰੀਆਂ ਅੱਖੀਆਂ ਤੋਂ ਦੂਰ ਸੁੱਟਿਆ ਗਿਆ; ਤਾਂ ਵੀ ਮੈਂ ਫਿਰ ਤੇਰੀ ਵਿੱਤਰ ਹੈਕਲ ਵੱਲ ਤੱਕਾਂਗਾ। ਪਾਣੀਆਂ ਨੇ ਮੈਨੂੰ ਜਾਨ ਤੱਕ ਘੁੱਟ ਲਿਆ, ਡੂੰਘਿਆਈਆਂ ਨੇ ਚੁਫੇਰਿਓਂ ਮੈਨੂੰ ਘੇਰ ਲਿਆ; ਸਾਗਰੀ ਜਾਲਾ ਮੇਰੇ ਸਿਰ ਉੱਤੇ ਵਲੇਟਿਆ ਗਿਆ।

ਮੈਂ ਪਹਾੜਾਂ ਦੇ ਮੁੱਢਾਂ ਤੀਕ ਡੁੱਬ ਗਿਆ; ਧਰਤੀ ਦੇ ਅਰਲਾਂ ਨੇ ਸਦਾ ਦੇ ਲਈ ਮੈਨੂੰ ਢੱਕ ਛੱਡਿਆ; ਪਰ ਹੇ ਯਹੋਵਾਹ ਮੇਰੇ ਪਰਮੇਸ਼ੁਰ ਤੈਂ ਮੇਰੀ ਜਾਨ ਨੂੰ ਭੋਰੇ ਵਿੱਚੋਂ ਉਤਾਹਾਂ ਲਿਆਂਦਾ "ਜਿਸ ਵੇਲੇ ਮੇਰਾ ਜੀ ਮੇਰੇ ਵਿੱਚ ਡੁੱਬ ਗਿਆ, ਤਦ ਮੈਂ ਯਹੋਵਾਹ ਨੂੰ ਚੇਤੇ ਕੀਤਾ; ਅਤੇ ਮੇਰੀ ਪ੍ਰਾਰਥਨਾ ਤੇਰੇ ਕੋਲ, ਤੇਰੀ ਪਵਿੱਤਰ ਹੈਕਲ ਵਿੱਚ ਅੱਪੜ ਪਈ। ਜਿਹੜੇ ਫੋਕਿਆਂ ਵਿਅਰਥਾਂ ਨੂੰ ਮੰਨਦੇ ਹਨ ਉਹ ਆਪਣੀ ਦਯਾ ਛੱਡ ਬੈਠੇ ਹਨ।

ਪਰ ਮੈਂ ਧੰਨ ਧੰਨ ਦੀ ਅਵਾਜ਼ ਨਾਲ ਤੇਰੇ ਅੱਗੇ ਬਲੀ ਚੜ੍ਹਾਵਾਂਗਾ ਮੈਂ ਜੋ ਕੁਝ ਸੁੱਖਣਾ ਸੁੱਖੀ ਸੋ ਪੂਰੀ ਕਰਾਂਗਾ। ਬਚਾਉ ਯਹੋਵਾਹ ਵੱਲੋਂ ਹੀ ਹੈ।"

ਧਿਆਨ ਦਿਓ ਕਿ ਉਸ ਨੇ ਸ਼ੁਰੂਆਤ ਕੀਤੀ, "ਮੈਂ ਯਹੋਵਾਹ ਨੂੰ ਪੁਕਾਰਿਆ," ਉਸ ਨੇ ਉੱਤਰ ਦਿੱਤਾ "ਹੇ ਯਹੋਵਾਹ, ਮੇਰੇ ਪਰਮੇਸ਼ੁਰ।" ਮੱਛੀ ਦੇ ਢਿੱਡ ਵਿੱਚ ਵੀ ਉਸ ਨੇ ਭਵਿੱਖਬਾਣੀ ਨਾਲ ਭਰਪੂਰ ਬਿਆਨ ਦਿੱਤਾ। "ਮੈਂ ਤੇਰੀਆਂ ਅੱਖੀਆਂ ਤੋਂ ਦੂਰ ਸੁੱਟਿਆ ਗਿਆ; ਤਾਂ ਵੀ ਮੈਂ ਫੇਰ ਤੇਰੀ ਪਵਿੱਤਰ ਹੈਕਲ ਵੱਲ ਤੱਕਾਂਗਾ।" ਮੱਛੀ ਦੇ ਢਿੱਡ ਤੋਂ ਵੀ, ਉਸ ਨੇ ਕਿਹਾ "ਮੈਂ ਧੰਨਵਾਦ ਦੀ ਅਵਾਜ਼ ਨਾਲ ਤੇਰੇ ਅੱਗੇ ਭੇਂਟ ਚੜ੍ਹਾਵਾਂਗਾ।

ਦਾਊਦ ਅਜ਼ਾਦੀ ਨਾਲ ਪ੍ਰਾਰਥਨਾ ਨੂੰ ਸਤੂਤੀ ਨਾਲ ਮਿਲਾਉਂਦਾ

ਇੱਕ ਅਣਜਾਣ ਛੋਟਾ ਲੜਕਾ, ਦੈਂਤ ਨੂੰ ਮਾਰਨ ਲਈ ਅੱਗੇ ਵਧਿਆ, ਅਤੇ ਤਦ ਇੱਕ ਤੋਂ ਬਾਅਦ ਇੱਕ ਦੇਸ਼ ਉੱਤੇ ਫ਼ਤਿਹ ਪਾਉਂਦਾ ਗਿਆ ਅਤੇ ਇਸਰਾਏਲ ਦਾ ਪਾਤਸ਼ਾਹ ਬਣ ਗਿਆ। ਦਾਊਦ ਦਾ ਜੀਵਨ ਸਤੂਤੀ ਅਤੇ ਵਿਸ਼ਵਾਸ ਦੀ ਸ਼ਕਤੀ ਵਾਲਾ ਸੀ। ਦਾਊਦ ਨੂੰ ਪਰਮੇਸ਼ੁਰ ਦੁਆਰਾ ਪਿਆਰ ਕੀਤਾ ਗਿਆ। ਜ਼ਬੂਰਾਂ ਦੀ ਪੋਥੀ ਸਤੂਤੀ ਅਤੇ ਪ੍ਰਾਰਥਨਾ ਨਾਲ ਭਰੀ ਹੋਈ ਹੈ। ਅਸੀਂ ਇੱਥੇ ਸਿਰਫ਼ ਕੁਝ ਉਦਾਹਰਨਾਂ ਹੀ ਸ਼ਾਮਿਲ ਕਰ ਸਕਦੇ ਹਾਂ।

® *ਜਦ ਅਬਸਲੋਮ ਉਹਦਾ ਵਿਰੋਧੀ ਹੋ ਗਿਆ*

ਜ਼ਬੂਰ 3:3-5 ਪਰ ਹੇ ਯਹੋਵਾਹ, ਤੂੰ ਮੇਰੇ ਦੁਆਲੇ ਢਾਲ ਹੈਂ, ਮੇਰੀ ਮਹਿਮਾ ਅਤੇ ਮੇਰੇ ਸਿਰ ਦਾ ਉਠਾਉਣ ਵਾਲਾ ਹੈਂ। ਮੈਂ ਆਪਣੀ ਅਵਾਜ਼ ਨਾਲ ਯਹੋਵਾਹ ਨੂੰ ਪੁਕਾਰਦਾ ਹਾਂ, ਉਹ ਆਪਣੇ ਪਵਿੱਤਰ ਪਹਾੜੋਂ ਮੈਨੂੰ ਉੱਤਰ ਦਿੰਦਾ ਹੈ। ਸਲਹ

ਮੈਂ ਲੰਮੇ ਪੈ ਗਿਆ ਤੇ ਸੌਂ ਗਿਆ; ਮੈਂ ਜਾਗ ਉੱਠਿਆ ਕਿਉਂ ਜੋ ਯਹੋਵਾਹ ਮੈਨੂੰ ਸੰਭਾਲਦਾ ਹੈ।

® *ਮੇਰੀ ਅਵਾਜ਼ ਸੁਣ*

ਜ਼ਬੂਰ 4:1 ਜਦੋਂ ਮੈਂ ਤੈਨੂੰ ਪੁਕਾਰਾਂ, ਤੂੰ ਮੈਨੂੰ ਉੱਤਰ ਦੇਹ ਹੇ ਮੇਰੇ ਧਰਮ ਦੇ ਪਰਮੇਸ਼ੁਰ। ਜਦ ਮੈਂ ਤੰਗੀ ਵਿੱਚ ਸਾਂ, ਤੈਂ ਮੈਨੂੰ ਖੁੱਲ੍ਹ ਦਿੱਤੀ ਮੇਰੇ ਉੱਤੇ ਦਯਾ ਕਰਕੇ ਮੇਰੀ ਪ੍ਰਾਰਥਨਾ ਸੁਣ ਲੈ।

® *ਮੇਰੇ ਸ਼ਬਦਾਂ ਤੇ ਕੰਨ ਲਗਾ*

ਜ਼ਬੂਰ 5:1-3 ਹੇ ਯਹੋਵਾਹ, ਮੇਰੀਆਂ ਗੱਲਾਂ ਵੱਲ ਕੰਨ ਲਾ, ਅਤੇ ਮੇਰੀ ਹੁੰਗਣ ਉੱਤੇ ਧਿਆਨ ਕਰ। ਹੇ ਮੇਰੇ ਪਾਤਸ਼ਾਹ ਹੇ ਮੇਰੇ ਪਰਮੇਸ਼ੁਰ ਮੇਰੀ ਦੁਹਾਈ ਦੀ ਅਵਾਜ਼ ਸੁਣ,

ਕਿਉਂ ਜੋ ਮੈਂ ਤੇਰੇ ਅੱਗੇ ਪ੍ਰਾਰਥਨਾ ਕਰਦਾ ਹਾਂ। ਹੇ ਯਹੋਵਾਹ ਤੂੰ ਅੰਮ੍ਰਿਤ ਵੇਲੇ ਮੇਰੀ ਅਵਾਜ਼ ਸੁਣੇਂਗਾ ਅੰਮ੍ਰਿਤ ਵੇਲੇ ਮੈਂ ਤੇਰੇ ਲਈ ਤਿਆਰੀ ਕਰਕੇ ਤੇਰੀ ਉਡੀਕ ਕਰਾਂਗਾ।

® *ਮੈਨੂੰ ਬਚਾ*

ਜ਼ਬੂਰ 7:1 ਹੇ ਯਹੋਵਾਹ ਮੇਰੇ ਪਰਮੇਸ਼ੁਰ ਮੈਂ ਤੇਰੀ ਪਨਾਹ ਲੈਂਦਾ ਹਾਂ; ਤੂੰ ਮੈਨੂੰ ਮੇਰੇ ਸਭ ਪਿੱਛਾ ਕਰਨ ਵਾਲਿਆਂ ਤੋਂ ਬਚਾ ਕੇ ਛੁਡਾ ਲੈ।

® *ਮੈਨੂੰ ਸ਼ਰਮਿੰਦਾ ਨਾ ਹੋਣ ਦੇ*

ਜ਼ਬੂਰ 25:1-5 ਹੇ ਯਹੋਵਾਹ, ਮੈਂ ਆਪਣਾ ਜੀਅ ਤੇਰੀ ਵੱਲ ਚੁੱਕਦਾ ਹਾਂ। ਹੇ ਮੇਰੇ ਪਰਮੇਸ਼ੁਰ, ਮੈਂ ਤੇਰੇ ਉੱਤੇ ਭਰੋਸਾ ਰੱਖਿਆ ਹੈ; ਮੈਨੂੰ ਸ਼ਰਮਿੰਦਾ ਨਾ ਹੋਣ ਦੇਹ, ਨਾ ਵੈਰੀਆਂ ਨੂੰ ਮੇਰੇ ਉੱਤੇ ਬਗਲਾਂ ਵਜਾਉਣ ਦੇਹ, ਜਿੰਨੇ ਤੈਨੂੰ ਤੱਕਦੇ ਹਨ ਉਹ ਸ਼ਰਮਿੰਦੇ ਨਾ ਹੋਣਗੇ, ਸ਼ਰਮਿੰਦੇ ਉਹੋ ਹੋਣਗੇ ਜੋ ਮੱਲੋਮੱਲੀ ਧੋਖਾ ਦਿੰਦੇ ਹਨ। ਹੇ ਯਹੋਵਾਹ ਆਪਣੇ ਰਾਹ ਮੈਨੂੰ ਵਿਖਾਲ, ਅਤੇ ਆਪਣੇ ਮਾਰਗ ਮੈਨੂੰ ਸਿਖਾਲ। ਆਪਣੀ ਸਚਿਆਈ ਵਿੱਚ ਮੇਰੀ ਅਗਵਾਈ ਕਰ, ਅਤੇ ਮੈਨੂੰ ਸਿਖਾਲ ਕਿਉਂਜੋ ਤੂੰ ਮੇਰਾ ਮੁਕਤੀਦਾਤਾ ਪਰਮੇਸ਼ੁਰ ਹੈ; ਸਾਰਾ ਦਿਨ ਮੈਂ ਤੈਨੂੰ ਤੱਕਦਾ ਰਹਿੰਦਾ ਹਾਂ।

ਜ਼ਬੂਰ 31:1-3 ਹੇ ਯਹੋਵਾਹ ਮੈਂ ਤੇਰੀ ਸ਼ਰਨ ਆਇਆ, ਹਾਂ ਮੈਨੂੰ ਕਦਾਚਿਤ ਸ਼ਰਮਿੰਦਾ ਨਾ ਹੋਣ ਦੇਹ ਆਪਣੇ ਧਰਮ ਨਾਲ ਮੈਨੂੰ ਛੁਡਾ। ਆਪਣਾ ਕੰਨ ਮੇਰੀ ਵੱਲ ਝੁਕਾ ਅਤੇ ਮੈਨੂੰ ਛੇਤੀ ਛੁਡਾ; ਤੂੰ ਮੇਰੇ ਲਈ ਇੱਕ ਤਕੜੀ ਚਟਾਨ, ਅਤੇ ਮੇਰੇ ਬਚਾਓ ਲਈ ਇੱਕ ਗੜ੍ਹ ਹੋ। ਤੂੰ ਹੀ ਤਾਂ ਮੇਰੀ ਚਟਾਨ ਅਤੇ ਮੇਰਾ ਗੜ੍ਹ ਹੈਂ। ਤਦੇ ਤੂੰ ਆਪਣੇ ਨਾਮ ਦੇ ਸਦਕੇ ਮੈਨੂੰ ਲੈ ਚੱਲ ਅਤੇ ਮੇਰੀ ਅਗਵਾਈ ਕਰ।

® *ਉਸ ਨੇ ਮੇਰੀ ਦੁਹਾਈ ਨੂੰ ਸੁਣਿਆ*

ਜ਼ਬੂਰ 40:1-3 ਮੈਂ ਜਿਗਰਾ ਕਰ ਕੇ ਯਹੋਵਾਹ ਨੂੰ ਉਡੀਕਿਆ; ਅਤੇ ਉਸ ਨੂੰ ਮੇਰੀ ਵੱਲ ਝੁਕ ਕੇ ਮੇਰੀ ਦੁਹਾਈ ਸੁਣ ਲਈ, ਉਸ ਨੇ ਮੈਨੂੰ ਭਿਆਨਕ ਟੋਏ ਵਿੱਚੋਂ, ਸਗੋਂ ਚਿੱਕੜ ਦੀ ਖੁੱਭਣ ਵਿੱਚੋਂ ਕੱਢ ਲਿਆ ਅਤੇ ਮੇਰੇ ਪੈਰਾਂ ਨੂੰ ਚਟਾਨ ਉੱਤੇ ਰੱਖ ਕੇ, ਮੇਰੀਆਂ ਚਾਲਾਂ ਨੂੰ ਦ੍ਰਿੜ ਕੀਤਾ। ਉਸ ਨੇ ਇੱਕ ਨਵਾਂ ਗੀਤ ਮੇਰੇ ਮੂੰਹ ਵਿੱਚ ਪਾਇਆ - ਅਰਥਾਤ ਸਾਡੇ ਪਰਮੇਸ਼ੁਰ ਦੀ ਉਸਤਤ ਦਾ; ਬਹੁਤੇ ਵੇਖਣਗੇ ਅਤੇ ਡਰ ਜਾਣਗੇ, ਅਤੇ ਯਹੋਵਾਹ ਉੱਤੇ ਭਰੋਸਾ ਰੱਖਣਗੇ।

® *ਆਤਮਾ ਪਰਮੇਸ਼ੁਰ ਲਈ ਪਿਆ ਸੀ*

ਜ਼ਬੂਰ 42:1,2 ਜਿਵੇਂ ਹਰਨੀ ਪਾਣੀ ਦੀਆਂ ਨਦੀਆਂ ਲਈ ਤਰਸਦੀ ਹੈ, ਤਿਵੇਂ ਹੀ ਮੇਰਾ ਜੀਅ ਹੇ ਪਰਮੇਸ਼ੁਰ ਤੇਰੇ ਲਈ ਤਰਸਦਾ ਹੈ, ਮੇਰਾ ਜੀਅ ਪਰਮੇਸ਼ੁਰ ਦੇ ਲਈ ਜੀਉਂਦੇ ਪਰਮੇਸ਼ੁਰ ਦੇ ਲਈ ਤਿਹਾਇਆ ਹੈ ਮੈਂ ਕਦੋਂ ਜਾਵਾਂ ਅਤੇ ਪਰਮੇਸ਼ੁਰ ਦੇ ਸਨਮੁੱਖ ਹੋਵਾਂ?

® *ਦਇਆਵਾਨ ਹੋਵੋ*

ਜ਼ਬੂਰ 57:1-3 ਮੇਰੇ ਉੱਤੇ ਦਯਾ ਕਰ ਹੇ ਪਰਮੇਸ਼ੁਰ ਮੇਰੇ ਉੱਤੇ ਦਯਾ ਕਰ। ਕਿਉਂਜੋ ਮੇਰੀ ਜਾਨ ਨੇ ਤੇਰੀ ਸ਼ਰਨ ਲਈ ਹੋਈ ਹੈ; ਅਤੇ ਮੈਂ ਤੇਰੇ ਖੰਭਾਂ ਦੀ ਛਾਇਆ ਹੇਠ ਸ਼ਰਨ ਲਵਾਂਗਾ, ਜਿੰਨਾ ਚਿਰ ਇਹ ਆਫ਼ਤਾਂ ਨਾ ਲੰਘ ਜਾਣ। ਮੈਂ ਅੱਤ ਮਹਾਨ ਪਰਮੇਸ਼ੁਰ ਨੂੰ ਪੁਕਾਰਾਂਗਾ, ਉਸ ਪਰਮੇਸ਼ੁਰ ਨੂੰ ਜਿਹੜਾ ਮੇਰੇ ਲਈ ਸਭ ਕੁਝ ਪੂਰਿਆਂ ਕਰਦਾ ਹੈ। ਉਹ ਸੁਰਗੋਂ ਘੱਲ ਕੇ ਮੈਨੂੰ ਬਚਾਵੇਗਾ; ਜਦ ਮੇਰਾ ਮਿੱਧਣ ਵਾਲਾ ਮੈਨੂੰ ਦੋਸ਼ ਦਿੰਦਾ ਹੈ। ਸਲਹ ਪਰਮੇਸ਼ੁਰ ਆਪਣੀ ਦਯਾ ਅਤੇ ਸਚਿਆਈ ਘੱਲੇਗਾ।

ਜ਼ਬੂਰ 71:1-3 ਹੇ ਯਹੋਵਾਹ, ਮੈਂ ਤੇਰੀ ਹੀ ਸ਼ਰਨ ਆਇਆ ਹਾਂ; ਮੈਨੂੰ ਕਦੇ ਲੱਜਿਆਵਾਨ ਨਾ ਹੋਣ ਦੇ। ਆਪਣੇ ਧਰਮ ਨਾਲ ਮੇਰਾ ਛੁਟਕਾਰਾ ਕਰ, ਤੇ ਮੈਨੂੰ ਛੁਡਾ; ਮੇਰੀ ਵੱਲ ਕੰਨ ਧਰ ਤੇ, ਮੈਨੂੰ ਬਚਾ। ਤੂੰ ਮੇਰੇ ਨਿਵਾਸ ਦੀ ਚਟਾਨ ਬਣ, ਜਿੱਥੇ ਮੈਂ ਨਿੱਤ ਜਾਇਆ ਕਰਾਂ, ਤੈਂ ਮੇਰੇ ਬਚਾਉ ਦੀ ਆਗਿਆ ਕੀਤੀ ਹੈ, ਕਿਉਂ ਜੋ ਤੂੰ ਹੀ ਮੇਰੀ ਚਟਾਨ ਅਤੇ ਮੇਰਾ ਗੜ੍ਹ ਹੈਂ।

ਗੁਪਤ ਸਥਾਨ ਵਿੱਚ ਨਿਵਾਸ

ਜਦ ਅਸੀਂ ਮਸੀਹ ਵਿੱਚ ਰਹਿੰਦੇ ਹਾਂ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਨ ਵਾਲੇ ਬਣ ਜਾਂਦੇ ਹਾਂ। ਜਦ ਅਸੀਂ ਉਸ ਦੀ ਅੱਤ ਪਵਿੱਤਰ ਸਥਾਨ ਦੀ ਨਜ਼ਦੀਕੀ ਵਿੱਚ ਰਹਿੰਦੇ ਹਾਂ, ਅਸੀਂ ਅੱਤ ਮਹਾਨ ਦੇ ਗੁਪਤ ਸਥਾਨ ਵਿੱਚ ਵਾਸ ਕਰਦੇ ਹਾਂ।

ਜ਼ਬੂਰ 91:1 ਜਿਹੜਾ ਅੱਤ ਮਹਾਨ ਦੀ ਓਟ ਵਿੱਚ ਵੱਸਦਾ ਉਹ ਸਰਬ ਸ਼ਕਤੀਮਾਨ ਦੇ ਸਾਯੇ ਹੇਠ ਟਿਕੇਗਾ।

ਜਦ ਅਸੀਂ ਅਰਾਧਨਾ ਨਾਲ ਭਰੇ ਉਹਦੇ ਸਥਾਨ ਵਿੱਚ ਝੁਕਦੇ ਹਾਂ ਅਸੀਂ ਸਰਬ ਸ਼ਕਤੀਮਾਨ ਦੇ ਸਾਯੇ ਹੇਠ ਰਹਿੰਦੇ ਹਾਂ ਇਹ ਹੈ ਉਹਦੇ ਵਿੱਚ ਸਾਡਾ ਅਨੰਦ। ਇਹ ਹੈ, ਉਹਦੀ ਇੱਛਾ ਦਾ ਸਾਡੀਆਂ ਇੱਛਾਵਾਂ ਬਣਨਾ।

ਜ਼ਬੂਰ 40:8 ਭਈ ਤੇਰੀ ਇੱਛਿਆ ਨੂੰ ਪੂਰਿਆਂ ਕਰਨ ਵਿੱਚ, ਹੇ ਮੇਰੇ ਪਰਮੇਸ਼ੁਰ, ਮੈਂ ਪ੍ਰਸੰਨ ਹਾਂ, ਅਤੇ ਤੇਰੀ ਬਿਵਸਥਾ ਮੇਰੇ ਰਿਦੇ ਦੇ ਅੰਦਰ ਹੈ।

ਜ਼ਬੂਰ 37:4 ਤੂੰ ਯਹੋਵਾਹ ਉੱਤੇ ਨਿਹਾਲ ਰਹੁ, ਤਾਂ ਉਹ ਤੇਰਿਆਂ ਮਨੋਰਥਾਂ ਨੂੰ ਪੂਰਿਆਂ ਕਰੇਗਾ।

ਜਦ ਅਸੀਂ ਉਹਦੇ ਨਾਲ ਡੂੰਘੀ ਅਤੇ ਨਜ਼ਦੀਕੀ ਦੀ ਸੰਗਤ ਵਿੱਚ ਰਹਿੰਦੇ ਹਾਂ, ਸਾਡੀਆਂ ਮੰਗਾਂ ਆਪਣੀਆਂ ਇੱਛਾਵਾਂ ਤੋਂ ਬਦਲ ਕੇ ਉਹਦੀ ਇੱਛਾ ਅਨੁਸਾਰ ਹੋ ਜਾਂਦੀਆਂ ਹਨ ਤਦ ਅਸੀਂ ਸਧਾਰਨ ਤਰੀਕੇ ਨਾਲ ਮੰਗਦੇ ਹਾਂ ਅਤੇ ਉਹ ਸਾਨੂੰ ਸਾਡੇ ਦਿਲ ਦੀਆਂ ਬਦਲ ਚੁੱਕੀਆਂ ਖਾਹਿਸ਼ਾਂ ਬਖ਼ਸ਼ਦਾ ਹੈ।

ਯਿਸੂ ਨੇ ਕੀ ਕਿਹਾ?

ਯੂਹੰਨਾ 15:7 ਜੇ ਤੁਸੀਂ ਮੇਰੇ ਵਿੱਚ ਰਹੋ, ਅਤੇ ਮੇਰੀਆਂ ਗੱਲਾਂ ਤੁਹਾਡੇ ਵਿੱਚ ਰਹਿਣ, ਤਾਂ ਜੋ ਚਾਹੋ ਮੰਗੋ, ਅਤੇ ਉਹ ਤੁਹਾਡੇ ਲਈ ਹੋ ਜਾਵੇਗਾ।

Φ ਸਾਰ – "ਜੇ ਤੁਸੀਂ ਮੇਰੇ ਵਿੱਚ ਬਣੇ ਰਹੋ"

ਹੇ, ਪਰਮੇਸ਼ੁਰ ਦੇ ਪੁਰਖੋ ਅਤੇ ਇਸਤਰੀਓ ਸਾਡੇ ਲਈ ਇਹ ਕਿੰਨਾ ਅਦਭੁੱਤ ਮੌਕਾ ਹੈ- ਕਿੰਨੀ ਵੱਡੀ ਜ਼ਿੰਮੇਵਾਰੀ ਹੈ। ਆਉ ਡੇਹਰੇ ਤੋਂ ਬਾਹਰ ਚੱਲੀਏ ਆਉ ਪਰਮੇਸ਼ੁਰ ਦੀ ਨਜ਼ਦੀਕੀ ਵੱਲ ਹੋਰ ਜ਼ਿਆਦਾ ਜਾਈਏ। ਆਉ ਸਵੇਰ, ਦੁਪਿਹਰ, ਰਾਤ ਨੂੰ ਉਹਦਾ ਧੰਨਵਾਦ ਕਰਨਾ ਸਿੱਖੀਏ। ਆਉ ਅਸੀਂ ਉਹਦੇ ਕਦਮਾਂ ਤੇ ਬੈਠ ਕੇ ਉਹਦੀ ਅਰਾਧਨਾ ਕਰਨੀ ਸਿੱਖੀਏ ਤਾਂ ਜੋ ਅਸੀਂ ਜ਼ਿਆਦਾ ਤੋਂ ਜ਼ਿਆਦਾ ਉਹਦੇ ਸਰੂਪ ਵਿੱਚ ਬਦਲਦੇ ਜਾਈਏ। ਆਉ ਜਿੱਤ ਪ੍ਰਾਪਤ ਕਰਨ ਲਈ ਖੜ੍ਹੇ ਹੋ ਜਾਈਏ। ਆਉ ਉਹਦੀ ਮਰਜ਼ੀ ਧਰਤੀ ਤੇ ਪੂਰੀ ਹੋਣ ਲਈ ਪ੍ਰਾਰਥਨਾ ਕਰੀਏ ਆਉ ਸਵਰਗ ਨੂੰ ਧਰਤੀ ਤੇ ਲਿਆਈਏ।

ਪੁਨਰ ਅਵਲੋਕਨ ਲਈ ਕੁਝ ਪ੍ਰਸ਼ਨ

1. ਪ੍ਰਾਰਥਨਾ ਵਿੱਚ ਸ਼ਾਮਿਲ ਹੋਣ ਲਈ ਕਿਹੜਾ ਨਮੂਨਾ ਹੈ?

2. 2 ਇਤਿਹਾਸ 20:18 ਵਿੱਚ ਪਰਮੇਸ਼ੁਰ ਨੇ ਜਿੱਤ ਪ੍ਰਾਪਤ ਕਰਨ ਲਈ ਯਹੋਸ਼ਾਫ਼ਾਟ ਨੂੰ ਪਾਲਾਂ ਵਿੱਚ ਖਲੋਣ ਲਈ ਆਖਿਆ ਯਹੋਸ਼ਾਫ਼ਾਟ ਨੇ ਕੀਤਾ ਹੈ?

3. ਕਿਉਂ ਵਿਸ਼ਵਾਸੀਆਂ ਨੂੰ ਪਰਮੇਸ਼ੁਰ ਨੇ ਪ੍ਰਾਰਥਨਾ ਅਤੇ ਸਤੂਤੀ ਦੋਵੇਂ ਕਰਨ ਲਈ ਕਿਹਾ ਇਸ ਬਾਰੇ ਤੁਸੀਂ ਕੀ ਸੋਚਦੇ ਹੋ?

4. ਆਪਣੇ ਸ਼ਬਦਾਂ ਵਿੱਚ ਪ੍ਰਾਰਥਨਾ ਦੀ ਪਰਿਭਾਸ਼ਾ ਲਿਖੋ।